# ਮੇਰਾ ਪਿੰਡ ਤੇ ਮੇਰੇ ਲੋਕ

(ਸਮਾਜਿਕ, ਧਾਰਮਿਕ, ਇਤਿਹਾਸਿਕ ਤੇ
ਸਭਿਆਚਾਰਕ ਝਲਕ)

Scanned with OKEN Scanner

**ਇਸੇ ਕਲਮ ਤੋਂ**

- ਵਰਦੀ ਦਾ ਮੁੱਲ (ਕਹਾਣੀ ਸੰਗ੍ਰਹਿ) - 2018
- ਮੈਂ ਜਾਣਿਆ ਦੁੱਖ ਮੁਝ ਕੋ (ਸਵੈ-ਜੀਵਨੀ) - 2021
- ਬਦਲੇ ਰੰਗ ਪੰਜਾਬ ਦੇ - 2022

Scanned with OKEN Scanner

# ਮੇਰਾ ਪਿੰਡ ਤੇ ਮੇਰੇ ਲੋਕ

(ਸਮਾਜਿਕ, ਧਾਰਮਿਕ, ਇਤਿਹਾਸਿਕ ਤੇ ਸਭਿਆਚਾਰਕ ਝਲਕ)

ਲੇਖਕ :

**ਜਸਵਿੰਦਰ ਸਿੰਘ 'ਮਾਣੋਚਾਹਲ'**

**ਆਜ਼ਾਦ ਬੁੱਕ ਡੀਪੂ**

ਹਾਲ ਬਾਜ਼ਾਰ, ਅੰਮ੍ਰਿਤਸਰ।

Scanned with OKEN Scanner

# Mera Pind Te Mere lok

**(Social, religious, historical and cultural perview)**

*by*

***Jaswinder Singh Manochahal***

Park Avenue, Near Sheller

Hari Ram, Chabal Road, Tarn-Taran

Mobile No. 9463613035

E-mail Adress : jmanochahal54@gmail.com

**© Azad Book Depot**

All rights reserved.

No part of this publication may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the owner and the publishers.

ISBN 978-81-969539-7-3

Edition : 2024

Second Edition : 2026

Rs : 395/-

***Published in India by :***

**Azad Book Depot**

**Hall Bazar, Amritsar**

**0183-2292513, 94631-70369, 93562-92513**

**E-mail : KD_Singh180@hotmail.com**

**Printed in India by : Azad Printers**

Scanned with OKEN Scanner

# ਸਮਰਪਿਤ

ਪਿੰਡ ਦੇ ਉਹਨਾਂ ਸਾਰੇ ਬਜ਼ੁਰਗਾਂ ਨੂੰ, ਜਿਹਨਾਂ ਨੇ ਸਾਨੂੰ ਮੋਟਰ-ਸਾਈਕਲਾਂ, ਗੱਡੀਆਂ-ਕਾਰਾਂ ਤੇ ਹਵਾਈ ਜਹਾਜ਼ਾਂ ਤੇ ਝੂਟੇ ਦਿਵਾਉਣ ਲਈ ਆਪ ਪੈਰੀਂ ਤੁਰ ਕੇ ਜਾਂ ਊਠਾਂ, ਘੋੜਿਆਂ, ਗੱਡਿਆਂ ਤੋਂ ਬਾਅਦ ਸਾਈਕਲਾਂ ਤੇ ਸਫ਼ਰ ਕੀਤਾ, ਆਪਣੇ ਖੇਤਾਂ ਵਿੱਚ ਮਣਾਂ-ਮੂੰਹੀਂ ਅਨਾਜ ਪੈਦਾ ਕਰਕੇ ਦੇਸ਼ ਦੇ ਅੰਨ-ਭੰਡਾਰਾਂ ਨੂੰ ਭਰਿਆ, ਕਮਾਈਆਂ ਕਰਕੇ ਸਾਨੂੰ ਕੱਚੇ-ਕੋਠਿਆਂ ਤੋਂ ਪੱਕੇ ਮਕਾਨਾਂ ਜਾਂ ਸ਼ਹਿਰ-ਨੂੰ ਕੋਠੀਆਂ ਵਿੱਚ ਰਹਿਣ ਦਾ ਮੌਕਾ ਬਖ਼ਸ਼ਿਆ, ਉਹਨਾਂ ਸਾਰੀਆਂ ਦਾਦੀਆਂ-ਮਾਂਵਾਂ, ਚਾਚੀਆਂ-ਤਾਈਆਂ ਤੇ ਪਿੰਡ ਦੀਆਂ ਧੀਆਂ ਨੂੰ ਵੀ ਜਿਹਨਾਂ ਨੇ ਸਾਝਰੇ ਉੱਠ ਕੇ ਰਿੜਕਣੇ ਪਾਏ, ਸ਼ਾਹ-ਵੇਲੇ ਪਕਾ ਕੇ ਖੇਤੀਂ ਪਹੁੰਚਦੇ ਕੀਤੇ, ਮਾਲ-ਡੰਗਰ ਨੂੰ ਧੁੱਪੇ-ਛਾਵੇਂ ਕੀਤਾ, ਘਰ ਸਾਂਭਰੇ, ਬਾਲਾਂ ਨੂੰ ਪਾਲ਼-ਪੜ੍ਹਾ ਕੇ ਮੇਰੇ ਪਿੰਡ ਦਾ ਭਵਿੱਖ ਸੰਵਾਰਿਆ।

Scanned with OKEN Scanner

**ਦਿਲ ਦੀ ਦੁਆ :**

ਮੇਰਾ ਵੱਸਦਾ ਰਹੇ ਗਿਰਾਂ ਓ ਸੱਜਣਾਂ, ਵੱਸਦਾ ਰਹੇ ਗਿਰਾਂ।
ਸੁਖੀ ਵੱਸਣ ਇਹਦੇ ਪੁੱਤਰ-ਧੀਆਂ, ਸੁਖੀ ਵੱਸੇ ਹਰ ਮਾਂ।
ਸੁਖੀ ਵੱਸਣ ਇਹਦੇ ਵਿਹੜੇ-ਪੱਤੀਆਂ, ਸੁਖੀ ਵੱਸੇ ਹਰ ਜਾਂ।
ਸੁਖੀ ਵੱਸੇ ਹਰ ਬਾਪ ਨਗਰ ਦਾ, ਨਿੱਤ ਇਹ ਅਰਦਾਸ ਕਰਾਂ।
ਮੇਰਾ ਵੱਸਦਾ ਰਹੇ ਗਿਰਾਂ ਓ ਸੱਜਣਾਂ, ਵੱਸਦਾ ਰਹੇ ਗਿਰਾਂ।

**ਜਸਵਿੰਦਰ ਸਿੰਘ 'ਮਾਣੋਚਾਹਲ'**



Scanned with OKEN Scanner

# ਤਤਰੀਬ


- ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥ 9
- ਮੁਖ-ਬੰਦ 11
- ਸ਼ਲਾਘਾ-ਯੋਗ ਉਪਰਾਲਾ 13
- ਧੰਨਵਾਦੀ ਸ਼ਬਦ 14
- ਭੂਗੋਲਿਕ ਜਾਣਕਾਰੀ 23
- ਭੂਗੋਲਿਕ ਨਕਸ਼ਾ 27
- ਪਿੰਡ ਦੇ ਨਾਂ ਨਾਲ ਮਿਲਦੇ-ਜੁਲਦੇ ਹੋਰ ਪਿੰਡ 28
- ਸਜ਼ਰਾ ਨਸਬ ਮਾਲਿਕਾਨ ਮਾਣੋਚਾਹਲ 33
- ਪਿੰਡ ਦਾ ਇਤਿਹਾਸ 34
- ਕੁਰਸੀ-ਨਾਮਾ ਸ੍ਰ ਬਚਿੱਤਰ ਸਿੰਘ ਨੰਬਰਦਾਰ ਪੱਤੀ ਗੋਦੂ ਕੀ 37
- ਕੁਰਸੀ-ਨਾਮਾ ਸੂਬੇਦਾਰ ਜੋਗਾ ਸਿੰਘ ਮਹਿਲਾਂ ਵਾਲਾ 38
- ਕੁਰਸੀ-ਨਾਮਾ ਸ੍ਰ ਜਗਦੀਸ਼ ਸਿੰਘ ਚਾਹਲ 39
- ਚਾਹਲਾਂ ਦਾ ਇਤਿਹਾਸ 40
- ਪਿੰਡ-ਵਾਸੀਆਂ ਦੀ ਪਹਿਚਾਣ - ਅੱਲਾਂ ਤੇ ਪੱਤੀਆਂ 45
- ਲੋਕਾਂ ਦੇ ਘਰ-ਬਾਹ?ਕਾਰ 50
- ਪਿੰਡ ਦੇ ਦੁਕਾਨਦਾਰ 63
- ਪਿੰਡ ਦੇ ਦੇਸ਼-ਭਗਤ 68
- ਪਿੰਡ ਦੀ ਰਾਜਨੀਤੀ 75
- ਪਿੰਡ ਦੇ ਪੜ੍ਹੇ-ਲਿਖੇ, ਗੁਣਵਾਨ ਤੇ ਉੱਚ-ਆਹੁਦਿਆਂ ਵਾਲੇ 81
- ਕੁਝ ਹੋਰ ਮਾਣ-ਮੱਤੀਆਂ ਸ਼ਖ਼ਸੀਅਤਾਂ 98
- ਪਿੰਡ ਦੇ ਰਹਿ ਚੁੱਕੇ ਤੇ ਮੌਜੂਦਾ ਸਰਪੰਚ ਤੇ ਨੰਬਰਦਾਰ 113
- ਪਿੰਡ ਦੇ ਸ਼ਾਹੂਕਾਰ 116
- ਪਿੰਡ ਦੇ ਕਰਾਮਾਤੀ ਬੰਦੇ 118
- ਪਿੰਡ ਦੇ ਤਿੱਥ-ਤਿਉਹਾਰ ਤੇ ਦਿਨ-ਦਿਹਾਰ 121




Scanned with OKEN Scanner

- ਪਿੰਡ ਦੇ ਲੋਕਾਂ ਦੇ ਰਸਮ- ਰਿਵਾਜ 129
- ਪਿੰਡ ਵਿੱਚ ਵਿਆਹ-ਸ਼ਾਦੀਆਂ ’ਤੇ ਗਾਏ ਜਾਂਦੇ ਕੁਝ ਸੁਹਾਗ ਤੇ ਘੋੜੀਆਂ 132
- ਪਿੰਡਾਂ ਵਿੱਚ ਦਹਿਸ਼ਤ ਦਾ ਕਾਲ਼ਾ ਦੌਰ 140
- ਪਿੰਡ ਦੇ ਧਾਰਮਿਕ ਅਸਥਾਨ 149
- ਪਿੰਡ ਵਿੱਚ ਸਰਕਾਰੀ ਤੇ ਪ੍ਰਾਈਵੇਟ ਸੰਸਥਾਵਾਂ 159
- ਪਿੰਡ ਦੇ ਛੱਪੜ-ਟੋਬੇ ਤੇ ਸ਼ਮਸ਼ਾਨ-ਘਾਟ 176
- ਪਿੰਡ ਦੇ ਪੁਰਾਣੇ ਖੂਹ, ਖਰਾਸ ਤੇ ਪਿੱਪਲ-ਬੋਹੜ 180
- ਭਾਰਤੀ ਫ਼ੌਜ, ਸੀ. ਆਰ. ਪੀ. ਜਾਂ ਪੰਜਾਬ ਪੁਲਿਸ ਵਿੱਚ ਪਿੰਡ ਦਾ ਯੋਗਦਾਨ 186
- ਲੇਖਕ ਦਾ ਕੁਰਸੀਨਾਮਾ 194
- ਪਿੰਡ ਦੀ ਮਿੱਟੀ ਨਾਲ ਜੁੜੀਆਂ ਮੇਰੀਆਂ ਯਾਦਾਂ 195
- ਵਿਦੇਸ਼ੀਂ ਰਹਿੰਦੇ ਪਿੰਡ-ਵਾਸੀਆਂ ਨੂੰ ਅਪੀਲ 207
- ਸੰਪਰਕ ਵਿੱਚ ਆਏ ਪਿੰਡ ਦੇ ਸਿਆਣੇ ਤੇ ਸੂਝਵਾਨ ਵਿਅਕਤੀਆਂ ਦੀ ਸੂਚੀ 209
- ਸਹਾਇਕ ਅਤੇ ਹਵਾਲਾ ਪੁਸਤਕਾਂ ਦੀ ਸੂਚੀ 211


❐



Scanned with OKEN Scanner

# ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥

ਮੈਂ ਆਪਣੇ ਪਿੰਡ ਦੀ ਜਿਸ ਮਿੱਟੀ ਵਿੱਚ ਪੈਦਾ ਹੋਇਆ ਹਾਂ, ਜਿਸ ਮਿੱਟੀ ਵਿੱਚ ਖੇਡਦਾ ਰਿਹਾ ਹਾਂ, ਜਿਸ ਮਿੱਟੀ ਚੋਂ ਪੈਦਾ ਹੋਇਆ ਅੰਨ ਖਾ ਕੇ ਜਵਾਨ ਹੋਇਆ ਹਾਂ, ਜਿਸ ਉਪਜਾਊ ਮਿੱਟੀ ਨੇ ਮੇਰੇ ਬਾਪ ਨੂੰ ਇਸ ਯੋਗ ਕੀਤਾ ਕਿ ਉਹ ਆਪਣੇ ਚਹੁੰ ਬੱਚਿਆਂ ਵਿੱਚੋਂ ਤਿੰਨਾਂ ਨੂੰ ਸਮਰੱਥਾ ਮੁਤਾਬਕ ਪੜ੍ਹਾ ਕੇ ਸਰਕਾਰੀ ਨੌਂਕਰੀ ਕਰਨ ਦੇ ਕਾਬਲ ਬਣਾ ਸਕਿਆ ਅਤੇ ਜਿਸ ਮਿੱਟੀ 'ਚ ਹਲ਼ ਵਾਹ ਕੇ ਕੀਤੀ ਕਮਾਈ ਨਾਲ ਉਹਨੇ ਪਿਤਾ-ਪੁਰਖੀ ਜਾਇਦਾਦ ਵਿੱਚ ਵਾਧਾ ਕਰਕੇ ਬਰਸਾਤਾਂ ਵਿੱਚ ਚੋਂਦੀਆਂ ਛੱਤਾਂ ਵਾਲੇ ਆਪਣੇ ਕੱਚੇ ਕੋਠਿਆਂ ਨੂੰ ਗਾਡਰ-ਬਾਲਿਆਂ ਵਾਲੇ ਪੱਕੇ ਘਰਾਂ ਵਿੱਚ ਬਦਲਿਆਂ, ਮੈਂ ਆਪਣੇ ਉਸ ਪਿੰਡ ਤੇ ਉਹਦੀ ਮਿੱਟੀ ਨੂੰ ਸਿਜਦਾ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਇਸ ਮਿੱਟੀ ਦਾ ਮੇਰੇ ਸਿਰ ਤੇ ਕੋਈ ਕਰਜ਼ਾ ਹੈ। ਇਹ ਕਰਜ਼ਾ ਉਤਾਰਨ ਲਈ ਮੇਰਾ ਜੀਅ ਕਰਦਾ ਹੈ ਕਿ ਮੈਂ ਆਪਣੇ ਪਿੰਡ ਅਤੇ ਇਸ ਦੇ ਲੋਕਾਂ (ਇਹਦੇ ਬੱਚਿਆਂ, ਜਵਾਨਾਂ ਤੇ ਬਜ਼ੁਰਗਾਂ), ਇਹਦੀਆਂ ਗਲ਼ੀਆਂ, ਵਿਹੜਿਆਂ, ਇਹਦੇ ਪਿੱਪਲਾਂ-ਬੋਹੜਾਂ, ਖੂਹਾਂ-ਖੇਤਾਂ, ਟੋਭਿਆਂ-ਛੱਪੜਾਂ, ਇਹਦੇ ਖੇਤਾਂ 'ਚ ਉੱਗਦੀਆਂ ਫ਼ਸਲਾਂ, ਇਹਦੇ ਸ਼ਾਮਾਂ-ਸਵੇਰਿਆਂ, ਇਹਦੇ ਪੁੱਤਾਂ-ਧੀਆਂ ਦੇ ਕੰਮਾਂ-ਧੰਦਿਆਂ, ਤਿੱਥ-ਤਿਉਹਾਰਾਂ, ਉਨਤੀ ਦੇ ਰਾਹ ਤੇ ਅੱਗੇ ਵਧ ਗਏ ਜਾਂ ਕਿਸੇ ਕਾਰਨ ਪਿੱਛੇ ਰਹਿ ਗਏ ਮਿੱਤਰਾਂ ਪਿਆਰਿਆਂ ਦੀ ਬਾਤ ਪਾਵਾਂ। ਇਸ ਬਾਤ ਨੂੰ ਲਿਖਤੀ ਰੂਪ ਦੇਣ ਲਈ ਹੀ ਇਹ ਪੁਸਤਕ ਹੋਂਦ ਵਿੱਚ ਆਈ ਹੈ।

ਸਿਆਣਿਆਂ ਦਾ ਕਹਿਣਾ ਹੈ ਕਿ ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ। ਅਰਥਾਤ ਆਪਣੇ ਵੱਡੇ-ਵਡੇਰਿਆਂ ਤੇ ਸਿਆਣੇ ਬਜ਼ੁਰਗਾਂ ਤੋਂ ਸੁਣੀਆਂ ਕਹਾਣੀਆਂ ਆਪਣੀ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਨਾਲ ਪੁੱਤ, ਸਪੁੱਤ ਹੋਣ ਦਾ ਮਾਣ ਹਾਸਲ ਕਰ ਲੈਂਦੇ ਹਨ। ਇਹ ਮਾਣ ਹਾਸਲ ਕਰਨ ਲਈ, ਆਪਣੇ ਪਿੰਡ 'ਮਾਣੋਚਾਹਲ ਕਲਾਂ' ਬਾਰੇ ਕੁਝ ਜਾਣਕਾਰੀ ਪਿੰਡ ਦੇ ਸੂਝਵਾਨ ਤੇ ਸਿਆਣੇ ਬਜ਼ੁਰਗਾਂ ਤੋਂ ਅਤੇ ਕੁਝ ਇਧਰੋਂ ਉਧਰੋਂ ਇਕੱਠੀ ਕਰਕੇ ਮੈਂ ਪੁਸਤਕ ਰੂਪ ਵਿੱਚ ਮੌਜੂਦਾ ਤੇ ਅਗਲੀ ਪੀੜ੍ਹੀ ਤੱਕ ਪਾਹੁੰਚਾਉਣ ਦਾ ਮਨ ਬਣਾਇਆ ਹੈ। ਇਹ ਡਾਹਢਾ ਔਖਾ ਕਾਰਜ ਹੈ ਅਤੇ ਕਿਸੇ ਵੀ ਪਿੰਡ-ਸ਼ਹਿਰ ਵਿੱਚ ਹੋਈਆਂ-ਬੀਤੀਆਂ ਨੂੰ ਸਾਲਾਂ ਬਾਅਦ ਲਿਖਣ ਲੱਗਿਆਂ ਕੋਈ ਨਾ ਕੋਈ ਘਾਟ ਰਹਿ ਜਾਂਦੀ ਹੈ ਤੇ ਉੱਨੀ-ਇੱਕੀ ਵੀ ਹੋ ਜਾਂਦੀ ਹੈ, ਇਸ ਲਈ ਮੈਂ ਪਾਠਕਾਂ ਤੋਂ ਵਾਧੇ-ਘਾਟੇ ਲਈ



Scanned with OKEN Scanner

ਮੁਆਫ਼ੀ ਦਾ ਜਾਚਕ ਹਾਂ। ਪੁਸਤਕ ਲਿਖਣ ਤੋਂ ਪਹਿਲਾਂ ਮੈਂ ਆਪਣੇ ਪਿੰਡ 'ਚ ਮੌਜੂਦ ਕਾਫ਼ੀ ਸਿਆਣੇ, ਤਜਰਬੇਕਾਰ, ਹੰਢੇ-ਵਰਤੇ, ਜ਼ਿੰਦਗੀ ਦੀ ਬਾਜ਼ੀ ਜਿੱਤਣ ਵਾਲੇ, ਜ਼ਿੰਦਗੀ ਦੀ ਦੌੜ ਵਿੱਚ ਪਛੜ ਕੇ ਵੀ ਹਾਰ ਨਾ ਮੰਨਣ ਵਾਲੇ ਤੇ ਆਪਣੀ ਮੰਜ਼ਿਲ ਨੂੰ ਸਰ ਕਰਨ ਵਾਲੇ ਕੁਝ ਬਜ਼ੁਰਗਾਂ ਨੂੰ ਮਿਲ ਕੇ ਇਸ ਨਗਰ ਬਾਰੇ ਅਤੇ ਇਹਦੇ ਬਾਸ਼ਿੰਦਿਆਂ ਬਾਰੇ ਕੁਝ ਜਾਣਕਾਰੀ ਇਕੱਤਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਨਾਲ ਹੀ ਕੁਝ ਹੋਰ ਲੇਖਕਾਂ ਦੀਆਂ ਪੁਸਤਕਾਂ ਤੇ ਇੰਟਰਨੈਟ ਦੀ ਸਹਾਇਤਾ ਵੀ ਲਈ ਹੈ।

ਇਸ ਸਮਗਰੀ ਤੋਂ ਬਿਨਾਂ ਕਲਪਨਾ ਦਾ ਸਹਾਰਾ ਲੈ ਕੇ ਮੈਂ ਆਪਣੇ ਕੋਲੋਂ ਕੁਝ ਵੀ ਜੋੜਨ ਦੀ ਕੋਸ਼ਿਸ਼ ਨਹੀਂ ਕੀਤੀ। ਪੁਸਤਕ ਵਿੱਚ ਹਰ ਤਰ੍ਹਾਂ ਦੇ ਸਮਾਜਿਕ ਤੇ ਰਾਜਨੀਤਿਕ ਵਿਚਾਰਾਂ, ਰੁਚੀਆਂ ਤੇ ਗੁਣਾਂ-ਔਗੁਣਾਂ ਵਾਲੇ ਆਪਣੇ ਵਡੇਰਿਆਂ ਵੱਲੋਂ ਪਾਏ ਗਏ ਯੋਗਦਾਨ ਬਾਰੇ ਖੁੱਲ੍ਹਦਿਲੀ ਨਾਲ ਅਤੇ ਵਿਸ਼ਾਲ ਹਿਰਦੇ ਨਾਲ ਵਰਨਣ ਕੀਤਾ ਗਿਆ ਹੈ। ਮੈਂ ਆਪਣੀ ਪਸੰਦ ਜਾਂ ਨਾ-ਪਸੰਦ ਨੂੰ ਕਿਤੇ ਵੀ ਭਾਰੂ ਨਹੀਂ ਹੋਣ ਦਿੱਤਾ ਅਤੇ ਪਿੰਡ ਦੇ ਹਰ ਸੋਚ ਦੇ ਵਿਅਕਤੀਆਂ ਤੇ ਘਟਨਾਵਾਂ ਦਾ, ਭਾਵੇਂ ਮੈਂ ਉਹਨਾਂ ਨਾਲ ਸਹਿਮਤ ਹਾਂ ਜਾਂ ਨਹੀਂ, ਪੂਰੀ ਨਿਰਪੱਖਤਾ ਨਾਲ ਵਰਨਣ ਕੀਤਾ ਹੈ। ਆਸ ਕਰਦਾ ਹਾਂ ਕਿ ਪਾਠਕ, ਖਾਸ ਤੌਰ ਤੇ ਮੇਰੇ ਗਿਰਾਈਂ, ਵਿਰੋਧੀ ਵਿਚਾਰਾਂ ਤੇ ਸਖਸ਼ੀਅਤਾਂ ਬਾਰੇ ਲਿਖੀ ਵਾਰਤਾ ਨੂੰ ਬਿਨਾਂ ਕਿਸੇ ਦਵੈਤ ਜਾਂ ਈਰਖਾ ਦੇ ਖੁੱਲ੍ਹੇ ਦਿਲ ਨਾਲ ਕਬੂਲ ਕਰਨਗੇ ਭਾਵੇਂ ਉਹ ਉਸ ਨੂੰ ਪਸੰਦ ਕਰਦੇ ਹੋਣ ਜਾਂ ਨਾ। ਲੋਕਤੰਤਰ ਦਾ ਮੁਢਲਾ ਅਸੂਲ ਹੈ ਕਿ ਹਰ ਬੰਦੇ ਵਿਚ ਵਿਰੋਧੀ ਵਿਚਾਰਾਂ ਨੂੰ ਪੜ੍ਹਨ ਤੇ ਸੁਣਨ ਦਾ ਜੇਰਾ ਤੇ ਹੌਂਸਲਾ ਹੋਣਾ ਚਾਹੀਦਾ ਹੈ। ਇਸ ਲਈ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਇਸ ਪੁਸਤਕ ਦੀ ਸਮਗਰੀ ਨੂੰ, ਜਿਸ ਰੂਪ ਵਿੱਚ ਵੀ ਹੈ, ਸਵੀਕਾਰ ਕਰਨ ਅਤੇ ਜੇ ਕਿਸੇ ਕੋਲ ਇਸ ਸਬੰਧੀ ਕੋਈ ਹੋਰ ਪੁਖ਼ਤਾ ਜਾਣਕਾਰੀ ਹੋਵੇ ਤਾਂ ਉਹ ਧੰਨਵਾਦ ਸਹਿਤ ਮੈਨੂੰ ਪੁਜਦੀ ਕਰੇ ਤਾਂ ਜੋ ਅਗਲੇ ਐਡੀਸ਼ਨ ਵਿੱਚ ਉਸ ਨੂੰ ਸ਼ਾਮਲ ਕਰਕੇ ਇਸ ਦੀ ਸੋਧ ਹੋ ਸਕੇ। ਆਸ ਕਰਦਾ ਹਾਂ ਕਿ ਇਹ ਪੁਸਤਕ ਪਾਠਕਾਂ ਨੂੰ ਨਵੀਨ ਜਾਣਕਾਰੀ ਦੇਵੇਗੀ ਅਤੇ ਆਪਣੇ ਪਿੰਡ ਤੇ ਮਾਣ ਕਰਨਾ ਤੇ ਜ਼ਿੰਦਗੀ ਦੀ ਦੌੜ ਵਿੱਚ ਅੱਗੇ ਵਧਣਾ ਸਿਖਾਵੇਗੀ। ਆਮੀਨ!

ਤੁਹਾਡਾ ਆਪਣਾ,

**ਜਸਵਿੰਦਰ ਸਿੰਘ 'ਮਾਣੋਚਾਹਲ',**

#9463613035

❐

# ਮੁਖ-ਬੰਦ

ਹਰ ਗਿਆਨਵਾਨ ਬੰਦੇ ਦੀ ਇਹ ਇੱਛਾ ਹੁੰਦੀ ਹੈ ਕਿ ਉਹ ਆਪਣੀ ਜਨਮ-ਭੂਮੀ, ਕਰਮ-ਭੂਮੀ ਅਤੇ ਮਾਤ-ਭਾਸ਼ਾ ਦਾ ਕਰਜ਼ਾ ਮੋੜਨ ਲਈ ਕੁਝ ਕਰੇ।ਜਿਸ ਮਾਂ ਦਾ ਸ਼ੀਰ ਚੁੰਘਿਆ ਹੋਵੇ, ਜਿਸ ਦੀ ਨਿੱਘੀ ਗੋਦ ਵਿੱਚ ਮੋਹ-ਮਮਤਾ ਦਾ ਅਨੰਦ ਮਾਣਿਆ ਹੋਵੇ, ਜਿਸ ਜਨਮ-ਭੂਮੀ ਤੇ ਜਨਮ ਲੈ ਕੇ ਉਹਦੇ ਜ਼ਰੇ ਜ਼ਰੇ ਦਾ ਅਨੰਦ ਲਿਆ ਹੋਵੇ, ਉਹਦਾ ਰਿਣ ਤਾਂ ਹਰ ਬੰਦੇ ਦੇ ਸਿਰ ਹੁੰਦਾ ਹੈ ਪਰ ਇਹ ਰਿਣ ਉਤਾਰਨ ਦਾ ਸੁਭਾਗ ਕਿਸੇ ਕਰਮਾਂ ਵਾਲ਼ੇ ਨੂੰ ਹੀ ਪ੍ਰਾਪਤ ਹੁੰਦਾ ਹੈ। ਪਿੰਡ ਦੀਆਂ ਗਲ਼ੀਆਂ ਵਿੱਚ ਬਿਤਾਇਆ ਜੀਵਨ, ਬਜ਼ੁਰਗਾਂ ਦੀਆਂ ਅਸੀਸਾਂ, ਦਾਦੀਆਂ, ਮਾਂਵਾਂ ਤੇ ਤਾਈਆਂ-ਚਾਚੀਆਂ ਵੱਲੋਂ ਦਿੱਤੀਆਂ ਲੋਰੀਆਂ, ਖੇਤਾਂ ਵਿੱਚ ਹਾਲ਼ੀਆਂ ਦੇ ਬਲਦਾਂ ਗਲ਼ੀਂ ਪਈਆਂ ਟੱਲੀਆਂ ਦੀ ਟੁਣਕਾਰ, ਪਾਲ਼ੀਆਂ ਵੱਲੋਂ ਚਾਰੇ ਜਾਂਦੇ ਵੱਗ, ਖੇਤਾਂ ਦੀ ਹਰਿਆਲ਼ੀ ਤੇ ਰੁੱਖਾਂ ਉੱਤੇ ਪੰਛੀਆਂ ਦੀ ਚਹਿਲ-ਪਹਿਲ, ਬੋਹੜਾਂ, ਪਿੱਪਲਾਂ, ਤੂਤਾਂ, ਟਾਹਲੀਆਂ ਤੇ ਧਰੇਕਾਂ ਦੀ ਮਾਣੀ ਛਾਂ, ਛਾਂ ਹੇਠ ਬਹਿ ਕੇ ਖੇਡਿਆ ਬਾਰਾਂ-ਟਾਂਕੂ, ਬਜ਼ੁਰਗਾਂ ਤੋਂ ਆਪਣੇ ਗੌਰਵਮਈ ਇਤਿਹਾਸ ਦੇ ਸੁਣੇ ਪ੍ਰਸੰਗ ਤੇ ਪ੍ਰੇਮ ਕਥਾਵਾਂ ਦੇ ਕਿੱਸੇ, ਹਾਣੀਆਂ ਨਾਲ ਖੇਡੀ ਕਬੱਡੀ, ਖਿੱਦੋ-ਖੂੰਡੀ ਤੇ ਲੁਕਣ-ਮੀਚੀ, ਪੜੁੱਲਾਂ ਤੋਂ ਮਾਰੀਆਂ ਛਾਲ਼ਾਂ, ਟੋਭਿਆਂ, ਤਲਾਵਾਂ, ਨਹਿਰਾਂ, ਸੂਇਆਂ ਤੇ ਰੋਹੀਆਂ 'ਚ ਲਾਈਆਂ ਤਾਰੀਆਂ, ਚੱਲਦੇ ਖੂਹ, ਵੇਲਣੇ ਤੇ ਖਰਾਸ, ਦਾਤੀ ਨਾਲ ਕਣਕਾਂ ਦੀ ਵਾਢੀ ਲਈ ਪਾਈਆਂ ਮੰਗਾਂ ਦਾ ਹੋ-ਹੱਲਾ, ਵੱਢ ਕੇ ਲਾਏ ਖਲਵਾੜੇ, ਉੱਡਦੀਆਂ ਧੜਾਂ, ਖੇਤਾਂ ਵਿੱਚ ਛੱਡਿਆ ਛੀਓੜਂਬਾ, ਬੋਹਲ਼ਾਂ ਤੋਂ ਲਈ ਰਿੜੀ ਨਾਲ ਹੱਟੀਆਂ ਤੋਂ ਪੀਤੇ ਬੱਤੇ ਤੇ ਖਾਧੇ ਮੁਰਮਰੇ ਕਦੇ ਨਹੀਂ ਭੁੱਲਦੇ।ਲੇਖਕ ਨੇ ਇਹਨਾਂ ਯਾਦਾਂ ਦਾ ਇਸ ਪੁਸਤਕ ਵਿੱਚ ਵਰਨਣ ਕੀਤਾ ਹੈ।

ਪਿੰਡ ਮਾਣੋਚਾਹਲ ਤਰਨਤਾਰਨ ਜ਼ਿਲ੍ਹੇ ਦਾ ਮਸ਼ਹੂਰ ਪਿੰਡ ਹੈ। ਮਾਸਟਰ ਜਸਵਿੰਦਰ ਸਿੰਘ 'ਮਾਣੋਚਾਹਲ' ਇਸ ਪਿੰਡ ਦਾ ਜੰਮ-ਪਲ਼ ਹੈ। ਉਹ ਦਸ-ਯਾਰਾਂ ਸਾਲ ਪਹਿਲਾਂ ਅਧਿਆਪਕ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਹਨ ਤੇ ਇਸ ਸਮੇਂ ਪਾਰਕ ਐਵੇਨਿਊ ਤਰਨਤਾਰਨ ਵਿਖੇ ਰਹਿੰਦੇ ਹਨ। ਉਹ ਪੰਜਾਬੀ ਬੋਲੀ ਦੇ ਆਲੰਬਰਦਾਰ, ਪੰਜਾਬੀ ਕਹਾਣੀਕਾਰ, ਸਾਹਿਤ-ਰਸੀਏ, ਚਿੰਤਕ, ਉਸਾਰੂ-ਆਲੋਚਕ ਤੇ ਪ੍ਰਗਤੀਸ਼ੀਲ ਵਿਚਾਰਾਂ ਦੇ ਧਾਰਨੀ ਹਨ। ਉਹਨਾਂ ਵੱਲੋਂ ਆਪਣੇ ਪਿੰਡ 'ਮਾਣੋਚਾਹਲ' ਬਾਰੇ ਲਿਖੀ ਗਈ ਇਹ



Scanned with OKEN Scanner

ਕਿਤਾਬ 'ਮੇਰਾ ਪਿੰਡ ਤੇ ਮੇਰੇ ਲੋਕ' ਆਉਣ ਵਾਲ਼ੀਆਂ ਨਸਲਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇਗੀ।ਲੇਖਕ ਨੇ ਇਹ ਪੁਸਤਕ ਸਖ਼ਤ ਮਿਹਨਤ ਨਾਲ ਡੂੰਘੀ ਖੋਜ ਕਰਕੇ ਬੜੀ ਇਮਾਨਦਾਰੀ ਨਾਲ ਤਿਆਰ ਕੀਤੀ ਹੈ।ਇਸ ਲਈ ਉਹ ਵਧਾਈ ਦੇ ਪਾਤਰ ਹਨ।ਪੁਸਤਕ ਵਿੱਚ ਪਿੰਡ ਦੇ ਇਤਿਹਾਸ ਦਾ ਵੇਰਵਾ, ਭੂਗੋਲਕ ਜਾਣਕਾਰੀ, ਚਾਹਲਾਂ ਦਾ ਇਤਿਹਾਸ, ਪਿੰਡ ਵਾਸੀਆਂ ਦੀ ਪਛਾਣ ਅੱਲਾਂ-ਪੱਤੀਆਂ, ਵਿਆਹ-ਸ਼ਾਦੀਆਂ ਦੇ ਗੀਤ, ਪਿੰਡ ਦੇ ਛੱਪੜ-ਟੋਭੇ, ਪਿੰਡ ਦੀਆਂ ਸਰਕਾਰੀ ਤੇ ਪ੍ਰਾਈਵੇਟ ਸੰਸਥਾਵਾਂ, ਪਿੰਡ ਦੇ ਲੋਕਾਂ ਵੱਲੋਂ ਵੱਖ ਵੱਖ ਅਹੁਦਿਆਂ ਤੇ ਰਹਿ ਕੇ ਦੇਸ਼-ਕੌਮ ਲਈ ਨਿਭਾਈਆਂ ਜ਼ਿੰਮੇਵਾਰੀਆਂ, ਪਿੰਡ ਦੇ ਦੇਸ਼-ਭਗਤਾਂ ਤੇ ਅਹਿਮ ਸ਼ਖ਼ਸੀਅਤਾਂ, ਲੋਕਾਂ ਦੇ ਸਮਾਜਿਕ, ਆਰਥਿਕ ਤੇ ਧਾਰਮਿਕ ਰਹਿਣ-ਸਹਿਣ ਦਾ ਬਾਖ਼ੂਬੀ ਵਰਨਣ ਕੀਤਾ ਹੈ।

ਮੈਂ ਪੰਜਾਬੀ ਸਾਹਿਤ ਤੇ ਸਭਿਆਚਾਰਕ ਕੇਂਦਰ ਤਰਨਤਾਰਨ (ਰਜਿ.) ਵੱਲੋਂ ਸ੍ਰ. ਜਸਵਿੰਦਰ ਸਿੰਘ ਮਾਣੋਚਾਹਲ ਦੀ ਲਿਖੀ ਪੁਸਤਕ 'ਮੇਰਾ ਪਿੰਡ ਤੇ ਮੇਰੇ ਲੋਕ' ਨੂੰ ਜੀ ਆਇਆਂ ਕਹਿੰਦਾ ਹੋਇਆ ਇਸ ਦਾ ਹਾਰਦਿਕ ਸਵਾਗਤ ਕਰਦਾ ਹਾਂ।ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਇਹਨਾਂ ਦੀ ਕਲਮ ਨੂੰ ਹੋਰ ਬਲ ਬਖ਼ਸ਼ੇ ਤਾਂ ਕਿ ਉਹ ਪੰਜਾਬ, ਪੰਜਾਬੀਅਤ ਤੇ ਪੰਜਾਬੀ ਬੋਲੀ ਦੀ ਨਿਰੰਤਰ ਸੇਵਾ ਕਰਦੇ ਰਹਿਣ। ਅੰਤ ਵਿੱਚ ਮੈਂ ਇਕੱਲੇ ਪਿੰਡ-ਵਾਸੀਆਂ ਨੂੰ ਹੀ ਨਹੀਂ ਸਗੋਂ ਸਾਰੇ ਪੰਜਾਬੀ ਪਾਠਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਪੁਸਤਕ ਨੂੰ ਜ਼ਰੂਰ ਪੜ੍ਹਨ। ਇਹ ਪੁਸਤਕ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਮਾਰਗ-ਦਰਸ਼ਕ ਸਾਬਤ ਹੋਵੇਗੀ ਅਤੇ ਉਹਨਾਂ ਨੂੰ ਆਪਣੀ ਜਨਮ ਤੇ ਕਰਮ-ਭੂਮੀ ਨੂੰ ਪਿਆਰ, ਸਤਿਕਾਰ ਕਰਨਾ ਤੇ ਇਹਦੀ ਉਨਤੀ ਲਈ ਕੁਝ ਕਰਦੇ ਰਹਿਣ ਲਈ ਪ੍ਰੇਰਨਾ ਦੇਵੇਗੀ।ਰੱਬ ਰਾਖਾ!

**ਜਸਵਿੰਦਰ ਸਿੰਘ ਢਿੱਲੋਂ,**
ਪ੍ਰਧਾਨ ਪੰਜਾਬੀ ਸਾਹਿਤ ਤੇ
ਸਭਿਆਚਾਰਕ ਕੇਂਦਰ, ਤਰਨਤਾਰਨ।

❒



Scanned with OKEN Scanner

# ਸ਼ਲਾਘਾ-ਯੋਗ ਉਪਰਾਲਾ

ਮਾਸਟਰ ਜਸਵਿੰਦਰ ਸਿੰਘ 'ਮਾਨੋਚਾਹਲ' ਸਾਡੇ ਪਿੰਡ ਦੇ ਜੰਮਪਲ, ਅਗਾਂਹਵਧੂ ਸੋਚ ਦੇ ਧਾਰਨੀ, ਲੋਕ-ਹੱਕਾਂ ਲਈ ਲੜਨ ਵਾਲ਼ੇ, ਸਾਊ ਸ਼ੁਭਾਅ ਦੇ ਮਾਲਕ, ਸਰਕਾਰੀ ਨੌਕਰੀ ਤੋਂ ਸੇਵਾ-ਮੁਕਤ ਹਨ ਅਤੇ ਸਾਹਿਤਕ ਖੇਤਰ ਦੇ ਨਵੇਂ ਰੰਗਰੂਟ ਹਨ। ਇਹਨਾਂ ਨੇ 2018 ਵਿੱਚ 'ਵਰਦੀ ਦਾ ਮੁੱਲ' ਕਹਾਣੀ-ਸੰਗ੍ਰਹਿ ਲਿਖ ਕੇ ਆਪਣਾ ਸਾਹਿਤਕ ਸਫ਼ਰ ਸ਼ੁਰੂ ਕੀਤਾ ਸੀ। ਫਿਰ ਆਪਣੀ ਸਵੈ-ਜੀਵਨੀ 'ਮੈਂ ਜਾਣਿਆ ਦੁੱਖ ਮੁਝ ਕੋ' ਅਤੇ 'ਬਦਲੇ ਰੰਗ ਪੰਜਾਬ ਦੇ' ਦੋ ਵਾਰਤਿਕ ਦੀਆਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲ਼ੀ ਪਾਈਆਂ ਹਨ। ਆਪਣੇ ਪਿੰਡ ਬਾਰੇ ਇਹ ਪੁਸਤਕ 'ਮੇਰਾ ਪਿੰਡ ਤੇ ਮੇਰੇ ਲੋਕ' ਇਹਨਾਂ ਦੀ ਚੌਥੀ ਪਾਰੀ ਹੈ। ਇਹ ਪੁਸਤਕ ਲਿਖਣ ਦਾ ਵਿਚਾਰ ਲੈ ਕੇ ਲੋੜੀਂਦੀ ਸਹਾਇਤਾ ਲਈ ਜਦੋਂ ਇਹਨਾਂ ਮੇਰੇ ਕੋਲ਼ ਆ ਕੇ ਆਪਣਾ ਮਨੋਰਥ ਦੱਸਿਆ ਤਾਂ ਮੈਨੂੰ ਅਥਾਹ ਖ਼ੁਸ਼ੀ ਹੋਈ। ਮੈਂ ਇਹਨਾਂ ਦੇ ਪੁਰਸ਼ਾਰਥ ਦੀ ਸ਼ਲਾਘਾ ਕੀਤੇ ਬਿਨਾਂ ਨਾ ਰਹਿ ਸਕਿਆ।

ਆਪਣੇ ਪਿੰਡ ਅਤੇ ਇਸ ਦੇ ਲੋਕਾਂ ਬਾਰੇ ਕੁਝ ਲਿਖ ਕੇ ਛਪਵਾਉਣਾ ਸੁਖਾਲ਼ਾ ਕਾਰਜ ਨਹੀਂ ਹੈ। ਕਿਸੇ ਵੀ ਪਿੰਡ ਵਿੱਚ ਵੱਖ ਵੱਖ ਸੋਚ ਤੇ ਵੱਖ ਵੱਖ ਸ਼ੁਭਾਅ ਦੇ ਬੰਦੇ ਹੁੰਦੇ ਹਨ ਤੇ ਉਹਨਾਂ ਸਬੰਧੀ ਕੁਝ ਲਿਖਣ ਵੇਲ਼ੇ ਸਮਤੋਲ ਬਣਾਉਣਾ ਕੰਡਿਆਂ ਤੇ ਤੁਰਨ ਬਰਾਬਰ ਹੁੰਦਾ ਹੈ। ਇਸ ਲਈ ਮਾਸਟਰ ਜਸਵਿੰਦਰ ਸਿੰਘ 'ਮਾਨੋਚਾਹਲ' ਨੇ ਆਪਣੇ ਪਿੰਡ ਦੇ ਲੋਕਾਂ ਬਾਰੇ ਪੁਸਤਕ ਲਿਖਣ ਦਾ ਜੋ ਇਤਿਹਾਸਕ ਕਾਰਜ ਸ਼ੁਰੂ ਕੀਤਾ ਹੈ, ਉਹ ਨਿਸਚੇ ਹੀ ਸ਼ਲਾਘਾਯੋਗ ਹੈ। ਇਹ ਪੁਸਤਕ ਸਾਡੀ ਆਉਣ ਵਾਲ਼ੀ ਪੀੜ੍ਹੀ ਲਈ ਜਾਣਕਾਰੀ ਦਾ ਮਹੱਤਵਪੂਰਨ ਸ੍ਰੋਤ ਹੋਵੇਗੀ। ਇਸ ਇਤਿਹਾਸਿਕ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਮੈਂ ਇਹਨਾਂ ਨੂੰ ਹਰ ਸੰਭਵ ਸਹਾਇਤਾ ਕਰਨ ਦਾ ਭਰੋਸਾ ਦਿਵਾਇਆ ਹੈ। ਪੁਸਤਕ ਲਿਖ ਕੇ ਛਪਵਾਉਣਾ ਕਿਉਂਕਿ ਕਾਫੀ ਖ਼ਰਚੀਲਾ ਧੰਦਾ ਹੈ, ਇਸ ਲਈ ਮੈਂ ਇਹਨਾਂ ਨੂੰ ਆਪਣੀ ਜੇਬ 'ਚੋਂ 5000 ਰੁਪਏ ਮਾਇਕ ਮਦਦ ਦੇਣ ਦਾ ਵਾਅਦਾ ਵੀ ਕੀਤਾ ਹੈ। ਮੈਂ ਪਿੰਡ-ਵਾਸੀਆਂ ਨੂੰ ਵੀ ਇਹ ਬੇਨਤੀ ਕਰਦਾ ਹਾਂ ਕਿ ਉਹ ਆਪਣੇ ਪਿੰਡ ਦੇ ਲੇਖਕ ਦਾ ਹੌਂਸਲਾ ਵਧਾਉਣ ਲਈ ਘੱਟੋ-ਘੱਟ ਇਹ ਪੁਸਤਕ ਖ਼ਰੀਦ ਕੇ ਜ਼ਰੂਰ ਪੜ੍ਹਨ। ਇਹ ਪੁਸਤਕ ਨਾ ਕੇਵਲ ਪੜ੍ਹਨ ਵਾਲ਼ੀ ਹੈ ਸਗੋਂ ਘਰ ਵਿੱਚ ਸਾਂਭ ਕੇ ਰੱਖਣ ਵਾਲ਼ੀ ਵੀ ਹੈ। ਮੈਂ ਆਸ ਕਰਦਾ ਹਾਂ ਕਿ ਇਹ ਪੁਸਤਕ ਤਹਾਨੂੰ ਜ਼ਰੂਰ ਪਸੰਦ ਆਵੇਗੀ। ਅੰਤ ਵਿੱਚ ਮੈਂ ਆਪਣੇ ਪਿੰਡ ਦੇ ਸਾਹਿਤਕਾਰ ਦਾ ਇਸ ਵਡਮੁੱਲੇ ਯੋਗਦਾਨ ਲਈ ਤਹਿ ਦਿਲੋਂ ਧੰਨਵਾਦ ਕਰਦਾ ਹੋਇਆ ਸ਼ੁੱਭ ਕਾਮਨਾਵਾਂ ਭੇਟ ਕਰਦਾ ਹਾਂ।

**ਕਾਮਰੇਡ ਸੁਖਦੇਵ ਸਿੰਘ ਚਾਹਲ,**

ਬ੍ਰਾਂਚ ਸਕੱਤਰ, ਸੀ. ਪੀ. ਆਈ. ਮਾਨੋਚਾਹਲ ਕਲਾਂ ਜ਼ਿਲ੍ਹਾ ਤਰਨ ਤਾਰਨ।

# ਧੰਨਵਾਦੀ ਸ਼ਬਦ

ਮੈਂ ਉਹਨਾਂ ਸਾਰੇ ਆਪਣੇ ਵਡੇਰਿਆਂ, ਹਾਣੀਆਂ ਤੇ ਬੱਚਿਆਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਹਨਾਂ ਨੇ ਇਸ ਪੁਸਤਕ ਦੇ ਮੈਟਰ ਸਬੰਧੀ ਜਾਣਕਾਰੀ ਦੇ ਕੇ ਇਸ ਪੁਸਤਕ ਦੀ ਸਮਗਰੀ ਵਿੱਚ ਵਾਧਾ ਕੀਤਾ ਹੈ ਅਤੇ ਪੁਸਤਕ ਪਾਠਕਾਂ ਦੇ ਹੱਥਾਂ ਤੱਕ ਪਹੁੰਚਾਉਣ ਵਿੱਚ ਮੇਰੀ ਮਦਦ ਕੀਤੀ ਹੈ। ਮੈਂ ਸ੍ਰ. ਗੁਰਚਰਨ ਸਿੰਘ ਸ਼ਾਹ (ਹੁਣ ਸਵਰਗਵਾਸੀ), ਸ੍ਰ. ਸਕੱਤਰ ਸਿੰਘ ਲੰਮਾ, ਸ੍ਰ. ਆਤਮਾ ਸਿੰਘ ਬਾਰ ਵਾਲ਼ੇ ਅਤੇ ਸ੍ਰ. ਮੁਖਤਾਰ ਸਿੰਘ ਜ਼ੈਲਦਾਰ ਹੋਰਾਂ ਦਾ ਵਿਸ਼ੇਸ਼ ਤੌਰ ਤੇ ਸ਼ੁਕਰਗੁਜ਼ਾਰ ਹਾਂ ਜਿਹਨਾਂ ਨੇ ਆਪਣੀ ਸਿਹਤ ਅਨੁਕੂਲ ਨਾ ਹੋਣ ਦੇ ਬਾਵਜੂਦ ਮੈਨੂੰ ਗੱਲ-ਬਾਤ ਲਈ ਨਾ ਕੇਵਲ ਸਮਾਂ ਦਿੱਤਾ ਸਗੋਂ ਪੁਸਤਕ ਲਿਖਣ ਲਈ ਹੱਲਾਸ਼ੇਰੀ ਦੇ ਕੇ ਮੇਰਾ ਪ੍ਰੋਤਸਾਹਨ ਵੀ ਕੀਤਾ। ਉਹਨਾਂ ਨੇ ਮੈਨੂੰ ਪੁਸਤਕ ਦੇ ਮੈਟਰ ਦੀ ਚੋਣ ਸਬੰਧੀ ਲੋੜੀਂਦੀ ਆਪਣੀ ਬਹੁਮੁੱਲੀ ਰਾਇ ਵੀ ਦਿੱਤੀ। ਮੈਂ ਸ੍ਰ. ਜਰਨੈਲ ਸਿੰਘ ਫੌਜੀ ਤੇ ਭੈਣ ਜੀ ਬਲਬੀਰ ਕੌਰ ਦਾ ਵੀ ਪਿੰਡ ਬਾਰੇ ਲੋੜੀਂਦੀ ਜਾਣਕਾਰੀ ਦੇਣ ਲਈ ਤਹਿ ਦਿਲੋਂ ਧੰਨਵਾਦੀ ਹਾਂ। ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਮੈਂ ਪਿੰਡ ਦੇ ਜਿਸ ਸੱਜਣ ਕੋਲ ਜਾ ਕੇ ਵੀ ਇਹ ਪੁਸਤਕ ਲਿਖਣ ਬਾਰੇ ਗੱਲ ਕੀਤੀ ਹੈ, ਉਹਨੇ ਲੋੜੀਂਦੀ ਜਾਣਕਾਰੀ ਦੇ ਕੇ ਮੇਰਾ ਹੌਂਸਲਾ ਵਧਾਇਆ ਹੈ। ਵਿਸ਼ੇਸ਼ ਤੌਰ ਤੇ ਸੁਖਰਾਜ ਸਿੰਘ ਪ੍ਰਧਾਨ ਨੌਜਵਾਨ ਸਭਾ ਮਾਣੋਚਾਹਲ ਅਤੇ ਕੈਪਟਨ ਗੁਰਦੀਪ ਸਿੰਘ ਦਸੀਂਹ ਧੰਨਵਾਦ ਦੇ ਪਾਤਰ ਹਨ। ਸ੍ਰ. ਗੁਰਵਰਿਆਮ ਸਿੰਘ ਪੰਜਾਬੀ ਲੈਕਚਰਾਰ ਸ.ਸ.ਸ.ਸ. ਮਾਣੋਚਾਹਲ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕਰਨਾ ਬਣਦਾ ਹੈ ਜਿਹਨਾਂ ਨੇ ਮੈਨੂੰ ਆਪਣੇ ਸਕੂਲ ਬਾਰੇ ਡੂੰਘੀ ਜਾਣਕਾਰੀ ਦਿੱਤੀ। ਮੈਂ ਮੌਲਵੀ ਸੁਲੇਮਾਨ ਖਾਂ ਦਾ ਵੀ ਦਿਲੋਂ ਧੰਨਵਾਦ ਕਰਦਾ ਹਾਂ ਜਿਹਨਾਂ ਨੇ ਪਿੰਡ ਬਾਰੇ ਮਿਲੇ ਇੱਕ ਉਰਦੂ-ਫ਼ਾਰਸੀ ਵਿੱਚ ਲਿਖੇ ਸਰੋਤ ਨੂੰ ਸਮਝਣ ਵਿੱਚ ਮੇਰੀ ਮਦਦ ਕੀਤੀ। ਭਾ ਜੀ ਵਜ਼ੀਰ ਸਿੰਘ ਰੰਧਾਵਾ (ਰੂੜੇਆਸਲ) ਵਾਸੀ ਸੰਧੂ ਕਲੋਨੀ ਛਿਹਰਟਾ ਜਿਹਨਾਂ ਨੇ ਇਸ ਪੁਸਤਕ ਦੀ ਸਮਗਰੀ ਨੂੰ ਠੋਸ ਤੱਥ-ਅਧਾਰਤ ਬਣਾਉਣ ਲਈ ਉਚੇਚਾ ਵਕਤ ਕੱਢ ਕੇ ਮੁਹੰਮਦ ਮਿਰਸ਼ਾਦ ਮੌਲਵੀ ਜਾਮਾ ਮਸਜਿਦ ਅੰਮ੍ਰਿਤਸਰ ਨੂੰ ਇਸ ਉਰਦੂ-ਫਾਰਸੀ ਵਾਲ਼ੀ ਲਿਖਤ ਦਾ ਤਰਜਮਾ ਕਰਾਉਣ ਲਈ ਮਿਲੇ, ਉਹਨਾਂ ਦਾ ਵੀ ਧੰਨਵਾਦ ਕਰਨਾ ਬਣਦਾ ਹੈ।

ਮੈਂ ਭਾਈ ਮੋਹਣ ਸਿੰਘ ਜੀ ਵੈਦ ਯਾਦਗਾਰੀ ਲਾਇਬ੍ਰੇਰੀ ਤਰਨਤਾਰਨ ਦੇ ਇਨਚਾਰਜ



Scanned with OKEN Scanner

ਭਾਈ ਦੀਦਾਰ ਸਿੰਘ ਤੇ ਸਹਾਇਕ ਇਨਚਾਰਜ ਸ੍. ਤਾਰਾ ਸਿੰਘ ਕੱਦ-ਗਿੱਲ ਦਾ ਵੀ ਧੰਨਵਾਦੀ ਹਾਂ ਜਿਹਨਾਂ ਨੇ ਮੈਨੂੰ ਇਸ ਪ੍ਰੋਜੈਕਟ ਲਈ ਲੋੜੀਂਦੀਆਂ ਹਵਾਲਾ ਪੁਸਤਕਾਂ ਲਾਇਬ੍ਰੇਰੀ 'ਚੋਂ ਆਪ ਲੱਭ ਕੇ ਸਪਲਾਈ ਕੀਤੀਆਂ। ਖ਼ਾਸ ਤੌਰ 'ਤੇ ਸਾਕਾ ਕਾਮਾਗਾਟਾ ਮਾਰੂ ਬਾਰੇ ਰਾਜਵਿੰਦਰ ਸਿੰਘ ਰਾਹੀ ਦੀ ਪੁਸਤਕ ਭਾਈ ਦੀਦਾਰ ਸਿੰਘ ਜੀ ਨੇ ਉਚੇਚੇ ਤੌਰ 'ਤੇ ਮੇਰੇ ਕੰਮ ਲਈ ਅੰਮ੍ਰਿਤਸਰੋਂ ਖ਼ਰੀਦ ਕੇ ਲਿਆਂਦੀ। ਮੈਂ ਉਹਨਾਂ ਸਾਰੇ ਵਿਦਵਾਨਾਂ ਅਤੇ ਖੋਜੀਆਂ ਦਾ ਵੀ ਤਹਿਦਿਲੋਂ ਧੰਨਵਾਦੀ ਹਾਂ ਜਿਹਨਾਂ ਦੀਆਂ ਲਿਖਤਾਂ 'ਚੋਂ ਮੈਂ ਇਸ ਪੁਸਤਕ ਵਿੱਚ ਕੁਝ ਹਵਾਲੇ ਅਤੇ ਟਿਪਣੀਆਂ ਦਿੱਤੀਆਂ ਹਨ। ਮੈਂ ਕਾਮਰੇਡ ਸੁਖਦੇਵ ਸਿੰਘ ਚਾਹਲ, ਬ੍ਰਾਂਚ ਸਕੱਤਰ ਸੀ.ਪੀ.ਆਈ. ਮਾਣੋਚਾਹਲ ਕਲਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਹਨਾਂ ਨੇ ਪੁਸਤਕ ਲਿਖਣ ਦੇ ਮੇਰੇ ਇਸ ਉਪਰਾਲੇ ਦੀ ਨਾ ਕੇਵਲ ਭਰਪੂਰ ਸ਼ਲਾਘਾ ਹੀ ਕੀਤੀ ਸਗੋਂ ਪੁਸਤਕ ਦੀ ਛਪਾਈ ਵਿੱਚ ਮੇਰੀ ਆਰਥਿਕ ਸਹਾਇਤਾ ਕਰਨ ਲਈ ਆਪਣੀ ਜੇਬ 'ਚੋਂ 5000 ਰੁਪਏ ਦੀ ਰਾਸ਼ੀ ਵੀ ਅਦਾ ਕੀਤੀ। ਸ੍. ਜਸਵਿੰਦਰ ਸਿੰਘ ਢਿੱਲੋਂ ਪਧਾਨ, ਪੰਜਾਬੀ ਸਾਹਿਤ ਤੇ ਸਭਿਆਚਾਰਕ ਕੇਂਦਰ, ਤਰਨਤਾਰਨ ਵਿਸ਼ੇਸ਼ ਤੌਰ 'ਤੇ ਧੰਨਵਾਦ ਦੇ ਪਾਤਰ ਹਨ ਜਿਹਨਾਂ ਨੇ ਪੁਸਤਕ ਦੇ ਖਰੜੇ ਨੂੰ ਛਪਣ ਤੋਂ ਪਹਿਲਾਂ ਬਰੀਕੀ ਨਾਲ ਪੜ੍ਹ ਕੇ ਬੜੇ ਸੰਤੁਲਿਤ ਸ਼ਬਦਾਂ ਵਿੱਚ ਇਸ ਦਾ ਮੁੱਖ-ਬੰਦ ਲਿਖਿਆ। ਪਛੜੇ ਜਿਹੇ ਇਸ ਪਿੰਡ 'ਚ ਪੈਦਾ ਹੋ ਕੇ, ਸੀਮਤ ਸਾਧਨਾਂ ਰਾਹੀਂ ਪੜ੍ਹਾਈ ਕਰਕੇ, ਸਫ਼ਲਤਾ ਦੀ ਟੀਸੀ 'ਤੇ ਪਹੁੰਚੇ ਪਿੰਡ ਦੇ ਦੋ ਹੀਰਿਆਂ ਨਾਲ ਸੰਪਰਕ ਕਰਨ ਦੇ ਬਾਵਜੂਦ ਵੀ ਲੋੜੀਂਦੀ ਜਾਣਕਾਰੀ ਨਾ ਮਿਲਣ ਕਾਰਨ, ਪੂਰੇ ਵੇਰਵੇ ਨਾ ਲਿਖੇ ਜਾਣ ਦਾ ਮੈਨੂੰ ਗਿਲਾ ਰਹੇਗਾ।

ਪੁਸਤਕ ਛਪ ਜਾਣ ਤੋਂ ਸਾਲ ਕੁ ਬਾਅਦ ਮੈਨੂੰ ਕੁਝ ਇਕ ਹੋਰ ਸ੍ਰੋਤਾਂ ਤੋਂ ਪੁਖ਼ਤਾ ਜਾਣਕਾਰੀ ਮਿਲੀ ਅਤੇ ਮੈਨੂੰ ਮਹਿਸੂਸ ਹੋਇਆ ਕਿ ਇਸ ਜਾਣਕਾਰੀ ਨਾਲ ਪੁਸਤਕ ਨੂੰ ਅੱਪਡੇਟ ਕਰਕੇ ਸੋਧਿਆ ਐਡੀਸ਼ਨ ਛਾਪਣਾ ਚਾਹੀਦਾ ਹੈ ਤਾਂ ਕਿ ਪਾਠਕਾਂ ਦੇ ਗਿਆਨ ਵਿਚ ਹੋਰ ਵਾਧਾ ਹੋਵੇ। ਸੋਧਿਆ ਐਡੀਸ਼ਨ ਛਪਣ ਤੋਂ ਪਹਿਲਾਂ ਜਿਹੜੇ ਪਾਠਕਾਂ ਨੇ ਪੁਸਤਕ ਪੜ੍ਹ ਕੇ ਇਸ ਪੁਸਤਕ ਵਿਚ ਰਹਿ ਗਈਆਂ ਊਣਤਾਈਆਂ, ਉਕਾਈਆਂ ਜਾਂ ਗ਼ਲਤੀਆਂ ਵੱਲ ਮੇਰਾ ਧਿਆਨ ਦਿਵਾਇਆ ਹੈ, ਮੈਂ ਉਹਨਾਂ ਸਾਰੇ ਪਾਠਕਾਂ ਦਾ ਤਹਿਦਿਲੋਂ ਧੰਨਵਾਦੀ ਹਾਂ। ਮੈਂ ਆਪਣੇ ਗਿਰਾਈਂ ਰਿਟਾਇਰਡ ਸੈਕ੍ਰੇਟਰੀ-ਕਮ-ਐਗਜ਼ੈਕਟਿਵ ਅਫਸਰ, ਪੰਜਾਬ ਮੰਡੀਬੋਰਡ, ਸ੍ ਜਗਦੀਸ਼ ਸਿੰਘ ਚਾਹਲ ਦਾ ਵੀ ਦਿਲੋਂ ਧੰਨਵਾਦੀ ਹਾਂ ਜਿਹਨਾਂ ਨੇ ਉਚੇਚੇ ਤੌਰ 'ਤੇ ਪੁਸਤਕ ਵਿਚ ਰਹਿ ਗਈਆਂ ਕਮੀਆਂ ਦੂਰ ਕਰਨ ਲਈ ਕੀਮਤੀ ਸੁਝਾਅ ਦਿੱਤੇ ਅਤੇ ਦੁਬਾਰਾ ਛਪਾਈ ਲਈ 2000 ਰੁਪਏ ਦੀ ਮਾਇਕ ਸਹਾਇਤਾ ਵੀ ਕੀਤੀ ਹੈ। ਮੈਨੂੰ ਆਸ ਹੈ ਕਿ ਦੂਸਰੇ ਐਡੀਸ਼ਨ ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲੇਗਾ। ਆਮੀਨ!

**ਜਸਵਿੰਦਰ ਸਿੰਘ 'ਮਾਣੋਚਾਹਲ'**



Scanned with OKEN Scanner



ਸ਼ਹੀਦ ਸਵਰਨ ਸਿੰਘ
1962



ਸ਼ਹੀਦ ਬਚਨ ਸਿੰਘ
1965



ਸ਼ਹੀਦ ਕੈ: ਮਨਜੀਤ ਸਿੰਘ
1971



ਸਵ: ਕਾਮਰੇਡ ਚੈਨ ਸਿੰਘ
ਸਾਬਕਾ ਸਰਪੰਚ



ਸਵ: ਕਾਮਰੇਡ
ਸੁਰਜਣ ਸਿੰਘ ਮੱਢੂ



ਸਵ: ਕਾਮਰੇਡ
ਜੋਗਿੰਦਰ ਸਿੰਘ

Scanned with OKEN Scanner



ਸਵ: ਸ੍ਰ ਗੁਰਚਰਨ ਸਿੰਘ
ਸ਼ਾਹ ਸ਼ਾਬਕਾ ਸਰਪੰਚ



ਸਵ: ਸ੍ਰ ਅਵਤਾਰ ਸਿੰਘ
ਅਨਭੋਲ ਪੰਜਾਬੀ ਸਾਹਿਤਕਾਰ



ਸੁਖਵਿੰਦਰ ਸਿੰਘ ਉਰਫ਼ ਸੁੱਖੀ
ਚਾਹਲ ਫ਼ਿਲਮੀ ਕਲਾਕਾਰ



ਕਾ: ਸੁਖਦੇਵ ਸਿੰਘ
ਚਾਹਲ



ਕਾ: ਜਰਨੈਲ ਸਿੰਘ
ਫੌਜੀ



ਕਾ: ਤਾਰਾ ਚੰਦ ਸੈਕਟਰੀ

Scanned with OKEN Scanner



ਗੁ: ਬਾਬਾ ਜੋਗੀ ਪੀਰ ਜੀ

ਗੁ: ਸ੍ਰੀ ਅਗਾੜਾ ਪਿਛਾੜਾ ਜੀ



Scanned with OKEN Scanner



ਗੁਰਦੁਆਰਾ ਬਾਬਾ ਬੀਰ ਸਿੰਘ ਜੀ



ਦਰਗਾਹ ਮਾਹੀ ਸ਼ਾਹ

Scanned with OKEN Scanner



ਸਵ: ਸ੍ਰ. ਕਰਮ ਸਿੰਘ
ਆਈ. ਐਨ. ਏ.




ਬਾਬਾ ਗੁਰਬਚਨ ਸਿੰਘ
ਮਾਣੋਚਾਹਲ



ਧਰਵਿੰਦਰ ਸਿੰਘ ਮੈਨੇਜਰ
ਸ੍ਰੀ ਦਰਬਾਰ ਸਾਹਿਬ ਤਰਨ ਤਾਰਨ



ਸ੍ਰ. ਆਤਮਾ ਸਿੰਘ
ਬਾਰ ਵਾਲੇ



ਸ੍ਰ ਮੁਖਤਾਰ ਸਿੰਘ
ਜ਼ੈਲਦਾਰ



ਸ੍ਰ. ਸਕੱਤਰ ਸਿੰਘ
ਲੰਮੇ

Scanned with OKEN Scanner



ਸ੍ਰ ਯਾਦਵਿੰਦਰ ਸਿੰਘ

ਚਾਹਲ ਭਾਜਪਾ ਆਗੂ



ਸ੍ਰ ਗੁਰਸ਼ਰਨਜੀਤ ਸਿੰਘ

ਆਗੂ ਆਮ ਆਦਮੀ ਪਾਰਟੀ



ਸ੍ਰ ਸਤਨਾਮ ਸਿੰਘ

ਜ਼ਿਲ੍ਹਾ ਪ੍ਰ. ਕਿ. ਮ. ਸੰ. ਕਮੇਟੀ



ਸ੍ਰ ਬਲਦੇਵ ਸਿੰਘ ਫ਼ੌਜੀ



ਸ੍ਰ ਬਚਿੱਤਰ ਸਿੰਘ ਨੰਬਰਦਾਰ



ਚਰਨਜੀਤ ਸਿੰਘ ਕਾਨੂੰਨਗੋ

Scanned with OKEN Scanner



ਸਵ : ਸ੍ਰ ਜੋਗਿੰਦਰ ਸਿੰਘ ਹਕੀਮ



ਸੂਬੇਦਾਰ ਹੀਰਾ ਸਿੰਘ ਗਿੱਲ,
ਪਿੰਡ ਚਾਹਲ



ਸ੍ਰ ਜਗਦੀਸ਼ ਸਿੰਘ ਚਾਹਲ
ਸਾਬਕਾ ਸਕੱਤਰ ਮਾਰਕੀਟ ਕਮੇਟੀ



ਸ੍ਰ ਅੰਗਰੇਜ਼ ਸਿੰਘ ਸਰਕਾਰੀਆ
ਸ਼ਹੀਦ ਕਾਂਸਟੇਬਲ, ਸੀ ਆਰ ਪੀ ਐਫ



ਸੂਬੇਦਾਰ ਜੋਗਾ ਸਿੰਘ
ਮਹਿਲਾਂ ਵਾਲਾ



ਸ੍ਰ ਅਮਨਪ੍ਰੀਤ ਸਿੰਘ ਚਾਹਲ,
ਉੱਪਵੈਦ, ਜੀ ਏ ਡੀ ਮਾਨੋ ਚਾਹਲ ਕਲਾਂ

Scanned with OKEN Scanner

# ਭੂਗੋਲਿਕ ਜਾਣਕਾਰੀ

ਪਿੰਡ ਮਾਣੋਚਾਹਲ ਕਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਗਰੀ ਤਰਨ-ਤਾਰਨ ਤੋਂ 9 ਕਿਲੋਮੀਟਰ ਦੂਰ ਤਰਨਤਾਰਨ- ਭਿੱਖੀਵਿੰਡ ਰੋਡ ਤੇ ਵੱਸਿਆ ਹੋਇਆ ਹੈ। ਇਸ ਸੜਕ ਤੇ ਤਰਨਤਾਰਨ ਸ਼ਹਿਰ ਤੋਂ ਬਾਹਰ ਨਿੱਕਲ ਕੇ ਪਹਿਲਾ ਪਿੰਡ ਪਲਾਸੌਰ, ਦੂਜਾ ਡਾਲੇ ਕੇ ਤੇ ਤੀਸਰਾ ਪਿੰਡ ਮਾਣੋਚਾਹਲ ਕਲਾਂ ਆਉਂਦਾ ਹੈ। ਇਹ ਸੜਕ 1950 ਦੇ ਨੇੜੇ ਪੱਕੀ ਕੀਤੀ ਗਈ ਸੀ। ਪਹਿਲਾਂ ਇਹ ਕੱਚੀ ਹੁੰਦੀ ਸੀ। ਸੜਕ ਕਿਨਾਰੇ ਵਾਲੇ ਪਿੰਡਾਂ ਦੇ ਲੋਕਾਂ ਨੇ ਆਪ ਮਿੱਟੀ ਪਾ ਕੇ ਸਰਕਾਰ ਨੂੰ ਸੜਕ ਪੱਕੀ ਕਰਨ ਵਿੱਚ ਸਹਿਯੋਗ ਕੀਤਾ ਸੀ। ਘਰ ਪ੍ਰਤੀ ਬੰਦਾ ਹਰ ਰੋਜ਼ ਮਿੱਟੀ ਪਾਉਣ ਜਾਂਦਾ ਹੁੰਦਾ ਸੀ। ਪਹਿਲਾਂ ਸੜਕ ਇੱਟਾਂ ਲਾ ਕੇ ਪੱਕੀ ਕੀਤੀ ਗਈ ਤੇ ਬਾਅਦ ਵਿੱਚ ਲੁੱਕ-ਬੱਜਰੀ ਪਾਈ ਗਈ ਸੀ। ਹੁਣ ਇਸ ਨੂੰ ਹੋਰ ਚੌੜਾ ਕਰ ਦਿੱਤਾ ਗਿਆ ਹੈ। ਇਸ ਸੜਕ ਦੇ ਵਿਚਕਾਰੋਂ ਲਹਿੰਦੇ ਵੱਲ ਨੂੰ ਇਕ ਲਿੰਕ ਰੋਡ ਵਾਇਆ ਜੀਓਬਾਲ਼ਾ ਗੱਗੋਬੂਆ ਨੂੰ ਜਾਂਦੀ ਹੈ। ਮਾਣੋਚਾਹਲ ਕਲਾਂ ਤੋਂ ਅੱਗੇ ਮਾਣੋਚਾਹਲ ਖ਼ੁਰਦ, ਸ਼ਾਹਬਾਜ਼ਪੁਰ, ਤਪਾ-ਬਾਠ, ਘੁਰਕਵਿੰਡ, ਸੂਰਵਿੰਡ ਤੇ ਦਿਆਲ ਪੁਰ ਆਦਿ ਪਿੰਡ ਆਉਂਦੇ ਹਨ। ਜੇ ਸ਼ਾਹਬਾਜ਼ਪੁਰ ਵਾਲੇ ਪਾਸਿਉਂ ਆਉ ਤਾਂ ਕੁਹਾੜਕਾ-ਮੋੜ ਲੰਘ ਕੇ, ਸੂਆ ਟੱਪ ਕੇ, ਮਾਣੋਚਾਹਲ ਖ਼ੁਰਦ ਤੋਂ ਅਗਲਾ ਪਿੰਡ ਮਾਣੋਚਾਹਲ ਕਲਾਂ ਹੈ। ਇਹ ਲੱਗ-ਭੱਗ 7500 ਦੀ ਅਬਾਦੀ ਤੇ 4700 ਤੋਂ ਵੱਧ ਵੋਟ-ਸ਼ਕਤੀ ਵਾਲਾ ਵੱਡਾ ਪਿੰਡ ਹੈ।

ਪਿੰਡ ਦਾ ਨਾਂ ਲਿਖਣ ਜਾਂ ਬੋਲਣ ਬਾਰੇ ਵੀ ਪਿੰਡ ਦੇ ਵਸਨੀਕਾਂ ਵਿੱਚ ਮਤਭੇਦ ਹਨ। ਕੁਝ ਲੋਕ ਪਿੰਡ ਦਾ ਨਾਂ ਬੋਲਦੇ 'ਮਾਣੋਚਾਹਲ' ਹਨ ਪਰ ਲਿਖਦੇ 'ਨ' ਅੱਖਰ ਪਾ ਕੇ 'ਮਾਨੋਚਾਹਲ' ਹਨ, ਦੂਜੇ ਪਾਸੇ ਕੁਝ ਉਹ ਲੋਕ ਵੀ ਹਨ ਜੋ ਬੋਲਦੇ ਵੀ 'ਮਾਣੋਚਾਹਲ' ਹਨ ਤੇ ਲਿਖਦੇ ਵੀ 'ਣ' ਨਾਲ 'ਮਾਣੋਚਾਹਲ' ਹਨ। ਬਹੁਤ ਘੱਟ ਲੋਕ ਹਨ ਜਿਹੜੇ 'ਮਾਨੋਚਾਹਲ' ਬੋਲਦੇ ਹੋਣਗੇ। ਮੇਰਾ ਵਿਚਾਰ ਹੈ ਕਿ ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਪਹਿਲਾਂ ਪੰਜਾਬੀ ਭਾਸ਼ਾ ਦੀ ਗੁਰਮੁਖੀ ਲਿੱਪੀ ਵਿੱਚ 'ਣ' ਤੇ 'ਨ' ਦੋਹਾਂ ਧੁਨੀਆਂ ਲਈ ਵੱਖ ਵੱਖ ਅੱਖਰ-ਚਿੰਨ੍ਹ ਮੌਜੂਦ ਹੋਣ ਕਾਰਨ 'ਮਾਣੋਚਾਹਲ' ਹੀ ਬੋਲਿਆ ਤੇ ਲਿਖਿਆ ਜਾਂਦਾ ਸੀ ਪਰ ਅੰਗਰੇਜ਼ਾਂ ਦੇ ਪੰਜਾਬ ਉੱਪਰ ਕਬਜ਼ੇ ਤੋਂ ਬਾਅਦ ਅੰਗਰੇਜ਼ੀ ਭਾਸ਼ਾ ਵਿੱਚ 'ਣ' ਤੇ 'ਨ' ਦੋਹਾਂ ਧੁਨੀਆਂ ਲਈ ਅੰਗਰੇਜ਼ੀ ਦਾ ਕੇਵਲ ਇੱਕ ਅੱਖਰ 'ਐਨ' ਹੋਣ ਕਾਰਨ ਸਰਕਾਰੀ ਰਿਕਾਰਡ ਵਿੱਚ Manochahal ਦੇ ਪੰਜਾਬੀ ਰੂਪਾਂਤਰਣ ਵਿੱਚ 'ਨ' ਦੀ ਵਰਤੋਂ ਹੋਣ ਲੱਗ



Scanned with OKEN Scanner

ਪਈ ਹੈ। ਡਾਕ ਵਿਭਾਗ, ਮਾਲ ਵਿਭਾਗ, ਸਿੱਖਿਆ ਵਿਭਾਗ, ਲੋਕ-ਨਿਰਮਾਣ ਵਿਭਾਗ ਤੇ ਸੈਨਸਜ਼ ਵਿਭਾਗ ਦੇ ਰਿਕਾਰਡ ਵਿੱਚ ਵੀ ਮਾਨੋਚਾਹਲ ਹੀ ਦਰਜ ਹੈ। ਇਹ ਕੋਈ ਬਹੁਤੀ ਵੱਡੀ ਗੱਲ ਨਹੀਂ ਹੈ ਕਿਉਂਕਿ ਸਮੇਂ ਦੇ ਬੀਤਣ ਨਾਲ ਕਈ ਕਾਰਨਾਂ ਕਰਕੇ ਉਚਾਰਣ ਵਿੱਚ ਥੋੜ੍ਹਾ ਬਹੁਤਾ ਫ਼ਰਕ ਪੈ ਜਾਂਦਾ ਹੈ। ਪੰਜਾਬੀ ਭਾਸ਼ਾ ਨੂੰ ਲਿਖਣ ਅਤੇ ਬੋਲਣ ਦਾ ਵੀ ਇੱਕ ਨਿਯਮ ਹੈ - ਜਿਹਾ ਬੋਲੋ ਤਿਹਾ ਲਿਖੋ ਤੇ ਜਿਹਾ ਲਿਖਿਆ ਤਿਹਾ ਪੜ੍ਹੋ। ਇਸ ਲਈ ਮੈਂ ਉਕਤ ਨਿਯਮ ਦੀ ਪਾਲਣਾ ਕਰਦਾ ਹੋਇਆ ਇਸ ਪੁਸਤਕ ਵਿੱਚ ਪਿੰਡ ਦਾ ਨਾਂ 'ਮਾਣੋਚਾਹਲ' ਹੀ ਲਿਖ ਰਿਹਾ ਹਾਂ ਤੇ ਦੂਜੀ ਧਿਰ ਤੋਂ ਮੁਆਫ਼ੀ ਦਾ ਜਾਚਕ ਹਾਂ ਪਰ ਕਿਸੇ ਦਸਤਾਵੇਜ਼ ਦਾ ਹਵਾਲਾ ਦੇਂਦਿਆਂ ਉਸ ਦਸਤਾਵੇਜ਼ ਮੁਤਾਬਕ ਲਿਖਿਆ ਜਾਵੇਗਾ।

ਪਿੰਡ ਡਾਲੇ ਕੇ, ਖਾਰਾ, ਗੋਰਖਾ, ਸਖੀਰਾ, ਜੌੜਾ, ਕੁਹਾੜਕਾ, ਛੋਟੀ ਮਾਣੋਚਾਹਲ, ਵਾਂ, ਮਿਆਣੀ, ਨੂਰਪੁਰ, ਜੀਓਬਾਲਾ, ਬਾਕੀਪੁਰ ਤੇ ਕੋਟ ਜਸਪਤ (ਤੇਜਾ ਸਿੰਘ ਵਾਲਾ) ਦੀਆਂ ਹੱਦਾਂ ਇਸ ਪਿੰਡ ਨਾਲ ਜੁੜਦੀਆਂ ਹਨ। ਪਿੰਡ 'ਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਗੁਰਦੁਆਰਾ ਅਗਾੜਾ-ਪਿਛਾੜਾ ਵੱਲ ਜਾਂਦੀ ਸੜਕ ਤੇ ਬਣਿਆ ਗੇਟ ਸਾਡਾ ਸਵਾਗਤ ਕਰਦਾ ਹੈ ਅਤੇ ਇਸ ਗੇਟ ਤੋਂ ਲਹਿੰਦੇ ਵੱਲ ਨੂੰ ਇੱਕ ਲਿੰਕ-ਰੋਡ ਨੂਰ-ਪੁਰ, ਸ਼ੇਖ, ਭੂਰੇ, ਪੱਧਰੀ ਆਦਿ ਪਿੰਡਾਂ ਤੋਂ ਹੁੰਦੀ ਹੋਈ ਸੁਰਸਿੰਘ ਤੱਕ ਜਾਂਦੀ ਹੈ।

ਪਿੰਡ ਦੇ ਉੱਤਰ ਵਾਲੇ ਪਾਸੇ ਤੋਂ ਤਰਨ-ਤਾਰਨ ਵੱਲੋਂ ਆਉਂਦੀ ਡਰੇਨ (ਰੋਹੀ) ਲੰਘਦੀ ਹੈ ਜੋ ਜੀਓਬਾਲੇ ਦੇ ਦੱਖਣ ਵੱਲ ਦੀ ਝਾਮਕੇ ਕਲਾਂ ਨਾਲ ਖਹਿ ਕੇ ਲੰਘਦੀ, ਨੂਰਪੁਰ ਦੇ ਚੜ੍ਹਦੇ ਪਾਸਿਓਂ ਹੋ ਕੇ, ਅਗਾਂਹ ਮਿਆਣੀ, ਭੂਰੇ ਗਿੱਲ, ਤਤਲੇ, ਸੁੱਗਾ, ਬਲੇਰ੍ਹ ਆਦਿ ਪਿੰਡਾਂ ਨੂੰ ਛੂੰਹਦੀ ਹੋਈ ਅਲਗੋਂ ਕੋਠੀ ਨੇੜਿਓਂ ਬਾਰਡਰ ਵੱਲ ਵਹਿੰਦੀ ਹੋਈ ਪਾਕਿਸਤਾਨ 'ਚ ਜਾ ਦਾਖ਼ਲ ਹੁੰਦੀ ਹੈ। ਕਸੂਰ ਨੇੜਿਉਂ ਲੰਘਦੀ ਹੋਣ ਕਾਰਨ ਇਸ ਨੂੰ ਕਸੂਰ ਨਾਲ਼ਾ ਵੀ ਕਿਹਾ ਜਾਂਦਾ ਹੈ। ਦਹਾਕੇ ਪਹਿਲਾਂ ਇਸ ਡਰੇਨ ਉੱਤੇ ਪਿੰਡ ਦੇ ਨੇੜੇ ਨਾਨਕਸ਼ਾਹੀ ਇੱਟਾਂ ਨਾਲ ਬਣੇ ਦੋ ਪੁਲ਼ ਹੁੰਦੇ ਸਨ ਜੋ ਹੁਣ ਮੌਜੂਦ ਨਹੀਂ ਹਨ। ਇਹਨਾਂ ਦੀ ਥਾਂ ਹੁਣ ਪਿੰਡ ਨੂੰ ਬਾਕੀ ਪਿੰਡਾਂ ਨਾਲ ਜੋੜਨ ਲਈ ਲਿੰਕ ਸੜਕਾਂ ਤੇ ਤਿੰਨ ਪੁਲ਼ ਬਣੇ ਹੋਏ ਹਨ। ਪਹਿਲਾਂ ਪੁਲ਼ ਪਿੰਡ ਨੂੰ ਪਿੰਡ ਦੀਆਂ ਬਹਿਕਾਂ ਨਾਲ ਜੋੜਦਾ ਹੈ। ਦੂਸਰਾ ਪੁਲ਼ ਜਿੱਥੇ ਬਹਿਕਾਂ ਨਾਲ ਜੋੜਦਾ ਹੈ ਉੱਥੇ ਇਸ ਤੋਂ ਲੰਘਦੀ ਪੱਕੀ ਲਿੰਕ ਰੋਡ ਤਰਨਤਾਰਨ-ਗੱਗੋਬੂਆ ਰੋਡ ਤੇ ਜਾ ਚੜ੍ਹਦੀ ਹੈ ਤੇ ਜੀਓਬਾਲੇ ਤੇ ਬਾਕੀਪੁਰ ਆਦਿ ਪਿੰਡਾਂ ਨਾਲ ਜੋੜਦੀ ਹੈ। ਤੀਸਰੇ ਪੁਲ਼ ਤੋਂ ਦੀ ਲੰਘਦੀ ਸੜਕ ਮਾਣੋਚਾਹਲ ਤੋਂ ਨੂਰ ਪੁਰ, ਸ਼ੇਖ਼, ਭੂਰੇ, ਪੱਧਰੀ ਆਦਿ ਪਿੰਡਾਂ ਤੋਂ ਹੁੰਦੀ ਹੋਈ ਸੁਰਸਿੰਘ ਜਾ ਪਹੁੰਚਦੀ ਹੈ। ਸੁਰਸਿੰਘ ਇਕ ਇਤਿਹਾਸਿਕ ਕਸਬਾ ਹੈ ਜੋ ਅੰਮ੍ਰਿਤਸਰ-ਖੇਮਕਰਨ ਰੋਡ ਤੇ ਸਥਿੱਤ ਹੈ।

ਪਿੰਡ ਦੇ ਆਲ਼ੇ-ਦੁਆਲ਼ੇ ਪੱਕੀ ਫਿਰਨੀ ਬਣੀ ਹੋਈ ਹੈ। ਪਿੰਡ ਦੀ ਦੱਖਣ-ਪੂਰਬੀ ਗੁੱਠ



Scanned with OKEN Scanner

ਤੋਂ ਚੜ੍ਹਦੇ ਵੰਨੀਂ ਇੱਕ ਲਿੰਕ ਰੋਡ ਜੌੜੇ ਤੇ ਸਖੀਰੇ ਨੂੰ ਜਾਂਦੀ ਹੈ। ਪਿੰਡ ਦਾ ਨਜ਼ਦੀਕੀ ਰੇਲ-ਲਿੰਕ ਤੇ ਸਟੇਸ਼ਨ ਸਖੀਰਿਆਂ ਦੇ ਨੇੜੇ ਜੰਡੋ ਕੇ ਸਰਹਾਲੀ ਇੱਥੋਂ 5 ਕਿ. ਮੀ. ਦੂਰ ਹੈ। ਪੁਰਾਣੇ ਵੇਲਿਆਂ 'ਚ ਲੋਕ ਅੰਮ੍ਰਿਤਸਰ ਜਾਣ ਲਈ ਜੰਡੋ ਕੇ ਸਟੇਸ਼ਨ ਤੋਂ ਰੇਲ-ਗੱਡੀ ਜਾ ਫੜਦੇ ਸਨ। ਪਿੰਡ ਤੋਂ ਦਿਆਲਪੁਰ/ਭਿੱਖੀਵਿੰਡ ਵੱਲ ਜਾਣ ਜਾਂ ਤਰਨ-ਤਾਰਨ ਨੂੰ ਜਾਣ ਲਈ ਅੱਧੇ ਘੰਟੇ ਦੀ ਬਸ-ਸਰਵਿਸ ਉਪਲੱਬਧ ਹੈ। ਉਂਞ ਪਿੰਡ ਦੇ ਬਹੁਤੇ ਵਸਨੀਕਾਂ ਕੋਲ ਆਉਣ-ਜਾਣ ਲਈ ਆਪਣੇ ਸਾਧਨ ਵੀ ਹਨ। ਪਿੰਡ ਵਿੱਚ ਟੈਕਸੀ-ਸਰਵਿਸ ਵੀ ਮਿਲਣਯੋਗ ਹੈ।

ਇੰਟਰਨੈਟ ਤੋਂ ਮਿਲੀ ਜਾਣਕਾਰੀ ਅਨੁਸਾਰ ਮੇਰੇ ਪਿੰਡ ਦਾ ਹੱਦ-ਬਸਤ ਨੰਬਰ 222 ਹੈ। ਇਸ ਦਾ ਕੁੱਲ ਰਕਬਾ 1500 ਹੈਕਟੇਅਰ (15 ਵਰਗ ਕਿ. ਮੀ.) ਹੈ, ਏਕੜਾਂ ਵਿੱਚ ਦੱਸਣਾ ਹੋਵੇ ਤਾਂ 3705.58 ਏਕੜ (ਕਿੱਲੇ) ਬਣਦਾ ਹੈ। ਸਾਡੇ ਪਿੰਡ ਦੇ ਕੁੱਲ 1227 ਘਰ (ਪਰਿਵਾਰ) ਹਨ। ਪਿੰਡ ਦੀ ਅਬਾਦੀ 2011 ਦੀ ਮਰਦਮ-ਸ਼ੁਮਾਰੀ ਮੁਤਾਬਕ 6942 ਹੈ। ਇਸ ਵਿੱਚ 3662 ਮਰਦ ਅਤੇ 3280 ਔਰਤਾਂ ਹਨ। ਕੁੱਲ ਅਬਾਦੀ ਚੋਂ 4037 ਪੜ੍ਹੇ-ਲਿਖੇ ਹਨ ਤੇ 2905 ਅਨਪੜ੍ਹ। ਮਰਦਾਂ ਚੋਂ 2302 ਪੜ੍ਹੇ ਹੋਏ ਤੇ ਔਰਤਾਂ ਵਿੱਚੋਂ 1735 ਪੜ੍ਹੀਆਂ ਹੋਈਆਂ ਹਨ। ਸਾਖ਼ਰਤਾ ਦਰ 58.15 % ਹੈ ਜੋ ਮਰਦਾਂ ਵਿੱਚ 62.86 % ਤੇ ਔਰਤਾਂ ਵਿੱਚ 52.89 % ਹੈ।

ਲਿੰਗ ਅਨੁਪਾਤ ਮੁਤਾਬਕ ਔਰਤਾਂ ਦੀ ਗਿਣਤੀ 896 ਪ੍ਰਤੀ 1000 ਮਰਦ ਹੈ ਜੋ ਬੱਚਿਆਂ ਵਿਚ ਹੋਰ ਘੱਟ ਯਾਨੀ 799 ਹੈ। ਪਿੰਡ ਦੀ 20.82 % ਵਸੋਂ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੈ। ਅਨੁਸੂਚਿਤ ਕਬੀਲੇ ਪਿੰਡ ਵਿੱਚ ਮੌਜੂਦ ਨਹੀਂ ਹਨ। ਕੁੱਲ ਵਸੋਂ ਵਿੱਚ 2395 ਕਾਮੇ ਹਨ ਜਿਹਨਾਂ ਚੋਂ 1742 ਮੁੱਖ ਕਾਮੇ ਹਨ ਜੋ ਛੇ ਮਹੀਨੇ ਤੋਂ ਵੱਧ ਕੰਮ ਕਰਦੇ ਹਨ ਤੇ 653 ਔਸਤ ਕਾਮੇ ਹਨ ਜਿਹਨਾਂ ਨੂੰ ਛੇ ਮਹੀਨੇ ਤੋਂ ਘੱਟ ਕੰਮ ਮਿਲਦਾ ਹੈ। ਇਹਨਾਂ ਵਿੱਚੋਂ 797 ਖੇਤੀ ਕਰਦੇ ਹਨ ਤੇ 264 ਖੇਤ-ਮਜ਼ਦੂਰ ਹਨ। ਸੈਨਸਜ਼ ਮੁਤਾਬਕ ਪਿੰਡ ਦਾ ਲੁਕੇਸ਼ਨ ਕੋਡ 037934 ਹੈ। ਮੇਰੇ ਪਿੰਡ ਦਾ ਗਰਾਮ ਪੰਚਾਇਤ ਕੋਡ 000084, ਸੀ.ਡੀ. ਬਲਾਕ ਤਰਨਤਾਰਨ ਕੋਡ 0116 ਤੇ ਜ਼ਿਲ੍ਹਾ ਤਰਨਤਾਰਨ ਕੋਡ 050 ਹੈ। ਪਿੰਡ ਦਾ ਬਲਾਕ ਹੈਡ ਕਵਾਟਰ ਤਰਨਤਾਰਨ, ਤਹਿਸੀਲ ਤੇ ਜ਼ਿਲ੍ਹਾ ਵੀ ਤਰਨਤਾਰਨ ਹੈ ਜੋ 2006 ਤੋਂ ਪਹਿਲਾਂ ਅੰਮ੍ਰਿਤਸਰ ਹੁੰਦਾ ਸੀ। ਥਾਣਾ ਪਹਿਲਾਂ ਝਬਾਲ ਤੇ ਹੁਣ ਸਦਰ ਤਰਨਤਾਰਨ ਹੈ। ਪਿੰਡ ਵਿੱਚ ਅੱਡੇ ਤੇ ਪੁਲਿਸ ਚੌਂਕੀ ਵੀ ਮੌਜੂਦ ਹੈ ਜੋ ਅਤਿਵਾਦ ਦੇ ਦੌਰ 'ਚ ਸਥਾਪਤ ਕੀਤੀ ਗਈ ਸੀ। ਨੇੜੇ ਦੀ ਦਾਣਾ-ਮੰਡੀ ਜਿੱਥੇ ਪਿੰਡ ਦੇ ਬਹੁਤੇ ਲੋਕ ਆਪਣੀ ਜਿਣਸ ਵੇਚਣ ਜਾਂਦੇ ਹਨ, ਤਰਨਤਾਰਨ ਵਿਖੇ ਹੈ ਤੇ ਮਾਰਕੀਟ ਕਮੇਟੀ ਵੀ ਤਰਨਤਾਰਨ ਪੈਂਦੀ ਹੈ।

ਨੋਟ :- ਸੈਨਸਜ਼ (ਮਰਦਮ-ਸ਼ੁਮਾਰੀ) ਦੇ ਇਹ ਅੰਕੜੇ 12 ਸਾਲ ਪੁਰਾਣੇ 2011 ਦੇ



Scanned with OKEN Scanner

ਹਨ ਕਿਉਂਕਿ 2021 ਦੀ ਸੈਨਸਜ਼ ਅਜੇ ਨਹੀਂ ਹੋਈ। ਕੁਦਰਤੀ ਹੈ ਕਿ ਜ਼ਮੀਨ ਨੂੰ ਛੱਡ ਕੇ ਬਾਕੀ ਸਾਰੀਆਂ ਗਿਣਤੀਆਂ-ਮਿਣਤੀਆਂ ਵਿੱਚ ਹੁਣ ਤੱਕ ਕਾਫੀ ਵਾਧਾ ਹੋ ਗਿਆ ਹੋਵੇਗਾ। ਮਾਹਰਾਂ ਅਨੁਸਾਰ ਹੁਣ ਤੱਕ ਦੀ ਅਬਾਦੀ ਵਿੱਚ ਵਾਧਾ 6.89 % ਹੈ। ਬਾਕੀ ਅੰਕੜੇ ਵੀ ਪਹਿਲਾਂ ਨਾਲੋਂ ਵਧ ਗਏ ਹੋਣਗੇ, ਉਹਨਾਂ ਦਾ ਪਾਠਕ ਆਪ ਅੰਦਾਜ਼ਾ ਲਾ ਸਕਦੇ ਹਨ।

ਨੋਟ :- ਮਾਲ ਵਿਭਾਗ ਦੇ ਰਿਕਾਰਡ ਅਨੁਸਾਰ ਪਿੰਡ ਦਾ ਕੁੱਲ ਰਕਬਾ 3747 ਏਕੜ ਹੈ ਜਿਸ ਵਿੱਚੋਂ ਮਜ਼ਰੂਆ (ਵਾਹੀਯੋਗ) ਰਕਬਾ 3300 ਏਕੜ ਤੇ ਗੈਰ-ਮਜ਼ਰੂਆ 447 ਏਕੜ ਹੈ। (ਸਰੋਤ : ਹਲਕਾ ਪਟਵਾਰੀ)

❐



Scanned with OKEN Scanner

# ਭੂਗੋਲਿਕ ਨਕਸ਼ਾ



# ਪਿੰਡ ਦੇ ਨਾਂ ਨਾਲ ਮਿਲਦੇ-ਜੁਲਦੇ ਹੋਰ ਪਿੰਡ

ਪੰਜਾਬ ਵਿੱਚ ਹੋਰ ਕਈ ਪਿੰਡ ਹਨ ਜਿਹਨਾਂ ਦਾ ਨਾਂ ਸਾਡੇ ਪਿੰਡ ਨਾਲ ਮਿਲਦਾ-ਜੁਲਦਾ ਹੈ ਤੇ ਉੱਥੇ ਚਾਹਲ ਗੋਤ ਦੇ ਲੋਕ ਵੱਸਦੇ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1. ਜ਼ਿਲ੍ਹਾ ਫ਼ਿਰੋਜ਼ਪੁਰ ਦੀ ਤਹਿਸੀਲ ਜ਼ੀਰਾ ਵਿੱਚ ਜ਼ੀਰੇ ਤੋਂ 12 ਕਿ.ਮੀ. ਦੂਰ ਮੱਲਾਂਵਾਲਾ ਕੋਲ ਵੀ ਇਕ ਮਾਨੋਚਾਹਿਲ ਨਾਂ ਦਾ ਪਿੰਡ ਹੈ। ਇਸ ਪਿੰਡ ਦਾ ਹੱਦ-ਬਸਤ ਨੰਬਰ 13, ਰਕਬਾ 754 ਹੈਕਟੇਅਰ, ਅਬਾਦੀ 1324 ਤੇ ਘਰ 178 ਹਨ।
2. ਤਹਿਸੀਲ ਤੇ ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਵੀ ਫਗਵਾੜਾ-ਮੁਕੰਦਪੁਰ ਸੜਕ ਤੋਂ 2 ਕਿ. ਮੀ. ਹਟਵਾਂ 14 ਕੁ ਸੌ ਦੀ ਅਬਾਦੀ ਤੇ 177 ਹੈਕਟੇਅਰ ਰਕਬੇ ਵਾਲਾ ਇਕ ਪਿੰਡ ਚਾਹਲ ਕਲਾਂ ਹੈ। ਇਹ ਪਿੰਡ ਚਾਹਲ ਗੋਤ ਦੇ ਜੱਟਾਂ ਨੇ ਵਸਇਆ ਦੱਸਿਆ ਜਾਂਦਾ ਹੈ ਤੇ ਪਿੰਡ ਵਿੱਚ ਚਾਹਲਾਂ ਦੇ ਵਡੇਰੇ ਬਾਬਾ ਜੋਗੀ ਪੀਰ ਦਾ ਗੁਰਦੁਆਰਾ ਵੀ ਹੈ।
3. ਟਾਂਡਾ-ਹੁਸ਼ਿਆਰਪੁਰ ਰੋਡ ਤੋਂ 2 ਕਿ.ਮੀ. ਹਟਵਾਂ ਤਹਿਸੀਲ ਦਸੂਹਾ ਵਿੱਚ ਪੈਂਦਾ 36 ਹੈਕਟੇਅਰ ਰਕਬੇ ਤੇ 165 ਅਬਾਦੀ ਵਾਲਾ ਚਾਹਲ ਨਾਂ ਦਾ ਇੱਕ ਹੋਰ ਛੋਟਾ ਜਿਹਾ ਪਿੰਡ ਹੈ।
4. ਤਰਨਤਾਰਨ-ਅਟਾਰੀ ਰੋਡ ਤੋਂ 5 ਕਿ.ਮੀ. ਹਟਵਾਂ 268 ਹੈਕਟੇਅਰ ਰਕਬੇ ਤੇ 1058 ਦੀ ਅਬਾਦੀ ਵਾਲ਼ਾ ਪਿੰਡ ਚਾਹਲ ਵੀ ਹੈ ਜੋ ਨੁਸ਼ਹਿਰੇ ਢਾਲੇ ਨੇੜੇ ਹੈ। ਇਸ ਪਿੰਡ ਵਿੱਚ ਵੀ ਬਾਬੇ ਜੋਗੀ ਪੀਰ ਦਾ ਗੁਰਦੁਆਰਾ ਮੌਜੂਦ ਹੈ। ਇੱਕ ਹੋਰ ਡੇਰਾ ਚਾਹਲ ਨਾਂ ਦਾ ਪਿੰਡ, ਲਾਹੌਰ ਸ਼ਹਿਰ ਤੋਂ ਕੇਵਲ ਦੋ ਕਿਲੋਮੀਟਰ ਹਟਵਾਂ ਬੇਦੀਆਂ ਰੋਡ ਤੇ ਹੁੰਦਾ ਸੀ ਜੋ ਹੁਣ ਸ਼ਹਿਰ ਦੇ ਵਧਣ ਨਾਲ ਸ਼ਹਿਰ ਦੇ ਅੰਦਰ ਆ ਗਿਆ ਹੈ। ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਛਪਦੇ ਮਾਸਿਕ ਮੈਗਜ਼ੀਨ 'ਸਿੱਖ ਫੁਲਵਾੜੀ' ਮਹੀਨਾ ਜੂਨ, 2023 ਵਿੱਚ ਦਿੱਤੀ ਗਈ ਜਾਣਕਾਰੀ ਮੁਤਾਬਕ ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਦੀ ਮਾਤਾ ਤ੍ਰਿਪਤਾ ਜੀ ਦਾ ਪੇਕਾ ਪਿੰਡ ਚਾਹਲ, ਜ਼ਿਲ੍ਹਾ ਤੇ ਤਹਿਸੀਲ ਲਾਹੌਰ ਸੀ ਜੋ ਕਿ ਇਹੀ ਪਿੰਡ ਹੈ। ਬੀਬੀ ਨਾਨਕੀ ਦਾ ਜਨਮ ਵੀ ਇਸੇ ਪਿੰਡ (ਨਾਨਕੇ ਘਰ) ਵਿੱਚ ਹੋਇਆ ਸੀ (ਕੁਝ ਲੋਕ ਗੁਰੂ ਸਾਹਿਬ ਦਾ ਜਨਮ ਵੀ ਨਾਨਕੇ ਪਿੰਡ ਹੋਇਆ ਮੰਨਦੇ ਹਨ)। ਪਿੰਡ ਦੇ ਵਿਚਕਾਰ ਇਕ ਇਤਿਹਾਸਿਕ



Scanned with OKEN Scanner

ਗੁਰਦੁਆਰਾ ਬੇਬੇ ਨਾਨਕੀ ਮੌਜੂਦ ਹੈ। ਪਾਕਿਸਤਾਨ ਦੀ ਯਾਤਰਾ ਕਰਨ ਵਾਲੇ ਕਈ ਸਿੱਖ ਸ਼ਰਧਾਲੂ ਇਸ ਇਤਿਹਾਸਿਕ ਸਥਾਨ ਦੇ ਦਰਸ਼ਨ ਕਰਨ ਜਾਂਦੇ ਹਨ।

ਅੰਮ੍ਰਿਤਸਰ ਗਜ਼ਟੀਅਰ 1893 ਵਿੱਚ ਪਿੰਡ ਚਾਹਲ ਬਾਰੇ ਇਕ ਹੋਰ ਜਾਣਕਾਰੀ ਦਿੱਤੀ ਗਈ ਹੈ ਕਿ ਅੰਗਰੇਜ਼ ਰਾਜ ਵਿੱਚ ਸਰਦਾਰ ਬਹਾਦਰ ਅਰਜਨ ਸਿੰਘ ਪਿੰਡ ਚਾਹਲ ਦੀ ਪ੍ਰਸਿੱਧ ਹਸਤੀ ਸੀ।ਗੂਗਲ ਤੋਂ ਮਿਲੀ ਜਾਣਕਾਰੀ ਮੁਤਾਬਕ ਸ੍ਰ ਅਰਜਨ ਸਿੰਘ ਦਾ ਜਨਮ 1839 ਵਿਚ ਪਿਤਾ ਸ੍ਰ ਜਵਾਲਾ ਸਿੰਘ ਦੇ ਘਰ ਸਰਹੱਦੀ ਪਿੰਡ 'ਚਾਹਲ' (ਸਰਾਂ ਅਮਾਨਤ ਖਾਂ ਅਤੇ ਨੁਸ਼ਹਿਰਾ ਢਾਲਾ ਦੇ ਵਿਚਕਾਰ) ਵਿਚ ਹੋਇਆ ਸੀ।ਉਸ ਦਾ ਪਾਲਣ-ਪੋਸ਼ਣ ਸਿੱਖ ਰਾਜ ਦੀ ਅਧੋਗਤੀ ਦੇ ਦੌਰਾਨ ਹੋਇਆ।ਇਸ ਸਮੇਂ ਅੰਗਰੇਜ਼ ਪੰਜਾਬ ਵਿਚ ਆਪਣੇ ਰਾਜ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਪੰਜਾਬੀ ਸਿੱਖਾਂ ਵਿਚ ਆਪਣੇ ਨੁਮਾਇੰਦੇ ਲੱਭ ਰਹੇ ਸਨ।ਅੰਮ੍ਰਿਤਸਰ-ਤਰਨਤਾਰਨ ਦੀ ਸਰਹੱਦੀ ਬੈਲਟ ਵਿਚ ਉਹਨਾਂ ਨੇ ਅੰਗਰੇਜ਼ ਰਾਜ ਨਾਲ਼ ਵਫ਼ਾਦਾਰੀ ਨਿਭਾਉਣ ਲਈ ਸ੍ਰ ਅਰਜਨ ਸਿੰਘ ਚਾਹਲ ਨੂੰ ਚੁਣਿਆ।ਇਸ ਵਫ਼ਾਦਾਰੀ ਦੇ ਇਨਾਮ ਵਜੋਂ ਉਸ ਨੂੰ ਅੰਗਰੇਜ਼ਾਂ ਵੱਲੋਂ 2800 ਰੁਪਏ ਸਾਲਾਨਾ ਦੀ ਜਾਗੀਰ ਮਿਲੀ ਹੋਈ ਸੀ।ਤਹਿਸੀਲ ਤਰਨਤਾਰਨ ਦੇ ਪਿੰਡ ਚਾਹਲ ਵਿੱਚ ਉਹਦੀ 2500 ਕਨਾਲ (312.5 ਏਕੜ) ਜ਼ਮੀਨ ਸੀ ਅਤੇ ਲਾਇਲਪੁਰ ਦੀ ਬਾਰ ਵਿੱਚ ਉਹ 10 ਮੁਰੱਬਿਆਂ ਦਾ ਮਾਲਕ ਸੀ। ਉਸ ਨੂੰ ਆਨਰੇਰੀ ਮੈਜਿਸਟਰੇਟ ਦੀਆਂ ਪਾਵਰਾਂ ਮਿਲੀਆਂ ਹੋਈਆਂ ਸਨ। ਉਹ ਸਹਾਇਕ ਕੁਲੈਕਟਰ, ਸਬ-ਰਜਿਸਟਰਾਰ, ਤਰਨ-ਤਾਰਨ ਲੋਕਲ ਬੋਰਡ ਦਾ ਪ੍ਰਧਾਨ, ਪੰਜਾਬ ਯੂਨੀਵਰਸਿਟੀ ਦਾ ਫੈਲੋ, ਐਚੀਸਨ ਕਾਲਜ ਕੌਂਸਲ ਦਾ ਮੈਂਬਰ ਅਤੇ ਅੰਗਰੇਜ਼ ਸਰਕਾਰ ਦਾ ਰਾਜ-ਦਰਬਾਰੀ ਸੀ।

1890 ਵਿਚ ਉਹਨੂੰ ਅੰਗਰੇਜ਼ਾਂ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਅਕਾਲ ਤਖ਼ਤ ਦਾ ਸਰਬਰਾਹ ਥਾਪਿਆ।ਇਸ ਪਦਵੀ ਤੇ ਰਹਿੰਦਿਆਂ ਉਹ ਗੁਰਦੁਆਰੇ ਦਾ ਪ੍ਰਬੰਧ, ਦੇਖ-ਭਾਲ ਅਤੇ ਚੜ੍ਹਾਵੇ ਦਾ ਹਿਸਾਬ ਰੱਖਦਾ ਸੀ ਅਤੇ ਸਿੱਖਾਂ ਅਤੇ ਬ੍ਰਿਟਿਸ਼ ਅਧਿਕਾਰੀਆਂ ਵਿਚਕਾਰ ਸ਼ਾਂਤੀਪੂਰਨ ਸਬੰਧ ਬਣਾਈ ਰੱਖਣ ਵਿਚ ਆਪਣੀ ਭੂਮਿਕਾ ਨਿਭਾਉਂਦਾ ਸੀ।ਇਸ ਪਦਵੀ ਤੇ ਉਹ 1896 ਤੱਕ ਰਿਹਾ ਅਤੇ ਫਿਰ ਉਹਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਬਿਜਲੀ ਦਾ ਪ੍ਰਬੰਧ ਕਰਨ ਵਾਲ਼ੀ 11 ਮੈਂਬਰੀ ਕਮੇਟੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।1894 ਵਿਚ ਅੰਗਰੇਜ਼ਾਂ ਨੇ ਉਹਨੂੰ 'ਸਰਦਾਰ ਬਹਾਦਰ' ਦਾ ਖ਼ਿਤਾਬ ਦਿੱਤਾ।ਅਜਿਹੇ ਰੁਤਬੇ ਅੰਗਰੇਜ਼ਾਂ ਵੱਲੋਂ ਪੰਜਾਬੀ ਜੱਟ ਸਰਦਾਰਾਂ ਨੂੰ ਕੇਵਲ ਅੰਗਰੇਜ਼ ਰਾਜ ਪ੍ਰਤੀ ਵਫ਼ਾਦਾਰੀ ਪਾਲਣ ਦੇ ਇਨਾਮ ਵਜੋਂ ਹੀ ਦਿੱਤੇ ਜਾਂਦੇ ਸਨ।1906 ਵਿਚ ਅੰਗਰੇਜ਼ਾਂ ਨੇ ਉਹਨੂੰ 'ਭਾਰਤ ਵਿਚ ਅੰਗਰੇਜ਼ ਸਾਮਰਾਜ ਦਾ ਸਾਥੀ' ਦਾ ਖ਼ਿਤਾਬ ਦੇ ਕੇ ਨਿਵਾਜ਼ਿਆ।1908



Scanned with OKEN Scanner

ਵਿਚ 69 ਸਾਲ ਦੀ ਉਮਰ ਵਿਚ ਉਹਦੀ ਮੌਤ ਹੋ ਗਈ।ਉਸ ਦੀ ਮੌਤ ਤੋਂ ਬਾਅਦ ਅੰਗਰੇਜ਼-ਸਮਰਥਕ ਧਾਰਮਿਕ ਪ੍ਰਬੰਧ ਲੜਖੜਾ ਗਿਆ ਅਤੇ ਸਿੱਖਾਂ ਵਿਚ ਜਾਗ੍ਰਤੀ ਪੈਦਾ ਕਰਨ ਲਈ ਸਿੰਘ ਸਭਾ ਅਤੇ ਗੁਰਦੁਆਰਾ ਸੁਧਾਰ ਲਹਿਰਾਂ ਦਾ ਸੂਰਜ ਜਗਮਗਾਉਣ ਲੱਗਾ।ਉਹਦੇ ਉੱਤਰ-ਅਧਿਕਾਰੀਆਂ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ।ਕਿਹਾ ਜਾਂਦਾ ਹੈ ਕਿ ਉਹਦੇ ਦੋ ਪੁੱਤਰ - ਇਕਬਾਲ ਸਿੰਘ ਚਾਹਲ ਅਤੇ ਦਵਿੰਦਰ ਸਿੰਘ ਚਾਹਲ 1901 ਵਿਚ ਉਹਦੇ ਜਿਊਂਦਿਆਂ ਹੀ ਮਰ ਗਏ ਸਨ।ਬਾਅਦ ਵਿਚ ਉਹਦੇ ਇਕ ਮੁਤਬੰਨੇ ਪੁੱਤਰ ਬਾਰੇ ਦੱਸਿਆ ਜਾਂਦਾ ਹੈ ਕਿ ਉਹ ਉਹਦੀ ਸਾਰੀ ਜਾਇਦਾਦ ਵੇਚ-ਵੱਟ ਕੇ ਕਿਧਰੇ ਚਲੇ ਗਿਆ ਸੀ।ਹੁਣ ਪਿੰਡ ਵਿਚ ਉਹਦੀ ਇਕ ਪੱਕੀ ਹਵੇਲੀ ਦੇ ਅਵਸ਼ੇਸ਼ ਹੀ ਬਚੇ ਹਨ, ਹੋਰ ਕੋਈ ਨਿਸ਼ਾਨੀ ਨਹੀ ਹੈ।

5. ਇੱਕ ਚਾਹਲ ਕਲਾਂ ਨਾਂ ਦਾ ਪਿੰਡ ਸ਼ਹੀਦ ਭਗਤ ਸਿੰਘ ਨਗਰ ਵਿੱਚ ਹੈ।
6. 230 ਹੈਕਟੇਅਰ ਰਕਬੇ ਤੇ 238 ਅਬਾਦੀ ਵਾਲਾ ਚਾਹਲ ਨਾਂ ਦਾ ਇੱਕ ਛੋਟਾ ਜਿਹਾ ਪਿੰਡ ਤਹਿਸੀਲ ਬਲਾਚੌਰ ਵਿੱਚ ਬਲਾਚੌਰ-ਰੂਪਨਗਰ ਰੋਡ ਤੋਂ 2 ਕਿ. ਮੀ. ਹਟਵਾਂ ਹੈ।
7. ਫ਼ਰੀਦਕੋਟ-ਸਿੱਖਾਂ ਵਾਲਾ ਰੋਡ 2 ਕਿ. ਮੀ. ਦੀ ਵਿੱਥ ਤੇ 3671 ਦੀ ਅਬਾਦੀ 1237 ਹੈਕਟੇਅਰ ਰਕਬੇ ਵਾਲਾ ਚਾਹਲ ਤਹਿਸੀਲ ਫ਼ਰੀਦਕੋਟ ਵਿੱਚ ਪੈਂਦਾ ਹੈ। ਇਹ ਪਿੰਡ ਚਾਹਲ ਗੋਤ ਦੇ ਤਿੰਨ ਭਰਾਵਾਂ ਚੋਂ ਮੱਦੂ ਸਿੰਘ ਨੇ ਵਸਾਇਆ ਦੱਸਿਆ ਜਾਂਦਾ ਹੈ।
8. ਤਹਿਸੀਲ ਤੇ ਜ਼ਿਲ੍ਹਾ ਮਾਨਸਾ ਵਿੱਚ 751 ਹੈਕਟੇਅਰ ਰਕਬੇ ਤੇ 2250 ਅਬਾਦੀ ਵਾਲਾ ਪਿੰਡ ਚਾਹਲਾਂ ਵਾਲਾ ਹੈ। ਇਹ ਬਠਿੰਡਾ-ਸਰਦੂਲਗੜ੍ਹ ਰੋਡ ਤੋਂ 8 ਕਿ. ਮੀ. ਦੂਰ ਹੈ।
9. ਤਹਿਸੀਲ ਤੇ ਜ਼ਿਲ੍ਹਾ ਫਾਜ਼ਿਲਕਾ ਵਿੱਚ 740 ਹੈਕਟੇਅਰ ਰਕਬੇ ਤੇ 1860 ਦੀ ਅਬਾਦੀ ਵਾਲਾ ਪਿੰਡ ਚਾਹਲਾਂ ਵਾਲੀ ਫਾਜ਼ਿਲਕਾ-ਮਲੋਟ ਸੜਕ ਤੋਂ 2 ਕਿ. ਮੀ. ਹਟਵਾਂ ਹੈ।
10. ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿੱਚ ਵੀ ਬਟਾਲਾ-ਜਲੰਧਰ ਰੋਡ ਤੇ 550 ਹੈਕਟੇਅਰ ਰਕਬੇ ਤੇ 2287 ਦੀ ਅਬਾਦੀ ਵਾਲਾ ਪਿੰਡ ਚਾਹਲ ਕਲਾਂ ਹੈ ਤੇ ਇੱਸੇ ਸੜਕ ਤੇ 83 ਹੈਕਟੇਅਰ ਰਕਬੇ ਨਾਲ 398 ਦੀ ਅਬਾਦੀ ਰੱਖਦਾ ਛੋਟਾ ਪਿੰਡ ਚਾਹਲ ਖ਼ੁਰਦ ਵੀ ਸਥਿੱਤ ਹੈ।
11. ਕਿੱਲੀ ਚਾਹਲਾਂ ਨਾਂ ਦਾ 309 ਹੈਕਟੇਅਰ ਰਕਬੇ ਵਿੱਚ 1439 ਦੀ ਅਬਾਦੀ ਵਾਲਾ ਪਿੰਡ ਮੋਗਾ-ਲੁਧਿਆਣਾ ਰੋਡ ਤੇ ਪੈਂਦਾ ਹੈ। ਦੱਸਿਆ ਜਾਂਦਾ ਹੈ ਕਿ ਇਹ ਪਿੰਡ ਰੱਲਾ ਜੋਗਾ ਤੋਂ ਆ ਕੇ ਕੁਝ ਚਾਹਲ ਗੋਤ ਦੇ ਜੱਟਾਂ ਨੇ ਵਸਾਇਆ ਸੀ। ਪਿੰਡ ਵਾਸੀ ਮੰਨਦੇ ਹਨ ਕਿ ਉਹਨਾਂ ਦਾ ਵਡੇਰਾ ਬਾਬਾ ਜੋਗਾ ਸਿੰਘ ਇਕ ਬਹਾਦਰ ਸੂਰਬੀਰ ਯੋਧਾ ਸੀ ਜਿਸ ਨੇ ਰੱਲਾ ਪਿੰਡ ਤੋਂ 2 ਕੋਹ ਦੂਰ ਭੱਟੀ ਮੁਸਲਮਾਨਾਂ ਨਾਲ ਭਾਰੀ ਯੁੱਧ ਕੀਤਾ ਸੀ



Scanned with OKEN Scanner

ਤੇ ਬਿਨਾਂ ਸੀਸ ਤੋਂ ਲੜਦਾ ਹੋਇਆ ਸ਼ਹੀਦ ਹੋਇਆ ਸੀ। ਉਸ ਦੀ ਯਾਦ ਵਿੱਚ ਇਸ ਪਿੰਡ ਵਿੱਚ ਵੀ ਬਾਬੇ ਜੋਗੀ ਪੀਰ ਦੀ ਸਮਾਧ ਤੇ ਹਰ ਸਾਲ ਭਾਦਰੋਂ ਤੇ ਚੇਤ ਦੀ ਚਾਨਣੀ ਚੌਥ ਨੂੰ ਮੇਲਾ ਲਗਦਾ ਹੈ।

12. ਜੁੜਵਾਂ ਪਿੰਡ - ਮਾਣੋਚਾਹਲ ਖ਼ੁਰਦ - ਦੇਸ਼-ਵੰਡ ਤੋਂ ਕੁਝ ਸਾਲ ਪਹਿਲਾਂ ਮੇਰੇ ਆਪਣੇ ਪਿੰਡ ਦੇ ਹੀ ਕੁਝ ਲੋਕਾਂ ਨੇ ਆਪਣੀਆਂ ਸੁਖ-ਸਹੂਲਤਾਂ ਨੂੰ ਮੁੱਖ ਰੱਖ ਕੇ ਮਾਂ-ਪਿੰਡ ਤੋਂ ਤੋੜ-ਵਿਛੋੜਾ ਕਰਕੇ, ਦੱਖਣ ਵੰਨੀ ਇੱਕ ਕਿਲੋਮੀਟਰ ਹਟਵਾਂ, ਨਵਾਂ ਪਿੰਡ ਮਾਣੋਚਾਹਲ ਖ਼ੁਰਦ ਵਸਾ ਲਿਆ ਸੀ। ਕਈ ਸਾਲ ਦੋਹਾਂ ਪਿੰਡਾਂ ਦੀ ਪੰਚਾਇਤ ਸਾਂਝੀ ਰਹੀ ਹੈ ਪਰ ਹੁਣ ਵੱਖ ਵੱਖ ਹੈ। ਇਸ ਪਿੰਡ ਦੇ ਵਾਸੀ ਸ੍ਰ. ਸੱਜਣ ਸਿੰਘ ਦੋਹਾਂ ਪਿੰਡਾਂ ਦੀ ਸਾਂਝੀ ਪੰਚਾਇਤ ਦੇ ਸਰਪੰਚ ਰਹੇ ਹਨ। ਮਾਲ ਵਿਭਾਗ ਦੇ ਰਿਕਾਰਡ ਮੁਤਾਬਕ ਪਿੰਡ ਦੇ ਵਸਨੀਕ ਵੱਡੇ ਪਿੰਡ ਦੀ ਪੱਤੀ ਘਨਈਆ ਕੀ ਨਾਲ ਸਬੰਧਿਤ ਹਨ। ਜਨ-ਸੰਖਿਆ ਦੇ ਉਪਲੱਬਧ ਅੰਕੜਿਆਂ ਮੁਤਾਬਕ ਇਸ ਦੀ ਅਬਾਦੀ 1827 ਹੈ ਜਿਸ ਵਿਚ 963 ਮਰਦ ਤੇ 864 ਔਰਤਾਂ ਹਨ।

ਪਿੰਡ ਵਿੱਚ ਇੱਕ ਪੁਰਾਣੀ ਆਟਾ ਚੱਕੀ ਮਿਸਤਰੀ ਦਸੌਂਧਾ ਸਿੰਘ ਦੀ ਹੁੰਦੀ ਸੀ। ਉਸ ਦੇ ਤਿੰਨ ਲੜਕੇ ਚਿਰੋਕਣੇ ਹੀ ਤਰਨਤਾਰਨ ਚਲੇ ਗਏ ਸਨ ਤੇ ਮਕਾਨ-ਉਸਾਰੀ ਦੇ ਖੇਤਰ ਵਿੱਚ ਠੇਕੇਦਾਰੀ ਕਰਦੇ ਹਨ। ਇੱਕ ਲੜਕਾ ਗੁਰਦੀਪ ਸਿੰਘ ਸਕੂਲ ਅਧਿਆਪਕ ਦੀ ਸਰਕਾਰੀ ਨੌਂਕਰੀ ਕਰਕੇ ਰਿਟਾਇਰ ਹੋਇਆ ਹੈ। ਸ੍ਰ. ਅਮਰੀਕ ਸਿੰਘ ਪਿੰਡ ਦੇ ਨੰਬਰਦਾਰ ਹਨ। ਸ੍ਰ. ਕਸ਼ਮੀਰ ਸਿੰਘ ਦੋ ਵਾਰ ਅਤੇ ਉਹਨਾਂ ਦਾ ਲੜਕਾ ਕੁਲਵੰਤ ਸਿੰਘ ਇਕ ਵਾਰ ਇਸ ਪਿੰਡ ਦੇ ਸਰਪੰਚ ਰਹੇ ਹਨ। ਇਸ ਵੇਲ਼ੇ ਪਿੰਡ ਦੀ ਸਰਪੰਚ ਬੀਬੀ ਰਾਜਵਿੰਦਰ ਕੌਰ ਹੈ।

13. ਚਾਹਲ ਗੋਤ ਨਾਲ ਸਬੰਧਿਤ ਹੋਰ ਪਿੰਡਾਂ ਵਿੱਚ ਵੀ ਬਹੁਤ ਸਾਰੇ ਲੋਕ ਵੱਸਦੇ ਹਨ। ਭੈਣੀ ਮੱਟੂਆਂ ਨਾਂ ਦਾ ਇੱਕ ਪਿੰਡ ਜੋ ਜੀਓਬਾਲ਼ੇ ਤੋਂ ਦੋ ਕਿਲੋਮੀਟਰ ਹਟਵਾਂ ਹੈ, ਵਿੱਚ ਵੀ ਚਾਹਲ ਗੋਤ ਦੇ ਲੋਕ ਰਹਿੰਦੇ ਹਨ। ਰਾਹਲ ਚਾਹਲ ਨਾਂ ਦਾ ਇਕ ਪਿੰਡ ਵੀ ਖਡੂਰ ਸਾਹਿਬ ਤਹਿਸੀਲ ਵਿੱਚ ਮੌਜੂਦ ਹੈ। ਜ਼ਿਲ੍ਹਾ ਬਰਨਾਲਾ ਦੇ ਪਿੰਡ ਨਿਹਾਲੂਵਾਲ ਵਿੱਚ ਵੀ ਚਾਹਲ ਗੋਤ ਦੇ ਲੋਕ ਪਿੰਡ 'ਚ ਬਣੀ ਬਾਬਾ ਜੋਗੀ ਪੀਰ ਦੀ ਸਮਾਧ ਤੇ ਭਾਦਰੋਂ ਦੀ ਚੌਥ ਨੂੰ ਮੇਲਾ ਲਾਉਂਦੇ ਹਨ। ਇਹ ਵੀ ਹੋ ਸਕਦਾ ਹੈ ਕਈ ਪਿੰਡ ਮੇਰੇ ਧਿਆਨ ਵਿੱਚ ਨਾ ਆਏ ਹੋਣ।

14. ਅੰਮ੍ਰਿਤਸਰ ਗਜ਼ਟੀਅਰ 1893 ਤੇ ਝਾਤੀ ਮਾਰਦਿਆਂ ਮੈਨੂੰ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਦੇ ਪੰਨਾ 51 (ਸੈਕਸ਼ਨ ਸੀ) ਤੇ ਲਿਖਿਆ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਬਾਬਾ ਬਕਾਲਾ ਵਿੱਚ ਸ਼ੇਰੋਂ ਬਾਘਾ ਅਤੇ ਇਸ ਦੇ ਆਸ ਪਾਸ 16 ਪਿੰਡਾਂ ਵਿੱਚ ਚਾਹਲ ਗੋਤ ਦੇ ਲੋਕ ਰਹਿੰਦੇ ਹਨ।ਤਸਦੀਕ ਕਰਨ ਲਈ



Scanned with OKEN Scanner

ਮੈਂ ਪਿੰਡ ਸ਼ੇਰੋਂ ਬਾਘਾ ਦੇ ਸਰਪੰਚ ਸੂਬੇਦਾਰ ਇੰਦਰਜੀਤ ਸਿੰਘ ਨਾਲ਼ ਸੰਪਰਕ ਕੀਤਾ ਤਾਂ ਉਹਨੇ 12 ਪਿੰਡਾਂ ਵਿੱਚ ਰਹਿੰਦੇ ਚਾਹਲਾਂ ਦੀ ਹਾਮੀ ਭਰੀ ਉਹਦੇ ਵੱਲੋਂ ਦੱਸੇ ਗਏ ਆਸੇ ਪਾਸੇ ਵਾਲ਼ੇ ਪਿੰਡ ਜਿੱਥੇ ਚਾਹਲ ਗੋਤ ਦੇ ਲੋਕ ਰਹਿੰਦੇ ਹਨ, ਇਸ ਪ੍ਰਕਾਰ ਹਨ:-

ਜਲਾਲਪੁਰ ਸ਼ੇਰੋਂ, ਸ਼ੇਰੋਂ ਨਿਗਾਹਾ, ਨੁਸ਼ਹਿਰਾ 177, ਜੋਧੇ, ਕਲਸ, ਖਾਸੀ, ਖ਼ਾਨਪੁਰ, ਬੁੱਢਾ ਥੇਹ, ਖੇੜਾ, ਥਾਨੇਵਾਲ਼, ਰਾਜਾਦੇਵਾਲ਼, ਬੁਰਜ, ਝਲਾੜੀ, ਬੱਘੇ, ਭੈਣੀ ਰਾਮ-ਦਿਆਲ

ਪਿੰਡ ਸ਼ੇਰੋਂ ਬਾਘਾ ਤਹਿਸੀਲ ਬਾਬਾ ਬਕਾਲ਼ਾ ਦਾ ਕੁੱਲ ਰਕਬਾ 919 ਹੈਕਟੇਅਰ ਅਤੇ 2011 ਦੀ ਸੈਨਸਜ਼ ਮੁਤਾਬਕ ਕੁੱਲ ਵਸੋਂ 1745 ਹੈ ਜਿਸ ਵਿੱਚ 888 ਮਰਦ ਅਤੇ 857 ਔਰਤਾਂ ਸ਼ਾਮਲ ਹਨ।ਇਹਨਾਂ ਵਿੱਚ 34 % ਵਸੋਂ 539 (299 ਮਰਦ+294 ਔਰਤਾਂ) ਅਨੁਸੂਚਿਤ ਜਾਤੀ ਦੀ ਹੈ। ਮਰਦ ਔਰਤ ਅਨੁਪਾਤ 1000/965 ਅਤੇ ਸਾਖ਼ਰਤਾ ਦਰ 65.39 % ਹੈ।ਕੁੱਲ 341 ਘਰ ਹਨ।ਪਿੰਡ ਦਾ ਪਿਨ ਕੋਡ ਨੰਬਰ 143203 ਹੈ।

❒



Scanned with OKEN Scanner

# ਸਜ਼ਰਾ ਨਸਬ ਮਾਲਿਕਾਨ ਮਾਣੋਚਾਹਲ



# ਪਿੰਡ ਦਾ ਇਤਿਹਾਸ

ਪਿੰਡ ਵਰਤਮਾਨ ਸਮਾਜ ਦੀ ਅਜਿਹੀ ਭੂਗੋਲਿਕ ਇਕਾਈ ਹੈ ਜਿੱਥੇ ਲੋਕ ਪੀੜ੍ਹੀ ਦਰ ਪੀੜ੍ਹੀ ਇੱਕ ਥਾਂ ਟਿਕੇ ਰਹਿੰਦੇ ਹਨ।ਡਾ: ਕਿਰਪਾਲ ਸਿੰਘ ਆਪਣੀ ਪੁਸਤਕ 'ਪੰਜਾਬ ਦੇ ਪਿੰਡਾਂ ਦਾ ਨਾਮਕਰਨ ਅਤੇ ਇਤਿਹਾਸ' ਦੀ ਪ੍ਰਸਤਾਵਨਾ ਵਿੱਚ ਲਿਖਦੇ ਹਨ,"ਪੰਜਾਬ ਦਾ ਹਰ ਪਿੰਡ ਆਪਣੇ ਪਿੱਛੇ ਕੋਈ ਨਾ ਕੋਈ ਇਤਿਹਾਸ ਛੁਪਾਈ ਬੈਠਾ ਹੈ।ਵਿਗਿਆਨਿਕ ਤਰੱਕੀ ਦੇ ਕਾਰਨ ਪਿੰਡਾਂ ਦੇ ਰਿਵਾਇਤੀ ਸਭਿਆਚਾਰ ਵੀ ਤੇਜ਼ੀ ਨਾਲ ਤਬਦੀਲੀ ਆਈ ਹੈ ਪਰ ਨਵੀਆਂ ਪਰੰਪਰਾਵਾਂ ਨੂੰ ਸਮਝਣ ਦੇ ਨਾਲ ਪੁਰਾਣੀ ਜੀਵਨ-ਜਾਚ ਨੂੰ ਵੀ ਜਾਣਨ, ਘੋਖਣ ਤੇ ਪਰਖਣ ਦੀ ਲੋੜ ਹੈ।ਪੁਰਾਤਨ ਸਮੇਂ ਤੋਂ ਹੀ ਪੰਜਾਬ ਵਿੱਚ ਵੱਖ ਵੱਖ ਕਬੀਲਿਆਂ ਦਾ ਰਾਜ ਰਿਹਾ ਹੈ।ਪੁਰਾਣੇ ਵੇਲ਼ਿਆਂ 'ਚ ਜ਼ਮੀਨ ਤੇ ਆਪਣਾ ਹੱਕ ਜਮਾਉਣ ਲਈ ਮੋਹੜੀ ਗੱਡੀ ਜਾਂਦੀ ਸੀ।ਜੇ ਕੋਈ ਵਿਰੋਧੀ ਪੁੱਟ ਦੇਂਦਾ ਤਾਂ ਉਹਦੇ ਨਾਲ ਲੜਾਈ ਹੋ ਜਾਂਦੀ ਸੀ ਅਤੇ ਜੇਤੂ ਧੜਾ ਪਿੰਡ ਵਸਾਉਣ ਵਿੱਚ ਕਾਮਯਾਬ ਹੋ ਜਾਂਦਾ ਸੀ।ਪਿੰਡ ਕੇਵਲ ਬਹਾਦਰ ਤੇ ਸੂਰਬੀਰ ਯੋਧੇ ਹੀ ਵਸਾਉਂਦੇ ਸਨ ਜੋ ਧਾੜਵੀ ਲੁਟੇਰਿਆਂ ਤੇ ਜੰਗਲੀ ਜਾਨਵਰਾਂ ਤੋਂ ਆਪਣੇ ਕਬੀਲੇ ਦੀ ਰੱਖਿਆ ਕਰ ਸਕਣ।" ਇਸ ਨੂੰ ਪਿੰਡ ਦੀ ਮੋਹੜੀ ਗੱਡਣਾ ਕਿਹਾ ਜਾਂਦਾ ਸੀ।ਡਾ ਕਿਰਪਾਲ ਸਿੰਘ ਮੁਤਾਬਕ ਪਿੰਡ ਵੱਸਣ ਜਾਂ ਵਸਾਉਣ ਵਿੱਚ ਗੁਰੂਆਂ, ਪੀਰਾਂ, ਫ਼ਕੀਰਾਂ, ਸਾਧੂ-ਸੰਤਾਂ, ਬਾਦਸ਼ਾਹਾਂ, ਫੌਜੀ ਅਫਸਰਾਂ, ਕਿਸੇ ਕਬੀਲੇ ਦੇ ਬਹਾਦਰ ਵਿਅਕਤੀਆਂ, ਕਿਲ੍ਹੇ-ਬੁਰਜ, ਪੁਰਾਣੇ ਥੇਹ ਤੇ ਸਿੱਖ ਇਤਿਹਾਸ ਆਦਿ ਦਾ ਰੋਲ ਮਹੱਤਵਪੂਰਨ ਹੁੰਦਾ ਹੈ।

ਪਿੰਡ ਮਾਣੋਚਾਹਲ ਦਾ ਇਤਿਹਾਸ ਚਾਹਲ ਗੋਤ ਦੇ ਜੱਟ ਕਬੀਲਿਆਂ ਨਾਲ ਜੁੜਦਾ ਹੈ। ਪਿੰਡ ਤੋਂ ਬਾਹਰ-ਵਾਰ ਚਾਹਲਾਂ ਦੇ ਵੱਡ-ਵਡੇਰੇ ਸੂਰਬੀਰ ਯੋਧੇ ਬਾਬਾ ਜੋਗੀ ਪੀਰ ਦੀ ਯਾਦ ਵਿੱਚ ਇੱਕ ਗੁਰਦੁਆਰਾ ਵੀ ਬਣਿਆ ਹੋਇਆ ਹੈ।ਇਸ ਦੇ ਬਾਰੇ ਅਗਲੇ ਅਧਿਆਇ ਵਿੱਚ ਵਿਸਥਾਰ ਨਾਲ ਵਰਨਣ ਕੀਤਾ ਜਾਵੇਗਾ।ਚਾਹਲਾਂ ਤੋਂ ਬਿਨਾਂ ਪਿੰਡ ਵਿੱਚ ਹੋਰ ਗੋਤਾਂ ਦੇ ਲੋਕ ਵੀ ਰਹਿੰਦੇ ਹਨ ਜਿਵੇਂ ਨਾਹਰ ਤੇ ਸੰਧੂ ਆਦਿ।ਭੂਗੋਲਿਕ ਜਾਣਕਾਰੀ ਤੋਂ ਬਾਅਦ ਸਾਨੂੰ ਇਹ ਜਾਣਨ ਦੀ ਲੋੜ ਹੈ ਕਿ ਪਿੰਡ ਕਦੋਂ ਤੇ ਕਿਸ ਨੇ ਵਸਾਇਆ।ਪਿੰਡ ਦੇ ਇੱਕ ਦੋ ਬਜ਼ੁਰਗ ਏਨੀ ਕੁ ਸੂਹ ਹੀ ਦੇਂਦੇ ਹਨ ਕਿ ਇਹ ਪਿੰਡ ਕਿਸੇ ਮਾਣੋ ਨਾਂ ਦੇ ਚਾਹਲ ਗੋਤ ਦੇ ਜੱਟ ਨੇ ਵਸਾਇਆ ਸੀ ਪਰ ਕਦੋਂ ਤੇ ਕਿਸ ਨੇ ਪਿੰਡ ਦੀ ਮੋਹੜੀ ਗੱਡੀ, ਇਸ



Scanned with OKEN Scanner

ਸਬੰਧ ਵਿੱਚ ਕੋਈ ਪੱਕਾ ਇਤਿਹਾਸਿਕ ਸਬੂਤ ਨਹੀਂ ਮਿਲਦਾ, ਨਾ ਹੀ ਕਿਸੇ ਬਜ਼ੁਰਗ ਤੋਂ ਇਸ ਦੀ ਤਸਦੀਕ ਹੋਈ ਹੈ। ਨੰਬਰਦਾਰ ਬਚਿੱਤਰ ਸਿੰਘ ਮਹਿਲਾਂ ਵਾਲ਼ਾ ਜਿਸ ਦੇ ਪਿਤਾ ਸ੍ਰ. ਕਪੂਰ ਸਿੰਘ ਵੀ ਪਿੰਡ ਦੇ ਨੰਬਰਦਾਰ ਰਹੇ ਹਨ, ਨੇ ਏਨਾ ਕੁ ਦੱਸਿਆ ਹੈ ਕਿ ਹਰਪਾਲ ਚਾਹਲ ਦੀ ਔਲਾਦ ਚੋਂ, ਮਾਣੋ ਤੇ ਸਾਰੰਗ ਨਾਂ ਦੇ ਦੋ ਬੰਦੇ ਪਿੰਡ ਦੇ ਮੋਢੀ ਸੁਣੀਂਦੇ ਹਨ।ਇਹਨਾਂ ਚੋਂ ਮਾਣੋ ਦੀ ਔਲਾਦ ਮਾਮੂ ਤੇ ਗੋਦੂ ਕੀ ਪੱਤੀ ਵਿੱਚ ਤੇ ਦੂਸਰੇ ਸਾਰੰਗ ਦੀ ਹੱਸਣ, ਗੋਂਦ ਤੇ ਘਣੀਆਂ ਕੀ (ਤਿੰਨ ਪੱਤੀਆਂ) ਵਿੱਚ ਰਹਿੰਦੀ ਹੈ।

– ਇਹਦੇ ਨਾਲ਼ ਮਿਲਦੀ-ਜੁਲਦੀ ਕਹਾਣੀ ਹੀ ਮਾਸਟਰ ਚਰਨਜੀਤ ਸਿੰਘ ਚਾਹਲ ਨੇ ਦੱਸੀ ਹੈ।ਮਾਸਟਰ ਚਰਨਜੀਤ ਸਿੰਘ ਚਾਹਲ ਜੋ ਹੁਣ ਕੈਨੇਡਾ ਰਹਿੰਦਾ ਹੈ, ਨੇ ਮੇਰੀ ਫੇਸ-ਬੁੱਕ ਪੋਸਟ ਤੇ ਟਿੱਪਣੀ ਕਰਦਿਆਂ ਲਿਖਿਆ ਹੈ ਕਿ ਹਰਭਾਲ ਚਾਹਲ ਜਿਸ ਨੇ 1359 ਈ ਵਿੱਚ ਇਹ ਪਿੰਡ ਵਸਾਇਆ ਸੀ, ਦੇ ਤਿੰਨ ਪੁੱਤਰ ਸਨ - ਮਾਣੋ, ਸਾਰੰਗ ਤੇ ਦੋਦਾ।ਉਸ ਨੇ ਵੱਡੇ ਪੁੱਤਰ ਮਾਣੋ ਦੇ ਨਾਂ ਨਾਲ਼ ਗੋਤਰ 'ਚਾਹਲ' ਜੋੜ ਕੇ ਪਿੰਡ ਦਾ ਨਾਂ ਮਾਣੋ ਚਾਹਲ ਰੱਖਿਆ।ਮਾਣੋ ਦੇ ਅੱਗੇ ਦੋ ਪੁੱਤਰ ਘਣੀਆ ਤੇ ਗੋਂਦ ਅਤੇ ਸਾਰੰਗ ਦੇ ਗੋਦੂ, ਹਸਨ ਤੇ ਮਹਿਮੂੰ ਤਿੰਨ ਪੁੱਤਰ ਸਨ।ਸਭ ਤੋਂ ਛੋਟੇ ਦਾ ਇੱਕ ਪੁੱਤਰ ਸੀ ਜਿਸ ਦਾ ਉਹਨੇ ਨਾਂ ਨਹੀਂ ਦੱਸਿਆ।ਹੋ ਸਕਦਾ ਹੈ ਕਿ ਉਸ ਦਾ ਨਾਂ ਘਨੱਈਆ ਹੋਵੇ।ਪਿੰਡ ਦੀਆਂ ਪੱਤੀਆਂ ਦੇ ਨਾਂ ਜੋ ਅੱਜ ਵੀ ਬੋਲੇ ਜਾਂਦੇ ਹਨ, ਹਰਭਾਲ ਚਾਹਲ ਦੇ ਇਹਨਾਂ ਪੋਤਰਿਆਂ ਦੇ ਨਾਂ ਤੇ ਹੀ ਹਨ।ਚਾਹਲ ਸਾਹਬ ਨੇ ਆਪਣੀ ਜਾਣਕਾਰੀ ਦਾ ਸ੍ਰੋਤ ਨਹੀਂ ਦੱਸਿਆ ਪਰ ਜਿੱਥੋਂ ਤੱਕ ਮੇਰਾ ਖ਼ਿਆਲ ਹੈ ਉਹ ਵਿਦਵਾਨ ਸੱਜਣ ਹੈ ਅਤੇ ਉਸ ਦੀ ਜਾਣਜਾਰੀ ਮਾਲ ਵਿਭਾਗ ਦੇ ਪੁਰਾਣੇ ਰਿਕਾਰਡ ਤੇ ਅਧਾਰਤ ਹੋਵੇਗੀ ਜੋ ਸਿਜ਼ਰਾ ਨਸਬ ਨਾਲ਼ ਹੂ-ਬਹੂ ਮਿਲ਼ਦੀ ਹੈ।ਦੋਹਾਂ ਕਹਾਣੀਆਂ ਵਿੱਚ ਮਾਣੋ ਤੇ ਸਾਰੰਗ ਦੀ ਔਲਾਦ ਬਾਰੇ ਹੀ ਥੋੜ੍ਹਾ ਜਿਹਾ ਭੁਲੇਖਾ ਹੈ, ਉਂਜ ਦੋਹਾਂ ਦਾ ਤੱਤਸਾਰ ਇੱਕੋ ਹੈ।

ਇਸ ਸਬੰਧ ਵਿੱਚ ਕੈਪਟਨ ਗੁਰਦੀਪ ਸਿੰਘ ਤੋਂ ਮੈਨੂੰ ਇਕ ਉਰਦੂ-ਫ਼ਾਰਸੀ ਦੀ ਪੁਰਾਣੀ ਲਿਖਤ ਵਾਲ਼ੀ ਫੋਟੋ-ਕਾਪੀ ਪ੍ਰਾਪਤ ਹੋਈ ਹੈ।ਭਾਵੇਂ ਇਸ ਲਿਖਤ ਦੇ ਕੁਝ ਅੱਖਰ ਬੁਝੇ ਹੋਏ ਹੋਣ ਕਾਰਨ ਪੂਰੀ ਇਬਾਰਤ ਪੜ੍ਹੀ ਨਹੀਂ ਜਾਂਦੀ ਪਰ ਇਸ ਤੋਂ ਏਨਾ ਕੁ ਪਤਾ ਲੱਗ ਜਾਂਦਾ ਹੈ ਕਿ ਲਿਖਤ ਦਾ ਉਨਵਾਨ ਸ਼ਜਰਾ ਨਸਬ ਮਾਲਿਕਾਨ ਮਾਣੋਚਾਹਲ ਤਹਿਸੀਲ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ ਨੰਬਰ ਹਦ ਬਸਤ 444 ਚੱਕ ਹੈ ਜੋ 1859 ਦਾ ਲਿਖਿਆ ਹੋਇਆ ਹੈ।ਹੋ ਸਕਦਾ ਹੈ ਕਿ ਅਜ਼ਾਦੀ ਤੋਂ ਬਾਅਦ ਹੋਈ ਕਿਸੇ ਚੱਕ-ਬੰਦੀ ਸਮੇਂ ਮਾਲ ਵਿਭਾਗ ਨੇ ਪਿੰਡ ਦਾ ਹੱਦਬਸਤ ਨੰਬਰ ਬਦਲ ਕੇ 222 ਕਰ ਦਿੱਤਾ ਹੋਵੇ।ਇਸ ਲਿਖਤ ਮੁਤਾਬਕ 500 ਸਾਲ ਪਹਿਲਾਂ ਇਹ ਜੰਗਲੀ ਇਲਾਕਾ ਸੀ ਤੇ ਪੁਰਾਣੇ ਮਾਲਕ ਵਜੋਂ ਕਿਸੇ ਵਾਹਿਦ ਸੁਲੇਮਾਨ ਦੇ ਨਾਂ ਦਾ ਜ਼ਿਕਰ ਹੈ।ਇਸ ਤੋਂ ਪਹਿਲਾਂ ਦੇ ਮਾਲਕ ਨਾ-ਮਾਲੂਮ ਹਨ।ਲਿਖਤ ਦੱਸਦੀ ਹੈ ਕਿ ਹਰਪਾਲ ਤੇ ਮਾਣੋ ਕੌਮ ਚਾਹਲ ਨੇ ਸਭ ਦੇ ਮਸ਼ਵਰੇ ਨਾਲ ਇਸ ਜੰਗਲ ਤੇ ਕਬਜ਼ਾ ਕੀਤਾ



Scanned with OKEN Scanner

ਤੇ ਪਿੰਡ ਵਸਾਇਆ।ਇਹ ਇੱਕੋ-ਇੱਕ ਦਸਤਾਵੇਜ਼ੀ ਸਬੂਤ ਹੈ ਜਿਸ ਤੋਂ ਮਾਲੂਮ ਹੁੰਦਾ ਹੈ ਕਿ ਇਹ ਪਿੰਡ ਚੌਦ੍ਹਵੀਂ ਸਦੀ ਦੇ ਮੱਧ 'ਚ ਵੱਸਿਆ ਹੋਵੇਗਾ।

ਦੂਸਰਾ ਵਿਚਾਰ ਇਹ ਵੀ ਪਾਇਆ ਜਾਂਦਾ ਹੈ ਕਿ ਮਾਣੋ ਤੇ ਜੀਓ ਨਾਂ ਦੀਆਂ ਦੋ ਭੈਣਾਂ ਸਨ ਜਿਹਨਾਂ ਚੋਂ ਮਾਣੋ ਦੇ ਨਾਂ ਤੇ ਮਾਣੋਚਾਹਲ ਤੇ ਜੀਓ ਦੇ ਨਾਂ ਤੇ ਜੀਓਬਾਲ਼ਾ ਦੋ ਪਿੰਡ ਵੱਸੇ।ਦੋਵ੍ਹਾਂ ਦੀ ਹੱਦ ਇੱਕ ਦੂਜੇ ਨਾਲ਼ ਜੁੜਦੀ ਹੈ ਪਰ ਇਸ ਦਾ ਕੋਈ ਦਸਤਾਵੇਜ਼ੀ ਸਬੂਤ ਨਹੀਂ ਮਿਲਦਾ।ਉਕਤ ਵਿਚਾਰਾਂ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਪਿੰਡ ਵੱਸਣ ਦਾ ਸਬੰਧ ਚਾਹਲ ਗੋਤ ਦੇ ਜੱਟਾਂ ਨਾਲ ਹੀ ਹੈ ਕਿਉਂਕਿ ਪਿੰਡ ਦੇ ਬਹੁਤੇ ਵਸਨੀਕਾਂ ਦੀ ਗੋਤ ਚਾਹਲ ਹੈ ਤੇ ਪਿੰਡੋਂ ਬਾਹਰ ਵਾਰ ਚਾਹਲਾਂ ਦੇ ਵਡੇਰੇ ਸ਼ਹੀਦ ਬਾਬੇ ਜੋਗੀ ਪੀਰ ਦਾ ਸਥਾਨ ਹੈ। ਕੈਪਟਨ ਗੁਰਦੀਪ ਸਿੰਘ ਤੋਂ ਪ੍ਰਾਪਤ ਸਜ਼ਰਾ ਨਸਬ ਤੋਂ ਬਿਨਾਂ ਹੋਰ ਕੋਈ ਇਤਿਹਾਸਕ ਗਵਾਹੀ ਮੌਜੂਦ ਨਹੀਂ ਹੈ। ਨੰਬਰਦਾਰ ਬਚਿੱਤਰ ਸਿੰਘ ਤੇ ਮਾ: ਚਰਨਜੀਤ ਸਿੰਘ ਚਾਹਲ ਵੱਲੋਂ ਦਿੱਤੀ ਗਈ ਜਾਣਕਾਰੀ ਅਤੇ ਕੈਪਟਨ ਗੁਰਦੀਪ ਸਿੰਘ ਵੱਲੋਂ ਮੁਹੱਈਆ ਕੀਤਾ ਗਿਆ ਸਜ਼ਰਾ ਨਸਬ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਹਰਭਾਲ ਚਾਹਲ ਨੇ ਆਪਣੇ ਜੇਠੇ ਪੁੱਤਰ 'ਮਾਣੋ' ਦੇ ਨਾਂ ਨਾਲ ਗੋਤ 'ਚਾਹਲ' ਜੋੜ ਕੇ ਸੰਨ 1359 ਵਿੱਚ ਕੁਝ ਜੰਗਲ ਸਾਫ਼ ਕਰਕੇ ਪਿੰਡ ਮਾਣੋ ਚਾਹਲ ਦੀ ਮੋਹੜੀ ਗੱਡੀ ਹੋਵੇਗੀ। ਚਾਹਲ ਗੋਤ ਦੇ ਲੋਕਾਂ ਦਾ ਇਤਿਹਾਸ ਵਾਚਣ ਤੋਂ ਬਾਅਦ ਪਿੰਡ ਦੇ ਵੱਸਣ ਬਾਰੇ ਉਕਤ ਵਰਨਣ ਕੀਤੇ ਗਏ ਵਿਚਾਰ ਦੀ ਪੁਸ਼ਟੀ ਹੋ ਜਾਂਦੀ ਹੈ। ਅਗਲੇ ਅਧਿਆਇ ਵਿੱਚ ਆਪਾਂ ਚਾਹਲ ਗੋਤ ਦੇ ਜੱਟ ਕਬੀਲਿਆਂ ਬਾਰੇ ਵੱਖ ਵੱਖ ਵਿਦਵਾਨਾਂ ਦੇ ਵਿਚਾਰ ਤੁਹਾਡੇ ਨਾਲ ਸਾਂਝੇ ਕਰਾਂਗੇ।

❒



Scanned with OKEN Scanner

# ਕੁਰਸੀ–ਨਾਮਾ ਸ੍ਰ ਬਚਿੱਤਰ ਸਿੰਘ ਨੰਬਰਦਾਰ ਪੱਤੀ ਗੋਦੂ ਕੀ



# ਕੁਰਸੀ-ਨਾਮਾ ਸੂਬੇਦਾਰ ਜੋਗਾ ਸਿੰਘ ਮਹਿਲਾਂ ਵਾਲਾ




❒



Scanned with OKEN Scanner

# ਕੁਰਸੀ-ਨਾਮਾ ਸ੍ਰ. ਜਗਦੀਸ਼ ਸਿੰਘ ਚਾਹਲ



# ਚਾਹਲਾਂ ਦਾ ਇਤਿਹਾਸ

ਲੇਖਕ ਰਣਜੋਤ ਸਿੰਘ ਚਹਿਲ ਆਪਣੀ ਪੁਸਤਕ 'ਇਤਿਹਾਸ ਬਾਬਾ ਜੋਗੀ ਪੀਰ ਜੀ ਚਹਿਲ' ਵਿੱਚ ਲਿਖਦਾ ਹੈ ਕਿ ਲੱਗਭੱਗ 700 ਸਾਲ ਪਹਿਲਾਂ ਜਦੋਂ ਪੰਜਾਬ ਵਿੱਚ ਰਜਵਾੜਾਸ਼ਾਹੀ ਦਾ ਦੌਰ ਸੀ ਤਾਂ ਕਬੀਲਿਆਂ ਦੇ ਸਰਦਾਰ ਛੋਟੀਆਂ ਛੋਟੀਆਂ ਰਿਆਸਤਾਂ ਬਣਾ ਕੇ ਆਪਣੀ ਸਰਦਾਰੀ ਚਲਾਉਂਦੇ ਸਨ। ਕੋਈ 10 ਪਿੰਡਾਂ ਦਾ ਤੇ ਕੋਈ 20 ਪਿੰਡਾਂ ਦਾ ਮਾਲਕ ਹੁੰਦਾ ਸੀ। ਉਹ ਸਰਦਾਰ ਆਪਣੀ ਫੌਜ ਰੱਖਦੇ ਸਨ ਤੇ ਆਪਣੇ ਇਲਾਕੇ ਵਿੱਚੋਂ ਲਗਾਨ ਇਕੱਠਾ ਕਰਦੇ ਸਨ। ਇਹਨਾਂ ਰਿਆਸਤਾਂ ਵਿੱਚ ਇੱਕ ਚਹਿਲਾਂ ਦੀ ਰਿਆਸਤ ਵੀ ਸੀ। ਚਾਹਲ ਬੜੇ ਸੂਰਬੀਰ, ਬਹਾਦਰ, ਅਣਖੀਲੇ ਤੇ ਲੜਾਕੇ ਸਨ। ਉਹਨਾਂ ਦੀ ਅਕਸਰ ਮੁਸਲਮਾਨ ਹਾਕਮਾਂ ਨਾਲ ਲੜਾਈ ਹੁੰਦੀ ਰਹਿੰਦੀ ਸੀ। ਇਸ ਦੌਰਾਨ ਹੀ ਉਹਨਾਂ ਦਾ ਕਿਸੇ ਗੱਲੋਂ ਗਵਾਂਢੀ ਤੁਗਲ ਵੰਸ਼ ਦੇ ਭੱਟੀ ਖਾਂ ਪਠਾਣ ਨਾਲ ਝਗੜਾ ਹੋ ਗਿਆ। ਦੋਹਾਂ ਧਿਰਾਂ ਵਿੱਚ ਗਹਿਗੱਚ ਲੜਾਈ ਹੋਈ। ਰੁਸਤਮ ਖਾਂ ਵੀ ਭੱਟੀ ਖਾਂ ਦੀ ਮਦਦ ਤੇ ਆਇਆ ਪਰ ਭੱਟੀ ਖਾਂ ਦੀ ਹਾਰ ਹੋਈ।

ਉਪ੍ਰੰਤ ਪਠਾਣਾਂ ਦੇ ਪਿੰਡਾਂ ਵਿੱਚ ਚਾਹਲਾਂ ਨੂੰ ਡਾਕੂ ਕਹਿ ਕੇ ਪ੍ਰਚਾਰ ਕੀਤਾ ਗਿਆ। ਆਖ਼ਰ ਤਿੰਨ ਪਠਾਣ ਰਾਜਿਆਂ ਇੱਕੱਠੇ ਹੋ ਕੇ ਚਾਹਲਾਂ ਦੇ ਸਰਦਾਰ ਨੂੰ ਧੋਖੇ ਨਾਲ ਮਾਰਨ ਦੀ ਸਕੀਮ ਬਣਾਈ ਤੇ ਸਰਦਾਰ ਨੂੰ ਪੰਚਾਇਤੀ ਫ਼ੈਸਲਾ ਕਰਨ ਦੇ ਬਹਾਨੇ ਸੱਦ ਕੇ ਕੈਦ ਕਰ ਲਿਆ। ਬਾਅਦ ਵਿੱਚ ਜਰਨੈਲ-ਹੀਣ ਹੋਏ ਚਾਹਲਾਂ ਤੇ ਭਾਰੀ ਫੌਜ ਨਾਲ ਹਮਲਾ ਕਰ ਦਿੱਤਾ। ਬਿਨਾਂ ਜਰਨੈਲ ਚਾਹਲਾਂ ਦੇ 6000 ਸੈਨਿਕ ਪਠਾਣਾਂ ਦੇ 40,000 ਲੜਾਕਿਆਂ ਤੋਂ ਹਾਰ ਗਏ ਤੇ ਉਹਨਾਂ ਨੇ ਪਠਾਣਾਂ ਨੂੰ ਜ਼ਮੀਨ ਦਾ ਮਾਮਲਾ ਦੇਣਾ ਮੰਨ ਲਿਆ। ਇਸ ਲੜਾਈ ਤੋਂ ਪ੍ਰੇਸ਼ਾਨ ਹੋਏ ਚਾਹਲਾਂ ਦੇ ਕਈ ਘਰ ਉਹ ਇਲਾਕਾ ਛੱਡ ਗਏ ਤੇ ਬਾਹਰ ਦੂਰ ਦੁਰਾਡੇ ਜਾ ਕੇ ਵੱਸ ਗਏ। ਉਹ ਜਿੱਥੇ ਵੀ ਗਏ ਪਿੰਡ ਵਸਾ ਕੇ ਰਹਿਣ ਲੱਗੇ। ਹੋ ਸਕਦਾ ਹੈ ਕਿ ਮਾਣੋਚਾਹਲ ਪਿੰਡ ਵੀ ਉਸ ਸਮੇਂ ਹੀ ਵੱਸਿਆ ਹੋਵੇ ਪਰ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ। ਪਿੰਡ ਵਿੱਚ ਬਾਬੇ ਜੋਗੀ ਪੀਰ ਦੇ ਗੁਰਦੁਆਰੇ ਤੋਂ ਬਿਨਾਂ ਹੋਰ ਕੋਈ ਇਤਿਹਾਸਿਕ ਸਥਾਨ ਮੌਜੂਦ ਨਹੀਂ ਹੈ।

ਇਹ ਲੇਖਕ ਚਹਿਲਾਂ ਦਾ ਪਿਛੋਕੜ ਮਾਲਵੇ ਦੇ ਇਲਾਕੇ ਵਿੱਚ ਪੈਂਦੇ ਪਿੰਡ ਰੱਲਾ ਜ਼ਿਲ੍ਹਾ ਦੇ ਮਾਨਸਾ ਨਾਲ ਜੋੜਦਾ ਹੋਇਆ ਲਿਖਦਾ ਹੈ ਕਿ ਰਾਣਾ ਯੰਗ ਦੇ ਪੁੱਤਰ



Scanned with OKEN Scanner

ਵਿਜੈਪਾਲ ਦਾ ਜਦੋਂ ਰਿਆਸਤ ਦੀ ਵੰਡ ਤੋਂ ਆਪਣੇ ਭਰਾ ਨਾਲ ਝਗੜਾ ਹੋ ਗਿਆ ਤਾਂ ਉਹ ਨੇੜੇ ਰਹਿੰਦੇ ਇਕ ਫ਼ਕੀਰ ਦੇ ਡੇਰੇ ਤੇ ਚਲਾ ਗਿਆ। ਉੱਥੇ ਉਹਨੇ ਫ਼ਕੀਰ ਦੀ ਤਨੋਂ ਮਨੋਂ ਸੇਵਾ ਕੀਤੀ। ਡੇਰੇ ਤੇ ਆਸ ਪਾਸ ਤੋਂ ਕਈ ਪਰੀਆਂ ਵਰਗੀਆਂ ਸੁਹਣੀਆਂ ਔਰਤਾਂ ਵੀ ਆਉਂਦੀਆਂ ਤੇ ਤਲਾਬ ਵਿੱਚ ਇਸ਼ਨਾਨ ਕਰਕੇ ਜਾਂਦੀਆਂ ਸਨ। ਫ਼ਕੀਰ ਨੇ ਵਿਜੈਪਾਲ ਦੀ ਸੇਵਾ ਤੋਂ ਖ਼ੁਸ਼ ਹੋ ਕੇ ਉਸ ਦਾ ਵਿਆਹ ਤਲਾਬ ਤੇ ਆਈ ਇਕ ਪਰੀ ਵਰਗੀ ਸੁਹਣੀ ਔਰਤ ਨਾਲ (ਉਹਦੀ ਸਹਿਮਤੀ ਨਾਲ) ਕਰਵਾ ਦਿੱਤਾ ਤੇ ਭਰਾ ਨਾਲ ਉਹਦਾ ਰਾਜ਼ੀਨਾਵਾਂ ਕਰਵਾ ਕੇ ਉਹਨੂੰ ਰਾਜਾ ਦੀ ਪਦਵੀ ਦਿਵਾਈ। ਫ਼ਕੀਰ ਦੀ ਦੁਆ ਨਾਲ ਵਿਜੈਪਾਲ ਦੇ ਘਰ ਚੇਤ ਦੀ ਮੱਸਿਆ ਤੋਂ ਬਾਅਦ ਚੌਥੇ ਦਿਨ ਰਾਣਾ ਜੋਗਾ (ਬਾਬਾ ਜੋਗੀ ਪੀਰ) ਦਾ ਜਨਮ ਹੋਇਆ। ਰਾਣੇ ਜੋਗੇ ਬਾਰੇ ਕਈ ਚਮਤਕਾਰੀ ਕਹਾਣੀਆਂ ਪ੍ਰਚੱਲਿਤ ਹਨ। ਵੱਡਾ ਹੋ ਕੇ 12-13 ਸਾਲ ਦੀ ਉਮਰ 'ਚ ਜਦੋਂ ਰਾਣਾ ਜੋਗਾ ਪਸ਼ੂ ਚਾਰਨ ਸਰਕਾਰੀ ਰੱਖ ਵਿੱਚ ਗਿਆ ਤਾਂ ਹਲ਼ਤ ਖਾਂ ਪਠਾਣ ਨੇ ਪਹਿਲਾਂ ਉਹਨੂੰ ਰੱਖ ਚੋਂ ਪਸ਼ੂ ਬਾਹਰ ਕੱਢਣ ਲਈ ਸੁਨੇਹਾ ਭੇਜਿਆ। ਜਦੋਂ ਉਹ ਨਾ ਮੰਨਿਆ ਤਾਂ ਉਹਨੂੰ ਫੜਨ ਲਈ ਆਪਣਾ 100 ਘੋੜ ਸਵਾਰ ਭੇਜਿਆ ਜਿਹਨਾਂ ਨੇ ਜਾ ਕੇ ਜੋਗੇ ਨੂੰ ਘੇਰਾ ਪਾ ਲਿਆ। ਰਾਣੇ ਜੋਗੇ ਨੇ ਵੱਗ ਚਾਰਨ ਵਾਲੇ ਸੋਟੇ ਨਾਲ ਇੱਕ ਇੱਕ ਕਰਕੇ ਸਾਰੇ ਨਿੱਸਲ ਕਰ ਦਿੱਤੇ। ਮੁੱਕਦੀ ਗੱਲ ਇਹ ਹੈ ਕਿ ਜੋਗਾ ਯੁੱਧ-ਕਲਾ ਵਿੱਚ ਏਨਾ ਨਿਪੁੰਨ ਸੀ ਕਿ ਘੋੜ-ਸਵਾਰੀ ਤੇ ਬਰਛੀ-ਯੁੱਧ ਵਿੱਚ ਉਸ ਦਾ ਕੋਈ ਮੁਕਾਬਲਾ ਨਹੀਂ ਸੀ ਕਰ ਸਕਦਾ।

ਇਸ ਤੋਂ ਬਾਅਦ ਰਾਣੇ ਜੋਗੇ ਨੇ ਆਪਣੀ ਰਿਆਸਤ ਦੀ ਵਾਗਡੋਰ ਆਪਣੇ ਹੱਥ ਲੈ ਕੇ ਨਵੇਂ ਢੰਗ ਨਾਲ ਫੌਜ ਟਰੇਂਡ ਕੀਤੀ। ਉਸ ਨੇ ਸਾਰੇ ਚਾਹਿਲਾਂ ਨੂੰ ਮੁੜ ਸੰਗਠਿਤ ਕੀਤਾ। ਉਹ ਘੋੜੇ ਤੇ ਸਵਾਰ ਹੋ ਕੇ ਦੂਰ-ਦੁਰਾਡੇ ਗਏ ਚਾਹਲਾਂ ਕੋਲ ਗਿਆ। ਲੋਕਾਂ ਨੇ ਢੋਲ ਵਜਾ ਕੇ ਉਹਦਾ ਸਵਾਗਤ ਕੀਤਾ ਅਤੇ ਬਹੁਤ ਸਾਰੇ ਜਵਾਨ ਉਹਦੀ ਫੌਜ ਵਿੱਚ ਭਰਤੀ ਹੋ ਗਏ। ਇਸ ਤਰ੍ਹਾਂ ਰਾਣੇ ਜੋਗੇ ਦੀ ਪੂਰੀ ਚੜ੍ਹਤ ਹੋ ਗਈ। ਉਹ ਇਕ ਭਗਤ ਤੇ ਲੜਾਕੂ ਯੋਧਾ ਸੀ। ਆਪਣੀ ਵਧਦੀ ਤਾਕਤ ਦੇ ਬਲਬੋਤੇ ਉਹਨੇ ਮੁਸਲਮਾਨ ਹਾਕਮਾਂ ਨੂੰ ਮਾਮਲਾ ਦੇਣਾ ਬੰਦ ਕਰ ਦਿੱਤਾ। ਪਠਾਣਾਂ ਨੇ ਉਹਦੀ ਵਧਦੀ ਤਾਕਤ ਨੂੰ ਵੇਖ ਕੇ ਤੈਮੂਰ ਲੰਗ ਤੋਂ ਮਦਦ ਲੈ ਕੇ ਰਾਣੇ ਜੋਗੇ ਨੂੰ ਘੇਰਾ ਪਾਉਣ ਦਾ ਫ਼ੈਸਲਾ ਕੀਤਾ। ਇਸ ਦੀ ਜੋਗੇ ਨੂੰ ਪਹਿਲਾਂ ਹੀ ਸੂਹ ਮਿਲ ਗਈ। ਉਹਨੇ ਆਪਣੀ ਫੌਜ ਨੂੰ ਤਿੰਨ ਭਾਗਾਂ ਵਿੱਚ ਵੰਡ ਕੇ ਤੀਰਾਂ, ਤਲਵਾਰਾਂ, ਬਰਛੀਆਂ, ਬੰਦੂਕਾਂ ਤੇ ਨੇਜ਼ਿਆਂ-ਭਾਲਿਆਂ ਨਾਲ ਲੈਸ ਕਰਕੇ ਜਰਨੈਲ ਥਾਪ ਦਿੱਤੇ।

ਪਠਾਣਾਂ ਵੱਲੋਂ ਨਜ਼ਾਬਤ ਖਾਂ, ਹਲ਼ਤ ਖਾਂ ਤੇ ਭੱਟੀ ਖਾਂ ਦੇ ਜਵਾਈ ਰੁਸਤਮ ਖਾਂ ਨੇ ਜਰਨੈਲਾਂ ਵਜੋਂ ਆਪਣੀ ਫੌਜ ਦੀ ਅਗਵਾਈ ਕੀਤੀ। ਦੋਹਾਂ ਧਿਰਾਂ ਵਿੱਚ ਜ਼ਬਰਦਸਤ ਲੜਾਈ ਹੋਈ। ਰਾਣੇ ਜੋਗੇ ਨੇ ਤਲਵਾਰ ਦੇ ਚੰਗੇ ਜ਼ੌਹਰ ਦਿਖਾਏ। ਪਰ ਕਿਹਾ ਜਾਂਦਾ ਹੈ



Scanned with OKEN Scanner

ਕਿ ਜੰਗ ਵਿੱਚ ਇੱਕ ਪਾਸੇ ਇਕੱਲੇ ਰਾਣਾ ਜੋਗੇ ਦੇ 5000 ਜਵਾਨ ਤੇ ਦੂਜੇ ਪਾਸੇ ਚਾਰ ਰਿਆਸਤਾਂ ਦੇ ਕਈ ਹਜ਼ਾਰ ਪਠਾਣ ਸਨ। ਗਹਿਗੱਚ ਹੋਈ ਲੜਾਈ ਵਿੱਚ ਲੋਥਾਂ ਦੇ ਢੇਰ ਲੱਗ ਗਏ। ਕਹਿੰਦੇ ਹਨ ਕਿ ਦੁਸ਼ਮਣ ਦੇ ਇਕ ਵਾਰ ਨਾਲ ਰਾਣੇ ਜੋਗੇ ਦਾ ਸਿਰ ਧੜ ਤੋਂ ਜੁਦਾ ਹੋ ਗਿਆ ਤੇ ਉਹ ਬਿਨਾਂ ਸਿਰ ਲੜਦਾ ਹੋਇਆ ਚਾਰ ਮੀਲ ਦੂਰ ਜਾ ਕੇ ਜ਼ਿਲ੍ਹਾ ਮਾਨਸਾ ਦੇ ਪਿੰਡ ਰੱਲਾ ਕੋਲ ਸ਼ਹੀਦ ਹੋ ਗਿਆ। ਇਸ ਕਾਰਨ ਰਾਣਾ ਜੋਗਾ 'ਜੋਗੀ ਪੀਰ' ਦੇ ਨਾਂ ਨਾਲ ਮਸ਼ਹੂਰ ਹੋ ਗਿਆ। ਇਸ ਪਿੰਡ ਵਿੱਚ ਬਾਬਾ ਜੀ ਦਾ ਮੰਦਰ ਹੈ ਜਿੱਥੇ ਹਰ ਸਾਲ ਚੇਤ ਦੀ ਚੌਥ ਤੇ ਭਾਦਰੋਂ ਦੀ ਚੌਥ ਨੂੰ ਦੋ ਵਾਰ ਭਾਰੀ ਮੇਲਾ ਲਗਦਾ ਹੈ। ਕੁਝ ਵਿਦਵਾਨ ਉਕਤ ਕਹਾਣੀ ਨੂੰ ਕਲਪਿਤ ਮੰਨਦੇ ਹਨ। ਪਿੰਡ ਮਾਣੋਚਾਹਲ ਦੇ ਗੁਰਦੁਆਰੇ ਦੇ ਬਾਹਰ ਪ੍ਰਬੰਧਕਾਂ ਵੱਲੋਂ ਇਤਿਹਾਸ ਨੂੰ ਦਰਸਾਉਂਦਾ ਜਿਹੜਾ ਬੋਰਡ ਲਾਇਆ ਗਿਆ ਹੈ ਉਹਦੇ ਤੇ ਵੀ ਉਪ੍ਰੋਕਤ ਕਹਾਣੀ ਨਾਲ ਮਿਲਦਾ-ਜੁਲਦਾ ਵੇਰਵਾ ਹੀ ਲਿਖਿਆ ਹੋਇਆ ਹੈ।

ਕੁਝ ਵਿਦਵਾਨ ਚਾਹਲਾਂ ਨੂੰ ਕਸ਼ੂ ਦੀ ਔਲਾਦ ਦੱਸਦੇ ਹੋਏ ਉਹਨਾਂ ਨੂੰ ਸੂਰਜਬੰਸੀਆਂ ਨਾਲ ਜੋੜਦੇ ਹਨ। ਐਚ. ਏ. ਰੋਜ਼ ਨੇ ਆਪਣੀ ਖੋਜ ਭਰਪੂਰ ਪੁਸਤਕ ਵਿੱਚ ਲਿਖਿਆ ਹੈ ਕਿ ਚਾਹਲ ਸੂਰਜਬੰਸੀ ਰਾਜੇ ਅਗਰਸੈਨ ਦੀ ਔਲਾਦ ਹਨ। ਰਾਜੇ ਅਗਰਸੈਨ ਦੇ ਚਾਰ ਪੁੱਤਰ ਸਨ - ਚਾਹਲ, ਚੀਮਾ, ਚੌਹਾਨ ਤੇ ਸਾਹੀ। ਐੱਚ. ਰੋਜ਼. ਦੇ ਅਨੁਸਾਰ ਅੰਮ੍ਰਿਤਸਰ ਦੇ ਚਾਹਲ ਮੰਨਦੇ ਹਨ ਕਿ ਚਾਹਲ ਰਾਜੇ ਖਾਂਗ ਦਾ ਪੁੱਤਰ ਸੀ। ਉਹ ਆਪਣੇ ਵਡੇਰੇ ਨਾਲ ਰਾਣਾ ਯੰਗ ਵਰਗੀ ਕਹਾਣੀ ਹੀ ਜੋੜਦੇ ਹਨ। ਪਰ ਉਹਨਾਂ ਦੀ ਕਹਾਣੀ ਮੁਤਾਬਕ ਰਾਜਾ ਖਾਂਗ ਨਾਲ ਵਿਆਹੀ ਪਰੀ ਨੇ ਵਿਆਹ ਤੋਂ ਪਹਿਲਾਂ ਰਾਜੇ ਤੋਂ ਵਾਅਦਾ ਲਿਆ ਸੀ ਕਿ ਉਹ ਕਦੇ ਉਹਦੇ ਨਾਲ ਬਦਸਲੂਕੀ ਨਹੀਂ ਕਰੇਗਾ। ਰਾਜੇ ਦੇ ਘਰ ਪਰੀ ਦੀ ਕੁਖ ਤੋਂ ਚਾਹਲ ਨਾਂ ਦੇ ਬੱਚੇ ਨੇ ਜਨਮ ਲਿਆ। ਕੁਝ ਸਾਲ ਬਾਅਦ ਰਾਜਾ ਆਪਣਾ ਵਾਅਦਾ ਭੁੱਲ ਕੇ ਪਰੀ ਨੂੰ ਬੁਰਾ-ਭਲਾ ਕਹਿ ਬੈਠਾ ਤਾਂ ਪਰੀ ਅਲੋਪ ਹੋ ਗਈ। ਕਹਿੰਦੇ ਹਨ ਕਿ ਉਸ ਦਿਨ ਤੋਂ ਚਾਹਲ ਗੋਤ ਦੇ ਲੋਕ ਆਪਣੀ ਧੀ ਨੂੰ ਗਾਲ੍ਹ ਨਹੀਂ ਕੱਢਦੇ ਤੇ ਆਪਣੇ ਘਰ ਦੀ ਛੱਤ ਵਿੱਚ ਮਘੋਰਾ ਨਹੀਂ ਰੱਖਦੇ। ਚਾਹਲ ਦੀ ਔਲਾਦ ਦਿੱਲੀ ਦੇ ਨੇੜੇ ਕੋਟ ਗਡਾਨਾ ਤੇ ਫਿਰ ਅੰਬਾਲੇ ਕੋਲ ਪੱਖੀ ਚਹਿਲਾਂ ਜਾ ਵੱਸੀ। ਇੱਥੋਂ ਉੱਠ ਕੇ ਮਾਨਸੇ ਕੋਲ ਰੱਲਾ ਜੋਗਾ ਜਾ ਵਸਾਇਆ ਜਿੱਥੋਂ ਉਹ ਪੰਜਾਬ ਦੇ ਦੂਜੇ ਭਾਗਾਂ ਨੂੰ ਪ੍ਰਵਾਸ ਕਰ ਗਏ।

ਇਤਿਹਾਸ ਦਾ ਖੋਜੀ ਹੁਸ਼ਿਆਰ ਸਿੰਘ ਦੁਲੇਹ ਆਪਣੀ ਪੁਸਤਕ 'ਜੱਟਾਂ ਦਾ ਇਤਿਹਾਸ' ਵਿੱਚ ਲਿਖਦਾ ਹੈ ਕਿ ਚਹਿਲ ਚੌਹਾਨਾਂ ਦੀ ਇਕ ਸ਼ਾਖ ਹੈ ਤੇ ਇਹ ਬਾਰ੍ਹਵੀਂ ਸਦੀ ਦੇ ਅਰੰਭ ਵਿਚ ਪੰਜਾਬ 'ਚ ਆਏ। ਮਿਸਟਰ ਫਾਗਨ ਅਨੁਸਾਰ ਚਹਿਲ ਬੀਕਾਨੇਰ ਖੇਤਰ ਦੇ ਮੂਲ ਵਸਨੀਕ ਬਾਗੜੀ ਹਨ। ਇਕ ਹੋਰ ਰਿਵਾਇਤ ਅਨੁਸਾਰ ਤੰਵਰ ਬੰਸ ਦੇ ਰਾਜਾ ਰਿਖ ਦੇ ਪੁੱਤਰ ਨੇ ਇੱਕ ਪਰੀ ਵਰਗੀ ਜੱਟੀ ਨਾਲ ਵਿਆਹ ਕਰਕੇ ਬਠਿੰਡਾ ਖੇਤਰ



Scanned with OKEN Scanner

ਵਿੱਚ ਚਾਹਲ ਬੰਸ ਦਾ ਮੋਢੀ ਬਣ ਕੇ ਰਹਿਣ ਲੱਗਾ। ਕਿਸੇ ਸਮੇਂ ਚਹਿਲਾਂ ਦੀਆਂ ਕੁੜੀਆਂ ਬਹੁਤ ਸੁੰਦਰ ਹੁੰਦੀਆਂ ਸਨ ਤੇ ਉਹ ਆਪਣੀਆਂ ਧੀਆਂ ਦੇ ਰਿਸ਼ਤੇ ਚੰਗੇ ਅਮੀਰ ਘਰਾਂ 'ਚ ਕਰਦੇ ਸਨ। ਹੁਣ ਇਹ ਪੁਰਾਣੀਆਂ ਅਖੌਤਾਂ ਤੇ ਕਲਪਿਤ ਗੱਲਾਂ ਖ਼ਤਮ ਹੋ ਗਈਆਂ ਹਨ। ਸੰਤ ਵਿਸਾਖਾ ਸਿੰਘ ਨੇ ਆਪਣੀ ਪੁਸਤਕ 'ਮਾਲਵਾ ਇਤਿਹਾਸ' ਵਿੱਚ ਚਾਹਲਾਂ ਨੂੰ ਰਾਜਪੂਤਾਂ ਦੇ ਚੌਹਾਨ ਵੰਸ਼ ਦੀ ਕੌਲੀ ਸ਼ਾਖਾ ਨਾਲ ਜੋੜਿਆ ਹੈ। ਉਹ ਲਿਖਦੇ ਹਨ ਕਿ ਚੌਹਾਨ ਬੰਸ ਦੇ ਘੱਗ ਦੀ ਚੌਥੀ ਪੀੜ੍ਹੀ ਵਿੱਚ ਵੈਰਸੀ ਦੇ ਪੁੱਤਰ ਰੱਲਾ ਨੇ ਪਿੰਡ ਰੱਲਾ (ਮਾਨਸਾ) ਵਸਾਇਆ। ਰੱਲੇ ਨੂੰ ਉਸ ਦੇ ਭਤੀਜੇ ਜੁਗਰਾਜ ਨੇ ਮਾਰ ਕੇ ਆਪਣੇ ਪਿਤਾ ਦਾ ਵੈਰ ਲਿਆ ਤੇ ਪਿੰਡ ਜੋਗਾ ਵਸਾਇਆ। ਮਾਲਵੇ ਵਿੱਚ ਚਾਹਲਾਂ ਦੇ ਕਈ ਪਿੰਡ ਹਨ। ਮਾਨਸਾ ਵਿੱਚ ਹੀ ਚਾਹਲਾਂ ਦੇ 40 ਪਿੰਡ ਦੱਸੇ ਜਾਂਦੇ ਹਨ। ਇਹਨਾਂ ਨੂੰ 'ਚਾਹਲਾਂ ਦਾ ਚਾਲ਼ੀਆ' ਕਿਹਾ ਜਾਂਦਾ ਹੈ। ਹਰਿਆਣਾ ਤੇ ਰਾਜਸਥਾਨ ਵਿੱਚ ਵੀ ਚਾਹਲ ਜਾਟ ਵੱਸਦੇ ਹਨ। ਚਾਹਲ ਜੋਗੀਆਂ ਦੇ ਚੇਲੇ ਸਨ। ਉਸ ਸਮੇਂ ਪੰਜਾਬ ਵਿੱਚ ਸਿੱਧਾਂ ਜੋਗੀਆਂ ਦਾ ਬੜਾ ਜ਼ੋਰ ਸੀ। ਜੋਗੀ ਲੋਕ ਵੀ ਬੁੱਧ ਧਰਮ ਦੀ ਇੱਕ ਸ਼ਾਖਾ ਹੈ। ਇਹਨਾਂ ਵਿੱਚੋਂ ਹੀ ਇੱਕ ਸਿੱਧ 'ਜੋਗੀ ਪੀਰ' ਹੋਇਆ ਹੈ ਜਿਸ ਨੂੰ ਸਾਰੇ ਚਾਹਿਲ ਮੰਨਦੇ ਹਨ। ਜਿੱਥੇ ਵੀ ਚਾਹਲਾਂ ਦਾ ਕੋਈ ਪਿੰਡ ਹੈ, ਉੱਥੇ ਜੋਗੀ ਪੀਰ ਦੀ ਮਾੜ੍ਹੀ ਹੈ।

ਸੁਰਿੰਦਰ ਸਿੰਘ ਰਾਜਪੂਤ ਦੁਆਰਾ ਅਨੁਵਾਦਿਤ ਪੁਸਤਕ 'ਮਹਾਂ-ਪੰਜਾਬ ਦੇ ਜੱਟ (ਗੋਤਾਂ ਸਮੇਤ) ਮੁਤਾਬਕ ਐਚ. ਏ. ਰੋਜ਼ ਦੀ ਪੁਸਤਕ 'ਗਲੋਸਰੀ ਆਫ ਦੀ ਟਰਾਈਬਜ਼ ਐਂਡ ਕਾਸਟਸ ਆਫ ਦੀ ਪੰਜਾਬ ਐਂਡ ਨੌਰਥ ਵੈਸਟ ਫਰੰਟੀਅਰ ਪ੍ਰੋਵਿੰਸਜ਼, ਭਾਗ -2' ਦੇ ਪੰਨਾ 146 ਤੇ ਲਿਖਿਆ ਹੈ - "..............ਪਰ ਉਹ ਉਹਨਾਂ ਦਾ ਜਠੇਰਾ ਵੀ ਹੈ। ਉਹ ਪਟਿਆਲ਼ੇ ਦੇ ਸਥਾਨ ਤੇ ਭੱਟੀ ਰਾਜਪੂਤਾਂ ਨਾਲ ਹੋਈ ਇੱਕ ਜੰਗ ਵਿੱਚ ਕਤਲ ਕਰ ਦਿੱਤਾ ਗਿਆ। ਉਸ ਦੀ ਲੋਥ ਘੋੜੇ ਤੇ ਟਿਕੀ ਰਹੀ ਅਤੇ ਸਿਰ ਧਰਤੀ ਤੇ, ਫਿਰ ਵੀ ਵੈਰੀ ਨੂੰ ਭਾਜੜਾਂ ਪਾਉਂਦੀ ਰਹੀ। ਇਸ ਲਈ ਉਸ ਦੀ ਸਮਾਧ ਉੱਥੇ ਬਣਾ ਦਿੱਤੀ ਗਈ ਜਿੱਥੇ ਉਸ ਦਾ ਸਿਰ ਡਿੱਗਿਆ ਸੀ ਅਤੇ ਉਸ ਦੇ ਕੋਲ ਬਾਜ਼, ਘੋੜੇ ਤੇ ਕੁੱਤੇ ਦੀ ਸਮਾਧ ਵੀ ਬਣਾਈ ਗਈ। ਇਹ ਸਥਾਨ ਰੁੱਖਾਂ ਦੇ ਝੁੰਡਾਂ ਵਿੱਚ ਹੈ ਅਤੇ ਗਾਂ ਦਾ ਦੁੱਧ, ਫ਼ਸਲ ਦਾ ਪਹਿਲਾ ਅਨਾਜ ਅਤੇ ਫਲ਼ ਪੀਰ ਦੀ ਭੇਟਾ ਕੀਤੇ ਬਿਨਾਂ ਇਹ ਲੋਕ ਨਹੀਂ ਵਰਤਦੇ। ਇਸ ਨੂੰ ਪੀਰ ਕਿਹਾ ਜਾਂਦਾ ਹੈ............ਇਸ ਨੂੰ ਜੋਗੀ ਕਿਹਾ ਜਾਂਦਾ ਹੈ।" ਇਹ ਕਹਾਣੀ ਵੀ ਕੁਝ ਉਕਤ ਕਥਾਵਾਂ ਨਾਲ਼ ਮਿਲਦੀ-ਜੁਲਦੀ ਹੈ।

ਸੰਗਰੂਰ ਖੇਤਰ ਦੇ ਚਹਿਲ ਆਪਣੇ ਆਪ ਨੂੰ ਬਾਲੇ ਚੌਹਾਨ ਦੀ ਬੰਸ 'ਚੋਂ ਸਮਝਦੇ ਹਨ। ਬਾਲਾ ਚੌਹਾਨ ਕਿਸੇ ਜੱਟੀ ਨਾਲ ਵਿਆਹ ਕਰਕੇ ਜੱਟ ਭਾਈਚਾਰੇ ਵਿੱਚ ਰਲ਼ ਗਿਆ ਸੀ। ਇਸ ਇਲਾਕੇ ਵਿਚ ਖੇੜੀ ਚਹਿਲਾਂ, ਖਿਆਲੀ, ਘਨੌਰੀ ਕਲਾਂ, ਲਾਡ ਬਨਜਾਰਾ ਤੇ ਕਰਮਗੜ੍ਹ ਆਦਿ ਪਿੰਡਾਂ ਵਿੱਚ ਚਹਿਲ ਕਬੀਲੇ ਦੇ ਲੋਕ ਵੱਸਦੇ ਹਨ। ਨਵਾਂਸ਼ਹਿਰ ਵਿੱਚ



Scanned with OKEN Scanner

ਚਹਿਲ ਕਲਾਂ ਤੇ ਚਹਿਲ ਖ਼ੁਰਦ, ਕਪੂਰਥਲਾ ਵਿੱਚ ਕੱਸੋਚਾਹਲ, ਮਾਧੋਪੁਰ, ਜੰਭੋਵਾਲ ਤੇ ਭੰਨੋ ਲੰਗ ਆਦਿ ਪਿੰਡਾਂ ਵਿੱਚ ਕਾਫੀ ਚਹਿਲ ਵੱਸਦੇ ਹਨ। ਹਰਿਆਣੇ ਤੇ ਰਾਜਸਥਾਨ ਵਿੱਚ ਵੀ ਚਹਿਲ ਜਾਟ ਹਨ। ਪੰਜਾਬ ਵਿੱਚ ਸਾਰੇ ਚਾਹਲ ਜੱਟ ਸਿੱਖ ਹਨ। ਪਟਿਆਲ਼ਾ ਦੇ ਚਾਹਲ ਵੀ ਆਪਣੇ ਵਡੇਰੇ ਨੂੰ ਪਰੀ ਦੀ ਔਲਾਦ ਮੰਨਦੇ ਹਨ ਤੇ ਉਹ ਬਾਬਾ ਜੋਗੀ ਪੀਰ ਨੂੰ ਆਪਣਾ ਜਠੇਰਾ ਸਮਝ ਕੇ ਪੂਜਦੇ ਹਨ।

ਜਦੋਂ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ 1665 ਵਿੱਚ ਮਾਲਵੇ ਦੇ ਪਿੰਡਾਂ ਵੱਲ ਗਏ ਤਾਂ ਉਸ ਇਲਾਕੇ ਵਿੱਚ ਗੈਂਡੇ ਤੇ ਦੇਸੂ ਚਹਿਲ ਦੀ ਪੂਰੀ ਚੌਧਰ ਸੀ। ਇਹ ਸਖੀ ਸਰਵਰ ਦੇ ਚੇਲੇ ਸਨ। ਗੁਰੂ ਤੇਗ ਬਹਾਦਰ ਜੀ ਦੀ ਸੰਗਤ ਕਰਕੇ ਇਹਨਾਂ ਨੇ ਸਿੱਖੀ ਧਾਰਨ ਕੀਤੀ ਸੀ। ਕੁਝ ਚਾਹਲ ਕੱਚੇ ਸਿੱਖ ਸਨ ਤੇ ਉਹ ਸਖੀ ਸਰਵਰ ਨੂੰ ਵੀ ਮੰਨਦੇ ਸਨ। ਗੈਂਡਾ ਚਾਹਲ ਸੂਰਬੀਰ ਯੋਧਾ ਸੀ। ਉਸ ਦੀਆਂ ਮੁਸਲਮਾਨ ਧਾੜਵੀਆਂ ਨਾਲ ਕਈ ਟੱਕਰਾਂ ਹੋਈਆਂ। 1736 ਵਿੱਚ ਮਹਾਰਾਜਾ ਆਲਾ ਸਿੰਘ ਨੇ ਗੈਂਡੇ ਚਾਹਲ ਤੋਂ ਭੀਖੀ ਦਾ ਇਲਾਕਾ ਜਿੱਤ ਕੇ ਰਿਆਸਤ ਪਟਿਆਲ਼ਾ ਵਿੱਚ ਮਿਲਾ ਲਿਆ। ਮਗਰੋਂ ਗੈਂਡੇ ਨੂੰ ਉਹਦੇ ਸ਼ਰੀਕਾਂ ਨੇ ਹੀ ਮਾਰ ਦਿੱਤਾ। ਉਪ੍ਰੰਤ ਚਹਿਲਾਂ ਦੀ ਤਾਕਤ ਘਟ ਜਾਣ ਤੇ ਰਾਜਿਆਂ ਦੀ ਈਨ ਨਾ ਮੰਨਣ ਕਾਰਨ ਉਹ ਸੰਗਰੂਰ, ਮੋਗਾ, ਲੁਧਿਆਣਾ, ਦੁਆਬਾ, ਮਾਝਾ ਤੇ ਹੋਰ ਇਲਾਕਿਆਂ ਵੱਲ ਦੂਰ ਦੂਰ ਪਰਵਾਸ ਕਰ ਗਏ ਤੇ ਜਿੱਥੇ ਵੀ ਗਏ ਆਪਣੇ ਪਿੰਡ ਵਸਾ ਲਏ। ਜਿੱਥੇ ਕਿਤੇ ਵੀ ਚਾਹਲ ਜਾ ਕੇ ਵੱਸੇ ਉੱਥੇ ਹੀ ਇਹਨਾਂ ਨੇ ਬਾਬਾ ਜੋਗੀ ਪੀਰ ਦੀ ਮਾੜ੍ਹੀ, ਮੰਦਰ ਜਾਂ ਯਾਦਗਾਰ ਬਣਾ ਲਈ ਹੈ ਅਤੇ ਉਹ ਜੋਗੀ ਪੀਰ ਨੂੰ ਆਪਣਾ ਜਠੇਰਾ ਸਮਝ ਕੇ ਪੂਜਾ-ਅਰਚਨਾ ਕਰਦੇ ਹਨ। ਹਰ ਸਾਲ ਚੇਤ ਜਾਂ ਭਾਦਰੋਂ ਦੀ ਮੱਸਿਆ ਤੋਂ ਚੌਥੇ ਦਿਨ ਬਾਬਾ ਜੀ ਦੀ ਯਾਦ ਵਿੱਚ ਮੇਲਾ ਮਨਾਉਂਦੇ ਹਨ। ਪੰਜਾਬ ਵਿੱਚ ਸਾਰੇ ਚਾਹਲ ਜੱਟ ਸਿੱਖ ਹਨ। ਇਹ ਸਾਰੀ ਕਹਾਣੀ ਪੜ੍ਹਨ ਤੋਂ ਬਾਅਦ ਮੈਂ ਇਸ ਸਿੱਟੇ ਤੇ ਪਹੁੰਚਿਆ ਹਾਂ ਕਿ ਹੋ ਸਕਦਾ ਹੈ ਕਿ ਇਹਨਾਂ ਵਿੱਚੋਂ ਹੀ ਕੁਝ ਚਾਹਲ ਕਬੀਲੇ ਹਰਭਾਲ ਚਾਹਲ ਦੀ ਕਮਾਨ ਹੇਠ ਮਾਣੋ ਚਾਹਲ ਦੇ ਜੰਗਲ਼ੀ ਇਲਾਕੇ ਵਿੱਚ ਆ ਵੱਸੇ ਹੋਣਗੇ ਅਤੇ ਉਸ ਨੇ ਹੀ ਆਪਣੇ ਪੁੱਤਰ ਮਾਣੋ ਦੇ ਨਾਂ ਤੇ ਇਹ ਪਿੰਡ ਵਸਾਇਆ ਹੋਵੇਗਾ।

❐



Scanned with OKEN Scanner

# ਪਿੰਡ-ਵਾਸੀਆਂ ਦੀ ਪਹਿਚਾਣ - ਅੱਲਾਂ ਤੇ ਪੱਤੀਆਂ

ਇੱਕ ਸਾਂਝੇ ਸਭਿਆਚਾਰ ਦੇ ਹੁੰਦਿਆਂ ਵੀ ਪੰਜਾਬ ਦੇ ਪਿੰਡਾਂ ਦੀਆਂ ਅੱਡ ਅੱਡ ਰਿਵਾਇਤਾਂ, ਰਿਵਾਜ ਤੇ ਪਰੰਪਰਾਵਾਂ ਰਹੀਆਂ ਹਨ। ਮੇਰਾ ਪਿੰਡ ਵੀ ਇਸ ਖੇਤਰ ਵਿੱਚ ਵੱਖਰੇ ਰਾਹ ਬਣਾਉਣ ਵਾਲਾ ਹੈ। ਸੁਰਸਿੰਘ ਤੇ ਸਭਰਾਵਾਂ ਵਰਗੇ ਵੱਡੇ ਪਿੰਡਾਂ ਤੋਂ ਬਾਅਦ ਮਾਣੋਚਾਹਲ ਵੀ ਇਕ ਵੱਡਾ ਪਿੰਡ ਹੈ। ਵੱਡਾ ਪਿੰਡ ਹੋਣ ਕਾਰਨ ਦਹਾਕੇ ਪਹਿਲਾਂ ਤੋਂ ਇੱਥੇ ਵੱਖ ਵੱਖ ਪਰਿਵਾਰਾਂ ਦੀ ਵੱਖ ਵੱਖ ਅੱਲ ਪਈ ਹੋਈ ਹੈ ਜਿਸ ਦੀ ਮਦਦ ਨਾਲ ਬਾਹਰੋਂ ਆਇਆ ਵਿਅਕਤੀ ਕਿਸੇ ਪਿੰਡ-ਵਾਸੀ ਦਾ ਅਸਾਨੀ ਨਾਲ ਪਤਾ ਲਾ ਸਕਦਾ ਹੈ। ਬਾਹਰੋਂ ਆਇਆ ਬੰਦਾ ਪਿੰਡ ਦੇ ਕਿਸੇ ਬੰਦੇ ਨੂੰ ਕੇਵਲ ਪਿਉ ਦਾ ਨਾਂ ਦੱਸ ਕੇ ਨਹੀਂ ਲੱਭ ਸਕਦਾ। ਬਿਨਾਂ ਕਿਸੇ ਦੀ ਅੱਲ ਦੱਸੇ ਪਿੰਡ ਵਿੱਚ ਕਿਸੇ ਬੰਦੇ ਦਾ ਘਰ ਵੀ ਜਲਦੀ ਨਹੀਂ ਲੱਭ ਸਕਦਾ। ਇਸ ਲਈ ਪੁਰਾਣੇ ਵੇਲਿਆਂ ਤੋਂ ਹੀ, ਭਾਵੇਂ ਉਸ ਸਮੇਂ ਬਹੁਤੇ ਲੋਕ ਅਨਪੜ੍ਹ ਹੁੰਦੇ ਸਨ, ਸਿਆਣੇ ਲੋਕਾਂ ਨੇ ਇਸ ਸਮੱਸਿਆ ਦਾ ਹੱਲ ਲੱਭ ਲਿਆ ਸੀ। ਉਹਨਾਂ ਨੇ ਘਰ-ਪਰਿਵਾਰ ਜਾਂ ਬੰਦੇ ਦੀ ਪਛਾਣ ਸੌਖੀ ਬਣਾਉਣ ਲਈ ਪਰਿਵਾਰਾਂ ਦੇ ਵੱਖਰੇ ਵੱਖਰੇ ਨਾਂ ਜਾਂ ਸਮਝ ਲਉ ਕੁਨਾਂ ਪਾਏ ਹੋਏ ਸਨ। ਇਹਨਾਂ ਨਾਵਾਂ-ਕੁਨਾਂਵਾਂ ਨੂੰ ਹੀ ਅੱਲ ਕਿਹਾ ਜਾਂਦਾ ਸੀ। ਕਿਸੇ ਦੀ ਅੱਲ ਦੱਸ ਕੇ ਬੰਦੇ ਦੀ ਤੁਰੰਤ ਪਛਾਣ ਹੋ ਜਾਂਦੀ ਸੀ। ਕਈ ਵਾਰ ਅੱਲ ਵਜੋਂ ਵਰਤੇ ਜਾਂਦੇ ਨਾਂ ਬੜੇ ਊਟ-ਪਟਾਂਗ ਤੇ ਹੇਠੀ ਵਾਲੇ ਵੀ ਹੁੰਦੇ ਸਨ ਪਰ ਫਿਰ ਵੀ ਸੁਣ ਕੇ ਕੋਈ ਗੁੱਸਾ ਨਹੀਂ ਸੀ ਕਰਦਾ। ਪੁਰਾਣੇ ਲੋਕਾਂ ਦਾ ਬੜਾ ਵੱਡਾ ਜਿਗਰਾ ਤੇ ਬੇ-ਹੱਦ ਸਬਰ ਹੁੰਦਾ ਸੀ। ਕਦੇ ਕਿਸੇ ਦੀ ਅੱਲ ਦੱਸਣ ਤੋਂ ਕੋਈ ਝਗੜਾ ਹੋਇਆ ਨਹੀਂ ਸੁਣਿਆ। ਇਹਨਾਂ ਅੱਲਾਂ ਬਾਰੇ ਪੜ੍ਹ ਕੇ ਪਾਠਕ ਹੈਰਾਨ ਹੋਣਗੇ ਤੇ ਹੱਸਣਗੇ ਵੀ ਪਰ ਇਸ ਨੂੰ ਮੇਰੇ ਪਿੰਡ ਦੇ ਬਜ਼ੁਰਗਾਂ ਵੱਲੋਂ ਆਪਣੀ ਸਮੱਸਿਆ ਦੇ ਸਮਾਧਾਨ ਲਈ ਖੋਜਿਆ ਇਕ ਨਿਵੇਕਲਾ ਆਵਿਸ਼ਕਾਰ ਕਿਹਾ ਜਾ ਸਕਦਾ ਹੈ ਜੋ ਅੱਜ ਵੀ ਕਾਰਗਰ ਹੈ।

ਇਸੇ ਤਰ੍ਹਾਂ ਕੁਝ ਲੋਕ ਆਮ ਬੋਲ-ਚਾਲ ਸਮੇਂ ਦੂਜੇ ਦਾ ਅੱਧਾ ਨਾਂ ਲੈ ਲੈਂਦੇ ਸਨ ਪਰ ਸ਼ਹਿਣਸ਼ੀਲਤਾ ਏਨੀ ਸੀ ਕਿ ਕੋਈ ਕਿਸੇ ਦਾ ਗੁੱਸਾ ਨਹੀਂ ਸੀ ਕਰਦਾ। ਸਾਡੇ ਵਡੇਰੇ ਬੜੇ ਸਬਰ, ਸੰਤੋਖ ਤੇ ਖੁੱਲ੍ਹੇ ਦਿਲ ਵਾਲੇ ਸਨ। ਉਹ ਕਿਸੇ ਤੋਂ ਗਾਲ੍ਹ ਸੁਣ ਕੇ ਤਾਂ ਭਾਵੇਂ ਬੇਕਾਬੂ ਹੋ ਗਏ ਹੋਣ ਪਰ ਅੱਧਾ ਨਾਂ ਜਾਂ ਛੋਟਾ ਨਾਂ ਲੈਣ ਤੋਂ ਕਦੇ ਕੋਈ ਲੜਿਆ ਹੋਵੇ, ਇਹਦੇ ਬਾਰੇ ਕਦੇ ਕੁਝ ਨਹੀਂ ਸੁਣਿਆ। ਸਮੇਂ ਦੇ ਗੁਜ਼ਰਨ ਨਾਲ ਹੁਣ ਬੜਾ ਫ਼ਰਕ ਪੈ ਗਿਆ ਹੈ



Scanned with OKEN Scanner

ਤੇ ਸਾਡੇ ਮਨਾਂ ਵਿੱਚ ਹੁਣ ਆਪਣੇ ਬਜ਼ੁਰਗਾਂ ਜਿੰਨੀ, ਸ਼ਹਿਣਸ਼ੀਲਤਾ, ਪਿਆਰ, ਭਾਈਚਾਰਾ, ਸਾਂਝ ਤੇ ਹਮਦਰਦੀ ਨਹੀਂ ਰਹੀ। ਅਸੀਂ ਬੇਸਬਰੇ ਹੋ ਕੇ ਮਾਇਆ ਦੀ ਦੌੜ ਵਿੱਚ ਪੈ ਗਏ ਹਾਂ ਤੇ ਇੱਕ ਦੂਜੇ ਤੋਂ ਅੱਗੇ ਲੰਘਣ ਦੀ ਕਾਹਲ ਵਿੱਚ ਹਾਂ। ਇਸ ਕਾਰਨ ਬਹੁਤ ਘੱਟ ਲੋਕ ਵੇਖੇ ਹਨ ਜੋ ਕਿਸੇ ਡਿੱਗੇ ਨੂੰ ਉਠਾਉਂਦੇ ਹੋਣ ਅਤੇ ਪਿੱਛੇ ਰਹਿ ਗਏ ਨੂੰ ਸਹਾਰਾ ਦੇ ਕੇ ਆਪਣੇ ਨਾਲ ਮਿਲਾਉਂਦੇ ਹੋਣ।

ਪਿੰਡ ਦੇ ਲੋਕਾਂ ਵਿੱਚ ਪ੍ਰਚੱਲਿਤ ਕੁਝ ਅੱਲ ਇਸ ਪ੍ਰਕਾਰ ਹਨ : ਰਿਖੀ ਕੇ, ਬੌਰੀਏ, ਤੂਤਾਂ ਵਾਲੇ, ਤੇਸੀ ਵਾਲੇ, ਦਸੀਂਹ, ਥੇਹ ਵਾਲੇ, ਪਾਰ ਵਾਲ਼ੇ, ਛੜੇ, ਚੁੱਪ, ਘੁੱਗੂ, ਸ਼ਾਹ, ਗੌਰੇ ਕੇ, ਡੇਹੜੀ ਵਾਲੇ, ਘੜੱਚ, ਹਵੇਲੀ ਵਾਲੇ, ਖ਼ੂਹੀ ਵਾਲੇ, ਜ਼ੈਲ਼ਦਾਰਾਂ ਦੇ, ਡੋਈ ਕੇ, ਸਰਕਾਰੀਏ, ਬਾਰ ਵਾਲੇ, ਸੂਬੇਦਾਰ, ਲੰਮੇਂ, ਮਹਿਲਾਂ ਵਾਲੇ, ਸੌਢੇ, ਗੱਪੂ, ਜਲੌਅ, ਨੌਂਕਰਾਂ ਦੇ, ਮੱਢੂ, ਗੋਲੇ ਵਾਲੀਏ, ਅੱਡੀ ਚੁੱਕ, ਬਲਡੋਜ਼ਰ ਵਾਲੇ, ਖ਼ੋਰੀ-ਫ਼ੂਕ, ਕਨੂਰੀ ਵਾਲ਼ੇ, ਭੂਪਣ ਵਾਲੇ, ਭੱਲੂ, ਅਕਾਲੀਏ, ਦੌਣੀ ਕੇ, ਡੱਲੇ, ਧੜੀ ਵਾਲੇ, ਨਾਮਧਾਰੀਏ, ਰਾਮਗੜ੍ਹੀਏ, ਮੱਟ, ਨੰਬਰਦਾਰਾਂ ਕੇ, ਦੋਧੀ, ਗੌਰਮਿੰਟ ਕੇ, ਚੀਨੀਏਂ, ਲੰਡੇ ਕੇ, ਖੋਜੀ, ਬੱਦੂ, ਬੋਦੀ ਆਲ਼ੇ, ਦੂਨ ਵਾਲੇ, ਵੱਢ ਖਾਣੇ, ਚੌਲ਼ ਖਾਣੇ, ਸੁਰਾਹੀ ਕੇ, ਬਾਹਮਣਾਂ ਕੇ, ਲੋਟੇ ਕੇ, ਬਾਨੀ ਕੇ, ਗੱਡ ਵਾਲ਼ੇ, ਹੌਲਦਾਰਾਂ ਦੇ, ਤੱਲ੍ਹਣ ਕੇ, ਕੱਲ੍ਹੇ ਕੇ, ਮੱਲ੍ਹੇ ਕੇ, ਮਹਾਰਾਜਿਆਂ ਕੇ, ਧਰਤ-ਵੱਢ, ਗੂਹੀ-ਮਾਰ ਤੇ ਨੂੰਹ-ਮਾਰ ਆਦਿ। ਕੁਝ ਲੋਕਾਂ ਦੀ ਅੱਲ ਸੁਣਨ 'ਚ ਭੱਦੀ ਜਿਹੀ ਲਗਦੀ ਹੈ, ਉਹਦੇ ਲਈ ਵਰਤੇ ਜਾਂਦੇ ਸ਼ਬਦਾਂ ਨੂੰ ਸਪਸ਼ਟ ਲਿਖਣਾ ਸਹੀ ਨਹੀਂ ਹੈ ਜਿਵੇਂ -ਖਾਣੇ, --ਦੂ, ਿ-ਡਾਂ ਕੇ ਤੇ --ਚੱਟ ਆਦਿ।

ਹੋਰਨਾਂ ਵੱਡੇ ਪਿੰਡਾਂ ਵਾਂਗ ਸਾਡੇ ਪਿੰਡ ਦੇ ਘਰਾਂ ਨੂੰ ਵੀ ਕੁਝ ਪੱਤੀਆਂ ਵਿੱਚ ਵੰਡਿਆ ਹੋਇਆ ਹੈ। ਜਿਵੇਂ ਦੇਸ਼ ਨੂੰ ਸੂਬਿਆਂ ਵਿੱਚ, ਸੂਬਿਆਂ ਨੂੰ ਜ਼ਿਲ੍ਹਿਆਂ ਵਿੱਚ, ਜ਼ਿਲ੍ਹਿਆਂ ਨੂੰ ਤਹਿਸੀਲਾਂ ਵਿੱਚ, ਤਹਿਸੀਲਾਂ ਨੂੰ ਬਲਾਕਾਂ ਤੇ ਬਲਾਕਾਂ ਨੂੰ ਅਗਾਂਹ ਪਿੰਡਾਂ ਵਿੱਚ ਵੰਡਿਆ ਗਿਆ ਹੈ ਇਵੇਂ ਹੀ ਵੱਡੇ ਪਿੰਡਾਂ ਨੂੰ ਅੱਗੇ ਪੱਤੀਆਂ ਵਿੱਚ ਵੰਡਿਆ ਜਾਂਦਾ ਹੈ। ਪਿੰਡ ਮਾਣੋਚਾਹਲ ਕਲਾਂ ਦੀਆਂ 8 ਪੱਤੀਆਂ ਹੇਠ ਲਿਖੇ ਅਨੁਸਾਰ ਹਨ :-

1. ਪੱਤੀ ਮਾਮੂ ਕੀ
2. ਪੱਤੀ ਹੱਸਣ ਕੀ
3. ਪੱਤੀ ਗੋਂਦ ਕੀ
4. ਪੱਤੀ ਗੋਦੂ ਕੀ
5. ਪੱਤੀ ਘਣੀਏ (ਘਨਈਆ) ਕੀ
6. ਪੱਤੀ ਸੁਰਸਿੰਘੀਆਂ ਦੀ
7. ਪੱਤੀ ਨਾਹਰਾਂ ਦੀ
8. ਪੱਤੀ ਗੋਧੇ ਕੀ ਆਦਿ।



Scanned with OKEN Scanner

ਇਹਨਾਂ ਵਿੱਚ ਤਿੰਨ ਵਿਹੜੇ ਵੀ ਸ਼ਾਮਲ ਹਨ - ਸੁਰਸਿੰਘੀਆਂ ਦਾ, ਨਾਹਰਾਂ ਦਾ ਤੇ ਗੋਧੇ ਕਾ। ਤਿੰਨਾਂ ਵਿਹੜਿਆਂ ਵਿੱਚ ਮਜ਼੍ਹਬੀ ਸਿੱਖ (ਮਜ਼ਦੂਰ ਭਰਾ) ਰਹਿੰਦੇ ਹਨ। ਭਾਵੇਂ ਤਿੰਨੇ ਵਿਹੜੇ ਪਿੰਡ ਦੇ ਤਿੰਨੀਂ ਪਾਸੀਂ - ਚੜ੍ਹਦੇ, ਲਹਿੰਦੇ ਤੇ ਦੱਖਣ ਵੱਲ ਵੱਸੇ ਹੋਏ ਹਨ ਪਰ ਅਬਾਦੀ ਪੱਖ ਤੋਂ ਇਹ ਸਾਫ਼ ਜ਼ਾਹਰ ਹੁੰਦਾ ਹੈ ਕਿ ਜਦੋਂ ਪਿੰਡ ਵੱਸਿਆ ਸੀ ਤਾਂ ਸਮਾਜ ਵਿੱਚ ਜਾਤ-ਪਾਤ ਦਾ ਵਿਤਕਰਾ ਕੀਤਾ ਜਾਂਦਾ ਹੋਵੇਗਾ। ਸਿੱਖ ਲਹਿਰ ਤੇ ਭਗਤੀ ਲਹਿਰ ਦੇ ਪ੍ਰਭਾਵ ਦੇ ਕਾਰਨ ਇਹ ਵਿਤਕਰਾ ਕੁਝ ਘਟਿਆ ਤਾਂ ਹੈ ਪਰ ਅਜੇ ਪੂਰਨ ਰੂਪ ਵਿੱਚ ਖ਼ਤਮ ਨਹੀਂ ਹੋਇਆ। ਵੋਟਾਂ ਦੀ ਸਿਆਸਤ ਨੇ ਵੀ ਇਹਨੂੰ ਬਰਕਰਾਰ ਰੱਖਣ ਵਿੱਚ ਆਪਣਾ ਯੋਗਦਾਨ ਪਾਇਆ ਹੈ। ਇਹ ਗੱਲ ਪੱਥਰ ਤੇ ਲਕੀਰ ਵਾਂਗ ਸੱਚ ਹੈ ਕਿ ਖ਼ੇਤ-ਮਜ਼ਦੂਰ ਤੋਂ ਬਿਨਾਂ ਕਿਸਾਨ ਦੀ ਬੰਦ-ਖਲਾਸੀ ਨਹੀਂ ਹੋ ਸਕਦੀ। ਇਸ ਕਾਰਨ ਜਿੱਥੇ ਕਿਸਾਨ ਹੋਵੇਗਾ ਉੱਥੇ ਮਜ਼ਦੂਰ ਵੀ ਲਾਜ਼ਮੀ ਤੌਰ ਤੇ ਹੋਵੇਗਾ। ਬੇਸ਼ੱਕ ਮਸ਼ੀਨੀ ਯੁੱਗ ਵਿੱਚ ਕਿਸਾਨ ਦੀ ਮਜ਼ਦੂਰ ਤੇ ਨਿਰਭਰਤਾ ਘਟ ਗਈ ਹੈ ਪਰ ਛੇ ਸੱਤ ਸੌ ਸਾਲ ਪਹਿਲਾਂ ਜਦੋਂ ਕਦੇ ਪਿੰਡ ਵੱਸਿਆ ਹੋਵੇਗਾ ਤੇ ਜੰਗਲ-ਬੰਜਰ ਨੂੰ ਆਬਾਦ ਕੀਤਾ ਗਿਆ ਹੋਵੇਗਾ ਤਾਂ ਜੱਟ ਕਬੀਲਿਆਂ ਨੇ ਆਪਣੀ ਸਹਾਇਤਾ ਲਈ ਖ਼ੇਤ-ਮਜ਼ਦੂਰ (ਮਜ਼੍ਹਬੀ-ਸਿੱਖ), ਲੁਹਾਰ, ਤਰਖਾਣ, ਘੁਮਿਆਰ, ਮਹਿਰੇ ਅਤੇ ਜੁਲਾਹੇ ਆਦਿ ਹਰ ਤਰ੍ਹਾਂ ਦੇ ਕਿੱਤਾ-ਮਾਹਰਾਂ ਦੇ ਪਰਿਵਾਰਾਂ ਨੂੰ ਪਿੰਡ ਵਿੱਚ ਲਿਆ ਕੇ ਵਸਾਇਆ ਹੋਵੇਗਾ। ਨਾਹਰਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹਨਾਂ ਦੇ ਵਡੇਰੇ ਚਾਹਲਾਂ ਦੇ ਨਾਲ ਹੀ ਆਏ ਸਨ। ਸੁਰਸਿੰਘੀਆਂ ਬਾਰੇ ਜਿਵੇਂ ਕਿ ਨਾਂ ਤੋਂ ਹੀ ਸਪਸ਼ਟ ਹੁੰਦਾ ਹੈ ਕਿ ਇਹਨਾਂ ਦੇ ਵੱਡੇ-ਵਡੇਰੇ ਇਤਿਹਾਸਿਕ ਪਿੰਡ ਸੁਰਸਿੰਘ ਤੋਂ ਆਏ ਹੋਣਗੇ। ਗੋਧੇ ਕਿਆਂ ਬਾਰੇ ਕੋਈ ਪਤਾ ਨਹੀਂ ਲਗਦਾ। ਇੱਕ ਪਰਿਵਾਰ (ਮੇਵਾ ਸਿੰਘ ਫੌਜੀ ਦਾ) ਪਾਕਿਸਤਾਨ ਵਿਚਲੇ ਪਿੰਡ ਨਰਵੜ ਤੋਂ ਆ ਕੇ ਇੱਥੇ ਵੱਸਿਆ ਹੈ। ਮੁਢਲੇ ਦੌਰ ਵਿੱਚ ਤਾਂ ਇਹ ਮਜ਼ਦੂਰ ਕੇਵਲ ਖੇਤ-ਮਜ਼ਦੂਰੀ ਦੇ ਕੰਮ ਨਾਲ ਹੀ ਜੁੜੇ ਹੋਏ ਸਨ ਪਰ ਵੀਹਵੀਂ ਸਦੀ ਵਿੱਚ ਹੋਏ ਮਸ਼ੀਨੀਕਰਨ ਦੇ ਸਿੱਟੇ ਵਜੋਂ ਅਗਲੀ ਪੀੜ੍ਹੀ ਨੇ ਖੇਤਾਂ ਵਿੱਚ ਕੰਮ ਘਟ ਜਾਣ ਕਾਰਨ ਬਦਲਵੇਂ ਰੋਜ਼ਗਾਰ ਲੱਭ ਲਏ ਹਨ।

ਪੱਤੀਆਂ ਦੇ ਇਹ ਨਾਂ ਵੀ ਵਡੇਰਿਆਂ ਦੇ ਨਾਂ ਤੇ ਹਨ। ਕਿਸੇ ਦਾ ਵੀ ਘਰ ਲੱਭਣ ਲਈ ਪੱਤੀ ਤੇ ਅੱਲ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ। ਬੱਸ-ਅੱਡੇ ਤੋਂ ਸ਼ੁਰੂ ਹੋ ਕੇ ਇੱਕ ਚੌੜੀ ਗਲ਼ੀ ਚੜ੍ਹਦੇ ਤੋਂ ਲਹਿੰਦੇ ਵੱਲ ਜਾਂਦੀ ਪਿੰਡ ਨੂੰ ਸੱਜੇ-ਖੱਬੇ ਦੋ ਭਾਗਾਂ ਵਿੱਚ ਵੰਡਦੀ ਘਣੀਏ (ਘਨਈਏ) ਕੀ ਪੱਤੀ ਤੋਂ ਹੋ ਕੇ ਨੂਰ ਪੁਰ ਵਾਲੀ ਸੜਕ ਤੇ ਜਾ ਪਹੁੰਚਦੀ ਹੈ। ਪਿੰਡ ਦੇ ਆਲ਼ੇ-ਦੁਆਲ਼ੇ ਲੁੱਕ-ਬੱਜਰੀ ਵਾਲ਼ੀ ਪੱਕੀ ਫਿਰਨੀ ਬਣੀ ਹੋਈ ਹੈ। ਇੱਕ ਭੀੜੀ ਗਲ਼ੀ ਪੱਤੀ ਗੋਂਦ ਕੀ ਦੀ ਧਰਮਸ਼ਾਲਾ ਤੋਂ ਪਿੰਡ ਦੇ ਵਿਚਕਾਰ ਦੀ ਆਰ-ਪਾਰ ਹੁੰਦੀ ਹੋਈ ਦੱਖਣ ਵਾਲੀ ਬਾਹੀ ਫਿਰਨੀ ਤੇ ਜਾ ਚੜ੍ਹਦੀ ਹੈ। ਪਿੰਡ ਦੀ ਪਹਾੜ ਵਾਲੀ ਬਾਹੀ ਤੋਂ ਜੋ ਸੜਕ ਜੀਓਬਾਲ਼ੇ ਤੇ ਬਾਕੀ ਪੁਰ ਵੱਲੋਂ ਡਰੇਨ ਦਾ ਪੁਲ਼ ਪਾਰ ਕਰਕੇ ਪਿੰਡ 'ਚ ਆ ਵੜਦੀ ਹੈ



Scanned with OKEN Scanner

ਉਹ ਪੱਤੀ ਗੋਂਦ ਕੀ ਦੀ ਸੱਥ ਵੱਲ ਦੀ ਹੋ ਕੇ, ਘਣੀਏ ਕੀ ਪੱਤੀ ਲੰਘ ਕੇ, ਗੋਦੂ ਕੀ ਪੱਤੀ ਵਿਚ ਦੀ ਹੁੰਦੀ ਹੋਈ ਪਿੰਡ ਦੇ ਦੱਖਣ ਵੱਲ ਦੀ ਫਿਰਨੀ ਤੇ ਜਾ ਚੜ੍ਹਦੀ ਹੈ। ਪਿੰਡ ਦੀਆਂ ਗਲ਼ੀਆਂ ਲੱਗ ਭੱਗ ਪੱਕੀਆਂ ਹਨ ਤੇ ਕਿਨਾਰਿਆਂ ਤੇ ਨਾਲ਼ੀਆਂ ਵੀ ਬਣੀਆਂ ਹੋਈਆਂ ਹਨ। ਤਰਨ-ਤਾਰਨ ਸ਼ਹਿਰ ਵੱਲੋਂ ਆਉਂਦਿਆਂ ਬੱਸ ਅੱਡਾ ਲੰਘ ਕੇ ਪਿੰਡ ਦੇ ਬਾਹਰ ਬਾਹਰ ਦੱਖਣ ਵਾਲ਼ੀ ਬਾਹੀ ਤੋਂ ਪੱਕੀ ਸੜਕ ਪਿੰਡ ਦੇ ਲਹਿੰਦੇ ਬੰਨੇ ਘੁੰਮ ਕੇ ਅੱਗੋਂ ਸੱਜੇ ਮੁੜ ਕੇ ਨੂਰ ਪੁਰ ਵਾਲ਼ੀ ਸੜਕ ਤੇ ਜਾ ਚੜ੍ਹਦੀ ਹੈ ਪਰ ਸੱਜੇ ਮੁੜਨ ਦੀ ਥਾਂ ਜੇ ਸਿੱਧੇ ਜਾਈਏ ਤਾਂ ਗੁਰਦੁਆਰਾ ਬਾਬਾ ਜੋਗੀ ਪੀਰ ਪਹੁੰਚ ਜਾਂਦੀ ਹੈ।

ਪਿੰਡ ਦੀ ਤਕਰੀਬਨ ਹਰ ਪੱਤੀ ਦਾ ਆਪਣਾ ਗੁਰਦੁਆਰਾ ਜਾਂ ਧਰਮਸ਼ਾਲਾ ਹੈ ਜਿੱਥੇ ਗ੍ਰੰਥੀ ਸਿੰਘ ਸਵੇਰੇ ਸ਼ਾਮ ਨਿੱਤਨੇਮ ਦੀਆਂ ਬਾਣੀਆਂ ਪੜ੍ਹਦੇ ਹਨ ਤੇ ਲੋਕ ਸ਼ਰਧਾ-ਭਾਵਨਾ ਨਾਲ ਉਥੇ ਜਾਂਦੇ ਹਨ। ਆਪਣੇ ਸਮਾਜਿਕ ਕਾਰਾਂ-ਵਿਹਾਰਾਂ ਦੀ ਸਫ਼ਲਤਾ ਲਈ ਗੁਰੂ ਮਹਾਰਾਜ ਦਾ ਆਸਰਾ ਲੈਂਦੇ ਹਨ ਅਤੇ ਕੋਈ ਸੁੱਖ ਲਾਹੁਣ ਜਾਂ ਕਿਸੇ ਖ਼ੁਸ਼ੀ ਗਮੀ ਦੇ ਕਾਰਜ ਵੇਲ਼ੇ ਆਪਣੇ ਘਰ ਗੁਰੂ-ਮਹਾਰਾਜ ਦੇ ਚਰਨ ਪਵਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਇੱਥੋਂ ਲੈ ਕੇ ਜਾਂਦੇ ਹਨ। ਗੁਰਪੁਰਬ ਤੇ ਹੋਰ ਤਿਉਹਾਰ ਵੀ ਉੱਥੇ ਮਨਾਉਂਦੇ ਹਨ। ਦਹਾਕੇ ਪਹਿਲਾਂ ਇਹਨਾਂ ਸਾਂਝੀਆਂ ਥਾਵਾਂ ਤੇ ਛਾਂ ਵਾਸਤੇ ਪਿੱਪਲ-ਬੋਹੜ ਵਰਗੇ ਵੱਡੇ ਦਰਖਤ ਲੱਗੇ ਹੋਏ ਸਨ ਜਾਂ ਕਈ ਪੱਤੀਆਂ ਵਿੱਚ ਸਾਂਝੀ ਥਾਂ (ਸੱਥ) 'ਚ ਵਰਾਂਡੇ ਬਣਾ ਕੇ ਵੱਡੇ ਤਖ਼ਤਪੋਸ਼ ਰੱਖੇ ਹੁੰਦੇ ਸਨ ਜਾਂ ਪਿੱਪਲ-ਬੋਹੜ ਵਰਗੇ ਵੱਡੇ ਦਰਖਤਾਂ ਦੇ ਤਣੇ ਦੁਆਲੇ ਜ਼ਮੀਨ ਨਾਲੋਂ ਉੱਚੇ ਥੜ੍ਹੇ ਬਣਾਏ ਹੁੰਦੇ ਸਨ ਜਿਹਨਾਂ ਤੇ ਬਹਿ ਕੇ ਸਿਆਣੇ ਬਜ਼ੁਰਗ ਖੁੰਢ-ਚਰਚਾ ਕਰਿਆ ਕਰਦੇ ਸਨ ਜਾਂ ਤਾਸ਼ ਤੇ ਬਾਰਾਂ-ਟਾਂਕੂ ਵਰਗੀਆਂ ਖੇਡਾਂ ਖੇਡ ਕੇ ਮਨ-ਪ੍ਰਚਾਵਾ ਕਰਦੇ ਹੁੰਦੇ ਸਨ। ਹੁਣ ਵੀ ਪਿੰਡ ਵਾਲੇ ਅੱਡੇ ਤੇ ਕਸ਼ਮੀਰ ਸਿੰਘ ਦੀ ਡੇਹਰੀ ਦੇ ਸਾਹਮਣੇ ਗੁਰਦੁਆਰਾ ਕਮੇਟੀ ਤੇ ਪੰਚਾਇਤ ਦੇ ਸਹਿਯੋਗ ਨਾਲ ਇੱਕ ਸ਼ੈੱਡ ਬਣਾ ਕੇ ਹੇਠਾਂ ਇਕ ਵੱਡਾ ਤਖ਼ਤਪੋਸ਼ ਰੱਖਿਆ ਹੋਇਆ ਹੈ ਤੇ ਨਾਲ ਪਾਣੀ ਪੀਣ ਲਈ ਟੈਂਕੀ ਤੇ ਟੂਟੀਆਂ ਲੱਗੀਆਂ ਹੋਈਆਂ ਹਨ। ਅਜੇ ਵੀ ਕੁਝ ਲੋਕ ਇਹਨਾਂ ਥਾਂਵਾਂ ਤੇ ਸ਼ਾਮ-ਸਵੇਰੇ ਵਿਹਲ ਕੱਢ ਕੇ ਆਪਸੀ ਗੱਲ ਬਾਤ ਲਈ ਜੁੜ ਬਹਿੰਦੇ ਹਨ।

ਪਿੰਡ ਦੇ ਅੱਡੇ ਤੇ ਇਸ ਦੇ ਦੋਹੀਂ ਪਾਸੀਂ ਬਣੀਆਂ ਦੁਕਾਨਾਂ ਤੇ ਘਰਾਂ ਨੂੰ ਵੀ ਹੁਣ ਇੱਕ ਵੱਖਰੀ ਪੱਤੀ ਵਜੋਂ ਸਮਝਿਆ ਜਾਂਦਾ ਹੈ। ਅੱਡੇ ਤੇ ਮੁਸਾਫ਼ਰਾਂ ਦੀ ਸਹੂਲਤ ਲਈ ਬਣਿਆ ਮੁਸਾਫ਼ਰ-ਖ਼ਾਨਾ ਆਪਣੀ ਮਿਸਾਲ ਆਪ ਹੈ। ਕਿਸੇ ਵੀ ਹੋਰ ਪਿੰਡ ਦੇ ਅੱਡੇ ਤੇ ਇਹੋ ਜਿਹਾ ਸਹੂਲਤਾਂ ਵਾਲਾ ਸਥਾਨ ਵੇਖਣ ਨੂੰ ਨਹੀਂ ਮਿਲਦਾ ਜਿੱਥੇ ਬੈਠਣ ਲਈ ਵਿਸ਼ਾਲ ਹਵਾਦਾਰ, ਪੱਕੇ ਫ਼ਰਸ਼ ਤੇ ਸੀਮਿੰਟ ਦੇ ਬੈਂਚਾਂ ਵਾਲਾ ਬਰਾਂਡਾ, ਪੀਣ ਵਾਲੇ ਪਾਣੀ ਤੋਂ ਛੁੱਟ ਹਾਜ਼ਤ-ਰਫ਼ਤ ਲਈ ਸਾਫ਼-ਸੁਥਰੇ ਬਾਥ-ਰੂਮ ਤੇ ਟੁਆਇਲਟ ਦੀ ਵਿਵਸਥਾ ਹੋਵੇ। ਗਰਮੀ ਤੋਂ ਬਚਾਅ ਲਈ ਬਰਾਂਡੇ ਵਿੱਚ ਛੱਤ ਵਾਲੇ ਬਿਜਲੀ ਦੇ ਪੱਖੇ ਲੱਗੇ ਹੋਏ ਹਨ।


Scanned with OKEN Scanner

ਮੁਸਾਫ਼ਰ-ਖ਼ਾਨੇ ਵਾਲੀ ਥਾਂ ਕਾਫੀ ਖੁੱਲ੍ਹੀ ਹੈ। ਸ਼ਰਧਾ-ਭਾਵਨਾ ਵਾਲੇ ਪਿੰਡ ਦੇ ਲੋਕ ਇੱਥੇ ਹਰ ਮੱਸਿਆ/ਸੰਗਰਾਂਦ ਨੂੰ ਗੁਰੂ ਦਾ ਲੰਗਰ ਲਾਉਂਦੇ ਹਨ ਅਤੇ ਲੰਗਰ ਤਿਆਰ ਕਰਨ ਅਤੇ ਸੰਗਤ ਨੂੰ ਵਰਤਾਉਣ ਦੀ ਆਪ ਹੱਥੀਂ ਸੇਵਾ ਕਰਦੇ ਹਨ। ਇਹ ਸਾਰਾ ਪ੍ਰਬੰਧ ਮੇਰੇ ਪਿੰਡ ਦੇ ਲੋਕਾਂ ਦੀ ਸੇਵਾ-ਭਾਵਨਾ ਤੇ ਆਪਸੀ ਭਾਈਚਾਰੇ ਦਾ ਪ੍ਰਤੀਕ ਹੈ। ਦੁਆ ਕਰਦਾ ਹਾਂ ਕਿ ਪਿੰਡ-ਵਾਸੀਆਂ 'ਚ ਇਸੇ ਤਰ੍ਹਾਂ ਪਿਆਰ ਤੇ ਇਤਫ਼ਾਕ ਬਣਿਆ ਰਹੇ।

❒



Scanned with OKEN Scanner

# ਲੋਕਾਂ ਦੇ ਘਰ-ਬਾਹਰ ਤੇ ਕੰਮ-ਕਾਰ

ਕੋਈ ਵੀ ਪਿੰਡ ਵਸਾਉਣ ਵੇਲੇ ਸਿਆਣੇ ਬਜ਼ੁਰਗ ਕਈ ਗੱਲਾਂ ਦਾ ਧਿਆਨ ਰੱਖਦੇ ਸਨ ਜਿਵੇਂ ਪਿੰਡ ਵਾਲੀ ਥਾਂ ਦਾ ਉੱਚਾ ਹੋਣਾ, ਹੜ੍ਹਾਂ ਕਾਰਨ ਪਾਣੀ ਦੇ ਵਹਾਅ ਦਾ ਰੁਖ਼ ਤੇ ਬਰਸਾਤੀ ਪਾਣੀ ਦਾ ਨਿਕਾਸ, ਪਾਣੀ ਦੇ ਸੋਮਿਆਂ ਦੀ ਉਪਲੱਬਧੀ, ਖੇਤੀ-ਯੋਗ ਜ਼ਮੀਨ ਤੱਕ ਪਹੁੰਚ ਤੇ ਜੰਗਲੀ ਜਾਨਵਰਾਂ ਤੋਂ ਬਚਾਅ ਆਦਿ। ਇਸ ਪੱਖ ਤੋਂ ਸਾਡੇ ਪਿੰਡ ਦੀ ਸਥਿੱਤੀ ਕਾਫ਼ੀ ਸੁਰੱਖਿਅਤ ਹੈ। ਪਿੰਡ ਵਿਚਕਾਰੋਂ ਥੋੜ੍ਹਾ ਉੱਚਾ ਹੈ ਤੇ ਗਲ਼ੀਆਂ ਚੋਂ ਬਰਸਾਤੀ ਪਾਣੀ ਅਸਾਨੀ ਨਾਲ ਬਾਹਰ ਵੱਲ ਨਿੱਕਲ ਜਾਂਦਾ ਹੈ। ਬਰਸਾਤੀ ਪਾਣੀ ਦੀ ਸੰਭਾਲ਼ ਲਈ ਪਿੰਡ ਦੇ ਸਾਰੇ ਪਾਸੇ ਛੱਪੜ ਜਾਂ ਟੋਭੇ ਬਣੇ ਹੋਏ ਸਨ। ਚੜ੍ਹਦੇ ਪਾਸੇ ਗੁਰਦੁਆਰਾ ਬਾਬਾ ਵੀਰ ਸਿੰਘ ਦੇ ਨੇੜੇ ਅਤੇ ਘਣੀਏ ਕੀ ਪੱਤੀ ਵਾਲ਼ੇ ਡੂੰਘੇ ਛੱਪੜ ਅਜੇ ਵੀ ਮੌਜੂਦ ਹਨ। ਨਾਲ਼ੀਆਂ ਦਾ ਪਾਣੀ ਜੋ ਪੁਰਾਣੇ ਵੇਲਿਆਂ 'ਚ ਬਹੁਤ ਘੱਟ ਹੁੰਦਾ ਸੀ, ਵੀ ਇਹਨਾਂ ਛੱਪੜਾਂ ਵਿੱਚ ਜਾਂਦਾ ਸੀ। ਇਹਨਾਂ ਛੱਪੜਾਂ ਦੀ ਵਰਤੋਂ ਲੋਕ ਮਾਲ-ਡੰਗਰ ਨੂੰ ਪਾਣੀ ਪਿਲਾਉਣ ਤੇ ਨੁਹਾਉਣ ਲਈ ਵੀ ਕਰਦੇ ਸਨ। ਪੁਰਾਣੇ ਵੇਲ਼ਿਆਂ 'ਚ ਬੀਬੀਆਂ ਖੇਸ ਚਾਦਰਾਂ ਵਰਗੇ ਭਾਰੇ ਕੱਪੜੇ ਧੋਣ ਲਈ ਵੀ ਛੱਪੜਾਂ ਦਾ ਪਾਣੀ ਵਰਤ ਲੈਂਦੀਆਂ ਸਨ। ਛੋਟੇ ਬੱਚੇ ਨੰਗ-ਧੜੰਗੇ ਪਸ਼ੂਆਂ ਮਗਰ ਛੱਪੜਾਂ 'ਚ ਜਾ ਵੜਦੇ ਤੇ ਤਾਰੀਆਂ ਲਾ ਕੇ ਮਨੋਰੰਜਨ ਕਰਦੇ ਸਨ। ਪਿੰਡਾਂ ਦੇ ਛੱਪੜ ਵਾਧੂ ਪਾਣੀ ਦੀ ਜ਼ਮੀਨ ਵਿੱਚ ਚਾਰਜਿੰਗ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਰੱਖਣ ਵਿੱਚ ਵੀ ਸਹਾਇਕ ਹੁੰਦੇ ਸਨ।

ਪਹਾੜ ਵਾਲੀ ਬਾਹੀ ਦੋ ਤਿੰਨਾਂ ਪੱਤੀਆਂ ਦੇ ਘਰਾਂ ਦਾ ਬਰਸਾਤੀ ਪਾਣੀ ਰੋਹੀ ਵਿੱਚ ਜਾ ਪੈਂਦਾ ਸੀ। ਪੁਰਾਣੇ ਵੇਲਿਆਂ 'ਚ ਇਸ ਰੋਹੀ ਵਿੱਚ ਸਾਰਾ ਸਾਲ ਪਾਣੀ ਵਗਦਾ ਸੀ। ਅੱਧੇ ਪਿੰਡ ਦੇ ਲੋਕ ਆਪਣੇ ਪਸ਼ੂਆਂ ਨੂੰ ਪਾਣੀ ਪਿਆਉਣ ਤੇ ਨਵ੍ਹਾਉਣ ਲਈ ਰੋਹੀ ਵਿੱਚ ਜਾ ਵਾੜਦੇ ਸਨ। ਡੰਗਰਾਂ ਪਿੱਛੇ ਅਸੀਂ ਛੋਟੇ ਹੁੰਦਿਆਂ ਪਾਣੀ 'ਚ ਠਿੱਲ ਪੈਂਦੇ ਤੇ ਖੁੱਲ੍ਹੇ ਪਾਣੀ 'ਚ ਖ਼ੂਬ ਤਾਰੀਆਂ ਲਾਉਂਦੇ ਸਾਂ। ਕਈ ਵਾਰ ਰੋਹੀ ਦਾ ਗੰਦਾ ਪਾਣੀ ਸਾਡੇ ਮੂੰਹ 'ਚ ਵੀ ਪੈ ਜਾਂਦਾ ਸੀ। ਪਰ ਉਸ ਬੇ-ਪ੍ਰਵਾਹੀ ਵਾਲ਼ੀ ਉਮਰ 'ਚ ਇਸ ਗੱਲ ਦੀ ਕੌਣ ਪ੍ਰਵਾਹ ਕਰਦਾ ਸੀ। ਰੋਹੀ ਦੇ ਦੋਹੀਂ ਪਾਸੀਂ ਪਟੜੀਆਂ ਤੇ ਘਾਹ-ਬੂਟ ਉੱਗ ਆਉਂਦਾ ਸੀ ਜੋ ਪਸ਼ੂਆਂ ਨੂੰ ਚਾਰਨ ਦੇ ਕੰਮ ਆਉਂਦਾ ਸੀ। ਉਹ ਰੋਹੀ ਤਾਂ ਅੱਜ ਵੀ ਵਗਦੀ ਹੈ ਪਰ ਨਾ ਇਹਦੇ 'ਚ ਪੁਰਾਣੇ ਵਕਤਾਂ ਜਿੰਨਾ ਪਾਣੀ ਹੈ ਤੇ ਨਾ ਲੋਕਾਂ ਦੇ ਘਰੀਂ ਓਨੀਆਂ ਮੱਝਾਂ-



Scanned with OKEN Scanner

ਗਾਵਾਂ।

ਪੁਰਾਣੇ ਸਮਿਆਂ 'ਚ ਲੋਕਾਂ ਦੇ ਹਾਜ਼ਤ-ਰਫ਼ਤ ਕਰਨ ਲਈ ਘਰਾਂ 'ਚ ਲੈਟਰੀਨਾਂ ਨਹੀਂ ਹੁੰਦੀਆਂ ਸਨ ਤੇ ਉਹ ਜੰਗਲ-ਪਾਣੀ ਲਈ ਬਾਹਰ ਖੇਤਾਂ ਵਿੱਚ ਜਾਂਦੇ ਸਨ। ਲੋਕ ਕੱਪੜੇ ਵੀ ਘਰਾਂ 'ਚ ਬਹੁਤ ਘੱਟ ਧੋਂਦੇ ਸਨ ਇਸ ਕਾਰਨ ਛੱਪੜਾਂ ਵਿੱਚ ਮਨੁੱਖੀ ਮਲ਼-ਮੂਤਰ ਤੇ ਪਲੀਤ ਪਾਣੀ ਨਹੀਂ ਜਾਂਦਾ ਸੀ। ਉਸ ਵੇਲੇ ਘਰ ਬਹੁਤੇ ਕੱਚੀਆਂ ਕੰਧਾਂ ਵਾਲੇ ਹੁੰਦੇ ਸਨ ਇਸ ਲਈ ਕੰਧਾਂ ਤੇ ਛੱਤਾਂ ਲਿੰਬਣ ਲਈ ਉਹ ਲੋਕ ਇਹਨਾਂ ਛੱਪੜਾਂ ਚੋਂ ਮਿੱਟੀ ਕੱਢ ਕੇ ਵਰਤ ਲੈਂਦੇ ਸਨ ਤੇ ਛੱਪੜ ਆਪਣੇ ਆਪ ਡੂੰਘੇ ਹੁੰਦੇ ਰਹਿੰਦੇ ਸਨ। ਹੌਲੀ ਹੌਲੀ ਸਰਦੇ ਪੁੱਜਦੇ ਲੋਕਾਂ ਨੇ ਆਪਣੇ ਘਰ ਪੱਕੇ ਜਾਂ ਅੱਧ-ਪੱਕੇ ਬਣਾ ਲਏ। ਪਿੰਡ ਵਿੱਚ ਲੰਮਿਆਂ ਤੇ ਸ਼ਾਹਾਂ ਦੇ ਚੁਬਾਰੇ, ਜ਼ੈਲਦਾਰਾਂ ਦੇ ਮਹਿਲ, ਸੂਦਾਂ ਦੇ ਪੱਕੀ ਇੱਟ ਦੇ ਚੂਨੇ ਨਾਲ ਬਣੇ ਚੁਬਾਰੇ ਤੇ ਹੋਰ ਕਈ ਘਰਾਂ ਵਿੱਚ ਪੱਕੀਆਂ ਬੈਠਕਾਂ ਤੇ ਡਿਓਢੀਆਂ ਸਨ। ਮਾਡਰਨ ਢੰਗ ਦੀ ਸ਼ਹਿਰੀ ਨਕਸ਼ੇ ਅਨੁਸਾਰ ਇੱਕ ਕੋਠੀ ਚੰਨਣ ਸਿੰਘ ਹੌਲਦਾਰ ਨੇ ਪਿੰਡ ਦੇ ਵਿਚਕਾਰ ਬਣਾਈ ਸੀ ਪਰ ਉਹਦਾ ਮੁੰਡਾ ਹਰਿੰਦਰ ਸਿੰਘ ਜੰਗਲਾਤ ਵਿਭਾਗ ਵਿੱਚ ਅਫਸਰ ਹੋਣ ਕਾਰਨ ਉਹ ਬਣੀ ਬਣਾਈ ਕੋਠੀ ਆਪਣੇ ਰਿਸ਼ਤੇਦਾਰ ਸ੍ਰ. ਅਮਰ ਸਿੰਘ ਖੋਜੀ ਨੂੰ ਦੇ ਕੇ ਪਰਵਾਸ ਕਰ ਗਏ। ਹੁਣ ਤਾਂ ਬਹੁਤੇ ਲੋਕਾਂ ਨੇ ਸ਼ਹਿਰੀ ਕੋਠੀਆਂ ਵਾਂਗ ਹੀ ਪੱਕੇ ਘਰ ਛੱਤ ਲਏ ਹਨ। ਬਹੁਤੇ ਘਰਾਂ ਵਿੱਚ ਫ਼ਲੱਸ਼ ਬਣ ਗਏ ਹਨ ਤੇ ਘਰ ਘਰ ਮੱਛੀ ਮੋਟਰਾਂ ਲੱਗ ਗਈਆਂ ਹਨ। ਘਰਾਂ ਵਿੱਚ ਸਾਬਣ, ਸਰਫ਼ ਤੇ ਹੋਰ ਡਿਟਰਜੈਂਟਾਂ ਨਾਲ ਕੱਪੜੇ ਧੋਣ ਦਾ ਕੰਮ ਵਧ ਗਿਆ ਹੈ। ਹੁਣ ਨਾਲੀਆਂ ਰਾਹੀਂ ਜਿਹੜਾ ਗੰਦਾ ਪਾਣੀ ਛੱਪੜਾਂ ਵਿੱਚ ਜਾਂਦਾ ਹੈ, ਉਹ ਪਸ਼ੂਆਂ ਦੇ ਪੀਣ-ਯੋਗ ਨਹੀਂ ਹੁੰਦਾ। ਪਾਣੀ ਦਾ ਪੱਧਰ ਨੀਂਵਾਂ ਚਲੇ ਜਾਣ ਅਤੇ ਛੱਪੜਾਂ ਦੀ ਸਫ਼ਾਈ ਨਾ ਹੋਣ ਕਾਰਨ ਛੱਪੜ ਸੁੱਕ ਜਾਂਦੇ ਹਨ। ਇਸ ਕਾਰਨ ਛੱਪੜਾਂ ਦੀ ਵਰਤੋਂ ਪਹਿਲਾਂ ਵਾਂਗ ਲਾਹੇਵੰਦੀ ਨਹੀਂ ਰਹੀ। ਹੁਣ ਪੰਜਾਬ ਸਰਕਾਰ ਇਸ ਪਾਸੇ ਧਿਆਨ ਦੇ ਰਹੀ ਹੈ।

ਪੁਰਾਣੇ ਵੇਲ਼ਿਆਂ 'ਚ ਪੀਣ ਵਾਲੇ ਪਾਣੀ ਲਈ ਸਾਂਝੇ ਖੂਹ ਜਾਂ ਨਿੱਜੀ ਖੂਹੀਆਂ ਹੁੰਦੀਆਂ ਸਨ। ਅੱਡੇ ਵੱਲ ਰਿਖੀ ਵਾਲ਼ਾ ਖੂਹ, ਚੂਹੇ ਕਿਆਂ ਦੀ ਖੂਹੀ, ਗੋਂਦ ਕੀ ਪੱਤੀ ਵਿੱਚ ਦਰਗਾਹ ਵਾਲ਼ਾ ਖੂਹ, ਨਾਹਰਾਂ ਦੀ ਪੱਤੀ ਵਾਲ਼ੀ ਹਲ਼ਟੀ, ਘਣੀਏ ਕੀ ਖੂਹੀ, ਕੁਟੀਆ ਵਾਲ਼ਾ ਖੂਹ, ਮੱਢੂਆਂ ਦੇ ਘਰ ਕੋਲ ਧਰਮਸ਼ਾਲਾ ਵਾਲ਼ੀ ਖੂਹੀ, ਸੱਚੀਆਂ ਮਾਈਆਂ ਵਾਲ਼ੀ ਖੂਹੀ ਤੇ ਬੁੱਢੇ ਵਾਲ਼ਾ ਖੂਹ ਤੋਂ ਲੋਕ ਨਹਾਉਂਦੇ, ਕੱਪੜੇ ਧੋਂਦੇ ਤੇ ਪੀਣ ਵਾਲ਼ਾ ਪਾਣੀ ਲੈਂਦੇ ਸਨ। ਦਰਗਾਹ ਵਾਲ਼ਾ ਖੂਹ ਤੇ ਬੁੱਢੇ ਵਾਲ਼ਾ ਖੂਹ ਪਿੰਡ ਨੇੜਲੇ ਹਾਤਿਆਂ ਤੇ ਖੇਤਾਂ ਨੂੰ ਸਿੰਜਾਈ ਕਰਨ ਲਈ ਵੀ ਵਰਤੇ ਜਾਂਦੇ ਸਨ। ਲੋਕ ਆਪਣੀ ਵਾਰੀ ਨਾਲ ਬਲ਼ਦ ਜਾਂ ਝੋਟੇ ਜੋਤ ਕੇ ਖੂਹ ਵਾਹੁੰਦੇ ਸਨ। ਜਦੋਂ ਮੈਂ ਛੋਟਾ ਹੁੰਦਾ ਸਾਂ ਤਾਂ ਮੈਂ ਇਹਨਾਂ ਖੂਹਾਂ ਤੇ ਹਰ ਸਮੇਂ ਰੌਣਕ ਲੱਗੀ ਵਿੰਹਦਾ ਰਿਹਾ ਹਾਂ। ਫਿਰ ਨਲ਼ਕਿਆਂ ਦਾ ਜੁੱਗ ਆਇਆ ਤੇ ਬਹੁਤੇ ਘਰਾਂ



Scanned with OKEN Scanner

ਵਿੱਚ ਨਲ਼ਕੇ ਲੱਗ ਗਏ। ਸ਼ੁਰੂ ਸ਼ੁਰੂ ਵਿੱਚ ਤੀਹ ਕੁ ਫੁੱਟ ਡੂੰਘਾ ਬੋਰ ਕਰਕੇ ਨਲ਼ਕਾ ਲੱਗ ਜਾਂਦਾ ਸੀ। ਸਾਡੇ ਘਰਾਂ ਤੋਂ ਰੋਹੀ ਵੱਲ ਜਾਂਦਿਆਂ ਫਿਰਨੀ ਤੇ ਇੱਕ ਦੋ ਫੁੱਟ ਉੱਚਾ ਨਲ਼ਕਾ ਕਿਸੇ ਨੇ ਪੁੰਨਾਂ-ਰੱਥੀ ਲਵਾ ਛੱਡਿਆ ਸੀ ਜੋ ਬੁੱਕਾਂ-ਮੂੰਹੀਂ ਪਾਣੀ ਕੱਢਦਾ ਸੀ। ਲੋਕ ਜਦੋਂ ਜੰਗਲ਼-ਪਾਣੀ ਲਈ ਬਾਹਰ ਜਾਂਦੇ ਸਨ ਤਾਂ ਇਸ ਨਲ਼ਕੇ ਤੋਂ ਸਵੇਰੇ ਤੜਕੇ ਮੂੰਹ-ਹੱਥ ਧੋਂਦੇ ਤੇ ਦਾਤਣ-ਕੁਰਲਾ ਕਰਦੇ ਸਨ। ਸਹਿਜੇ ਸਹਿਜੇ ਖੂਹਾਂ ਦਾ ਜ਼ਮਾਨਾ ਵੀ ਜਾਂਦਾ ਰਿਹਾ ਤੇ ਇਹਨਾਂ ਦੀ ਥਾਂ ਬਿਜਲੀ ਵਾਲ਼ੇ ਟਿਊਬਵੈੱਲ ਲੱਗ ਗਏ।

ਪਿੰਡ ਵਸਾਉਣ ਵਾਲੇ ਸਿਆਣੇ ਲੋਕ ਆਪਣੇ ਪਿੰਡ ਵਿੱਚ ਕਿਸਾਨਾਂ ਤੋਂ ਬਿਨਾਂ ਆਪਣੀ ਸਹਾਇਤਾ ਲਈ ਹੋਰ ਮਜ਼ਦੂਰਾਂ, ਵੱਖ ਵੱਖ ਕਿੱਤਿਆਂ ਦੇ ਕਾਰੀਗਰਾਂ ਤੇ ਦਸਤਕਾਰਾਂ ਨੂੰ ਵੀ ਲਿਆ ਕੇ ਵਸਾਉਂਦੇ ਸਨ। ਇਹ ਕਾਰੀਗਰ ਜਾਂ ਦਸਤਕਾਰ ਆਪੋ ਆਪਣੇ ਪੇਸ਼ੇ ਵਿੱਚ ਨਿਪੁੰਨ ਹੁੰਦੇ ਸਨ ਤੇ ਇਹਨਾਂ ਦਾ ਕੰਮ ਕੋਈ ਹੋਰ ਸਧਾਰਨ ਬੰਦਾ ਨਹੀਂ ਸੀ ਕਰ ਸਕਦਾ। ਇਸ ਕਾਰਨ ਉਸ ਸਮੇਂ ਸਾਰੇ ਧੰਦੇ ਪਿਤਾ-ਪੁਰਖੀ ਚੱਲਦੇ ਸਨ ਭਾਵ ਲੁਹਾਰ ਦਾ ਪੁੱਤ ਲੁਹਾਰ, ਕਿਸਾਨ ਦਾ ਪੁੱਤ ਕਿਸਾਨ ਤੇ ਤਰਖਾਣ ਦਾ ਪੁੱਤ ਤਰਖਾਣ ਹੁੰਦਾ ਸੀ। ਸਮਾਜ ਵਿੱਚ ਇਹ ਵੰਡ ਪੇਸ਼ੇ ਦੇ ਅਧਾਰ ਤੇ ਹੁੰਦੀ ਸੀ ਜਿਸ ਨੂੰ ਬਾਅਦ ਵਿੱਚ ਜਾਤ ਨਾਲ ਜੋੜ ਦਿੱਤਾ ਗਿਆ। ਪਿੰਡ ਵਿੱਚ ਹਰ ਪੇਸ਼ੇ ਦੇ ਲੋਕ ਇੱਕ ਦੂਜੇ ਤੇ ਨਿਰਭਰ ਹੁੰਦੇ ਹੋਏ ਬੜੇ ਪਿਆਰ ਤੇ ਸਤਿਕਾਰ ਨਾਲ ਰਹਿੰਦੇ ਸਨ। ਇਹ ਸਾਰੇ ਲੋਕ ਲੋੜ ਵੇਲ਼ੇ ਇੱਕ ਦੂਜੇ ਦੇ ਕੰਮ ਆਉਂਦੇ ਸਨ। ਸਮਾਂ ਬੀਤਣ ਨਾਲ ਅਤੇ ਤਕਨੀਕੀ ਵਿਕਾਸ ਹੋਣ ਕਾਰਨ ਹੁਣ ਪਿਤਾ-ਪੁਰਖੀ ਧੰਦਿਆਂ ਵਾਲ਼ੀ ਗੱਲ ਨਹੀਂ ਰਹੀ। ਅਗਲੀ ਪੀੜ੍ਹੀ ਦੇ ਬੱਚਿਆਂ ਨੇ ਆਪਣੀ ਪੜ੍ਹਾਈ-ਸਿਖਲਾਈ ਤੇ ਇੱਛਾ ਮੁਤਾਬਕ ਬਦਲਵੇਂ ਕੰਮ-ਧੰਦੇ ਅਪਨਾ ਲਏ ਹਨ। ਕਿਸੇ ਸਮੇਂ 'ਉੱਤਮ ਖੇਤੀ, ਮਧਮ ਵਪਾਰ; ਨਖਿੱਧ ਚਾਕਰੀ, ਭੀਖ ਗੰਵਾਰ' ਦੀ ਕਹਾਵਤ ਮਸ਼ਹੂਰ ਸੀ ਪਰ ਹੁਣ ਜੱਟਾਂ ਦੇ ਪੁੱਤ ਖੇਤੀ ਛੱਡ ਕੇ ਦੁਕਾਨਾਂ ਪਾ ਕੇ ਵਪਾਰ ਕਰਨ ਲੱਗ ਪਏ ਹਨ, ਮਿਸਤਰੀਆਂ ਦੇ ਬੱਚਿਆਂ ਨੇ ਵਰਕਸ਼ਾਪਾਂ ਖੋਲ੍ਹ ਲਈਆਂ ਹਨ। ਕੋਈ ਸਰਕਾਰੀ ਜਾਂ ਗੈਰ-ਸਰਕਾਰੀ ਨੌਂਕਰੀ ਕਰ ਰਿਹਾ ਹੈ ਤੇ ਕੋਈ ਸ਼ਹਿਰੀ ਕਾਰਖ਼ਾਨਿਆਂ ਵਿੱਚ ਮਜ਼ਦੂਰੀ ਕਰਦਾ ਹੈ। ਨਵੀਂ ਪੀੜ੍ਹੀ ਵਿੱਚ ਵਿਦੇਸ਼ ਜਾਣ ਦੀ ਤਾਂਘ ਜ਼ੋਰ ਫੜ ਗਈ ਹੈ।

ਸਾਡੇ ਪਿੰਡ ਵਿੱਚ ਜੱਟ (ਕਿਸਾਨ), ਮਜ਼੍ਹਬੀ ਸਿੱਖ (ਮਜ਼ਦੂਰ), ਲੁਹਾਰ, ਤਰਖਾਣ, ਘੁਮਿਆਰ (ਪ੍ਰਜਾਪਤ), ਨਾਈ (ਰਾਜੇ), ਮਹਿਰੇ (ਪੈਂਚ), ਸੁਨਿਆਰੇ, ਬਾਜ਼ੀਗਰ, ਸਾਂਹਸੀ, ਮਰਾਸੀ ਆਦਿ ਹਰ ਪੇਸ਼ੇ ਨਾਲ ਸਬੰਧਿਤ ਲੋਕ ਵੱਸਦੇ ਹਨ। ਪਿੰਡ ਦੇ ਸਾਰੇ ਲੋਕ ਇੱਕ ਦੂਜੇ ਦੇ ਕੰਮ ਆਉਣ ਤੇ ਸਹਿਯੋਗ ਦੀ ਭਾਵਨਾ ਨਾਲ ਰਹਿੰਦੇ ਆਏ ਹਨ। ਪੁਰਾਣੇ ਵੇਲ਼ਿਆਂ 'ਚ ਹਰ ਪੱਤੀ ਦਾ ਆਪਣਾ ਲੁਹਾਰ, ਤਰਖਾਣ ਵੱਖਰਾ ਹੁੰਦਾ ਸੀ ਜੋ ਖੇਤੀ ਨਾਲ ਸਬੰਧਿਤ ਸੰਦ ਤੇ ਘਰੇਲੂ ਲੋੜ ਦੀਆਂ ਚੀਜ਼ਾਂ ਬਣਾਉਂਦਾ ਤੇ ਮੁਰੰਮਤ ਕਰਦਾ ਸੀ। ਇਸ ਕੰਮ ਬਦਲੇ ਕਿਸਾਨ ਉਹਨੂੰ ਹਾੜੀ-ਸਾਉਣੀ ਬੱਝਵਾਂ ਅਨਾਜ ਦੇਂਦੇ ਸਨ। ਇਸ



Scanned with OKEN Scanner

ਨੂੰ ਸੇਪ ਜਾਂ ਸੱਥਰੀ ਕਿਹਾ ਜਾਂਦਾ ਸੀ। ਪਿੰਡ ਦੇ ਬਹੁਤੇ ਲੋਕ ਜੱਟ ਬਰਾਦਰੀ ਨਾਲ ਸਬੰਧਿਤ ਹੋਣ ਕਰਕੇ ਮੁੱਖ ਕਿੱਤਾ ਖੇਤੀਬਾੜੀ ਹੈ। ਪਿੰਡ ਦੀ ਸਾਰੀ ਵਾਹੀ-ਯੋਗ ਜ਼ਮੀਨ ਉਪਜਾਊ ਹੈ। ਪੁਰਾਣੇ ਵੇਲਿਆਂ 'ਚ ਸਿੰਜਾਈ ਦੇ ਸਾਧਨ ਕੇਵਲ ਖੂਹ ਜਾਂ ਬਰਸਾਤ ਹੋਣ ਕਾਰਨ ਰੋਹੀਓਂ ਪਾਰ ਕੁਝ ਜ਼ਮੀਨ ਕੱਲਰ ਵਾਲ਼ੀ ਤੇ ਨੂਰ ਪੁਰ ਤੇ ਗੁਰਦੁਆਰਾ ਅਗਾੜਾ-ਪਿਛਾੜਾ ਵੱਲ ਕੁਝ ਰੇਤਲੀ ਹੁੰਦੀ ਸੀ ਜਿੱਥੇ ਕੰਡਿਆਂ ਵਾਲ਼ੀ ਪੋਹਲ਼ੀ ਉੱਗਦੀ ਸੀ। ਪਰ ਹੁਣ ਬਿਜਲੀ ਦਾ ਪਸਾਰ ਹੋ ਜਾਣ ਤੇ ਟਿਊਬਵੈੱਲ ਲੱਗ ਜਾਣ ਕਾਰਨ ਸਾਰੀ ਜ਼ਮੀਨ ਬਰਾਬਰ ਉਪਜਾਊ ਤੇ ਬਹੁ-ਫ਼ਸਲੀ ਹੋ ਗਈ ਹੈ। ਨਹਿਰੀ ਪਾਣੀ ਕੇਵਲ ਪਿੰਡ ਦੇ ਚੜ੍ਹਦੇ ਤੇ ਦੱਖਣ ਵਾਲੇ ਪਾਸੇ ਥੋੜ੍ਹੀ ਜ਼ਮੀਨ ਨੂੰ ਲਗਦਾ ਸੀ, ਬਾਕੀ ਸਾਰੀ ਜ਼ਮੀਨ ਖੂਹਾਂ ਦੁਆਰਾ ਹੀ ਸਿੰਜੀ ਜਾਂਦੀ ਸੀ। ਇਸ ਕਾਰਨ ਕੁਝ ਖੁੱਲ੍ਹੀਆਂ ਚਰਾਂਦਾਂ ਵੀ ਹੁੰਦੀਆਂ ਸਨ ਜਿੱਥੇ ਲੋਕ ਵੱਗ ਚਾਰਦੇ ਸਨ। ਸੂਦਾਂ ਵਾਲ਼ਾ ਖੂਹ, ਤੇਲੀਆਂ ਵਾਲ਼ਾ, ਅਰਾਈਆਂ ਵਾਲ਼ਾ, ਅਤਰੀ ਵਾਲ਼ਾ, ਬੁੱਢੇ ਵਾਲ਼ਾ, ਦਸੀਂਹਾਂ ਵਾਲ਼ਾ, ਸ਼ਾਹਵਾਂ ਦਾ, ਰੜੇ ਵਾਲਾ ਤੇ ਖਡੱਲ ਆਦਿ ਖੂਹ ਰਾਤ ਦਿਨ ਚੱਲਦੇ ਰਹਿੰਦੇ ਸਨ ਤੇ ਜੱਟ ਵਾਰੀਆਂ ਬੰਨ੍ਹ ਕੇ ਖੂਹ ਵਾਹੁੰਦੇ ਸਨ। ਜੱਟਾਂ ਤੇ ਸੀਰੀਆਂ ਦੀ ਉਮਰ ਬਹੁਤੀ ਖੂਹਾਂ ਤੇ ਹੀ ਲੰਘਦੀ ਸੀ। ਹੁਣ ਜ਼ਮਾਨਾ ਬਦਲ ਗਿਆ ਹੈ, ਸਾਰੀ ਸਿੰਜਾਈ ਟਿਊਬਵੈੱਲਾਂ ਰਾਹੀਂ ਹੁੰਦੀ ਹੈ ਤੇ ਕਿਤੇ ਮਰਲਾ ਜ਼ਮੀਨ ਵੀ ਖਾਲੀ ਨਹੀਂ ਰਹੀ ਇਸ ਕਾਰਨ ਪਸ਼ੂ ਚਾਰਨ ਲਈ ਰੋਹੀ ਦੇ ਕਿਨਾਰਿਆਂ ਬਿਨਾਂ ਹੋਰ ਕੋਈ ਚਰਾਂਦ ਨਜ਼ਰ ਨਹੀਂ ਆਉਂਦੀ।

**ਵਾਹੀ-ਖੇਤੀ ਤੇ ਮੁੱਖ ਫ਼ਸਲਾਂ :-**

ਪੁਰਾਣੇ ਵੇਲਿਆਂ 'ਚ ਹਾੜ੍ਹੀ ਦੀਆਂ ਫ਼ਸਲਾਂ ਕਣਕ, ਛੋਲੇ, ਜੌਂ, ਸਰੋਂ, ਬਰਸੀਮ ਆਦਿ ਤੇ ਸਾਉਣੀ ਦੀਆਂ ਫ਼ਸਲਾਂ ਤੋਰੀਆ, ਕਪਾਹ, ਕਮਾਦ, ਮੱਕੀ, ਚਰ੍ਹੀ-ਬਾਜਰਾ, ਤਿਲ ਤੇ ਹਰ-ਹਰ ਆਦਿ ਹੁੰਦੀਆਂ ਸਨ। ਸਬਜ਼ੀਆਂ ਲਈ ਕੱਦੂ, ਟੀਂਡੇ, ਭਿੰਡੀ, ਬਤਾਊਂ, ਕਰੇਲੇ, ਮੂਲੀਆਂ, ਗਾਜਰਾਂ, ਆਲੂ, ਮਟਰ, ਮੇਥੀ, ਪਾਲਕ, ਸ਼ਲਗਮ ਤੇ ਸਾਗ ਲਈ ਦੇਸੀ ਸ਼ਰ੍ਹੋਂ ਆਦਿ ਰਿਵਾਇਤੀ ਫ਼ਸਲਾਂ ਬੀਜੀਆਂ ਜਾਂਦੀਆਂ ਸਨ। ਬਲ਼ਦਾਂ ਨਾਲ ਹਲ਼ ਜੋਤੇ ਜਾਂਦੇ ਸਨ। ਬਹੁਤੇ ਜੱਟਾਂ ਕੋਲ ਇੱਕ ਤੇ ਕਈਆਂ ਕੋਲ਼ ਬਲ਼ਦਾਂ ਦੀਆਂ ਦੋ ਜੋਗਾਂ ਹੁੰਦੀਆਂ ਸਨ। ਖੇਤੀ ਕਰਨਾ ਮਿਹਨਤ ਵਾਲ਼ਾ ਕੰਮ ਸੀ ਤੇ ਵਾਹੁਣ-ਬੀਜਣ ਵਿੱਚ ਕਾਫ਼ੀ ਸਮਾਂ ਲਗਦਾ ਸੀ। ਲੋਕ ਬਲਦਾਂ, ਝੋਟਿਆਂ ਨਾਲ ਹਲ਼ ਵਾਹੁੰਦੇ, ਸੁਹਾਗਾ ਮਾਰਦੇ, ਜਿੰਦਰੇ ਨਾਲ ਵੱਟਾਂ ਪਾਉਂਦੇ, ਰੰਬੇ-ਕੱਸੀਆਂ ਨਾਲ ਗੋਡੀ ਕਰਦੇ, ਦਾਤਰੀਆਂ ਨਾਲ ਫ਼ਸਲ ਦੀ ਹੱਥੀਂ ਕਟਾਈ (ਵਾਢੀ) ਕਰਦੇ, ਭਰੀਆਂ ਬੰਨ੍ਹਦੇ ਤੇ ਖਿਲਵਾੜੇ ਲਾਉਂਦੇ, ਪਸ਼ੂਆਂ ਦੀ ਮਦਦ ਨਾਲ ਹੱਥੀਂ ਪੱਕੀ ਹੋਈ ਫ਼ਸਲ ਗਾਹੁੰਦੇ ਤੇ ਊਠਾਂ, ਘੋੜਿਆਂ, ਖੋਤਿਆਂ ਤੇ ਗੱਡਿਆਂ ਦੀ ਮਦਦ ਨਾਲ ਅੰਨ-ਦਾਣਾ ਤੇ ਤੂੜੀ-ਤੰਦ ਘਰ ਢੋਂਦੇ ਸਨ। ਖੇਤੀ ਦੇ ਪੁਰਾਣੇ ਢੰਗ ਤੇ ਦੇਸੀ ਰੂੜੀ ਦੀ



Scanned with OKEN Scanner

ਵਰਤੋਂ ਕੀਤੀ ਜਾਂਦੀ ਸੀ। ਲੋਕ ਜੀਅ ਤੋੜ ਕੇ ਖੇਤਾਂ ਵਿੱਚ ਮਿਹਨਤ ਕਰਦੇ ਸਨ ਤੇ ਖੁੱਲ੍ਹਾ ਖਾਂਦੇ-ਪੀਂਦੇ ਸਨ। ਹਰ ਘਰ ਲਵੇਰਾ ਹੁੰਦਾ ਸੀ ਤੇ ਦੁੱਧ ਵੇਚਣਾ ਚੰਗਾ ਨਹੀਂ ਸੀ ਸਮਝਿਆ ਜਾਂਦਾ।

ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦਿਆਂ ਮੇਰੇ ਪਿੰਡ ਦੇ ਕਈ ਕਿਸਾਨ ਬਲ਼ਦਾਂ ਗਲ਼ ਪੰਜਾਲ਼ੀਆਂ ਪਾ ਟੱਲੀਆਂ ਦੀ ਛਣਕਾਰ ਨਾਲ ਖੇਤਾਂ ਨੂੰ ਤੁਰ ਪੈਂਦੇ ਸਨ ਅਤੇ ਸਵਾਣੀਆਂ ਦੁੱਧ ਰਿੜਕਣੇ ਪਾ ਕੇ ਮਧਾਣੀਆਂ ਦੀ ਘੁੰਮਕਾਰ ਨਾਲ ਬਾਬੇ ਦੀ ਬਾਣੀ ਉਚਾਰਦੀਆਂ ਸਨ। ਕਿਸਾਨ ਬਲ਼ਦਾਂ ਮਗਰ ਪਾਏ ਲੱਕੜ ਜਾਂ ਲੋਹੇ ਦੇ ਹਲ਼ਾਂ ਨਾਲ ਖੇਤ ਵਾਹ ਕੇ ਬਿਜਾਈ ਕਰਦੇ ਸਨ। ਬਿਜਾਈ, ਗੋਡੀ-ਚਾਕੀ, ਵਾਢੀ ਤੇ ਗਹਾਈ ਦੇ ਕੰਮ ਵਿੱਚ ਉਹ ਵਿਹੜੇ ਚੋਂ ਮਜ਼ਦੂਰ ਭਰਾਵਾਂ ਨੂੰ ਸੱਦ ਲੈਂਦੇ ਸਨ। ਮਜ਼ਦੂਰਾਂ ਲਈ ਵੀ ਉਦੋਂ ਰੋਜ਼ੀ ਦਾ ਸਾਧਨ ਕੇਵਲ ਖੇਤ-ਮਜ਼ਦੂਰੀ ਹੀ ਹੁੰਦਾ ਸੀ। ਵਾਢੀ ਜਾਂ ਗੋਡੀ ਕਰਨ ਲਈ ਖੇਤ ਦੇ ਬੰਨੇ ਬਹਿ ਕੇ ਪਰਾਤਾਂ ਮੱਲੀਆਂ ਜਾਂਦੀਆਂ ਤੇ ਫਿਰ ਤੇਜ਼ੀ ਨਾਲ ਕੰਮ ਕਰਦਿਆਂ ਅੱਗੇ ਨਿਕਲਣ ਦੀ ਰੀਝ ਹੁੰਦੀ ਸੀ। ਪੱਕੀ ਫ਼ਸਲ ਵੱਢਣ ਲਈ, ਕਈ ਵਾਰ ਮੰਗ ਪਾ ਕੇ ਇਕੱਠੇ ਹੋ ਕੇ, ਵਾਰੀ ਵਾਰੀ ਵੱਢ ਲੈਂਦੇ ਤੇ ਇਸੇ ਤਰ੍ਹਾਂ ਗਾਹ ਲੈਂਦੇ ਸਨ। ਕਣਕ ਵੱਢ ਕੇ ਖਿਲਵਾੜੇ ਲਾ ਲੈਂਦੇ ਸਨ, ਵਾਢੀ ਖ਼ਤਮ ਕਰਦਿਆਂ ਦੋ ਚਾਰ ਮਰਲੇ ਖੜੀ ਕਣਕ ਛੀਓੜੰਭਾ ਛੱਡ ਦੇਂਦੇ ਸਨ। ਬੱਚੇ ਤੇ ਗਰੀਬ-ਗੁਰਬੇ ਛੀਓੜੰਭੇ ਵਾਲੀ ਕਣਕ ਦੇ ਸਿੱਟੇ ਤੋੜ ਕੇ ਭੋਰ ਲੈਂਦੇ ਸਨ। ਫਿਰ ਲੋਕ ਬਲਦਾਂ, ਊਠਾਂ ਪਿੱਛੇ ਫਲ੍ਹੇ ਪਾ ਕੇ ਗਾਹੀ ਜਾਂਦੇ, ਸਲੰਘ ਨਾਲ ਨਾੜ ਦੀ ਚੱਕ-ਥੱਲ ਕਰਦੇ ਤੇ ਗਾਹ ਕੇ ਬਰੀਕ ਕੀਤੇ ਨਾੜ ਦੀ ਪਿੜ ਦੇ ਵਿਚਕਾਰ ਧੜ (ਢੇਰ) ਉੱਚੀ ਕਰੀ ਜਾਂਦੇ ਸਨ। ਪੁਰੇ ਦੀ ਹਵਾ ਚੱਲਦੀ ਤਾਂ ਧੜਾਂ ਤੰਗਲ਼ੀ ਤੇ ਛੱਜਲੀ ਨਾਲ ਉਡਾ ਕੇ ਤੂੜੀ ਤੇ ਦਾਣੇ ਵੱਖ ਕਰ ਕੇ ਘਰੀਂ ਲੈ ਜਾਂਦੇ ਸਨ। ਛੋਟੇ ਬੱਚਿਆਂ ਨੂੰ ਬੋਹਲ ਤੋਂ ਰਿੜੀ ਦਿੱਤੀ ਜਾਂਦੀ ਸੀ। ਉਹ ਚੁੰਗੀਆਂ ਮਾਰਦੇ ਹੱਟੀਆਂ ਨੂੰ ਭੱਜ ਜਾਂਦੇ ਤੇ ਗੁਲਾਬ-ਗੱਟਾ ਜਾਂ ਮੁਰਮੁਰਾ ਲੈ ਕੇ ਖਾਂਦੇ ਸਨ।

ਇਸੇ ਤਰ੍ਹਾਂ ਮੱਕੀ ਵੱਢ ਕੇ ਗੁਹਾਰੇ ਲਾਉਂਦੇ, ਬਾਅਦ 'ਚ ਛੱਲੀਆਂ ਕੱਢ ਕੇ ਕੁੱਟਦੇ ਤੇ ਮੱਕੀ ਦੇ ਦਾਣਿਆਂ ਨਾਲ ਬੋਰੀਆਂ ਭਰਦੇ ਸਨ, ਤੋਰੀਆ ਵੱਢ ਕੇ ਕੁੰਨੂ ਲਾਉਂਦੇ ਤੇ ਵਿਹਲੇ ਹੋ ਕੇ ਗਾਹ ਲੈਂਦੇ ਸਨ। ਸਿਆਲ ਆਉਂਦਾ ਤਾਂ ਚਾਰੇ ਪਾਸੇ ਕਮਾਦ ਦੀ ਛੇਲੀ ਪੈਂਦੀ, ਚੁੰਭੇ ਤੇ ਕੜਾਹੇ ਤਪਦੇ ਤੇ ਗੰਡ ਤੋਂ ਬਣਦੇ ਤਾਜ਼ਾ ਗੁੜ ਦੀ ਮਹਿਕ ਆਉਂਦੀ ਸੀ। ਗੰਡ ਤੇ ਬਹਿ ਕੇ ਹਰ ਕੋਈ ਗੁੜ ਖਾ ਸਕਦਾ ਸੀ, ਕਿਸੇ ਨੂੰ ਮੱਥੇ ਵੱਟ ਨਹੀਂ ਸੀ ਪਾਇਆ ਜਾਂਦਾ। ਅੱਸੂ-ਕੱਤੇਂ ਦੇ ਦਿਨਾਂ 'ਚ ਮੱਕੀ ਦੀਆਂ ਛੱਲੀਆਂ ਨੂੰ ਦੋਧਾ ਪੈਂਦਾ ਤਾਂ ਲੋਕ ਧੂਣੀ ਬਾਲ਼ ਕੇ ਛੱਲੀਆਂ ਭੁੰਨ ਕੇ ਚੱਬਦੇ ਤੇ ਚੇਤ ਦੇ ਮਹੀਨੇ ਖੇਤਾਂ 'ਚ ਛੋਲੀਆ ਹੋ ਜਾਂਦਾ ਤਾਂ ਹੋਲ਼ਾਂ ਭੁੰਨ ਕੇ ਚੱਬਦੇ ਸਨ। ਕੋਈ ਕੋਈ ਕਿਸਾਨ ਖ਼ਰਬੂਜ਼ੇ ਬੀਜ ਕੇ ਖੇਤ ਵਿੱਚ ਕੁੱਲੀ ਪਾ ਕੇ ਵੇਚ ਲੈਂਦਾ ਸੀ। ਪਿੰਡ ਵਿੱਚ ਸਾਂਝੀਆਂ ਥਾਂਵਾਂ ਤੇ ਪਿੱਪਲ-ਬੋਹੜ



Scanned with OKEN Scanner

ਤੇ ਖੇਤਾਂ ਵਿੱਚ ਕਿੱਕਰਾਂ, ਟਾਹਲੀਆਂ, ਬੇਰੀਆਂ, ਧਰੇਕਾਂ, ਨਿੰਮਾਂ, ਅੰਬ, ਜਾਮਨ ਤੇ ਲਸੂੜੇ ਆਦਿ ਦੇ ਦਰਖਤ ਦੂਰੋਂ ਨਜ਼ਰ ਆਉਂਦੇ ਸਨ। ਰਾਹਾਂ ਤੇ ਵੀ ਲੋਕ ਰਾਹੀਆਂ ਲਈ ਪੁੰਨਾ-ਰੱਥੀ ਛਾਂ-ਦਾਰ ਦਰਖਤ ਤੇ ਪਾਣੀ ਪੀਣ ਲਈ ਨਲਕੇ ਲਵਾਉਂਦੇ ਸਨ। ਖੇਤਾਂ ਤੋਂ ਤੂੜੀ-ਤੰਦ ਤੇ ਨੀਰਾ-ਚਾਰਾ ਘਰ ਢੋਣ ਲਈ ਲੋਕ ਪਹਿਲਾਂ ਗੱਡੇ, ਊਠ ਜਾਂ ਗਧੇ-ਘੋੜੇ ਵਰਤਦੇ ਸਨ ਫਿਰ ਇਕ ਬੈਲ ਵਾਲ਼ੀ ਰਿਹੜੀ ਜਾਂ ਸਿਰ ਤੇ ਪੰਡਾਂ ਢੋਈਆਂ ਜਾਂਦੀਆਂ ਸਨ।

ਸਮਾਂ ਬਦਲਿਆ ਤਾਂ ਸਭ ਕੁਝ ਬਦਲ ਗਿਆ ਹੈ। ਹੁਣ ਮੂੰਹ-ਹਨੇਰੇ ਹਲ਼ ਜੋਤਣ ਦੀ ਥਾਂ ਸਿਆਣੇ ਲੋਕ ਗੁਰਦੁਆਰੇ ਜਾਂਦੇ ਹਨ ਤੇ ਨੌਜਵਾਨ ਅਕਸਰ ਬਿਸਤਰੇ ਚੋਂ ਲੇਟ ਉੱਠਦੇ ਹਨ। ਬਲ਼ਦਾਂ ਦੀ ਥਾਂ ਟਰੈਕਟਰਾਂ ਨੇ ਲੈ ਲਈ ਹੈ ਤੇ ਵੱਢਣ-ਗਾਹੁਣ ਲਈ ਮਸ਼ੀਨਾਂ ਆ ਗਈਆਂ ਹਨ। ਹੁਣ ਮੇਰੇ ਪਿੰਡ ਦੇ ਗੱਭਰੂ ਦਿਨ ਚੜ੍ਹੇ ਟਰੈਕਟਰ ਖੇਤ 'ਚ ਲੈ ਕੇ ਜਾਂਦੇ ਹਨ ਤੇ ਕੁਝ ਘੰਟਿਆਂ ਵਿੱਚ ਹੀ ਕਈ ਪੈਲ਼ੀਆਂ ਵਾਹ ਲੈਂਦੇ ਹਨ। ਬਲ਼ਦਾਂ ਗਲ਼ ਟੱਲੀਆਂ ਦੀ ਥਾਂ ਟਰੈਕਟਰਾਂ ਤੇ ਡੀ ਜੇ ਵੱਜਦੇ ਹਨ। ਹੱਥੀਂ ਕਰਨ ਲਈ ਵਹਾਈ-ਬੀਜਾਈ ਤੇ ਗੋਡੀ-ਵਾਢੀ ਦਾ ਕੰਮ ਨਹੀਂ ਰਿਹਾ। ਸਾਰਾ ਕੰਮ ਮਸ਼ੀਨੀ ਹੋ ਗਿਆ ਹੈ। ਲੱਕੜ ਦੇ ਜਿੰਦਰੇ ਨਾਲ ਪੈਲ਼ੀ 'ਚ ਵੱਟਾਂ ਪਾਉਣ ਦਾ ਕੰਮ ਵੀ ਹੁਣ ਟਰੈਕਟਰ ਤੋਂ ਹੀ ਲਿਆ ਜਾਂਦਾ ਹੈ। ਖ਼ਾਲ਼ ਖਾਲਣ ਦੀ ਥਾਂ ਟੂ-ਫੋਰ ਡੀ ਪਾ ਕੇ ਸਾਰ ਲੈਂਦੇ ਹਨ। ਮੁੱਕਦੀ ਗੱਲ ਇਹ ਹੈ ਕਿ ਹੱਥੀਂ ਕਿਰਤ ਦੇ ਖੁੱਸ ਜਾਣ ਕਾਰਨ ਹੁਣ ਲੋਕਾਂ ਦੀ ਸਰੀਰਕ ਤੰਦਰੁਸਤੀ ਘਟ ਰਹੀ ਹੈ ਤੇ ਬਿਮਾਰੀਆਂ ਦਾ ਪ੍ਰਕੋਪ ਵਧ ਰਿਹਾ ਹੈ। ਮੱਕੀ, ਕਮਾਦ ਤੇ ਸਰ੍ਹੋਂ-ਤੋਰੀਏ ਦੀ ਫ਼ਸਲ ਨਾਂਹ ਦੇ ਬਰਾਬਰ ਹੈ। ਇਕ ਦੋ ਕਿਸਾਨ ਆਲੂ, ਮਟਰ, ਭਿੰਡੀ, ਬੈਂਗਣ ਤੇ ਕੱਦੂ-ਕਰੇਲੇ ਆਦਿ ਸਬਜ਼ੀ ਦੀ ਕਾਸ਼ਤ ਕਰਦੇ ਹਨ। ਕਿਤੇ ਕਿਤੇ ਕਣਕ ਵੱਢ ਕੇ ਮਾਂਹ ਤੇ ਮੂੰਗੀ ਦੀ ਫ਼ਸਲ ਵੀ ਬੀਜੀ ਜਾ ਰਹੀ ਹੈ ਤੇ ਕਿਤੇ ਕਿਤੇ ਹਾੜ੍ਹ-ਮੱਕੀ (ਚਾਰੇ ਲਈ) ਵੀ ਵਿਖਾਈ ਦੇਂਦੀ ਹੈ। ਪਸ਼ੂਆਂ ਦੇ ਚਾਰੇ ਲਈ ਲੋੜ ਅਨੁਸਾਰ ਜਵਾਰ-ਬਾਜਰਾ, ਮੱਕੀ-ਸਵਾਂਕ ਤੇ ਬਰਸੀਮ ਆਦਿ ਬੀਜੇ ਜਾਂਦੇ ਹਨ। ਮੁੱਖ ਫ਼ਸਲ ਹੁਣ ਕੇਵਲ ਕਣਕ-ਝੋਨੇ ਦੀ ਰਹਿ ਗਈ ਹੈ। ਕਟਾਈ-ਗਹਾਈ ਲਈ ਕੰਬਾਈਨਾਂ ਤੇ ਰੀਪਰ ਆ ਗਏ ਹਨ। ਦਿਨਾਂ ਦਾ ਕੰਮ ਘੰਟਿਆਂ ਵਿੱਚ ਨਿੱਬੜ ਜਾਂਦਾ ਹੈ। ਬਹੁਤੇ ਲੋਕਾਂ ਨੇ ਮਾਲ-ਡੰਗਰ ਜਾਂ ਲਵੇਰਾ ਰੱਖਣਾ ਘਟਾ ਦਿੱਤਾ ਹੈ। ਕੁਝ ਲੋਕ ਸਹਾਇਕ ਧੰਦੇ ਵਜੋਂ ਮੱਝਾਂ-ਗਾਂਵਾਂ ਰੱਖ ਕੇ ਡੇਹਰੀ ਤੇ ਦੁੱਧ ਪਾ ਕੇ ਆਪਣੀ ਆਮਦਨ ਵਿੱਚ ਵਾਧਾ ਕਰਦੇ ਹਨ। ਜਿਹੜੇ ਲੋਕ ਘਰ ਵਿੱਚ ਲਵੇਰਾ ਡੰਗਰ ਨਹੀਂ ਰੱਖਦੇ ਉਹ ਆਪਣੀ ਲੋੜ ਲਈ ਦੁੱਧ ਮੁੱਲ ਲੈਂਦੇ ਹਨ। ਅਜਿਹੇ ਲੋਕਾਂ ਦੀ ਸਹੂਲਤ ਲਈ ਪਿੰਡ 'ਚ ਤਿੰਨ ਚਾਰ ਦੁੱਧ ਦੀਆਂ ਡੇਹਰੀਆਂ ਖੁੱਲ੍ਹ ਗਈਆਂ ਹਨ।

**ਘਰ-ਬਾਹਰ :-**

ਪਿਛਲੇ ਕੁਝ ਸਾਲਾਂ ਤੋਂ ਜੱਟਾਂ ਦਾ ਪਿੰਡ ਦੀ ਥਾਂ ਖੇਤਾਂ ਵਿੱਚ ਮਕਾਨ ਬਣਾਉਣ ਦਾ ਰੁਝਾਨ ਵਧਿਆ ਹੈ। ਪਿੰਡ ਦੇ ਆਲ਼ੇ-ਦੁਆਲ਼ੇ ਨਿਗਾਹ ਮਾਰਨ ਤੇ ਆਲ੍ਹੀਸ਼ਾਨ ਤੇ ਸ਼ਾਨਦਾਰ ਆਧੁਨਿਕ ਕੋਠੀਆਂ ਵੇਖ ਕੇ ਮਨ ਖ਼ੁਸ਼ ਹੋ ਜਾਂਦਾ ਹੈ ਅਤੇ ਪਤਾ ਲਗਦਾ ਹੈ ਕਿ ਮੇਰੇ ਪਿੰਡ ਦੇ ਕਿਸਾਨ ਪੰਜਾਬ ਦੇ ਕਿਸੇ ਵੀ ਹੋਰ ਪਿੰਡ ਨਾਲੋਂ ਪਿੱਛੇ ਨਹੀਂ ਹਨ ਜਿਹਨਾਂ ਨੇ ਮਣਾਂ-ਮੂੰਹੀ ਅਨਾਜ ਪੈਦਾ ਕਰਕੇ ਨਾ ਕੇਵਲ ਭਾਰਤ ਸਰਕਾਰ ਦੇ ਭੰਡਾਰ ਹੀ ਭਰੇ ਹਨ ਸਗੋਂ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾ ਕੇ ਤੇ ਖੁੱਲ੍ਹੇ ਹਵਾਦਾਰ ਘਰਾਂ ਦੀ ਉਸਾਰੀ ਕਰਕੇ ਆਪਣੇ ਰਹਿਣ-ਸਹਿਣ ਦਾ ਪੱਧਰ ਵੀ ਉੱਚਾ ਕੀਤਾ ਹੈ। ਉਹਨਾਂ ਕੋਲ ਹੁਣ ਆਵਾਜਾਈ ਲਈ ਪਿਉ-ਦਾਦਿਆਂ ਵਾਲ਼ੇ ਘੋੜੇ-ਟਾਂਗਿਆਂ ਤੇ ਸਾਈਕਲਾਂ ਦੀ ਥਾਂ ਤੇਜ਼ ਭੱਜਣ ਵਾਲੇ ਮੋਟਰ-ਸਾਈਕਲ, ਸਕੂਟੀਆਂ ਜਾਂ ਵੰਨ-ਸੁਵੰਨੀਆਂ ਕਾਰਾਂ ਹਨ। ਉਹਨਾਂ ਦੇ ਗਲ਼ੀਂ ਕੁੜਤੇ ਚਾਦਰੇ ਦੀ ਥਾਂ ਭਾਂਤ ਭਾਂਤ ਦੀਆਂ ਪੈਂਟਾਂ-ਸ਼ਰਟਾਂ ਤੇ ਜੈਕਟਾਂ ਪਈਆਂ ਦਿਸਦੀਆਂ ਹਨ ਜਾਂ ਚਿੱਟੇ ਕੁੜਤੇ-ਪਜ਼ਾਮੇ ਸ਼ਾਨ 'ਚ ਵਾਧਾ ਕਰਦੇ ਹਨ।

ਸਭਿਆਚਾਰ ਵਿੱਚ ਤਬਦੀਲੀ ਆਉਣ ਨਾਲ ਨੌਜਵਾਨਾਂ ਵਿੱਚ ਵਾਲ਼ ਕਟਾਉਣ ਤੇ ਪੱਗ ਨੂੰ ਤਿਲਾਂਜਲੀ ਦੇਣ ਦਾ ਰੁਝਾਨ ਦਿਨੋ ਦਿਨ ਵਧ ਰਿਹਾ ਹੈ। ਇੰਜ ਲਗਦਾ ਹੈ ਜਿਵੇਂ ਇਹ ਨੌਜਵਾਨ ਆਪਣੇ ਬਹਾਦਰ ਸਿੱਖ-ਸੂਰਬੀਰਾਂ ਦਾ ਇਤਿਹਾਸ ਤੇ ਸਿੱਖੀ ਸਿਦਕ ਲਈ ਕੀਤੀਆਂ ਕੁਰਬਾਨੀਆਂ ਭੁੱਲ ਗਏ ਹੋਣ। ਜਿਹੜੇ ਕਿਸਾਨ ਪਿੰਡ 'ਚ ਰਹਿੰਦੇ ਹਨ ਉਹ ਹੁਣ ਮੋਢੇ ਤੇ ਕਹੀ ਰੱਖ ਕੇ ਅਲਗੋਜ਼ੇ ਵਜਾਉਂਦੇ ਤੇ ਹੀਰ ਗਾਉਂਦੇ ਖੇਤਾਂ ਵੱਲ ਨਹੀਂ ਜਾਂਦੇ ਸਗੋਂ ਮੋਟਰ ਸਾਈਕਲ ਤੇ ਖੇਤੀਂ ਗੇੜਾ ਮਾਰਦੇ ਹਨ। ਖੂਹਾਂ ਦੀ ਟਿਚ ਟਿਚ ਤਾਂ ਕਦੇ ਦੀ ਅਲੋਪ ਹੋ ਚੁੱਕੀ ਹੈ ਹੁਣ ਤਾਂ ਸਬ-ਮਰਸੀਬਲ ਮੋਟਰਾਂ ਤੇ ਸ਼ੀਂਹ ਦੇ ਸਟਾਰਟਰ ਲੱਗੇ ਹੋਏ ਹਨ ਜੋ ਬਿਜਲੀ ਬੰਦ ਹੋ ਕੇ ਦੁਬਾਰਾ ਆਉਣ ਨਾਲ ਆਪਣੇ ਆਪ ਚੱਲ ਪੈਂਦੇ ਹਨ। ਮੋਟਰਾਂ ਦੀ ਬਿਜਲੀ ਦੇ ਬਿੱਲ ਮੁਆਫ਼ ਹੋਣ ਕਾਰਨ ਕਿਆਰੇ ਮੋੜਨ ਦੀ ਵੀ ਹੁਣ ਲੋੜ ਨਹੀਂ ਪੈਂਦੀ। ਲੇਜ਼ਰ ਕਰਾਹਿਆਂ ਨਾਲ ਪੱਧਰ ਕੀਤੇ ਖੇਤਾਂ ਵਿੱਚ ਮੋਟਰ ਦਾ ਪਾਣੀ ਇਕ ਸਿਰੇ ਤੋਂ ਛਾਲ਼ਾਂ ਮਾਰਦਾ ਦੂਜੇ ਸਿਰੇ ਤੱਕ ਤੁਰਿਆ ਜਾਂਦਾ ਹੈ। ਇਹ ਸਭ ਹੁਣ ਤੱਕ ਹੋਈ ਤਰੱਕੀ ਦੇ ਰੰਗ ਹਨ। ਇਸ ਤਰੱਕੀ ਦੇ ਨਤੀਜੇ ਵਜੋਂ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨੋ ਦਿਨ ਘਟਦਾ ਜਾ ਰਿਹਾ ਹੈ। ਭਾਵੇਂ ਪਾਣੀ ਦੀ ਦੁਰ-ਵਰਤੋਂ ਕਰਨ ਲਈ ਕਈ ਹੋਰ ਕਾਰਕ ਵੀ ਜ਼ਿੰਮੇਵਾਰ ਹਨ ਪਰ ਹਰ ਕਿਸੇ ਦੀ ਉਂਗਲ ਕਿਸਾਨ ਵੱਲ ਹੀ ਉੱਠਦੀ ਹੈ। ਫਿਰ ਵੀ ਵਾਤਾਵਰਨ ਦੀ ਸ਼ੁੱਧਤਾ ਅਤੇ ਭਵਿੱਖੀ ਲੋੜਾਂ ਨੂੰ ਮੁੱਖ ਰੱਖ ਕੇ ਹਰ ਇੱਕ ਨੂੰ ਪਾਣੀ ਦੀ ਸੰਭਾਲ ਕਰਨੀ ਚਾਹੀਦੀ ਹੈ। ਖੇਤੀ ਵਿਗਿਆਨੀਆਂ ਨੂੰ ਝੋਨੇ ਦੀ ਥਾਂ ਘੱਟ ਪਾਣੀ ਲੈਣ ਵਾਲ਼ੀ ਫ਼ਸਲ ਦੀ ਖੋਜ ਕਰਨੀ ਚਾਹੀਦੀ ਹੈ ਅਤੇ ਸਰਕਾਰਾਂ ਨੂੰ ਵਾਜਬ ਭਾਅ ਤੇ ਉਸ ਦੀ ਖ਼ਰੀਦ ਦੇ ਪ੍ਰਬੰਧ



Scanned with OKEN Scanner

ਕਰਨੇ ਚਾਹੀਦੇ ਹਨ।

ਮਸ਼ੀਨੀਕਰਣ ਨੇ ਹੱਥੀਂ ਕਿਰਤ ਦੇ ਜੜ੍ਹੀਂ ਤੇਲ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਖੇਤਾਂ ਵਿੱਚ ਮਜ਼ਦੂਰਾਂ ਲਈ ਕੰਮ ਕਾਫੀ ਘਟ ਗਿਆ ਹੈ ਪਰ ਬਦਲਵੇਂ ਸਾਧਨਾਂ ਰਾਹੀਂ ਪਿੰਡ ਦੇ ਮਜ਼ਦੂਰਾਂ ਨੇ ਵੀ ਆਪਣੇ ਜੀਵਨ ਸਤਰ ਨੂੰ ਪਹਿਲਾਂ ਨਾਲੋਂ ਉਚਿਆਇਆ ਹੈ। ਸਰਕਾਰਾਂ ਨੂੰ ਇਹਨਾਂ ਦੀ ਬਾਂਹ ਫੜਨ ਲਈ ਬਦਲਵੇਂ ਰੋਜ਼ਗਾਰ ਪੈਦਾ ਕਰਨੇ ਚਾਹੀਦੇ ਸਨ ਪਰ ਵੋਟ-ਰਾਜਨੀਤੀ ਨੂੰ ਮੁੱਖ ਰੱਖ ਕੇ ਸਰਕਾਰਾਂ ਨੇ ਆਪਣੇ ਫ਼ਰਜ਼ ਨਿਭਾਉਣ ਦੀ ਥਾਂ ਉਹਨਾਂ ਨੂੰ ਮੁਫ਼ਤ ਆਟਾ-ਦਾਲ ਤੇ ਲਾ ਕੇ ਨਿਕੰਮੇ ਤੇ ਆਲਸੀ ਬਣਾ ਦਿੱਤਾ ਹੈ। ਮਨਰੇਗਾ ਅਧੀਨ ਆਏ ਫੰਡਾਂ ਦੀ ਵਰਤੋਂ ਕਰਕੇ ਪੰਚਾਇਤਾਂ ਨੂੰ ਵਿਕਾਸ ਯੋਜਨਾਵਾਂ ਉਲੀਕ ਕੇ ਲੋੜਵੰਦ ਮਜ਼ਦੂਰਾਂ ਨੂੰ ਕੰਮ ਦੇਣਾ ਚਾਹੀਦਾ ਹੈ ਅਤੇ ਇਸ ਫੰਡ ਦੀ ਦੁਰ-ਵਰਤੋਂ ਨੂੰ ਰੋਕਿਆ ਜਾਣਾ ਚਾਹੀਦਾ ਹੈ। ਆਸ ਕਰਨੀ ਚਾਹੀਦੀ ਹੈ ਕਿ ਕਦੇ ਕੋਈ ਸਰਕਾਰ ਪੰਜਾਬ ਦੇ ਮਿਹਨਤੀ ਲੋਕਾਂ ਨੂੰ ਨਵੇਂ ਰੋਜ਼ਗਾਰ ਪੈਦਾ ਕਰਕੇ ਫਿਰ ਤੋਂ ਬਾਬੇ ਨਾਨਕ ਦੇ 'ਕਿਰਤ ਕਰੋ' ਦੇ ਫਲਸਫ਼ੇ ਨਾਲ ਜੋੜੇਗੀ। ਜੇ ਮੁਫ਼ਤ ਦੇਣਾ ਹੈ ਤਾਂ ਉਹਨਾਂ ਦੇ ਬੱਚਿਆਂ ਨੂੰ ਮੁਫ਼ਤ ਚੰਗੀ ਸਿੱਖਿਆ, ਨੌਜਵਾਨਾਂ ਨੂੰ ਯੋਗਤਾ ਅਨੁਸਾਰ ਕੰਮ, ਬੀਮਾਰ ਹੋਣ ਦੀ ਹਾਲਤ ਵਿੱਚ ਵਧੀਆ ਹਸਪਤਾਲ ਵਿੱਚ ਮੁਫ਼ਤ ਇਲਾਜ ਅਤੇ ਬੁਢਾਪੇ ਵਿੱਚ ਸਮਾਜਿਕ ਸੁਰੱਖਿਆ ਹਿਤ ਗੁਜ਼ਾਰੇ-ਯੋਗ ਪੈਨਸ਼ਨ ਮਿਲਣੀ ਚਾਹੀਦੀ ਹੈ।

ਕਈ ਵਾਰ ਮੇਰੀ ਆਤਮਾ ਇਹ ਵੇਖ ਕੇ ਦੁਖੀ ਹੋ ਜਾਂਦੀ ਹੈ ਕਿ ਪੰਜਾਬ ਦੇ ਬਾਕੀ ਪਿੰਡਾਂ ਵਾਂਗ ਮੇਰੇ ਪਿੰਡ ਦੇ ਵੀ ਕਈ ਨੌਜਵਾਨ ਜਾਣੇ-ਅਣਜਾਣੇ ਨਸ਼ਿਆਂ ਦੀ ਗ੍ਰਿਫ਼ਤ ਵਿਚ ਫਸ ਗਏ ਹਨ। ਜਦੋਂ ਵੀ ਕਿਸੇ ਨੌਜਵਾਨ ਦੀ ਚਿੱਟੇ ਨਾਲ ਹੋਈ ਮੌਤ ਦੀ ਖ਼ਬਰ ਸੁਣਦੇ ਹਾਂ ਤਾਂ ਮਨ ਡਾਹਢਾ ਦੁਖੀ ਹੁੰਦਾ ਹੈ। ਕਿਸੇ ਨੌਜਵਾਨ ਦੇ ਚਲੇ ਜਾਣ ਨਾਲ ਮਾਪਿਆਂ ਦਾ ਸਹਾਰਾ ਜਾਂਦਾ ਰਹਿੰਦਾ ਹੈ ਅਤੇ ਪਤਨੀ ਵਿਧਵਾ ਤੇ ਬੱਚੇ ਯਤੀਮ ਹੋ ਜਾਂਦੇ ਹਨ। ਨਸ਼ਾ ਭਾਵੇਂ ਆਦਿ ਕਾਲ ਤੋਂ ਹੀ ਮਨੁੱਖ ਦੇ ਨਾਲ ਤੁਰਦਾ ਆਇਆ ਹੈ ਪਰ ਛੋਟੇ ਹੁੰਦਿਆਂ ਤੋਂ ਹੀ ਮੈਂ ਵੇਖਦਾ ਆਇਆ ਹਾਂ ਕਿ ਦਹਾਕੇ ਪਹਿਲਾਂ ਪਿੰਡ ਵਿੱਚ ਕੋਈ ਵਿਰਲਾ ਬੰਦਾ ਅਮਲੀ ਹੁੰਦਾ ਸੀ ਤੇ ਉਹ ਥੋੜ੍ਹੀ ਬਹੁਤੀ ਅਫ਼ੀਮ ਖਾਂਦਾ ਸੀ ਪਰ ਸਾਰਾ ਦਿਨ ਆਪਣਾ ਕੰਮ ਕਰਦਾ ਰਹਿੰਦਾ ਸੀ। ਸਿਆਣੀ ਉਮਰ ਦੇ ਲੋਕ ਹੀ ਨਸ਼ਾ ਲੈਂਦੇ ਸਨ, ਨੌਜਵਾਨ ਤੇ ਗੱਭਰੂ ਨਸ਼ੇ ਤੋਂ ਬਚ ਕੇ ਰਹਿੰਦੇ ਸਨ। ਕੁਝ ਲੋਕ ਘਰ ਦੀ ਕੱਢੀ ਵਧੀਆ ਸ਼ਰਾਬ ਪੀਂਦੇ ਸਨ ਤੇ ਪੀ ਕੇ ਲੜਾਈ ਝਗੜਾ ਵੀ ਕਰਦੇ ਸਨ। ਕਿਤੇ ਕਿਤੇ ਲੋੜ ਤੋਂ ਵੱਧ ਸ਼ਰਾਬ ਪੀ ਕੇ ਗਲ਼ੀਆ-ਨਾਲ਼ੀਆਂ ਵਿੱਚ ਡਿਗ ਪੈਣ ਤੇ ਮੌਤ ਦੇ ਮੂੰਹ ਜਾ ਪੈਣ ਦੀਆਂ ਉਦਾਹਰਣਾਂ ਮਿਲ ਜਾਂਦੀਆਂ ਸਨ। ਹੁਣ ਤਾਂ ਨਸ਼ਿਆਂ ਦੀ ਖਸਲਤ ਹੀ ਬਦਲ ਗਈ ਹੈ। ਸਿੰਥੈਟਿਕ ਤੇ ਡਰੱਗ ਵਾਲ਼ੇ ਨਸ਼ੇ ਆ ਗਏ ਹਨ। ਸਾਰਾ ਪੰਜਾਬ ਬੁਰੀ ਤਰ੍ਹਾਂ



Scanned with OKEN Scanner

ਇਹਨਾਂ ਨਸ਼ਿਆਂ ਦੀ ਜਕੜ ਵਿੱਚ ਫਸ ਗਿਆ ਹੈ। ਚਿੱਟੇ ਦੀ ਸਪਲਾਈ ਬਿਨਾਂ ਰੁਕਾਵਟ ਚੱਲ ਰਹੀ ਹੈ। ਕੋਈ ਵੀ ਸਰਕਾਰ ਇਸ ਤੇ ਕਾਬੂ ਨਹੀਂ ਪਾ ਸਕੀ। ਮੇਰਾ ਪਿੰਡ ਵੀ ਇਸ ਛੂਤ ਦੀ ਬੀਮਾਰੀ ਤੋਂ ਬਚ ਨਹੀਂ ਸਕਿਆ ਤੇ ਪਿੰਡ ਦੇ ਕਈ ਨੌਜਵਾਨ ਨਾ-ਚਾਹੁੰਦਿਆਂ ਵੀ ਇਸ ਦੇ ਚੁੰਗਲ ਵਿੱਚ ਫਸ ਗਏ ਹਨ। ਉਹਨਾਂ ਦੇ ਮਾਪੇ ਰਾਤ ਦਿਨ ਡਰੱਗ ਸਮਗਲਰਾਂ, ਇਹਨਾਂ ਦੇ ਸਪੋਰਟਰਾਂ ਤੇ ਪੁਲਿਸ ਅਧਿਕਾਰੀਆਂ ਨੂੰ ਕੋਸਦੇ ਹਨ। ਸ਼ਾਇਦ ਕਦੇ ਕੋਈ ਸਰਕਾਰ ਪੰਜਾਬ ਵਿੱਚੋ ਚਿੱਟੇ ਦਾ ਰਾਜ ਖ਼ਤਮ ਕਰਨ ਵਿੱਚ ਕਾਮਯਾਬ ਹੋ ਜਾਵੇ। ਰੱਬ ਖ਼ੈਰ ਕਰੇ!

## ਘਰੇਲੂ ਦਸਤਕਾਰੀਆਂ :-

ਪਿੰਡ ਦੇ ਮਿਸਤਰੀਆਂ ਜਾਂ ਰਾਮਗੜ੍ਹੀਆਂ ਨੇ ਆਪਣੇ ਕਿੱਤੇ ਨੂੰ ਅੱਪਗ੍ਰੇਡ ਕਰਦੇ ਹੋਏ ਵਰਕਸ਼ਾਪਾਂ, ਆਰੇ ਜਾਂ ਚੱਕੀਆਂ/ਮਸ਼ੀਨਾਂ ਲਾ ਲਈਆਂ ਹਨ। ਕਣਕ ਦੀ ਵਾਢੀ ਲਈ ਦਾਤਰੀਆਂ ਬਣਾਉਣ ਦੇ ਮਾਹਰ ਰਹੇ ਮਿਸਤਰੀ ਕਰਤਾਰ ਸਿੰਘ ਦੇ ਮੁੰਡੇ ਬਲਦੇਵ ਸਿੰਘ ਤੇ ਉਹਦੇ ਛੋਟੇ ਭਰਾਵਾਂ ਨਿਰਮਲ ਸਿੰਘ ਤੇ ਗੁਰਵੇਲ ਸਿੰਘ ਨੇ ਅੱਡੇ ਤੇ ਖਰਾਦ, ਵਰਮਾ ਤੇ ਵੈਲਡਿੰਗ ਵਰਕਸ਼ਾਪ ਖੋਲ ਕੇ ਕੰਮ ਸ਼ੁਰੂ ਕੀਤਾ ਸੀ ਜੋ ਹੁਣ ਲੋਹੇ ਦੇ ਗੇਟ ਗਰਿੱਲਾਂ, ਵੈਲਡਿੰਗ, ਖੇਤੀ-ਬਾੜੀ ਦੇ ਸੰਦਾਂ ਤੇ ਮਸ਼ੀਨਾਂ ਦੀ ਮੁਰੰਮਤ ਵਿਚ ਬਦਲ ਗਿਆ ਹੈ। ਸਭ ਤੋਂ ਪਹਿਲਾਂ 1980 ਵਿੱਚ ਮਿ: ਬਲਦੇਵ ਸਿੰਘ ਨੇ ਕਣਕ-ਗਹਾਈ ਲਈ ਤੂੜੀ ਵਾਲ਼ੀਆਂ ਮਸ਼ੀਨਾਂ ਤੇ ਮੋਨੋ-ਬਲਾਕ ਮੋਟਰਾਂ ਬਣਾਉਣ ਦਾ ਕੰਮ ਸ਼ੁਰੂ ਕੀਤਾ ਸੀ। ਭਾਵੇਂ ਉਹਨੇ ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਪਾਸ ਨਹੀਂ ਕੀਤੀ ਪਰ ਮੁਢਲੇ ਦੌਰ ਵਿੱਚ ਉਹਨੇ ਆਪਣੇ ਦਿਮਾਗ ਦੀ ਵਰਤੋਂ ਕਰਕੇ ਕਣਕ-ਗਹਾਈ ਵਾਲ਼ੀ ਮਸ਼ੀਨ (ਥਰੈਸ਼ਰ) ਦਾ ਆਪਣਾ ਮਾਡਲ ਤਿਆਰ ਕੀਤਾ ਸੀ ਜੋ ਕਿਸਾਨਾਂ ਨੇ ਏਨਾ ਪਸੰਦ ਕੀਤਾ ਕਿ ਜ਼ਿਲ੍ਹੇ ਭਰ ਦੇ ਕਿਸਾਨ ਮਾਣੋਚਾਹਲ ਤੋਂ ਮਸ਼ੀਨਾਂ ਖ਼ਰੀਦ ਕੇ ਲਿਜਾਂਦੇ ਸਨ। ਬਾਅਦ ਵਿੱਚ ਹੜੰਬਾ ਅਤੇ ਸੂਰਜਮੁਖੀ ਕੱਢਣ ਵਾਲੀ ਮਸ਼ੀਨ ਤਿਆਰ ਕੀਤੀ। 1999 ਵਿੱਚ ਬਲਦੇਵ ਸਿੰਘ ਨੇ ਤੂੜੀ ਵਾਲ਼ਾ ਰੀਪਰ ਤਿਆਰ ਕੀਤਾ। ਜਦੋਂ ਕਣਕ ਦੀ ਵਾਢੀ ਤੇ ਗਹਾਈ ਲਈ ਹਾਰਵੈਸਟਿੰਗ ਕੰਬਾਈਨ ਮਾਰਕੀਟ ਵਿੱਚ ਆਈ ਤਾਂ 2001 ਵਿੱਚ ਬਲਦੇਵ ਸਿੰਘ ਨੇ ਕੰਬਾਈਨ ਦਾ ਵੀ ਆਪਣਾ ਲੋਕਲ ਮਾਡਲ ਤਿਆਰ ਕੀਤਾ। ਉਸ ਸਮੇਂ ਵੱਡੀਆਂ ਹਾਰਵੈਸਟਿੰਗ ਕੰਬਾਈਨਾਂ ਪੰਜਾਬ ਦੇ ਦੋ ਤਿੰਨ ਜ਼ਿਲ੍ਹਿਆਂ ਵਿੱਚ ਹੀ ਬਣਦੀਆਂ ਸਨ। ਉਹਨੇ ਆਪਣੇ ਕਾਰੋਬਾਰ ਵਿੱਚ ਸਖ਼ਤ ਮਿਹਨਤ ਕਰਕੇ ਛੋਟੇ ਭੈਣ-ਭਰਾਵਾਂ ਦੀ ਪੜ੍ਹਾਈ-ਲਿਖਾਈ ਤੇ ਕੰਮ-ਕਾਰ ਸੈਟਲ ਕਰਨ ਵਿੱਚ ਅਗਵਾਈ ਤੇ ਸਹਾਇਤਾ ਕੀਤੀ। ਬਾਅਦ ਵਿੱਚ ਮਾਇਕ ਮੁਸ਼ਕਿਲਾਂ ਦੇ ਕਾਰਨ ਉਸ ਦਾ ਮਕੈਨੀਕਲ ਕੰਮ ਖੇਤੀ-ਬਾੜੀ ਦੇ ਆਧੁਨਿਕ ਸੰਦ ਬਣਾਉਣ ਤੇ ਮੁਰੰਮਤ ਕਰਨ, ਵੈਲਡਿੰਗ ਤੇ



Scanned with OKEN Scanner

ਗੇਟ-ਗਰਿੱਲਾਂ ਆਦਿ ਤਕ ਸੀਮਤ ਹੋ ਗਿਆ। ਉਹਦੇ ਬੇਟੇ ਸੁਖਰਾਜ ਸਿੰਘ, ਗੁਰਿੰਦਰ ਸਿੰਘ ਤੇ ਗਗਨਦੀਪ ਸਿੰਘ ਵੀ ਕੰਮ ਵਿੱਚ ਉਹਦੀ ਸਹਾਇਤਾ ਕਰ ਰਹੇ ਹਨ। ਹੁਣ ਉਹਦੇ ਛੋਟੇ ਭਰਾਵਾਂ ਨੇ ਅੱਡੇ ਤੋਂ ਪਿਛਾਂਹ ਮੇਨ ਰੋਡ ਤੇ ਹੀ ਆਪੋ ਆਪਣੀਆਂ ਵੱਖਰੀਆਂ ਵਰਕਸ਼ਾਪਾਂ ਖੋਲ੍ਹ ਲਈਆਂ ਹਨ।

ਨਜ਼ਦੀਕ ਹੀ ਮਿਸਤਰੀ ਉਜਾਗਰ ਸਿੰਘ ਰਾਮਗੜ੍ਹੀਏ ਦੇ ਲੜਕੇ ਸਵਰਨ ਸਿੰਘ ਤੇ ਅਰਜਨ ਸਿੰਘ ਨੇ ਅੱਡੇ ਦੇ ਨੇੜੇ ਮੇਨ ਗਲ਼ੀ ਵਿੱਚ ਆਰਾ ਤੇ ਆਟਾ-ਚੱਕੀ ਚਾਲੂ ਕੀਤੀ ਸੀ। ਉਹਨਾਂ ਨੇ ਸਭ ਤੋਂ ਪਹਿਲਾਂ, ਜਦੋਂ ਅਜੇ ਬਿਜਲੀ ਦਾ ਪ੍ਰਬੰਧ ਨਹੀਂ ਸੀ, ਵੱਡੇ ਇੰਜਣ ਤੇ ਚੱਕੀ ਦਾ ਕੰਮ ਸ਼ੁਰੂ ਕੀਤਾ ਸੀ। ਇਸ ਇੰਜਣ ਨਾਲ ਵੱਡਾ ਸਾਰਾ ਪਹੀਆ ਘੁੰਮਦਾ ਹੁੰਦਾ ਸੀ ਤੇ ਇਹ ਜਦੋਂ ਚੱਲਦਾ ਸੀ ਕੂ-ਕੂ ਦੀ ਬੜੀ ਉੱਚੀ ਅਵਾਜ਼ ਪੈਦਾ ਕਰਦਾ ਸੀ। ਇਸ ਅਵਾਜ਼ ਨਾਲ ਸਾਰੇ ਪਿੰਡ ਨੂੰ ਚੱਕੀ ਚੱਲਦੀ ਹੋਣ ਦਾ ਪਤਾ ਲੱਗ ਜਾਂਦਾ ਸੀ। ਮਗਰੋਂ ਇਹਨਾਂ ਦੀ ਅਗਲੀ ਪੀੜ੍ਹੀ ਨੇ ਆਰਾ, ਪੇਂਜਾ, ਚੌਲ਼ ਛੜਨ ਲਈ ਸ਼ੈਲਰੀ ਤੇ ਵੈਲਡਿੰਗ ਵਰਕਸ਼ਾਪਾਂ ਅੱਡੋ-ਅੱਡ ਖੋਲ੍ਹ ਲਈਆਂ ਹਨ। ਇਕ ਆਟਾ-ਚੱਕੀ ਤੇ ਚੌਲ਼ ਛੜਨ ਲਈ ਸ਼ੈਲਰੀ ਪਿੰਡ ਵਿੱਚ ਗੋਦੂ ਕੀ ਪੱਤੀ ਸ੍ਰ. ਅਜੀਤ ਸਿੰਘ (ਰਾਜੇ) ਨੇ ਲਾਈ ਸੀ ਜੋ ਹੁਣ ਉਹਦੀ ਮੌਤ ਤੋਂ ਬਾਅਦ ਕਾਕੇ ਦੀ ਚੱਕੀ ਕਰਕੇ ਮਸ਼ਹੂਰ ਹੈ। ਪਿੰਡ ਦੇ ਲਹਿੰਦੇ ਪਾਸੇ ਫਿਰਨੀ ਤੇ ਇੱਕ ਆਟਾ-ਚੱਕੀ ਸਰਮੈਲ ਸਿੰਘ ਫੌਜੀ ਚਲਾ ਰਿਹਾ ਹੈ। ਸਰਮੈਲ ਸਿੰਘ ਫੌਜੀ ਨੇ ਚੱਕੀ ਨਾਲ ਚੌਲ਼ ਛੜਨ ਵਾਲ਼ੀ ਸ਼ੈਲਰੀ ਤੇ ਤੇਲ ਕੱਢਣ ਵਾਲ਼ਾ ਕੋਹਲੂ ਵੀ ਲਾ ਰੱਖਿਆ ਹੈ। ਮੁੰਡੇ ਨੂੰ ਕਰਿਆਨੇ ਦੀ ਦੁਕਾਨ ਪਾ ਦਿੱਤੀ ਹੈ ਤੇ ਟੈਂਟ ਹਾਊਸ ਦਾ ਸਮਾਨ ਵੀ ਰੱਖਿਆ ਹੋਇਆ ਹੈ। ਇੱਕ ਹੋਰ ਪੁਰਾਣੀ ਆਟਾ-ਚੱਕੀ ਕਰਤਾਰ ਸਿੰਘ ਸਰਪੰਚ ਵਾਲ਼ੀ ਹੈ ਜੋ ਪਿੰਡ ਦੇ ਵਿਚਕਾਰ ਅਜੇ ਚੱਲਦੀ ਹੈ।

ਕਿਸੇ ਸਮੇਂ ਮਿਸਤਰੀ ਹਜ਼ਾਰਾ ਸਿੰਘ ਦੇ ਪਰਿਵਾਰ ਵੱਲੋਂ ਬੱਚਿਆਂ ਦੇ ਖੇਡਣ ਲਈ ਬਣਾਏ ਜਾਂਦੇ ਲੱਕੜ ਦੇ ਘੋੜੇ ਦੂਰ ਦੂਰ ਤਕ ਮਸ਼ਹੂਰ ਹੁੰਦੇ ਸਨ। ਪਿੰਡ ਵਾਸੀਆਂ ਦੇ ਰਿਸ਼ਤੇਦਾਰ ਵੀ ਆਪਣੇ ਬੱਚਿਆਂ ਲਈ ਉਚੇਚਾ ਇੱਥੋਂ ਘੋੜੇ ਖ਼ਰੀਦ ਕੇ ਲਿਜਾਂਦੇ ਸਨ। ਸਮਾਂ ਬਦਲਣ ਨਾਲ ਬੱਚਿਆਂ ਲਈ ਮਸ਼ੀਨੀ ਤੇ ਪਲਾਸਟਿਕ ਦੇ ਖਿਡੌਣੇ ਆ ਜਾਣ ਕਾਰਨ ਇਹਨਾਂ ਦੀ ਕਦਰ ਘਟ ਗਈ ਹੈ ਤੇ ਹੁਣ ਕੋਈ ਇਹ ਘੋੜੇ ਨਹੀਂ ਬਣਾਉਂਦਾ। ਇਸ ਪਰਿਵਾਰ ਚੋਂ ਮਿਸਤਰੀ ਅਰਜਣ ਸਿੰਘ ਤੇ ਸੁਰਜਣ ਸਿੰਘ ਇਮਾਰਤ-ਸਾਜ਼ੀ ਤੇ ਡਿਜ਼ਾਈਨਿੰਗ ਵਿੱਚ ਏਨੇ ਮਾਹਰ ਹਨ ਕਿ ਉਹ ਨਾ ਕੇਵਲ ਭਾਰਤ ਸਗੋਂ ਪਾਕਿਸਤਾਨ ਦੇ ਗੁਰਦੁਆਰਿਆਂ ਵਿੱਚ ਵੀ ਇਮਾਰਤ-ਸਾਜ਼ੀ ਦੇ ਕੰਮ ਲਈ ਮਸ਼ਹੂਰ ਹਨ। ਉਹਨਾਂ ਦੀ ਅਗਲੀ ਪੀੜ੍ਹੀ ਵੀ ਲੱਕੜ ਦੇ ਕੰਮ ਵਿੱਚ ਮਾਹਰ ਹੈ। ਇਹਨਾਂ ਦੇ ਗਵਾਂਢੀ ਅਰੂੜ ਸਿੰਘ ਤੇ ਉਹਦੇ ਲੜਕੇ ਵੀ ਸਿਆਣੇ ਕਾਰੀਗਰ ਹਨ। ਨਾਮਧਾਰੀ ਪਰਿਵਾਰ ਚੋਂ ਬਲਦੇਵ ਸਿੰਘ ਤੇ ਉਹਦੇ ਲੜਕੇ ਵੀ ਮਕਾਨ-ਉਸਾਰੀ ਦੇ ਕੰਮ ਵਿੱਚ ਰੋਜ਼ੀ-ਰੋਟੀ ਕਮਾ ਰਹੇ ਹਨ। ਪਿੰਡ ਦੇ ਇਹ ਸਾਰੇ ਕਿਰਤੀ



Scanned with OKEN Scanner

ਲੋਕ ਬਾਬੇ ਨਾਨਕ ਦੇ 'ਕਿਰਤ ਕਰੋ' ਦੇ ਫਲਸਫ਼ੇ ਦੇ ਧਾਰਨੀ ਹਨ।

## ਸਨਅਤੀ ਉਦਮ :-

ਪਿੰਡ ਦੀ ਜੂਹ ਵਿੱਚ ਵੱਡੀ ਤੇ ਛੋਟੀ ਮਾਣੋਚਾਹਲ ਦੇ ਵਿਚਕਾਰ ਕਈ ਸਾਲ ਪਹਿਲਾਂ ਪਿੰਡ ਦੇ ਕੁਝ ਉਦਮੀਆਂ ਨੇ ਇੱਟਾਂ ਦਾ ਭੱਠਾ ਚਾਲੂ ਕੀਤਾ ਸੀ ਜੋ ਕੁਝ ਸਾਲ ਚੱਲਦਾ ਰਿਹਾ ਫਿਰ ਕਿਸੇ ਕਾਰਨ ਬੰਦ ਹੋ ਗਿਆ ਹੈ। ਮਾਸਟਰ ਹਰਿੰਦਰ ਸਿੰਘ ਦੇ ਬੇਟੇ ਜਸਕਰਨਜੀਤ ਸਿੰਘ ਨੇ ਗੱਗੋਬੂਆ ਰੋਡ ਤੇ ਪਿੰਡ ਕੋਟ ਤੇਜਾ ਸਿੰਘ ਵਾਲਾ ਤੇ ਬਾਕੀਪੁਰ ਦੀ ਜ਼ਮੀਨ ਵਿੱਚ ਨਵਾਂ ਇੱਟ-ਭੱਠਾ ਲਾਇਆ ਹੈ ਜੋ ਸਫ਼ਲਤਾ-ਪੂਰਵਕ ਚੱਲ ਰਿਹਾ ਹੈ। ਸ੍. ਜਸਕਰਨਜੀਤ ਸਿੰਘ ਇੱਕ ਪੜ੍ਹਿਆ-ਲਿਖਿਆ ਸਫ਼ਲ ਕਾਰੋਬਾਰੀ ਹੈ। ਉਹਨੇ ਆਪਣੇ ਕਾਰੋਬਾਰ ਤੋਂ ਖ਼ੂਬ ਕਮਾਈ ਕੀਤੀ ਹੈ ਤੇ ਆਪਣੀ ਜੱਦੀ-ਪੁਸ਼ਤੀ ਜਾਇਦਾਦ ਵਿੱਚ ਕਾਫ਼ੀ ਵਾਧਾ ਕੀਤਾ ਹੈ। ਕਈ ਸਾਲਾਂ ਤੋਂ ਉਹ ਪਰਿਵਾਰ ਸਮੇਤ ਗੁਰੂ ਦੀ ਨਗਰੀ ਤਰਨਤਾਰਨ ਵਿਖੇ ਰਹਿੰਦੇ ਹਨ। ਇਕ ਹੋਰ ਇੱਟ-ਭੱਠਾ ਨੂਰਪੁਰ ਵਾਲ਼ੀ ਲਿੰਕ ਰੋਡ ਤੇ ਪਿੰਡ ਦੇ ਦੋ ਉਦਮੀ ਨੌਜਵਾਨਾਂ, ਸੁਖਵਿੰਦਰ ਸਿੰਘ (ਦੋਹਤਾ ਸ੍ਰ ਕਪੂਰ ਸਿੰਘ ਜ਼ੈਲਦਾਰ) ਤੇ ਗਗਨਦੀਪ ਸਿੰਘ ਪੁੱਤਰ ਸ੍. ਦਿਲਬਾਗ ਸਿੰਘ (ਲੰਮੇ) ਨੇ ਚਾਲੂ ਕੀਤਾ ਹੈ ਜੋ ਕਾਮਯਾਬੀ ਨਾਲ ਚੱਲ ਰਿਹਾ ਹੈ। ਇਹਨਾਂ ਉਦਮੀ ਕਾਰੋਬਾਰੀਆਂ ਨੇ ਆਪਣੀ ਆਮਦਨ ਵਿੱਚ ਵਾਧਾ ਕਰਨ ਦੇ ਨਾਲ਼ ਲੋਕਾਂ ਨੂੰ ਮਕਾਨ ਪੱਕੇ ਕਰਨ ਲਈ ਇੱਟਾਂ ਦੀ ਸਪਲਾਈ ਕਰਕੇ ਅਤੇ ਸੈਂਕੜੇ ਹੋਰ ਲੋਕਾਂ ਨੂੰ ਵੀ ਰੋਜ਼ਗਾਰ ਮੁਹੱਈਆ ਕਰਕੇ ਸੂਬੇ ਤੇ ਦੇਸ਼ ਦੀ ਤਰੱਕੀ ਵਿੱਚ ਬਣਦਾ ਯੋਗਦਾਨ ਪਾਇਆ ਹੈ।

ਇਸ ਕਾਰਨ ਪਿੰਡ ਦੇ ਕੁਝ ਮਜ਼ਦੂਰ ਭੱਠਿਆਂ ਤੇ ਵੀ ਮਜ਼ਦੂਰੀ ਕਰਦੇ ਹਨ। ਕੁਝ ਮਜ਼ਦੂਰਾਂ ਨੂੰ ਗ੍ਰਾਮ ਪੰਚਾਇਤ ਵੱਲੋਂ ਨਰੇਗਾ ਅਧੀਨ ਕੰਮ ਦਿੱਤਾ ਜਾਂਦਾ ਹੈ। ਕੁਝ ਮਜ਼ਦੂਰ ਰਿਹੜੀ-ਫੜ੍ਹੀ ਦਾ ਕੰਮ ਕਰਦੇ ਹਨ। ਕੁਝ ਮਿਸਤਰੀਆਂ ਨਾਲ ਜਾਂ ਸ਼ਹਿਰ ਵਿੱਚ ਮਜ਼ਦੂਰੀ ਕਰਦੇ ਹਨ। ਮਜ਼੍ਹਬੀ ਸਿੱਖਾਂ ਦੇ ਕਈ ਪੜ੍ਹੇ-ਲਿਖੇ ਮੁੰਡੇ ਸਰਕਾਰੀ ਜਾਂ ਪ੍ਰਾਈਵੇਟ ਨੌਂਕਰੀਆਂ ਕਰਦੇ ਹਨ। ਪਿੰਡ ਵਿੱਚ ਕੁਝ ਪੜ੍ਹੇ-ਲਿਖੇ ਨੌਜਵਾਨ ਉਸਤਾਦ ਡਾਕਟਰਾਂ ਤੋਂ ਮੈਡੀਕਲ ਸਿੱਖਿਆ ਹਾਸਲ ਕਰਕੇ ਆਰ.ਐਮ.ਪੀ. ਵਜੋਂ ਸੇਵਾਵਾਂ ਦੇ ਰਹੇ ਹਨ ਅਤੇ ਰੋਗੀਆਂ ਨੂੰ ਦਵਾਈ ਦੇਣ ਲਈ ਅੱਧੀ ਰਾਤ ਵੀ ਦਰਵਾਜ਼ਾ ਖੋਲ੍ਹ ਕੇ ਹਾਜ਼ਰ ਹੁੰਦੇ ਹਨ। ਡਾਕਟਰ ਸਾਹਬਾ (ਪੂਰਾ ਨਾਂ ਸੁਖਜਿੰਦਰਪਾਲ ਸਿੰਘ), ਡਾਕਟਰ ਇੰਦਰਜੀਤ ਸਿੰਘ ਅਤੇ ਡਾਕਟਰ ਦਿਲਬਾਗ ਸਿੰਘ ਪਿੰਡ ਦੇ ਮਸ਼ਹੂਰ ਮੈਡੀਕਲ ਪ੍ਰੈਕਟੀਸ਼ਨਰ ਹਨ। ਇਹਨਾਂ ਤੋਂ ਛੁੱਟ ਅੱਡੇ ਤੇ ਖੁੱਲ੍ਹੇ ਮੈਡੀਕਲ ਤੇ ਡਰੱਗ ਸਟੋਰਾਂ ਤੇ ਬੈਠੇ ਫਾਰਮਾਸਿਸਟ ਵੀ ਸਧਾਰਨ ਰੋਗੀਆਂ ਨੂੰ ਦਵਾਈ ਆਦਿ ਦੇਂਦੇ ਹਨ।

ਕਿਸੇ ਸਮੇਂ ਪਿੰਡ ਦੇ ਚੜ੍ਹਦੇ ਵੰਨੀਂ ਭੱਲੂਆਂ ਦੇ ਸੇਠ ਨੇ ਬੰਬਈ ਜਾ ਕੇ ਟਰੱਕਾਂ ਦਾ



Scanned with OKEN Scanner

ਸਫਲ ਕਾਰੋਬਾਰ ਕੀਤਾ ਸੀ ਇਸ ਕਾਰਨ ਉਹ ਪਿੰਡ 'ਚ 'ਬੰਬੇ ਵਾਲੇ ਸੇਠ' ਕਰਕੇ ਮਸ਼ਹੂਰ ਸੀ। ਕੁਝ ਸਮਾਂ ਪਹਿਲਾਂ ਉਹ ਸਵਰਗਵਾਸ ਹੋ ਗਿਆ ਸੀ। ਉਹਦਾ ਲੜਕਾ ਟਰੱਕਾਂ ਦਾ ਕਾਰੋਬਾਰ ਛੱਡ ਕੇ ਵਿਦੇਸ਼ ਚਲਾ ਗਿਆ ਹੈ। ਉਸ ਪਰਿਵਾਰ ਚੋਂ ਸ੍ਰ. ਮਹਿੰਦਰ ਸਿੰਘ ਭੱਲੂ ਦਾ ਪੋਤਰਾ ਅਜੇ ਵੀ ਆਪਣਾ ਟਰੱਕ ਚਲਾਉਂਦਾ ਹੈ। ਇਸ ਪਿੰਡ ਦੇ ਦੋ ਭਰਾਵਾਂ ਨੇ ਬਲਡੋਜ਼ਰ ਚਲਾਉਣ ਦਾ ਕੰਮ ਵੀ ਕੀਤਾ ਸੀ ਜਿਸ ਕਾਰਨ ਉਹਨਾਂ ਨੂੰ 'ਬਲਡੋਜ਼ਰ ਵਾਲੇ' ਆਖਿਆ ਜਾਂਦਾ ਹੈ। ਹੁਣ ਉਹਨਾਂ ਦੀ ਅਗਲੀ ਪੀੜ੍ਹੀ ਨੇ ਬਦਲਵੇਂ ਕੰਮ ਲੱਭ ਲਏ ਹਨ। ਕੁਝ ਸਮਾਂ ਪਹਿਲਾਂ ਟਾਂਗੇ-ਰਿਹੜਿਆਂ ਦੀ ਥਾਂ ਘੜੁੱਕੇ ਰਾਹੀਂ ਢੋਆ-ਢੁਆਈ ਤੇ ਆਵਾਜਾਈ ਦਾ ਰੁਝਾਨ ਪੈਦਾ ਹੋਇਆ ਸੀ ਜੋ ਹੁਣ ਘਟ ਗਿਆ ਹੈ। ਅਕਾਲੀਆਂ ਦੇ ਪਰਿਵਾਰ ਚੋਂ ਸੁਖਦੇਵ ਸਿੰਘ ਨੇ ਸਭ ਤੋਂ ਪਹਿਲਾਂ ਘੜੁੱਕਾ ਬਣਾਇਆ ਸੀ ਜੋ ਕਈ ਸਾਲ ਚਲਾਉਂਦਾ ਰਿਹਾ ਹੈ। ਉਹਦੀ ਬੋਲੀ ਮਿੱਠੀ ਅਤੇ ਵਿਹਾਰ-ਸਲੀਕਾ ਬੜਾ ਪ੍ਰਭਾਵਸ਼ਾਲੀ ਹੈ। ਮੈਨੂੰ ਨਹੀਂ ਲਗਦਾ ਕਿ ਕਦੇ ਕੋਈ ਬੰਦਾ ਉਹਦੇ ਨਾਲ਼ ਨਰਾਜ਼ ਹੋਇਆ ਹੋਵੇ। ਪਿੰਡ ਦੀਆਂ ਕੁਝ ਔਰਤਾਂ ਆਪਣੇ ਘਰ ਜਾਂ ਨਿੱਕੀ-ਮੋਟੀ ਦੁਕਾਨ ਬਣਾ ਕੇ ਬਿਊਟੀ-ਪਾਰਲਰ ਦਾ ਜਾਂ ਘਰਾਂ 'ਚ ਮਸ਼ੀਨ ਰੱਖ ਕੇ ਕੱਪੜੇ ਸੀਊਣ ਦਾ ਕੰਮ ਵੀ ਕਰਦੀਆਂ ਹਨ। ਕੁਝ ਪੜ੍ਹੀਆਂ ਲਿਖੀਆਂ ਕੁੜੀਆਂ ਵੱਖ ਵੱਖ ਕੋਰਸ ਕਰਕੇ ਨੌਂਕਰੀ ਕਰਕੇ ਆਪਣੇ ਪਰਿਵਾਰ ਦੀ ਆਮਦਨ ਵਿੱਚ ਵਾਧਾ ਕਰ ਰਹੀਆਂ ਹਨ। ਕੁਝ ਪੜ੍ਹੀਆਂ-ਲਿਖੀਆਂ ਬੀਬੀਆਂ ਆਪਣੇ ਪ੍ਰਾਈਵੇਟ ਸਕੂਲ ਚਲਾ ਕੇ ਜਾਂ ਬੱਚਿਆਂ ਨੂੰ ਟਿਊਸ਼ਨ ਪੜ੍ਹਾ ਕੇ ਘਰ ਚਲਾ ਰਹੀਆਂ ਹਨ।

ਪਿੰਡ ਦੇ ਤਕਰੀਬਨ ਸਾਰੇ ਵਸਨੀਕ ਸਿੱਖ ਧਰਮ ਵਿੱਚ ਡੂੰਘੀ ਆਸਥਾ ਰੱਖਦੇ ਹਨ। ਇਸ ਕਾਰਨ ਉਹ ਆਪਣੇ ਸਮਾਜਿਕ ਕਾਰਜਾਂ ਦੀ ਸੰਪੂਰਨਤਾ ਲਈ ਗੁਰਬਾਣੀ ਦਾ ਆਸਰਾ ਲੈਂਦੇ ਹਨ ਤੇ ਗਾਹੇ-ਬਿਗਾਹੇ ਆਪਣੇ ਘਰ ਜਾਂ ਗੁਰਦੁਆਰਿਆਂ ਵਿੱਚ ਅਖੰਡਪਾਠ ਕਰਾਉਂਦੇ ਰਹਿੰਦੇ ਹਨ। ਉਹਨਾਂ ਦੀ ਇਹ ਧਾਰਮਿਕ ਲੋੜ ਪੂਰੀ ਕਰਨ ਲਈ ਪਿੰਡ ਦੇ ਕੁਝ ਅੰਮ੍ਰਿਤਧਾਰੀ ਨੌਜਵਾਨ ਗੁਰਬਾਣੀ ਦਾ ਪਾਠ ਤੇ ਕਥਾ-ਕੀਰਤਨ ਦੀ ਸੇਵਾ ਨਿਭਾ ਰਹੇ ਹਨ। ਉਹਨਾਂ ਲਈ ਇਹ ਸੇਵਾ 'ਨਾਲੇ ਪੁੰਨ ਤੇ ਨਾਲੇ ਫਲ਼ੀਆਂ' ਵਾਲਾ ਕੰਮ ਹੈ। ਇਹ ਸੇਵਾ ਉਹਨਾਂ ਨੂੰ ਜਿੱਥੇ ਪਰਿਵਾਰ ਦੀ ਰੋਜ਼ੀ-ਰੋਟੀ ਚਲਾਉਣ ਲਈ ਮਾਇਆ ਪ੍ਰਦਾਨ ਕਰਦੀ ਹੈ ਉੱਥੇ ਸਮਾਜ ਵਿੱਚ ਸਾਫ਼-ਸੁਥਰੀ ਦਿੱਖ ਤੇ ਆਦਰਯੋਗ ਪੁਜੀਸ਼ਨ ਵੀ ਮੁਹੱਈਆ ਕਰਦੀ ਹੈ। ਗੁਰੂ ਘਰ ਦੇ ਇਹਨਾਂ ਵਜ਼ੀਰਾਂ ਵਿੱਚ ਬਾਬਾ ਜਰਨੈਲ ਸਿੰਘ ਜੋਗੀ ਪੀਰ ਵਾਲੇ, ਬਾਬਾ ਹਰਦੀਪ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਬਾਬਾ ਜੋਗੀ ਪੀਰ, ਬਾਬਾ ਹੀਰਾ ਸਿੰਘ ਰੰਧਾਵਾ ਮੁੱਖ ਗ੍ਰੰਥੀ ਗੁਰਦੁਆਰਾ ਪੱਤੀ ਗੋਂਦ ਕੀ, ਬਾਬਾ ਲਹੌਰਾ ਸਿੰਘ, ਬਾਬਾ ਹਰਪਾਲ ਸਿੰਘ, ਬਾਬਾ ਸਾਹਬ ਸਿੰਘ, ਬਾਬਾ ਲੱਖਾ ਸਿੰਘ ਅਖੰਡਪਾਠੀ, ਬਾਬਾ ਜਸਵੰਤ ਸਿੰਘ ਅਖੰਡਪਾਠੀ, ਬਾਬਾ ਲਖਵਿੰਦਰ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਬਾਬਾ ਬੀਰ ਸਿੰਘ,



Scanned with OKEN Scanner

ਬਾਬਾ ਮੰਗਲ ਸਿੰਘ ਅਖੰਡਪਾਠੀ, ਬਾਬਾ ਜਗੀਰ ਸਿੰਘ ਅਕਾਲੀ ਤੇ ਬਾਬਾ ਬਲਦੇਵ ਸਿੰਘ ਗ੍ਰੰਥੀ ਗੁਰਦੁਆਰਾ ਬਾਬਾ ਜੀਵਨ ਸਿੰਘ ਪੱਤੀ ਨਾਹਰਾਂ ਦੀ ਆਦਿ ਸ਼ਾਮਲ ਹਨ। ਇਹਨਾਂ ਵਿੱਚੋਂ ਬਾਬਾ ਲਹੌਰਾ ਸਿੰਘ ਗੁਰਦੁਆਰਾ ਬਾਬਾ ਬੁੱਢਾ ਜੀ, ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੇ ਸੁਲਤਾਨਪੁਰ ਲੋਧੀ ਆਦਿ ਧਾਰਮਿਕ ਕੇਂਦਰਾਂ ਤੇ ਵੀ ਅਖੰਡਪਾਠ ਦੀ ਸੇਵਾ ਕਰਦੇ ਰਹੇ ਹਨ। ਬਾਬਾ ਲੱਖਾ ਸਿੰਘ ਕਈ ਸਾਲ ਪਹਿਲਾਂ ਸੰਗਤਾਂ ਨੂੰ ਕਵੀਸ਼ਰੀ ਰਾਹੀਂ ਸਿੱਖ ਇਤਿਹਾਸ ਸੁਣਾ ਕੇ ਨਿਹਾਲ ਕਰਦੇ ਰਹੇ ਹਨ। ਬਾਬਾ ਗੁਰਜੀਤ ਸਿੰਘ ਵਧੀਆ ਢਾਡੀ ਤੇ ਕਥਾ-ਵਾਚਕ ਹਨ ਜੋ ਨਜ਼ਦੀਕੀ ਪਿੰਡ ਤੇਜਾ ਸਿੰਘ ਵਾਲ਼ਾ ਵਿੱਚ ਗੁਰਦੁਆਰੇ ਵਿੱਚ ਗ੍ਰੰਥੀ ਦੀ ਸੇਵਾ ਕਰਦੇ ਹਨ। ਮੈਂ ਗੁਰੂ ਘਰ ਦੇ ਇਹਨਾਂ ਵਜ਼ੀਰਾਂ ਤੋਂ ਇਹ ਆਸ ਰੱਖਦਾ ਹਾਂ ਕਿ ਉਹ ਪਿੰਡ ਵਾਸੀਆਂ ਨੂੰ ਗੁਰਬਾਣੀ ਨਾਲ ਜੋੜਕੇ ਤਰਕਹੀਣ ਪਖੰਡਾਂ, ਵਹਿਮਾਂ-ਭਰਮਾਂ, ਕਰਮਕਾਂਡਾਂ ਤੇ ਜਾਤਾਂ-ਪਾਤਾਂ ਦੇ ਵਿਤਕਰਿਆਂ ਤੋਂ ਬਚਾਉਂਦੇ ਹੋਏ ਸਮਾਜ-ਸੇਵਾ, ਸਬਰ-ਸੰਤੋਖ, ਚੰਗੇ ਕੰਮ ਕਰਨ, ਦਸਾਂ ਨਹੁੰਆਂ ਦੀ ਕਿਰਤ ਕਰਨ, ਡਿੱਗੇ-ਢੱਠੇ ਤੇ ਗਰੀਬ ਦੀ ਮਦਦ, ਠੱਗੀ-ਠੋਰੀ ਤੇ ਬੁਰੇ ਕੰਮਾਂ ਤੋਂ ਬਚਣ ਦੀ ਪ੍ਰੇਰਨਾ ਦੇ ਕੇ ਆਪਸੀ ਪਿਆਰ ਤੇ ਭਾਈਚਾਰਾ ਉਸਾਰਨ ਲਈ ਹੰਭਲਾ ਮਾਰਦੇ ਰਹਿਣਗੇ।

❒



Scanned with OKEN Scanner

# ਪਿੰਡ ਦੇ ਦੁਕਾਨਦਾਰ

ਪਹਿਲਾਂ ਪਿੰਡ ਦੇ ਅੱਡੇ ਤੇ ਸਿਰਫ਼ ਇੱਕ ਦੋ ਦੁਕਾਨਾਂ ਹੀ ਹੁੰਦੀਆਂ ਸਨ ਪਰ ਹੁਣ ਅੱਡਾ ਇਕ ਪੇਂਡੂ ਬਜ਼ਾਰ ਬਣ ਗਿਆ ਹੈ ਤੇ ਤਰਨਤਾਰਨ ਵੱਲੋਂ ਆਉਂਦੀ ਸੜਕ ਦੇ ਦੋਹੀਂ ਪਾਸੀਂ ਅਣਗਿਣਤ ਦੁਕਾਨਾਂ ਪੈ ਗਈਆਂ ਹਨ। ਲੋੜ ਵਾਲੀ ਲੱਗ-ਭੱਗ ਹਰ ਚੀਜ਼ ਇੱਥੋਂ ਮਿਲ ਜਾਂਦੀ ਹੈ। ਜਦੋਂ ਮੈਂ ਛੋਟਾ ਹੁੰਦਾ ਸਾਂ ਤਾਂ ਅੱਡੇ ਤੇ ਇੱਕ ਅੱਧ ਹੀ ਦੁਕਾਨ ਹੁੰਦੀ ਸੀ। ਮਗਰੋਂ ਨਾਹਰਾਂ ਦੀ ਪੱਤੀ ਚੋਂ ਚਾਚੇ ਕਰਮ ਸਿੰਹੁ ਦੇ ਵੱਡੇ ਮੁੰਡੇ ਨਰੰਜਣ ਨੇ ਇੱਕ ਦੁਕਾਨ ਵਿੱਚ ਸਾਈਕਲਾਂ ਦੀ ਮੁਰੰਮਤ ਤੇ ਪੈਂਚਰ ਲਾਉਣ ਦਾ ਕੰਮ ਸ਼ੁਰੂ ਕਰ ਲਿਆ। ਇਸ ਦੁਕਾਨ ਕਾਰਨ ਉਹ 'ਨੰਜਾ ਸਾਈਕਲਾਂ ਵਾਲਾ' ਕਰਕੇ ਮਸ਼ਹੂਰ ਹੋ ਗਿਆ। ਉਹ ਬਾਬੇ ਨਾਨਕ ਦੇ ਕਿਰਤ ਕਰੋ ਦੇ ਫ਼ਲਸਫ਼ੇ ਨੂੰ ਪ੍ਰਨਾਇਆ ਹੋਇਆ ਸੀ। ਇਸ ਦੁਕਾਨ ਤੇ ਨਰੰਜਣ ਤੇ ਉਹਦੇ ਭਰਾਵਾਂ ਨੇ ਬੜੀ ਮਿਹਨਤ ਤੇ ਕਮਾਈ ਕੀਤੀ। ਕਈ ਸਾਲ ਦੁਕਾਨਦਾਰੀ ਕਰਨ ਪਿੱਛੋਂ ਦੁਕਾਨ ਛੋਟੇ ਭਰਾਵਾਂ ਹਵਾਲੇ ਕਰਕੇ ਨਰੰਜਣ ਡੁਬੱਈ ਚਲੇ ਗਿਆ। ਅੱਜ ਵੀ ਉਹ ਵਿਦੇਸ਼ ਵਿੱਚ ਮਿਹਨਤ ਦੇ ਬਲਬੋਤੇ ਵਧੀਆ ਜੀਵਨ ਗੁਜ਼ਾਰ ਰਿਹਾ ਹੈ। ਦੂਸਰੀ ਦੁਕਾਨ ਜੀਓਬਾਲ਼ੇ ਦੇ ਇਕ ਬਜ਼ੁਰਗ ਅਮਲੀ ਦੀ ਚਾਹ-ਪਕੌੜਿਆਂ ਦੀ ਹੁੰਦੀ ਸੀ। ਸ਼ਾਮ ਵੇਲੇ ਉਹਦੀ ਦੁਕਾਨ ਤੇ ਚਿੱਤ ਕਰਾਰਾ ਕਰਨ ਵਾਲੇ ਪਿਆਕੜਾਂ ਦੀ ਖ਼ੂਬ ਰੌਣਕ ਹੁੰਦੀ ਸੀ।

ਮਗਰੋਂ ਸਹਿਜੇ ਸਹਿਜੇ ਦੁਕਾਨਾਂ ਦੀ ਇਹ ਰੌਣਕ ਵਧਦੀ ਗਈ। ਅਵਤਾਰ ਸਿੰਘ ਉਰਫ਼ ਤਾਰੀ ਨਿਹੰਗ ਨੇ ਵੀ ਸਾਈਕਲ-ਮੁਰੰਮਤ ਦੀ ਇੱਕ ਹੋਰ ਦੁਕਾਨ ਪਾ ਲਈ। ਅੱਡੇ ਤੇ ਪੰਜਾਬ ਐਂਡ ਸਿੰਧ ਬੈਂਕ ਦੀ ਬ੍ਰਾਂਚ ਖੁੱਲ੍ਹ ਗਈ। ਕਣਕ ਗਾਹੁਣ ਵਾਲੀਆਂ ਮਸ਼ੀਨਾਂ ਦੇ ਪਿੰਡਾਂ ਵਿੱਚ ਆ ਜਾਣ ਪਿੱਛੋਂ ਮਿਸਤਰੀ ਬਲਦੇਵ ਸਿੰਘ ਨੇ ਅੱਡੇ ਤੇ ਵਰਕਸ਼ਾਪ ਖੋਲ੍ਹ ਕੇ ਨਵੀਆਂ ਮਸ਼ੀਨਾਂ ਬਣਾਉਣ ਤੇ ਪੁਰਾਣੀਆਂ ਦੀ ਮੁਰੰਮਤ ਕਰਨ ਦਾ ਕੰਮ ਸ਼ੁਰੂ ਕੀਤਾ। ਮੇਰੇ ਇੱਕ ਜਮਾਤੀ ਡਾਕਟਰ ਸੁਖਜਿੰਦਰ ਪਾਲ ਸਿੰਘ ਜਿਹਨੂੰ ਲੋਕ ਪਿਆਰ ਨਾਲ 'ਡਾਕਟਰ ਸਾਹਬਾ' ਕਹਿੰਦੇ ਹਨ, ਨੇ ਬੀਮਾਰਾਂ ਨੂੰ ਦਵਾ-ਦਾਰੂ ਦੇਣ ਲਈ ਦਵਾ-ਖ਼ਾਨਾ ਵੀ ਖੋਲ੍ਹ ਲਿਆ। ਮੀਰ ਚੰਦ ਬ੍ਰਾਹਮਣ ਨੇ ਵੀ ਚਾਹ-ਠੰਢੇ ਦੀ ਹੱਟੀ ਆ ਪਾਈ। ਦੋ ਕੁ ਡਰੱਗ ਸਟੋਰ ਵੀ ਖੁੱਲ੍ਹ ਗਏ। ਅਕਾਲੀਆਂ ਦੇ ਲਖਬੀਰ ਸਿੰਘ ਨੇ ਬਿਜਲੀ ਦੀਆਂ ਮੋਟਰਾਂ ਰੀ-ਵਾਈਂਡ ਕਰਨ ਦੀ ਤੇ ਉਹਦੇ ਵੱਡੇ ਭਰਾ ਜਗੀਰ ਸਿੰਘ ਨੇ ਕਰਿਆਨੇ ਦੀ ਦੁਕਾਨ ਖੋਲ੍ਹ ਲਈ। ਨਾਮਧਾਰੀ ਪਰਿਵਾਰ 'ਚੋਂ ਮਿਸਤਰੀ ਸੁਖਦੇਵ ਸਿੰਘ ਜੋ ਤਰਨਤਾਰਨ ਨੂਰਦੀ ਅੱਡੇ ਵਿੱਚ



Scanned with OKEN Scanner

ਰੇਡੀਓ ਮੁਰੰਮਤ ਕਰਦਾ ਹੁੰਦਾ ਸੀ, ਨੇ ਪਿੰਡ ਦੇ ਅੱਡੇ ਤੇ ਟੀ.ਵੀ. ਮੁਰੰਮਤ ਦਾ ਦਾ ਕੰਮ ਸ਼ੁਰੂ ਕੀਤਾ। ਉਹਦੇ ਲੜਕੇ ਜਸਬੀਰ ਸਿੰਘ ਤੇ ਬਲਵਿੰਦਰ ਸਿੰਘ ਨੇ ਇਸ ਕੰਮ ਨੂੰ ਟੀ. ਵੀ. ਡਿਸ਼, ਇਲੈਕਟਰੌਨਿਕ ਸਮਾਨ ਤੇ ਰਿਪੇਅਰ ਅਤੇ ਆਧੁਨਿਕ ਬਿਜਲੀ ਦੀ ਵਾਇਰਿੰਗ ਤਕ ਵਧਾ ਲਿਆ ਹੈ। ਹੁਣ ਤਾਂ ਕਰਿਆਨੇ, ਹਾਰਡ-ਵੇਅਰ, ਟੀ ਵੀ ਮੁਰੰਮਤ, ਖਾਦਾਂ-ਦਵਾਈਆਂ, ਟੈਂਟ ਹਾਊਸ, ਦੋ ਤਿੰਨ ਹੋਰ ਮੈਡੀਕਲ ਸਟੋਰ, ਹਲਵਾਈ ਦੀ ਦੁਕਾਨ, ਚਾਹ-ਠੰਢਾ, ਬਿਜਲੀ ਦੇ ਉੱਪਕਰਨਾਂ ਦੀ ਮੁਰੰਮਤ, ਸੈਨੇਟਰੀ ਦਾ ਸਮਾਨ, ਸਿਲਾਈ-ਕਢਾਈ ਤੇ ਦਰਜ਼ੀ, ਕੱਪੜੇ ਦੀ ਦੁਕਾਨ, ਮੋਚੀ, ਹੇਅਰ-ਕਟਿੰਗ, ਵੈਲਡਿੰਗ, ਗੇਟ-ਗਰਿੱਲਾਂ ਤੇ ਹੋਰ ਕਈ ਤਰ੍ਹਾਂ ਦੀਆਂ ਦੁਕਾਨਾਂ ਮੌਜੂਦ ਹਨ। ਹੁਣ ਪਿੰਡ ਦੇ ਅੱਡੇ ਤੇ ਸੜਕ ਦੇ ਦੋਹੀਂ ਪਾਸੀਂ ਬਜ਼ਾਰ ਬਣ ਗਿਆ ਹੈ ਤੇ ਪਿੰਡ ਦੀਆਂ ਲੋੜਾਂ ਪੂਰੀਆਂ ਕਰਨ ਲਈ ਸ਼ਹਿਰੀ ਤਰਜ਼ ਤੇ ਲੱਗ-ਭੱਗ ਹਰ ਤਰ੍ਹਾਂ ਦੀ ਦੁਕਾਨ ਮੌਜੂਦ ਹੈ।

ਦੁਕਾਨਾਂ ਦੀ ਗੱਲ ਤੁਰੀ ਹੈ ਤਾਂ ਲਗਦੇ ਹੱਥ ਕੁਝ ਹੋਰ ਪਿੰਡ ਵਿਚਲੀਆਂ ਹੱਟੀਆਂ ਦੀ ਵੀ ਗੱਲ ਕਰ ਲਈਏ। ਜਦੋਂ ਅਸੀਂ ਛੋਟੇ ਸਾਂ ਤਾਂ 'ਦੁਕਾਨ' ਸ਼ਬਦ ਦੀ ਥਾਂ 'ਹੱਟੀ' ਹੀ ਬੋਲਿਆ ਜਾਂਦਾ ਸੀ। ਬਹੁਤ ਪੁਰਾਣੀ ਹੱਟੀ ਤਾਂ ਪਿੰਡ ਵਿੱਚ ਕਾਮਰੇਡ ਸੁਰੈਣ ਸਿੰਘ ਦੀ ਹੁੰਦੀ ਸੀ। ਭੀੜੀ ਗਲ਼ੀ ਦੇ ਇੱਕ ਮੋੜ ਤੇ ਗਜ਼ ਗਜ਼ ਚੌੜੀਆਂ ਕੰਧਾਂ ਵਾਲੇ ਇੱਕ ਚੁਬਾਰੇ ਦੀ ਹੇਠਲੀ ਕੋਠੜੀ ਵਿੱਚ ਦੁਕਾਨ ਹੁੰਦੀ ਸੀ, ਜਿਸ ਦੇ ਵਿੱਚੋਂ ਹੀ ਚੁਬਾਰੇ ਨੂੰ ਪੌੜੀਆਂ ਚੜ੍ਹਦੀਆਂ ਸਨ। ਕਾਮਰੇਡ ਸੁਰੈਣ ਸਿੰਘ ਪੜ੍ਹਿਆ-ਲਿਖਿਆ ਬੰਦਾ ਸੀ ਤੇ ਉਹ ਅਜ਼ਾਦੀ ਦੀ ਲੜਾਈ ਵਿੱਚ ਵੀ ਭਾਗ ਲੈਂਦਾ ਰਿਹਾ ਸੀ। ਉਹ ਪਹਿਲਾਂ ਕਾਂਗਰਸ ਦਾ ਵਰਕਰ ਸੀ ਤੇ ਅਜ਼ਾਦੀ ਤੋਂ ਬਾਅਦ ਕਾਮਰੇਡ ਬਣ ਗਿਆ ਸੀ। ਇਸ ਚੱਕਰ ਵਿੱਚ ਉਹਦੀ ਕਈ ਵਾਰ ਪੁਲਿਸ ਵੱਲੋਂ ਫੜੋ-ਫੜਾਈ ਵੀ ਹੋਈ ਸੀ। ਕਾਮਰੇਡ ਸੁਰੈਣ ਸਿੰਘ ਦੀ ਮੌਤ ਤੋਂ ਬਾਅਦ ਉਹਦੀ ਦੁਕਾਨ ਬੰਦ ਹੋ ਗਈ। ਉਹਦੀ ਇੱਕ ਹੋਰ ਸਿਫ਼ਤ ਵੀ ਇੱਥੇ ਕਰਨੀ ਬਣਦੀ ਹੈ। ਜਦੋਂ ਅਸੀਂ ਛੋਟੇ ਹੁੰਦੇ ਕੋਈ ਸੌਦਾ ਲੈਣ ਉਹਦੀ ਦੁਕਾਨ ਤੇ ਜਾਂਦੇ ਸਾਂ ਤਾਂ ਕਦੇ ਕਦੇ ਉਹ ਆਪਣੀ ਪਤਨੀ ਤੇਜ ਕੌਰ ਜਿਹਨੂੰ ਅਸੀਂ ਤਾਈ ਕਹਿੰਦੇ ਸਾਂ, ਨੂੰ ਕਿਸੇ ਕੰਮ ਲਈ ਅਵਾਜ਼ ਮਾਰਦਾ ਸੀ ਤਾਂ ਉਹ ਬੜੀ ਸੁਰੀਲੀ ਅਵਾਜ਼ 'ਚ ਬੋਲਦਾ ਸੀ। ਉਹਦਾ ਸੰਬੋਧਨ 'ਤੇਜ ਕੌਰ ਜੀ!' ਸੁਣ ਕੇ ਸਾਨੂੰ ਹਾਸਾ ਆ ਜਾਂਦਾ ਸੀ ਕਿਉਂਕਿ ਪਿੰਡ ਵਿੱਚ ਪਤੀ ਵੱਲੋਂ ਆਪਣੀ ਪਤਨੀ ਨੂੰ ਜੀ ਕਰਕੇ ਬੁਲਾਉਣਾ ਅਸੀਂ ਹੋਰ ਕਿਧਰੇ ਨਹੀਂ ਸੀ ਸੁਣਿਆ। ਪਰ ਜਦੋਂ ਸਾਨੂੰ ਸੁਰਤ ਆਈ ਜਾਂ ਅਕਲ ਆਈ ਤਾਂ ਸਾਨੂੰ ਇਸ ਗੱਲ ਦੀ ਸਮਝ ਆਈ ਕਿ ਕਾਮਰੇਡ ਸੁਰੈਣ ਸਿੰਘ ਪਿੰਡ ਵਿੱਚ ਇੱਕੋ ਇੱਕ ਵਾਹਦ ਬੰਦਾ ਸੀ ਜੋ ਬਾਬੇ ਨਾਨਕ ਦੇ 'ਸੋ ਕਿਉਂ ਮੰਦਾ ਆਖੀਐ' ਦੇ ਫ਼ੁਰਮਾਣ ਨੂੰ ਲਾਗੂ ਕਰਦਿਆਂ ਸਹੀ ਅਰਥਾਂ ਵਿੱਚ ਔਰਤ ਜਾਤੀ ਦਾ ਸਨਮਾਨ ਕਰਦਾ ਸੀ।

ਇੱਕ ਹੋਰ ਪੁਰਾਣੀ ਦੁਕਾਨ ਬਜ਼ੁਰਗ ਬ੍ਰਾਹਮਣ ਗੁਰਾਂ ਦਿੱਤਾ ਮੱਲ ਪਿਪਲਾਨੀ ਦੀ



Scanned with OKEN Scanner

ਸਰਕਾਰੀ ਸਕੂਲ ਦੇ ਨੇੜੇ ਹੁੰਦੀ ਸੀ। ਸਕੂਲ ਦੇ ਬੱਚੇ ਵਧੇਰੇ ਕਰਕੇ ਆਪਣੀ ਪੜ੍ਹਾਈ ਨਾਲ ਸਬੰਧਤ ਸਮਗਰੀ ਕਲਮ, ਦਵਾਤ, ਗਾਚਨੀ, ਕਾਪੀ, ਡਰੰਕ, ਨਿੱਬ ਆਦਿ ਉਹਦੀ ਦੁਕਾਨ ਤੋਂ ਹੀ ਖਰੀਦਦੇ ਸਨ। ਉਹਦੀ ਨਜ਼ਰ ਘੱਟ ਹੋਣ ਕਾਰਨ ਨਿੱਕੇ ਬੱਚੇ ਕਈ ਵਾਰ ਖੋਟੇ ਸਿੱਕੇ ਦੇ ਕੇ ਵੀ ਉਸ ਤੋਂ ਸੌਦਾ ਲੈ ਜਾਂਦੇ ਸਨ। ਉਹਦੀ ਦੁਕਾਨ ਨਾਲ ਲਗਵਾਂ ਘਰ ਸਾਡੇ ਜਮਾਤੀ ਗੁਰਬਚਨ ਸਿੰਘ ਪੁੱਤਰ ਤਾਰਾ ਸਿੰਘ ਨੰਬਰਦਾਰ ਦਾ ਹੁੰਦਾ ਸੀ। ਕਈ ਵਾਰ ਅਸੀਂ ਗੁਰਬਚਨ ਸਿੰਘ ਦੀ ਬੁੱਢੀ ਮਾਂ ਦੇ ਹੱਥਾਂ ਦੀ ਬਣੀ ਚਾਹ ਪੀਂਦੇ ਸਾਂ। ਪਿੰਡ ਦੀ ਮੇਨ ਗਲ਼ੀ ਵਿੱਚ ਤੇ ਵਿਚਕਾਰ ਜਿਹੇ ਬਿਰਜੂ ਬ੍ਰਾਹਮਣ ਦੀ ਦੁਕਾਨ ਵੀ ਹੁੰਦੀ ਸੀ। ਬਿਰਜੂ ਦੇ ਮੁੰਡੇ ਸਾਡੇ ਨਾਲ ਹੀ ਅੱਗੇ-ਪਿੱਛੇ ਪੜ੍ਹਦੇ ਸਨ। ਬਾਅਦ ਵਿੱਚ ਮੈਨੂੰ ਨਹੀਂ ਪਤਾ ਕਿ ਬਿਰਜੂ ਬ੍ਰਾਹਮਣ ਕਿਹੜੇ ਵੇਲੇ ਪਰਿਵਾਰ ਸਮੇਤ ਪਿੰਡ ਛੱਡ ਕੇ ਕਿੱਥੇ ਚਲਾ ਗਿਆ। ਇਹ ਦੋਵੇਂ ਦੁਕਾਨਾਂ ਹੁਣ ਮੌਜੂਦ ਨਹੀਂ ਹਨ। ਬਿਰਜੂ ਦੇ ਉਲਟ ਸਾਈਡ ਤੇ ਬਖਸ਼ੀਸ਼ ਸਿੰਘ ਰਾਜੇ ਦੀ ਦੁਕਾਨ ਸੀ। ਇਹ ਦੁਕਾਨ ਪਿੰਡ ਵਿੱਚ ਇੱਕ ਨੰਬਰ ਤੇ ਮੰਨੀ ਜਾਂਦੀ ਸੀ ਤੇ ਲੱਗ ਭੱਗ ਹਰ ਚੀਜ਼ ਉਹਦੀ ਦੁਕਾਨ ਤੋਂ ਮਿਲ ਜਾਂਦੀ ਸੀ। ਉਹਦੇ ਬਜ਼ੁਰਗ ਹੋਣ ਤੋਂ ਪਹਿਲਾਂ ਹੀ ਉਹਦੇ ਮੁੰਡੇ ਸਵਰਨ (ਮੁਨੀਮ) ਤੇ ਸ਼ਿੰਦੇ ਨੇ ਦੁਕਾਨ ਤੇ ਵਪਾਰ ਦਾ ਕੰਮ ਸੰਭਾਲ ਲਿਆ ਸੀ। ਇੱਕ ਮੁੰਡੇ ਚਰਨ ਸਿੰਘ ਨੇ ਲੰਮਾ ਸਮਾਂ ਦੋਧੀ ਦਾ ਕੰਮ ਕੀਤਾ। ਬਾਅਦ 'ਚ ਉਹਨੇ ਟਾਂਗਾ ਬਣਾ ਲਿਆ ਸੀ ਜਿਸ ਤੇ ਉਹ ਸ਼ਹਿਰੋਂ ਦੁਕਾਨ ਦਾ ਸੌਦਾ ਲੈ ਆਉਂਦੇ ਸਨ। ਬਾਅਦ ਵਿੱਚ ਇੱਕ ਮੁੰਡੇ ਦਰਸ਼ਨ ਨੇ ਵੇਰਕਾ-ਦੁੱਧ ਦੀ ਡੇਹਰੀ ਦਾ ਕੰਮ ਚਲਾਇਆ। ਲਖਬੀਰ ਸਿੰਘ ਨੇ ਟੈਕਸੀਆਂ ਵੀ ਪਾਈਆਂ। ਉਹ ਲੰਮਾ ਸਮਾਂ ਸਾਂਝੇ ਘਰ ਵਿੱਚ ਇਕੱਠੇ ਰਹੇ ਤੇ ਚੋਖੀ ਕਮਾਈ ਕਰਕੇ ਉਹਨਾਂ ਨੇ 15-16 ਕਿੱਲੇ ਜ਼ਮੀਨ ਵੀ ਖ਼ਰੀਦੀ। ਹੁਣ ਸਾਰੇ ਭਰਾਵਾਂ ਦੇ ਅੱਡੋ ਅੱਡ ਵਧੀਆ ਕਾਰੋਬਾਰ ਚੱਲ ਰਹੇ ਹਨ।

ਪਿੰਡ ਵਿੱਚ ਇੱਕ ਹੋਰ ਗਲ਼ੀ, ਜੋ ਪੱਤੀ ਹੱਸਣ ਕੀ ਦੀ ਪਹਾੜ ਵਾਲੀ ਬਾਹੀ ਹੁੰਦੀ ਹੋਈ ਦਰਗਾਹ ਮਾਹੀ ਸ਼ਾਹ ਨੇੜਿਉਂ ਲੰਘ ਕੇ ਪਿੰਡ ਵਿੱਚ ਜਾ ਵੜਦੀ ਹੈ, ਵਿੱਚ ਅੱਗੇ ਜਾ ਕੇ ਗੁਰਦੀਪ ਸਿੰਘ (ਰਾਜੇ) ਦੀ ਦੁਕਾਨ ਆਉਂਦੀ ਹੈ ਜਿਸ ਤੋਂ ਹਰ ਪ੍ਰਕਾਰ ਦੇ ਸੌਦੇ ਤੋਂ ਬਿਨਾਂ ਕਿੱਲ-ਕਾਬਲੇ ਤੇ ਰਬੜ ਦੀਆਂ ਜੁੱਤੀਆਂ ਤੱਕ ਵੀ ਮਿਲ ਜਾਂਦੀਆਂ ਸਨ। ਹੁਣ ਇਹ ਦੁਕਾਨ ਉਹਦਾ ਲੜਕਾ ਚਲਾਉਂਦਾ ਹੈ। ਗੁਰਦੀਪ ਸਿੰਘ ਕੋਲ ਪਿਤਾ ਪੁਰਖੀ 10-15 ਕਿੱਲੇ ਜ਼ਮੀਨ ਵੀ ਸੀ। ਉਸ ਜ਼ਮੀਨ ਵਿੱਚ ਸਿੰਜਾਈ ਲਈ ਉਹਦੇ ਬਾਪੂ ਪਾਲ ਸਿੰਘ ਨੇ ਇੱਕ ਬੋਕੀਆਂ ਵਾਲਾ ਖੂਹ ਲਵਾਇਆ ਸੀ। ਮੈਨੂੰ ਯਾਦ ਹੈ ਕਿ ਜਦੋਂ ਕਦੇ ਸਾਉਣ ਦੇ ਮਹੀਨੇ ਮੀਂਹ ਪੈਂਦੇ ਸਨ ਤਾਂ ਉਸ ਖੂਹ ਦਾ ਪਾਣੀ ਉਤਲੇ ਕੰਢੇ ਤੋਂ ਦੋ ਕੁ ਫੁੱਟ ਨੀਵਾਂ ਰਹਿ ਜਾਂਦਾ ਸੀ। ਅਸੀਂ ਡੰਗਰ ਚਾਰਦੇ ਉਸ ਖੂਹ ਦੇ ਕੰਢੇ ਤੋਂ ਬਾਂਹ ਲਮਕਾ ਕੇ ਖੂਹ ਵਿੱਚੋਂ ਪਾਣੀ ਦਾ ਡੋਲ ਭਰ ਲੈਂਦੇ ਸਾਂ। ਬਾਅਦ ਵਿੱਚ ਗੁਰਦੀਪ ਸਿੰਘ ਦੇ ਵੱਡੇ ਮੁੰਡੇ ਲਖਬੀਰ ਸਿੰਘ ਨੇ ਇਸ ਖੂਹ ਦੀ ਥਾਂ ਬਿਜਲੀ ਵਾਲ਼ਾ ਟਿਊਬਵੈਲ ਲਵਾ ਕੇ ਖੇਤੀ ਦਾ ਧੰਦਾ ਸ਼ੁਰੂ ਕੀਤਾ ਤੇ



Scanned with OKEN Scanner

ਆਪਣੀ ਰਿਹਾਇਸ਼ ਲਈ ਖੇਤਾਂ ਵਿੱਚ ਹੀ ਮਕਾਨ ਬਣਾ ਲਿਆ ਸੀ। ਪਿੱਛੇ ਜਿਹੇ ਉਹਦੀ ਮੌਤ ਹੋ ਗਈ ਸੀ।

## ਸ੍ਰ ਮੇਵਾ ਸਿੰਘ ਫੌਜੀ ਦੀ ਹੱਟੀ

ਪਿੰਡ ਦੇ ਪਹਾੜ ਵਾਲੀ ਬਾਹੀ ਫਿਰਨੀ ਤੇ ਮੇਵਾ ਸਿੰਘ ਫੌਜੀ ਦੀ ਕਰਿਆਨੇ ਦੀ ਵੱਡੀ ਦੁਕਾਨ ਹੈ ਜੋ ਮੇਨ ਰੋਡ ਤੋਂ ਨੂਰ ਪੁਰ ਨੂੰ ਜਾਂਦੀ ਲਿੰਕ ਰੋਡ ਤੇ ਸੁਰ ਸਿੰਘੀਆਂ ਦੀ ਪੱਤੀ 'ਚ ਪੈਂਦੀ ਹੈ। ਮੇਵਾ ਸਿੰਘ ਮੇਰਾ ਜਮਾਤੀ ਰਿਹਾ ਹੈ। ਉਹ ਸਬਰ-ਸੰਤੋਖ ਦਾ ਧਾਰਨੀ ਤੇ ਹਰ ਇਕ ਨਾਲ ਨਿਮਰਤਾ, ਹਮਦਰਦੀ ਤੇ ਮਿਲਵਰਤਣ ਦੀ ਭਾਵਨਾ ਰੱਖਣ ਵਾਲਾ ਮਿੱਤਰ-ਸੱਜਣ ਹੈ। ਇਸ ਕਾਰਨ ਪਿੰਡ ਦੇ ਬਹੁਤੇ ਲੋਕ ਉਹਦੀ ਦੁਕਾਨ ਦੇ ਗਾਹਕ ਹਨ।

ਉਸ ਦਾ ਜਨਮ ਪਿਤਾ ਸ੍ਰ ਆਤਮਾ ਸਿੰਘ ਅਤੇ ਮਾਤਾ ਬੀਬੀ ਮੰਗਲ ਕੌਰ ਦੇ ਘਰ 1952 ਵਿਚ ਹੋਇਆ ਸੀ।ਪਿਤਾ ਮਜ਼ਦੂਰੀ ਕਰਦੇ ਸਨ ਤੇ ਮਾਂ ਘਰੇਲੂ ਕੰਮ ਦੇ ਨਾਲ਼ ਦਾਈ ਦਾ ਕੰਮ ਕਰਦੀ ਸੀ।ਮੈਨੂੰ ਯਾਦ ਹੈ ਕਿ ਜਦੋਂ ਅਸੀਂ ਛੋਟੇ ਹੁੰਦੇ ਸਾਂ, ਕਈ ਵਾਰ ਛੋਟੇ ਬੱਚਿਆਂ ਨੂੰ ਹੰਸਲੀ ਪੈ ਜਾਂਦੀ ਸੀ ਤਾਂ ਬੱਚੇ ਰੋਂਦੇ ਚੁੱਪ ਨਹੀਂ ਸਨ ਕਰਦੇ।ਮਾਵਾਂ ਹੰਸਲੀ ਕਢਾਉਣ ਲਈ ਬੱਚਿਆਂ ਨੂੰ ਬੀਬੀ ਮੰਗੋ ਕੋਲ਼ ਲੈ ਜਾਂਦੀਆਂ ਸਨ, ਉਹ ਬੜੇ ਸਹਿਜ ਨਾਲ਼ ਤੇਲ ਦੀ ਮਾਲਸ਼ ਕਰਕੇ ਬੱਚੇ ਦੇ ਮੋਢੇ ਦੀਆਂ ਹੱਡੀਆਂ ਸੈੱਟ ਕਰ ਦੇਂਦੀ ਸੀ ਤੇ ਬੱਚੇ ਚੁੱਪ ਕਰ ਜਾਂਦੇ ਸਨ।ਮੇਵਾ ਸਿੰਘ ਫੌਜੀ ਮੇਰੇ ਨਾਲੋਂ ਦੋ ਸਾਲ ਵੱਡਾ ਹੈ ਪਰ ਸਕੂਲ ਲੇਟ ਜਾਇਨ ਕਰਨ ਕਰਕੇ ਉਹ ਅਠਵੀਂ ਤੱਕ ਮੇਰੇ ਨਾਲ਼ ਹੀ ਪੜ੍ਹਦਾ ਰਿਹਾ ਹੈ।25 ਜੁਲਾਈ 1968 ਨੂੰ ਉਹ ਗੁਰਦੁਆਰੇ ਖੀਰ ਚੜ੍ਹਾਉਣ ਅੰਮ੍ਰਿਤਸਰ ਗਿਆ ਤਾਂ ਭਾਰਤੀ ਫੌਜ ਦੇ ਭਰਤੀ ਦਫ਼ਤਰ ਜਾ ਵੜਿਆ।ਉਦੋਂ ਉਹ ਨੌਂਵੀਂ ਜਮਾਤ ਵਿਚ ਪੜ੍ਹਦਾ ਸੀ; ਕੱਦ-ਕਾਠ ਵੱਲੋਂ ਪੂਰਾ ਤੇ ਸਿਹਤ ਪੱਖੋਂ ਤਕੜਾ ਹੋਣ ਕਰਕੇ ਭਰਤੀ ਅਫਸਰ ਨੇ, ਮਿਣਤੀ ਕਰਕੇ ਤੇ ਵੇਖ ਪਰਖ ਕੇ ਉਹਨੂੰ ਫੌਜ ਵਿਚ ਭਰਤੀ ਕਰ ਲਿਆ। ਉੱਨੀ ਸਾਲ ਫੌਜ ਦੀ ਨੌਂਕਰੀ ਕਰਕੇ ਅਕਤੂਬਰ 1987 ਵਿਚ ਉਹ ਹਵਾਲਦਾਰ ਦੇ ਰੈਂਕ ਨਾਲ਼ ਪੈਨਸ਼ਨ ਆ ਗਿਆ।ਉਹਦੇ ਦੋ ਲੜਕੇ ਹਨ।ਇਹਨਾਂ ਚੋਂ ਵੱਡਾ ਬੇਟਾ ਠਾਕਰ ਸਿੰਘ ਭਾਰਤੀ ਫੌਜ ਵਿਚ ਸੂਬੇਦਾਰ ਦੇ ਅਹੁਦੇ ਤੇ ਦੇਸ਼ ਦੀ ਸੇਵਾ ਕਰ ਰਿਹਾ ਹੈ ਅਤੇ ਛੋਟਾ ਆਪਣਾ ਪ੍ਰਾਈਵੇਟ ਕਾਰੋਬਾਰ ਕਰਦਾ ਹੈ।ਕੁਝ ਸਾਲ ਪਹਿਲਾਂ ਮੇਵਾ ਸਿੰਘ ਨੇ ਆਪਣੇ ਰੁਝੇਵੇਂ ਲਈ ਕਰਿਆਨੇ ਦੀ ਦੁਕਾਨ ਦਾ ਕੰਮ ਸ਼ੁਰੂ ਕੀਤਾ ਸੀ ਜੋ ਹੁਣ ਵਧੀਆ ਚੱਲ ਰਿਹਾ ਹੈ।ਪਿਛਲੇ ਸਾਲ ਉਹਦੀ ਧਰਮ ਪਤਨੀ ਸਦੀਵੀ ਵਿਛੋੜਾ ਦੇ ਗਈ ਹੈ।ਉਹਦੇ ਚਲੇ ਜਾਣ ਨਾਲ਼ ਭਾਵੇਂ ਦੁਕਾਨਦਾਰੀ ਪ੍ਰਭਾਵਿਤ ਹੋਈ ਹੈ ਪਰ ਫਿਰ ਵੀ ਉਹ ਚੜ੍ਹਦੀ ਕਲਾ 'ਚ ਰਹਿੰਦਿਆਂ ਅਕਾਲਪੁਰਖ ਦਾ ਸ਼ੁਕਰ-ਗੁਜ਼ਾਰ ਹੈ।ਮੈਂ ਉਹਦੀ ਚੰਗੀ ਸਿਹਤ ਦੀ ਕਾਮਨਾ ਕਰਦਾ ਹਾਂ।

ਮੇਵਾ ਸਿੰਘ ਦੀ ਦੁਕਾਨ ਤੋਂ ਅੱਗੇ ਲੰਘ ਕੇ ਸੜਕ ਦੇ ਉੱਤੇ ਹੀ ਲਾਡੀ ਮਿਸਤਰੀ ਦੀ



Scanned with OKEN Scanner

ਫ਼ਰਨੀਚਰ ਦੀ ਦੁਕਾਨ ਹੈ। ਉਹਦੇ ਨਾਲ ਹੀ ਰਾਣੇ ਦੀ ਦੁੱਧ-ਡੇਹਰੀ ਹੈ। ਪਿੰਡ ਦੇ ਆਲ਼ੇ-ਦੁਆਲ਼ੇ ਬਣੀ ਫਿਰਨੀ ਤੇ ਹੁਣ ਦੁਕਾਨਾਂ ਇੰਜ ਬਣ ਗਈਆਂ ਹਨ ਜਿਵੇਂ ਇਹ ਕੋਈ ਸ਼ਹਿਰ ਹੋਵੇ। ਇਹਨਾਂ ਚੋਂ ਕਈ ਦੁਕਾਨਾਂ ਕਿਰਾਏ ਤੇ ਵੀ ਚੜ੍ਹੀਆਂ ਹੋਈਆਂ ਹਨ। ਮੇਰੇ ਇੱਕ ਹੋਰ ਜਮਾਤੀ ਮਲੂਕ ਸਿੰਘ ਫੌਜੀ ਦੀ ਅੱਡੇ ਤੇ ਕਰਿਆਨੇ ਦੀ ਦੁਕਾਨ ਖ਼ੂਬ ਚੱਲਦੀ ਹੈ। ਨਾਹਰਾਂ ਦੀ ਪੱਤੀ 'ਚ ਜਗਤਾਰ ਸਿੰਘ ਤੇ ਅਮਰਜੀਤ ਸਿੰਘ ਦੀਆਂ ਵੀ ਕਰਿਆਨੇ ਦੀਆਂ ਦੁਕਾਨਾਂ ਹਨ।

❒

# ਪਿੰਡ ਦੇ ਦੇਸ਼-ਭਗਤ

ਪੰਜਾਬ ਦੀ ਧਰਤੀ ਨੂੰ ਦੇਸ਼-ਭਗਤਾਂ ਦੀ ਜਨਮ-ਭੂਮੀ ਆਖਿਆ ਜਾਂਦਾ ਹੈ। ਇਸ ਧਰਤੀ ਨੂੰ ਸਿੱਖ ਗੁਰੂ ਸਾਹਿਬਾਨਾਂ ਦੀ ਚਰਨ-ਛੋਹ ਪ੍ਰਾਪਤ ਹੈ ਤੇ ਇਸ ਦੇ ਜਾਇਆਂ ਨੂੰ ਦੇਸ਼, ਧਰਮ ਤੇ ਅਣਖ-ਇਜ਼ਤ ਲਈ ਮਰ ਮਿਟਣ ਦੀ ਭਾਵਨਾ ਦਾ ਥਾਪੜਾ ਵੀ ਗੁਰੂਆਂ ਤੋਂ ਹੀ ਮਿਲਿਆ ਹੈ। ਦੇਸ਼ ਦੀ ਅਜ਼ਾਦੀ ਲਈ ਅੰਗਰੇਜ਼ ਸਰਕਾਰ ਵਿਰੁੱਧ ਲੜਨ ਵਾਲਿਆਂ ਵਿੱਚ ਸਭ ਤੋਂ ਵੱਧ ਗਿਣਤੀ ਪੰਜਾਬੀਆਂ ਦੀ ਹੈ। ਮਾਝੇ ਦਾ ਇਲਾਕਾ ਵੀ ਇਸ ਦੌੜ ਵਿੱਚ ਬਾਕੀ ਪੰਜਾਬ ਨਾਲ ਕਦਮ ਮਿਲਾ ਕੇ ਚੱਲਦਾ ਰਿਹਾ ਹੈ। ਸਾਡੇ ਗਵਾਂਢ ਸੁਰਸਿੰਘ ਪਿੰਡ ਦੇ ਦਰਜਨਾਂ ਦੇਸ਼-ਭਗਤਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਵਾਰੀਆਂ ਹਨ। ਦੇਸ਼-ਭਗਤ ਆਜ਼ਾਦੀ-ਘੁਲਾਟੀਆਂ ਦੀ ਫ਼ਾਹਿਰਸਤ ਫੋਲਣ ਤੋਂ ਪਤਾ ਲਗਦਾ ਹੈ ਕਿ ਜਿੱਥੇ ਭੂਰੇ ਗਿੱਲ, ਪੱਧਰੀ, ਜੀਓਬਾਲਾ, ਜਰਮਸਤਪੁਰ, ਸ਼ਾਹਬਾਜ਼ਪੁਰ ਤੇ ਸੁਰਸਿੰਘ ਵਰਗੇ ਨੇੜਲੇ ਪਿੰਡਾਂ ਦੇ ਬਹੁਤ ਸਾਰੇ ਦੇਸ਼ ਭਗਤਾਂ ਨੇ ਦੇਸ਼ ਲਈ ਕੁਰਬਾਨੀਆਂ ਕੀਤੀਆਂ ਹਨ ਉੱਥੇ ਪਿੰਡ ਮਾਣੋਚਾਹਲ ਦੇ ਸੂਰਬੀਰ ਯੋਧੇ ਵੀ ਉਹਨਾਂ ਤੋਂ ਪਿੱਛੇ ਨਹੀਂ ਰਹੇ। ਮੈਂ ਜਦੋਂ ਇਤਿਹਾਸ ਦੇ ਵਰਕੇ ਫਰੋਲੇ ਤਾਂ ਮੇਰਾ ਸਿਰ ਇਹ ਪੜ੍ਹ ਕੇ ਮਾਣ ਨਾਲ ਉੱਚਾ ਹੋ ਗਿਆ ਕਿ ਮੇਰੇ ਪਿੰਡ ਦੇ ਇੱਕ ਬਹਾਦਰ ਸੂਰਬੀਰ ਦਾ ਨਾਂ ਕਾਮਾਗਾਟਾਮਾਰੂ ਦੇ ਸ਼ਹੀਦਾਂ ਦੀ ਸੂਚੀ ਵਿੱਚ ਸ਼ਾਮਲ ਹੈ।

ਕਾਮਾਗਾਟਾਮਾਰੂ ਨਾਂ ਦਾ ਜਪਾਨੀ ਸਮੁੰਦਰੀ ਜਹਾਜ਼ ਜਿਸ ਦਾ ਨਾਂ ਬਾਅਦ ਵਿਚ 'ਗੁਰੂ ਨਾਨਕ ਜਹਾਜ਼' ਰੱਖਿਆ ਗਿਆ ਸੀ, ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ, ਰੋਜ਼ਗਾਰ ਦੀ ਭਾਲ਼ ਕਰਦੇ ਆਪਣੇ ਪੰਜਾਬੀ ਭਰਾਵਾਂ ਨੂੰ ਕੈਨੇਡਾ ਦੀ ਧਰਤੀ ਤੇ ਪਹੁੰਚਾਉਣ ਲਈ ਕਿਰਾਏ ਤੇ ਲਿਆ ਸੀ। ਉਸ ਵੇਲੇ ਪੇਂਡੂ ਸਿੱਖ ਰੋਜ਼ਗਾਰ ਦੀ ਤਲਾਸ਼ ਵਿੱਚ ਪੱਛਮੀ ਦੇਸ਼ਾਂ ਵੱਲ ਖਾਸ ਕਰਕੇ ਅਮਰੀਕਾ/ਕੈਨੇਡਾ ਵੱਲ ਭੱਜ ਰਹੇ ਸਨ। ਭਾਰਤੀ, ਚੀਨੀ ਤੇ ਜਪਾਨੀ ਮਜ਼ਦੂਰਾਂ ਨੂੰ ਕੈਨੇਡਾ ਵਿਚ ਦਾਖ਼ਲ ਹੋਣ ਤੋਂ ਰੋਕਣ ਲਈ ਕੈਨੇਡਾ ਸਰਕਾਰ ਨੇ ਸਖ਼ਤ ਪਾਬੰਦੀਆਂ ਲਾ ਦਿੱਤੀਆਂ ਸਨ ਜਿਹਨਾਂ ਵਿੱਚ ਆਪਣੇ ਦੇਸ਼ ਤੋਂ ਸਿੱਧੀ ਟਿਕਟ ਲੈ ਕੇ ਆਉਣਾ ਤੇ 200 ਡਾਲਰ ਦੀ ਨਕਦ ਰਕਮ ਨਾਲ ਲੈ ਕੇ ਆਉਣ ਦੀ ਸ਼ਰਤ ਸੀ। ਬਾਅਦ ਵਿੱਚ ਚੀਨੀ ਤੇ ਜਪਾਨੀ ਸਰਕਾਰ ਦੇ ਦਖ਼ਲ ਦੇਣ ਤੇ ਉਹਨਾਂ ਨੂੰ ਛੋਟ ਦੇ ਦਿੱਤੀ ਗਈ ਪਰ ਭਾਰਤ ਇਕ ਗੁਲਾਮ ਦੇਸ਼ ਹੋਣ ਕਾਰਨ ਸਾਡੇ ਲੋਕਾਂ ਤੇ ਇਹ ਪਾਬੰਦੀ



Scanned with OKEN Scanner

ਕਾਇਮ ਰਹੀ। ਇਹਨਾਂ ਹਾਲਤਾਂ ਵਿੱਚ ਬਾਬਾ ਗੁਰਦਿੱਤ ਸਿੰਘ ਨੇ ਦੇਸ਼-ਵਾਸੀਆਂ ਦੀਆਂ ਮੁਸ਼ਕਿਲਾਂ ਨੂੰ ਮੁਖ ਰੱਖ ਕੇ ਇਹ ਜਹਾਜ਼ ਕਿਰਾਏ ਤੇ ਲੈ ਕੇ ਉਹਨਾਂ ਨੂੰ ਕੈਨੇਡਾ ਪਹੁੰਚਾਉਣ ਦਾ ਫ਼ੈਸਲਾ ਕੀਤਾ।

ਇਹ ਜਹਾਜ਼ 3 ਅਪ੍ਰੈਲ 1914 ਨੂੰ 376 ਯਾਤਰੀਆਂ ਨਾਲ ਹਾਂਗਕਾਂਗ ਤੋਂ ਰਵਾਨਾ ਹੋਇਆ ਤੇ 21 ਮਈ 1914 ਨੂੰ ਕੈਨੇਡਾ ਦੀ ਵਿਕਟੋਰੀਆ ਦੀ ਬੰਦਰਗਾਹ ਤੇ ਜਾ ਲੱਗਾ ਤੇ ਕਈ ਮੁਸ਼ਕਿਲਾਂ ਪਾਰ ਕਰਕੇ 22 ਮਈ ਨੂੰ ਵੈਨਕੂਵਰ ਖਾੜੀ ਵਿੱਚ ਪਹੁੰਚਿਆ। ਕੈਨੇਡਾ ਦੀ ਸਰਕਾਰ ਨੇ ਜਹਾਜ਼ ਨੂੰ ਲੰਗਰ ਸੁੱਟਣ ਭਾਵ ਕੰਢੇ ਤੇ ਲਾਉਣ ਦੀ ਆਗਿਆ ਨਾ ਦਿੱਤੀ। ਪੁਲਿਸ ਦੇ ਪਹਿਰੇ ਹੇਠ ਜਹਾਜ਼ ਇਕ ਮੀਲ ਹਟਵਾਂ ਹੀ ਖੜਾ ਰਿਹਾ। ਗੁਲਾਮ ਦੇਸ਼ ਦੇ ਵਾਸੀ ਹੋਣ ਕਰਕੇ ਸਰਕਾਰ ਨੇ ਇਹਨਾਂ ਯਾਤਰੀਆਂ ਨਾਲ ਸ਼ਰਤਾਂ ਪੂਰੀਆਂ ਕਰਨ ਦੇ ਬਾਵਜੂਦ ਸਰਾ-ਸਰ ਧੱਕਾ ਕੀਤਾ। ਮੁਸਾਫ਼ਰਾਂ ਤੇ ਰਾਤ ਗੋਲੀ ਵੀ ਚਲਾਈ ਗਈ ਜਿਸ ਦਾ ਜਹਾਜ਼ ਵਿੱਚ ਸਵਾਰ ਲੋਕਾਂ ਨੇ ਬਹਾਦਰੀ ਨਾਲ ਮੁਕਾਬਲਾ ਕੀਤਾ। ਆਖਰ ਕੈਨੇਡਾ ਸਰਕਾਰ ਨੇ ਜਹਾਜ਼ ਨੂੰ ਵਾਪਸ ਹਿੰਦੁਸਤਾਨ ਮੋੜਨ ਦਾ ਹੁਕਮ ਜਾਰੀ ਕਰ ਦਿੱਤਾ। 29 ਸਤੰਬਰ 1914 ਨੂੰ ਇਹ ਜਹਾਜ਼ ਵਾਪਸ ਕਲਕੱਤਾ ਦੇ ਬਜਬਜ ਘਾਟ ਤੇ ਜਾ ਲੱਗਾ। ਅੰਗਰੇਜ਼ ਸਰਕਾਰ ਨੇ ਇੱਥੇ ਵੀ ਮੁਸਾਫ਼ਰਾਂ ਨੂੰ ਉੱਤਰਨ ਦੀ ਆਗਿਆ ਨਾ ਦਿੱਤੀ ਤੇ ਸਪੈਸ਼ਲ ਰੇਲ ਗੱਡੀ ਤੇ ਸਵਾਰ ਹੋ ਕੇ ਪੰਜਾਬ ਚਲੇ ਜਾਣ ਦਾ ਹੁਕਮ ਦਿੱਤਾ। ਬਾਬਾ ਗੁਰਦਿੱਤ ਸਿੰਘ ਦੇ ਇਹ ਹੁਕਮ ਮੰਨਣ ਤੋਂ ਨਾਂਹ ਕਰਨ ਤੇ ਪੁਲਿਸ ਵੱਲੋਂ ਅੰਨ੍ਹੇਵਾਹ ਗੋਲੀ ਚਲਾਈ। ਗੋਲੀ ਨਾਲ 21 ਸਿੱਖ ਯਾਤਰੀ ਸ਼ਹੀਦ ਤੇ 8 ਸਖ਼ਤ ਜ਼ਖ਼ਮੀ ਹੋ ਗਏ। ਇਹਨਾਂ ਸ਼ਹੀਦਾਂ ਵਿੱਚ ਸਾਡੇ ਪਿੰਡ ਦੇ ਵਸਨੀਕ ਸ੍ਰ. ਲਛਮਣ ਸਿੰਘ ਦਾ ਨਾਂ ਵੀ ਸ਼ਾਮਲ ਹੈ।

ਪ੍ਰੋ ਮਲਵਿੰਦਰਜੀਤ ਸਿੰਘ ਵੜੈਚ ਨੇ ਆਪਣੀ ਪੁਸਤਕ 'ਸਾਕਾ ਕਾਮਾ ਗਾਟਾ ਮਾਰੂ' ਦੇ ਪੰਨਾ 84 ਤੇ ਮੁਸਾਫ਼ਰਾਂ ਦੇ ਵੇਰਵੇ ਤੇ ਫ਼ਾਇਰਿੰਗ ਵਿੱਚ ਮਰੇ ਵਿਅਕਤੀਆਂ ਦੀ ਜੋ ਲਿਸਟ ਛਾਪੀ ਹੈ ਉਸ ਦੇ ਲੜੀ ਨੰ 9 ਤੇ ਲਛਮਣ ਸਿੰਘ ਪਿੰਡ ਮਾਨੋਚਾਹਲ, ਥਾਣਾ ਤਰਨਤਾਰਨ ਤੇ ਜ਼ਿਲ੍ਹਾ ਅੰਮ੍ਰਿਤਸਰ ਦਰਜ ਹੈ। ਇੱਥੇ ਪਿਤਾ ਦਾ ਨਾਂ ਦਰਜ ਨਹੀਂ ਹੈ। ਜਦੋਂ ਜਹਾਜ਼ ਵੈਨਕੂਵਰ ਬੰਦਰਗਾਹ ਦੇ ਬਾਹਰ ਸਮੁੰਦਰ ਵਿੱਚ ਖੜਾ ਸੀ ਤਾਂ ਜਹਾਜ਼ ਵਿਚਲੇ ਕੁਝ ਮੁਸਾਫ਼ਰਾਂ ਨੇ ਖ਼ਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦੇ ਜਥੇਦਾਰ ਨੂੰ ਮਦਦ ਵਾਸਤੇ ਜੋ ਪੱਤਰ ਲਿਖਿਆ ਸੀ ਉਸ ਪੱਤਰ ਤੇ ਦਸਖ਼ਤ ਕਰਨ ਵਾਲੇ ਮੁਸਾਫ਼ਰਾਂ ਦੀ ਸੂਚੀ ਵਿੱਚ ਲੜੀ ਨੰ 19 ਤੇ ਵੀ ਲਛਮਣ ਸਿੰਘ ਦਾ ਨਾਂ ਦਰਜ ਹੈ ਤੇ ਉਹਨੇ ਇਸ ਪੱਤਰ ਤੇ ਪੰਜਾਬੀ ਵਿੱਚ ਦਸਖ਼ਤ ਕੀਤੇ ਹਨ ਭਾਵ ਉਹ ਥੋੜ੍ਹਾ ਬਹੁਤਾ ਪੜ੍ਹਿਆ ਹੋਇਆ ਸੀ। ਜਹਾਜ਼ ਦੇ ਰਿਕਾਰਡ ਦਾ ਹਿੱਸਾ ਇਕ ਹੋਰ ਲਿਸਟ ਜੋ ਇੱਸੇ ਪੁਸਤਕ ਦੇ ਪੰਨਾ 50 ਤੇ ਦਿੱਤੀ ਗਈ ਹੈ, ਜਿਸ ਦੇ ਕੁੱਲ 193 ਨਾਂਵਾਂ ਵਿੱਚ ਲੜੀ ਨੰ 167 ਤੇ ਬੂਟਾ ਸਿੰਘ ਨਾਂ ਦੇ ਇੱਕ ਹੋਰ ਬੰਦੇ ਦਾ ਪਿੰਡ ਵੀ ਮਾਨੋਚਾਹਲ ਤਹਿਸੀਲ ਤਰਨਤਾਰਨ ਲਿਖਿਆ ਹੈ ਪਰ ਇਹ ਦੂਸਰਾ



Scanned with OKEN Scanner

ਨਾਂ ਹੋਰ ਕਿਸੇ ਪੁਸਤਕ ਵਿੱਚ ਦਰਜ ਨਹੀਂ ਹੈ।

ਸ੍ਰ. ਰਾਜਵਿੰਦਰ ਸਿੰਘ ਰਾਹੀ ਦੀ ਪੁਸਤਕ 'ਕਾਮਾਗਾਟਾ ਮਾਰੂ ਦਾ ਅਸਲੀ ਸੱਚ' ਦੇ ਪੰਨਾ 397 ਤੇ ਗੋਲਾਬਾਰੀ ਵਿੱਚ ਮਾਰੇ ਗਏ 21 ਮੁਸਾਫ਼ਰਾਂ ਦੀ ਜੋ ਲਿਸਟ ਛਾਪੀ ਗਈ ਹੈ ਉਸ ਦੇ ਲੜੀ ਨੰ 6 ਤੇ ਵੀ ਲਛਮਣ ਸਿੰਘ ਪੁੱਤਰ ਦੇਵਾ ਸਿੰਘ ਮਾਨੋਚਾਹਲ ਜ਼ਿਲ੍ਹਾ ਤਰਨਤਾਰਨ ਦਾ ਨਾਂ ਦਰਜ ਹੈ। ਫ਼ਰਕ ਏਨਾ ਹੈ ਕਿ ਉਹਨੇ ਸ੍ਰ. ਲਛਮਣ ਸਿੰਘ ਦੀ ਵਲਦੀਅਤ ਵੀ ਲਿਖੀ ਹੈ। ਇਸੇ ਪੁਸਤਕ ਵਿੱਚ ਜਹਾਜ਼ ਦੇ ਮੁਸਾਫ਼ਰਾਂ ਦੀ ਜੋ ਜ਼ਿਲ੍ਹਾ-ਵਾਰ ਸੂਚੀ ਪੰਨਾ 486 ਤੇ ਦਿੱਤੀ ਗਈ ਹੈ ਉਸ ਸੂਚੀ ਦੇ ਤਰਨਤਾਰਨ ਵਾਲੇ ਮੁਸਾਫ਼ਰਾਂ ਵਿੱਚ ਲੜੀ ਨੰ 32 ਤੇ ਵੀ ਲਛਮਣ ਸਿੰਘ ਪੁੱਤਰ ਸ੍ਰ. ਦੇਵਾ ਸਿੰਘ ਪਿੰਡ ਮਾਨੋਚਾਹਲ ਤਹਿਸੀਲ ਤਰਨਤਾਰਨ ਦਰਜ ਹੈ ਪਰ ਲੜੀ ਨੰ 61 ਤੇ ਬੂਟਾ ਸਿੰਘ ਵਲਦੀਅਤ ਨਾ-ਮਾਲੂਮ ਤੇ ਪਿੰਡ ਠੱਠਾ ਤਹਿਸੀਲ ਤਰਨਤਾਰਨ ਲਿਖਿਆ ਹੈ। ਇਸ ਕਾਰਨ ਦੂਸਰੇ ਨਾਂ ਬਾਰੇ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ।

ਡਾ ਪੂਰਨ ਸਿੰਘ ਵੈਨਕੂਵਰ (ਕੈਨੇਡਾ) ਵੱਲੋਂ ਲਿਖੀ ਪੁਸਤਕ 'ਕਾਮਾਗਾਟਾਮਾਰੂ ਦਾ ਦੁਖਾਂਤ' ਜੋ ਕੈਨੇਡੀਅਨ ਸਿੱਖ ਸਟੱਡੀ ਅਤੇ ਟੀਚਿੰਗ ਸੁਸਾਇਟੀ ਵੈਨਕੂਵਰ, ਬੀ.ਸੀ. ਕੈਨੇਡਾ ਵੱਲੋਂ ਛਾਪੀ ਗਈ ਹੈ, ਦੇ ਪੰਨਾ ਨੰ 170 ਤੇ ਅੰਤਿਕਾ 2 ਵਿੱਚ ਮੁਸਾਫ਼ਿਰਾਂ ਦੀ ਜੋ ਸੂਚੀ ਦਿੱਤੀ ਗਈ ਹੈ ਇਸ ਦੇ ਜ਼ਿਲ੍ਹਾ ਅੰਮ੍ਰਿਤਸਰ ਵਾਲ਼ੇ ਭਾਗ ਵਿੱਚ ਲੜੀ ਨੰ 125 ਤੇ ਵੀ ਲਛਮਣ ਸਿੰਘ ਪੁੱਤਰ ਦੇਵਾ ਸਿੰਘ ਮਾਨੋ ਚਾਹਲ ਦਾ ਨਾਂ ਸ਼ਾਮਲ ਹੈ।

ਜਸਵੰਤ ਸਿੰਘ 'ਜਸ' ਨੇ ਆਪਣੀ ਪੁਸਤਕ 'ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ' ਦੇ ਪੰਨਾ 235 ਤੇ ਕਾਮਾਗਾਟਾ ਮਾਰੂ ਮੁਸਾਫ਼ਰਾਂ ਦੀ ਜੋ ਸੂਚੀ ਦਿੱਤੀ ਹੈ ਉਹ ਬਾਬਾ ਗੁਰਦਿੱਤ ਸਿੰਘ ਦੇ ਨਿੱਜੀ ਰਿਕਾਰਡ ਨਾਲ ਮੇਲ ਕੇ ਲਿਖੀ ਹੋਣ ਦਾ ਦਾਅਵਾ ਕੀਤਾ ਗਿਆ ਹੈ। ਉਸ ਦੇ ਲੜੀ ਨੰ 123 ਤੇ ਵੀ ਜ਼ਿਲ੍ਹਾ ਅੰਮ੍ਰਿਤਸਰ ਦੇ ਲਛਮਣ ਸਿੰਘ ਪਿੰਡ ਮਾਨੋਚਾਹਲ ਦਾ ਨਾਂ ਮੌਜੂਦ ਹੈ ਜਦ ਕਿ ਇਸ ਸੂਚੀ ਦੇ ਲੜੀ ਨੰ 129 ਤੇ ਬੂਟਾ ਸਿੰਘ ਦਾ ਪਿੰਡ ਮੂਸਲ ਲਿਖਿਆ ਹੈ ਜੋ ਮੁੱਛਲ ਹੋ ਸਕਦਾ ਹੈ ਜਾਂ ਮੂਸੇ ਕਿਉਂਕਿ ਮੂਸਲ ਨਾਂ ਦਾ ਅੰਮ੍ਰਿਤਸਰ ਜਾਂ ਤਰਨਤਾਰਨ ਵਿੱਚ ਕੋਈ ਪਿੰਡ ਨਹੀਂ ਹੈ। ਬਾਹਰ-ਹਾਲ ਬੂਟਾ ਸਿੰਘ ਸਾਡੇ ਪਿੰਡ ਦਾ ਨਹੀਂ ਜਾਪਦਾ, ਨਾ ਹੀ ਪਿੰਡ ਦੇ ਕਿਸੇ ਬਜ਼ੁਰਗ ਤੋਂ ਇਸ ਦੀ ਪੁਸ਼ਟੀ ਹੋਈ ਹੈ। ਸੌ ਸਾਲ ਤੋਂ ਵੱਧ ਪੁਰਾਣਾ ਹੋਣ ਕਰਕੇ ਸ਼ਹੀਦ ਲਛਮਣ ਸਿੰਘ ਬਾਰੇ ਵੀ ਤਸਦੀਕ ਨਹੀਂ ਹੋ ਸਕਿਆ ਕਿ ਉਹ ਪਿੰਡ ਵਿੱਚ ਕਿਸ ਪਰਿਵਾਰ ਨਾਲ ਸਬੰਧਿਤ ਸੀ। ਇਹ ਗੱਲ ਪੱਕੀ ਹੈ ਕਿ ਸ਼ਹੀਦਾਂ ਦੀ ਲੜੀ ਵਿੱਚ ਉਹ ਸਾਡੇ ਪਿੰਡ ਦਾ ਨਾਂ ਜੋੜਨ ਵਾਲਾ ਮਹਾਨ ਦੇਸ਼-ਭਗਤ ਸੀ।

ਪ੍ਰਸਿੱਧ ਪੰਜਾਬੀ ਕਹਾਣੀਕਾਰ, ਬਾਲ-ਲੇਖਕ ਤੇ ਸਰਵੇਖਣ-ਕਾਰ ਮਨਮੋਹਣ ਸਿੰਘ ਬਾਸਰਕੇ ਨੇ ਆਪਣੀ ਪੁਸਤਕ 'ਇਤਹਾਸਿਕ ਪਿੰਡ ਬਾਸਰਕੇ ਗਿੱਲਾਂ' ਵਿੱਚ ਉਸ ਪਿੰਡ



Scanned with OKEN Scanner

ਵਿੱਚ ਰਹਿੰਦੇ ਇਕ ਦੇਸ਼-ਭਗਤ ਪਰਿਵਾਰ ਦਾ ਜ਼ਿਕਰ ਕੀਤਾ ਹੈ ਜਿਸ ਬਾਰੇ ਉਹਨਾਂ ਨੇ ਆਪਣੇ ਬਜ਼ੁਰਗਾਂ ਤੋਂ ਸੁਣ ਕੇ ਲਿਖਿਆ ਹੈ ਕਿ ਇਸ ਪਿੰਡ ਦੇ ਉਜਾਗਰ ਸਿੰਘ ਪੁੱਤਰ ਦੇਵਾ ਸਿੰਘ ਤੇ ਉਹਦੀ ਮਾਂ ਹਰ ਕੌਰ ਪਤਨੀ ਦੇਵਾ ਸਿੰਘ ਮਾਨੋਚਾਹਲੀਆ ......... ਨੇ ਅੰਗਰੇਜ਼ਾਂ ਵਿਰੁੱਧ ਘੋਲ ਵਿੱਚ ਯੋਗਦਾਨ ਪਾਇਆ (ਸਫ਼ਾ 42)। ਲੇਖਕ ਨਾਲ ਸੰਪਰਕ ਕਰਨ ਤੇ ਪਤਾ ਲੱਗਾ ਕਿ ਹਰ ਕੌਰ ਬਾਰੇ ਮੰਨਿਆ ਜਾਂਦਾ ਕਿ ਉਹ ਪਿੰਡ ਬਾਸਰਕੇ ਦੀ ਧੀ ਸੀ ਤੇ ਮਾਣੋਚਾਹਲ ਵਿਆਹੀ ਹੋਈ ਸੀ ਪਰ ਉਹਦਾ ਕੋਈ ਸਕਾ ਭਰਾ ਨਾ ਹੋਣ ਕਾਰਨ ਪਰਿਵਾਰ ਸਮੇਤ ਬਾਸਰਕੇ ਆ ਕੇ ਰਹਿਣ ਲੱਗ ਪਈ ਸੀ। ਕਈ ਸਾਲ ਪਹਿਲਾਂ ਇਹ ਪਰਿਵਾਰ ਬਾਸਰਕੇ ਵਾਲ਼ੀ ਜ਼ਮੀਨ ਵੇਚ ਕੇ ਪਤਾ ਨਹੀਂ ਕਿਧਰ ਚਲਾ ਗਿਆ ਸੀ। ਹੋ ਸਕਦਾ ਹੈ ਕਿ ਇਹ ਓਹੀ ਦੇਵਾ ਸਿੰਘ ਹੋਵੇ ਜਿਸ ਦਾ ਪੁੱਤਰ ਲਛਮਣ ਸਿੰਘ ਬਜ ਬਜ ਘਾਟ ਤੇ ਸ਼ਹੀਦ ਹੋ ਗਿਆ ਸੀ। ਪਿੰਡ ਦੇ ਇੱਕ ਹੋਰ ਬਜ਼ੁਰਗ ਗੰਗਾ ਸਿੰਘ ਪੁੱਤਰ ਸ੍. ਬੂੜ ਸਿੰਘ (ਮੱਦੂਆਂ ਚੋਂ ਕਾਮਰੇਡ ਸੁਰਜਨ ਸਿੰਘ ਦਾ ਚਾਚਾ) ਦੇ ਜੈਤੋ ਦੇ ਮੋਰਚੇ 'ਚ ਭਾਗ ਲੈਣ ਬਾਰੇ ਪਤਾ ਲੱਗਾ ਹੈ। ਗੰਗਾ ਸਿੰਘ ਨੂੰ ਜੈਤੋ ਦੇ ਮੋਰਚੇ 'ਚ ਕੈਦ ਹੋਈ ਜਾਂ ਪੁਲਿਸ ਤਸ਼ੱਦਦ ਕਾਰਨ ਉਸ ਦੀ ਮੌਤ ਹੋਈ, ਇਸ ਸਬੰਧ ਵਿੱਚ ਪ੍ਰਵਾਰ ਵੱਲੋਂ ਕੋਈ ਪੜਤਾਲ ਨਹੀਂ ਕੀਤੀ ਗਈ ਪਰ ਪਰਿਵਾਰ ਤੋਂ ਇਹ ਜਾਣਕਾਰੀ ਮਿਲੀ ਹੈ ਕਿ ਉਹ ਜੀਊਂਦਾ ਪਿੰਡ ਵਾਪਸ ਨਹੀਂ ਆਇਆ।

ਇਸ ਤੋਂ ਬਾਅਦ ਨੰਬਰ ਆਉਂਦਾ ਹੈ ਦੇਸ਼ ਦੀ ਅਜ਼ਾਦੀ ਲਈ ਆਪਣਾ ਘਰ-ਘਾਟ ਤੇ ਪਰਿਵਾਰ ਛੱਡ ਕੇ ਦੇਸ਼ਾਂ-ਬਦੇਸ਼ਾਂ ਦੇ ਧੱਕੇ ਖਾ ਕੇ ਅਜ਼ਾਦੀ ਦੀ ਸ਼ਮ੍ਹਾਂ ਤੇ ਕੁਰਬਾਨ ਹੋਣ ਵਾਲੇ, ਨੇਤਾ ਜੀ ਸੁਭਾਸ਼ ਚੰਦਰ ਤੇ ਜਨਰਲ ਮੋਹਣ ਸਿੰਘ ਦੀ ਕਮਾਂਡ ਹੇਠ ਲੜਨ ਵਾਲੇ, ਅਜ਼ਾਦ ਹਿੰਦ ਫੌਜ (ਆਈ.ਐਨ.ਏ.) ਦੇ ਬਹਾਦਰ ਸਿਪਾਹੀਆਂ ਦਾ। ਇਸ ਆਰਮੀ ਵਿੱਚ ਭਰਤੀ ਹੋ ਕੇ ਅੰਗਰੇਜ਼ ਸਾਮਰਾਜ ਵਿਰੁੱਧ ਲੜਨ ਵਾਲੇ ਯੋਧਿਆਂ ਵਿੱਚ ਮੇਰੇ ਪਿੰਡ ਦੇ ਤਿੰਨ-ਚਾਰ ਦੇਸ਼-ਭਗਤਾਂ ਦਾ ਨਾਂ ਸ਼ਾਮਲ ਹੈ। ਪੰਜਾਬ ਸਰਕਾਰ ਵੱਲੋਂ ਛਾਪੀ ਗਈ ਤੇ ਸ੍. ਸੁਖਬੀਰ ਸਿੰਘ ਬੇਦੀ ਆਈ.ਏ.ਐਸ. ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਲਿਖੀ ਹੋਈ ਪੁਸਤਕ 'ਸੁਤੰਤਰਤਾ ਸੰਗ੍ਰਾਮੀਏ ਜ਼ਿਲ੍ਹਾ ਅੰਮ੍ਰਿਤਸਰ' ਦੇ ਪੰਨਾ 78 ਤੇ ਸ੍. ਸੁਰਜਨ ਸਿੰਘ ਸਪੁੱਤਰ ਸ੍. ਬੇਲਾ ਸਿੰਘ ਪਿੰਡ ਮਾਨੋਚਾਹਲ ਜ਼ਿਲ੍ਹਾ ਅੰਮ੍ਰਿਤਸਰ ਦਾ ਨਾਂ ਦਰਜ ਹੈ। ਉਹਨਾਂ ਦਾ ਜਨਮ ਸਾਲ 1908 ਅਤੇ ਅਜ਼ਾਦ ਹਿੰਦ ਫੌਜ ਵਿੱਚ ਸੇਵਾ ਕਰਦਿਆਂ ਅੰਗਰੇਜ਼ ਸਰਕਾਰ ਦੀ ਡੇਢ ਸਾਲ ਕੈਦ ਕੱਟਣ ਦਾ ਜ਼ਿਕਰ ਕੀਤਾ ਗਿਆ ਹੈ। ਬਾਕੀ ਨਾਂ ਤੇ ਵੇਰਵੇ ਸਮੇਂ ਸਿਰ ਲੇਖਕ ਤੱਕ ਨਾ ਪਹੁੰਚਣ ਕਾਰਨ ਸ਼ਾਮਲ ਨਹੀਂ ਹੋ ਸਕੇ। ਪਿੰਡ ਚੋਂ ਪਤਾ ਲੱਗਿਆ ਹੈ ਕਿ ਸੁਰਜਨ ਸਿੰਘ ਦੀ ਥਾਂ ਉਹਦਾ ਨਾਂ ਸੁਜਾਨ ਸਿੰਘ ਪੁੱਤਰ ਬੇਲਾ ਸਿੰਘ ਹੈ, ਹੋ ਸਕਦਾ ਹੈ ਪੁਸਤਕ ਵਿੱਚ ਨਾਂ ਦੀ ਗਲਤੀ ਹੋ ਗਈ ਹੋਵੇ। ਸ੍. ਕਰਮ ਸਿੰਘ ਪੁੱਤਰ ਸ੍. ਲੱਖਾ ਸਿੰਘ ਤੇ ਸੁਜਾਨ ਸਿੰਘ ਪੁੱਤਰ ਸ੍. ਬੇਲਾ ਸਿੰਘ ਆਈ.ਐਨ.ਏ. ਦੇ ਬਹਾਦਰ



Scanned with OKEN Scanner

ਸਿਪਾਹੀਆਂ ਵਜੋਂ ਦੇਸ਼ ਦੀ ਅਜ਼ਾਦੀ ਲਈ ਜੰਗ ਦੇ ਮੁਹਾਜ਼ ਤੇ ਲੜਦੇ ਰਹੇ ਸਨ ਤੇ ਅਜ਼ਾਦੀ-ਘੁਲਾਟੀਆਂ ਨੂੰ ਮਨਜ਼ੂਰ ਹੋਈ ਪੈਨਸ਼ਨ ਵੀ ਲੈਂਦੇ ਰਹੇ ਸਨ। ਤੀਸਰੇ ਦੇਸ਼-ਭਗਤ ਵਜੋਂ ਤਾਰਾ ਸਿੰਘ ਪੁੱਤਰ ਸ੍ਰ. ਬੇਲਾ ਸਿੰਘ ਦਾ ਨਾਂ ਵੀ ਅਜ਼ਾਦ ਹਿੰਦ ਫੌਜ ਦੇ ਸਿਪਾਹੀ ਵਜੋਂ ਲਿਆ ਜਾਂਦਾ ਹੈ।

ਦੇਸ਼ ਨੂੰ ਅੰਗਰੇਜ਼ ਸਾਮਰਾਜ ਤੋਂ ਅਜ਼ਾਦ ਕਰਾਉਣ ਲਈ ਜੋ ਲੜਾਈ ਵੱਖ ਵੱਖ ਰਾਜਨੀਤਿਕ ਸੋਚ ਤੇ ਪਾਰਟੀਆਂ ਦੇ ਲੋਕਾਂ ਵੱਲੋਂ ਕਾਂਗਰਸ ਦੀ ਅਗਵਾਈ ਵਿੱਚ ਲੜੀ ਗਈ, ਉਸ ਧਰਮ-ਯੁੱਧ ਵਿੱਚ ਮੇਰੇ ਪਿੰਡ ਦੇ ਸਿਆਸੀ ਤੌਰ ਤੇ ਚੇਤਨ ਕੁਝ ਹੋਰ ਦੇਸ਼ ਭਗਤ ਵੀ ਸ਼ਾਮਲ ਸਨ। ਇਹਨਾਂ ਵਿੱਚ ਕਾਮਰੇਡ ਸੁਰੈਣ ਸਿੰਘ ਤੇ ਉਹਦੇ ਜੋਟੀਦਾਰ ਸ੍ਰ. ਅਮਰ ਸਿੰਘ, ਨਾਜ਼ਰ ਸਿੰਘ ਨਿਹੰਗ ਤੇ ਭਾਈ ਮੱਖਣ ਸਿੰਘ ਆਦਿ ਸ਼ਾਮਲ ਸਨ। ਕਾਮਰੇਡ ਸੁਰੈਣ ਸਿੰਘ ਨੂੰ ਅੰਗਰੇਜ਼ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ। ਸੰਭਵ ਹੈ ਕਿ ਇਹ ਗ੍ਰਿਫ਼ਤਾਰੀ ਕਾਂਗਰਸ ਵੱਲੋਂ ਸ਼ੁਰੂ ਕੀਤੇ ਗਏ 'ਭਾਰਤ ਛੱਡੋ' ਅੰਦੋਲਨ ਦੇ ਸਬੰਧ ਵਿੱਚ ਹੋਈ ਹੋਵੇ ਕਿਉਂਕਿ ਕਾਮਰੇਡ ਸੁਰੈਣ ਸਿੰਘ ਲੋਕਾਂ ਨੂੰ ਲਾਮਬੰਦ ਕਰਕੇ ਅੰਗਰੇਜ਼ਾਂ ਵਿਰੁੱਧ ਕਾਨਫਰੰਸਾਂ ਕਰਨ ਲਈ ਪ੍ਰੇਰਦਾ ਸੀ। ਇਸ ਫੜੋ-ਫੜਾਈ ਬਾਰੇ ਉਹਨਾਂ ਦੇ ਲੜਕੇ ਸ੍ਰ. ਅਵਤਾਰ ਸਿੰਘ ਅਨਭੋਲ ਨੇ ਆਪਣੀ ਪੁਸਤਕ 'ਕੁੱਖ ਵਿਚਲਾ ਸੂਰਜ' ਦੇ ਸਫ਼ਾ 9 ਤੇ 'ਏਨੀ ਮੇਰੀ ਬਾਤ' ਸਿਰਲੇਖ ਹੇਠ ਲਿਖਿਆ ਹੈ - ਮੇਰਾ ਜਨਮ 1940 ਵਿੱਚ ਜ਼ਿਲ੍ਹਾ ਅੰਮ੍ਰਿਤਸਰ, ਤਸੀਲ ਤਰਨਤਾਰਨ ਦੇ ਉੱਘੇ ਪਿੰਡ ਮਾਨੋਚਾਹਿਲ ਕਲਾਂ ਵਿੱਚ ਹੋਇਆ। ਤਿੰਨ ਚਾਰ ਸਾਲ ਦਾ ਹੋਵਾਂਗਾ ਕਿ ਆਪਣੀ ਮਾਂ ਨਾਲ ਚੁਬਾਰੇ ਦੇ ਇੱਕ ਕੋਨੇ ਵਿੱਚ ਖਲੋਤਿਆਂ ਆਪਣੇ ਬਾਪ ਨੂੰ ਨਹਿਰੂ ਜਾਕਟ ਪਾਈ ਪੁਲਿਸ ਦੀ ਹਿਰਾਸਤ ਵਿਚ ਜਾਂਦਿਆਂ ਵੇਖਿਆ। ਅੱਜ ਵੀ ਜਦੋਂ ਇਹ ਦ੍ਰਿਸ਼ ਮੇਰੀਆਂ ਅੱਖਾਂ ਸਾਹਵੇਂ ਆਉਂਦਾ ਹੈ ਤਾਂ ਉਹੀ ਚੁਬਾਰਾ, ਨਾਲ ਲਗਦੀ ਗਲ਼ੀ ਤੇ ਪੱਤੀ ਦੇ ਆਦਮੀ ਮੇਰੇ ਬਾਪ ਨੂੰ ਪੁਲੀਸ ਨਾਲ ਜਾਂਦਿਆਂ ਜਿਵੇਂ ਵਿਦਾਇਗੀ ਦੇ ਰਹੇ ਪ੍ਰਤੀਤ ਹੁੰਦੇ ਹਨ। ਉਹ ਅੱਗੇ ਹੋਰ ਲਿਖਦਾ ਹੈ, "...... ਮੇਰੇ ਬਾਪ ਨਾਲ ਕਈ ਸਾਥੀ ਗੱਲਾਂ ਕਰਦੇ ਰਹਿੰਦੇ, ਪਤਾ ਨਹੀਂ ਉਹ ਕੀ ਗੱਲਾਂ ਕਰਦੇ। ਉਹਨਾਂ ਵਿੱਚ ਪਿੰਡ ਦੇ ਕਈ ਆਦਮੀ ਹੁੰਦੇ, ਚਾਚਾ ਅਮਰ ਸਿੰਘ, ਨਾਜ਼ਰ ਸਿੰਘ ਨਿਹੰਗ, ਭਾਈ ਮੱਖਣ ਸਿੰਘ ਤੇ ਬਾਹਰੋਂ ਆਏ ਕਈ ਪ੍ਰਾਹੁਣੇ ਸਾਥੀ, ਡਾ: ਆਤਮਾ ਸਿੰਘ ਤਰਨਤਾਰਨ, ਫੌਜਾ ਸਿੰਘ ਭੁੱਲਰ ਤੇ ਹੋਰ ਕਈ।"

ਫਿਰ ਅਜ਼ਾਦੀ ਮਿਲ ਗਈ। ਦੇਸ਼ ਦੀ ਵੰਡ ਹੋਈ। ਭਾਰਤ ਤੋਂ ਵੱਖਰਾ ਦੇਸ਼ ਪਾਕਿਸਤਾਨ ਬਣ ਗਿਆ ਪਰ ਵੰਡ ਦੇ ਨਾਂ ਤੇ ਹੋਏ ਹਿੰਦੂ-ਸਿੱਖ ਤੇ ਮੁਸਲਿਮ ਫ਼ਸਾਦਾਂ ਦੀ ਭੇਟ ਹਜ਼ਾਰਾਂ ਲੋਕ ਚੜ੍ਹ ਗਏ। ਲੱਖਾਂ ਲੋਕਾਂ ਨੇ ਆਪਣਾ ਸਭ ਕੁਝ ਗਵਾ ਕੇ ਉਜਾੜੇ ਦਾ ਸੇਕ ਝੱਲਿਆ। ਵਸੋਂ ਦਾ ਤਬਾਦਲਾ ਹੋਇਆ ਤਾਂ ਹਜ਼ਾਰਾਂ ਮੁਸਲਮਾਨ ਆਪਣੇ ਭਰੇ-ਭਰਾਏ ਘਰਾਂ ਨੂੰ ਜਿੰਦਰੇ ਮਾਰ ਕੇ ਚਾਬੀਆਂ ਆਪਣੇ ਭਰੋਸੇ-ਯੋਗ ਗਵਾਂਢੀ ਹਿੰਦੂ-ਸਿੱਖਾਂ



Scanned with OKEN Scanner

ਨੂੰ ਦੇ ਗਏ। ਕਾਮਰੇਡ ਸੁਰੈਣ ਸਿੰਘ ਪਿੰਡ ਦੇ ਹੋਰ ਬੰਦਿਆਂ ਨਾਲ ਕਈ ਮੁਸਲਮਾਨਾਂ ਨੂੰ ਸਹੀ-ਸਲਾਮਤ ਵਾਹਗਿਉਂ ਪਾਰ ਛੱਡ ਕੇ ਆਏ ਸਨ। ਅਜ਼ਾਦੀ ਮਿਲ ਜਾਣ ਤੋਂ ਬਾਅਦ ਰਾਜ-ਸੱਤਾ ਭਾਰਤੀ ਹੁਕਮਰਾਨਾਂ ਦੇ ਹੱਥ ਆ ਜਾਣ ਪਿੱਛੋਂ ਵੀ ਕੁਝ ਬਦਲਿਆ ਨਹੀਂ ਸੀ, ਜੇ ਬਦਲਿਆ ਸੀ ਤਾਂ ਸਿਰਫ ਸੱਤਾ-ਵਾਨਾਂ ਦਾ ਰੰਗ ਹੀ ਬਦਲਿਆ ਸੀ। ਸ੍ਰ. ਅਵਤਾਰ ਸਿੰਘ ਅਨਭੋਲ ਅੱਗੇ ਲਿਖਦਾ ਹੈ, 1948 ਦੀਆਂ ਗਰਮੀਆਂ ਦੇ ਦਿਨ ਸਨ। ਸਾਡੀ ਦੁਕਾਨ ਦੇ ਥੜ੍ਹਿਆਂ ਤੇ ਸਫ਼ਾਂ ਵਿਛੀਆਂ ਹੁੰਦੀਆਂ ਤੇ ਛਾਂ ਹੋਣ ਕਾਰਨ ਕਾਫੀ ਲੋਕ ਇੱਥੇ ਦੁਪਹਿਰਾ ਕੱਟਦੇ, ਅਖ਼ਬਾਰਾਂ ਪੜ੍ਹਦੇ। ਪਿਤਾ ਜੀ ਜਿਵੇਂ ਭਾਸ਼ਣ ਕਰਦੇ, ਅਜ਼ਾਦੀ ਕਾਹਦੀ ਆਈ ਸੀ, ਬੱਸ ਚਿੱਟੀ ਤੋਂ ਕਾਲੀ ਸਰਮਾਏਦਾਰੀ ਬਦਲੀ ਸੀ। ਕਦੀ ਉਹ ਗਾਉਂਦੇ:

ਨੀ ਨਹਿਰੂ ਦੀਏ ਸਰਕਾਰੇ, ਤੂੰ ਕਰਦੀ ਏਂ ਕਾਲ਼ੇ ਕਾਰੇ।
ਗੋਰੇ ਦੀ ਥਾਂ ਕਾਲ਼ਾ ਆਇਆ, ਉਹ ਵੀ ਛੜੀਆਂ ਮਾਰੇ।

ਪਰ ਮੈਂ ਸੋਚਦਾ, ਅਜ਼ਾਦੀ ਤਾਂ ਆ ਗਈ ਸੀ ਤੇ ਫਿਰ ਕਸਰ ਕੀ ਰਹਿ ਗਈ ਸੀ, ਮੇਰੇ ਬਾਲਪਨ ਨੂੰ ਪਤਾ ਨਹੀਂ ਸੀ ਲਗਦਾ। ਫਿਰ ਇਕ ਦਿਨ ਤਿੱਖੜ ਦੁਪਹਿਰੇ, ਇਕ ਥਾਣੇਦਾਰ ਤੇ ਦੋ ਸਿਪਾਹੀ ਸਾਡੀ ਦੁਕਾਨ ਦੇ ਅੱਗੇ ਆ ਕੇ ਰੁਕੇ। ਪਿਤਾ ਜੀ ਨੂੰ ਜੈ ਹਿੰਦ ਕਹੀ। ਮੈਂ ਇਹ ਸਾਰਾ ਨਜ਼ਾਰਾ ਵੇਖ ਰਿਹਾ ਸਾਂ। ਪਿਤਾ ਜੀ ਨੇ ਕਿਹਾ, 'ਚੌਧਰੀ ਸਾਹਿਬ, ਤੁਸੀਂ ਦੋ ਦਿਨ ਲੇਟ ਹੋ ਗਏ ਓ, ਮੈਂ ਤਾਂ ਪਰਸੋਂ ਦਾ ਤਹਾਨੂੰ ਉਡੀਕ ਰਿਹਾਂ।' ਤੇ ਥਾਣੇਦਾਰ ਠਿੱਠ ਜਿਹਾ ਹੋ ਗਿਆ। ਪਿਤਾ ਜੀ ਨੇ ਦੁਕਾਨ ਬੰਦ ਕੀਤੀ, ਸਾਰੇ ਲੋਕ ਜਿਵੇਂ ਦੰਗ ਜਿਹੇ ਰਹਿ ਗਏ ਹੋਣ। ਮੈਂ ਜਰਾ ਘਰੋਂ ਹੋ ਆਵਾਂ, ਕੱਪੜੇ ਵਗੈਰਾ...... ਤੁਸੀਂ ਬੈਠੋ, ਮੈਂ ਸ਼ਰਬਤ ਭੇਜਦਾਂ ਤੁਹਾਡੇ ਲਈ। ਇਕ ਸਿਪਾਹੀ ਮੇਰੇ ਨਾਲ਼ ਭੇਜ ਦਿਓ,' ਪਿਤਾ ਜੀ ਸ਼ਾਇਦ ਉਹਨਾਂ ਨਾਲੋਂ ਵੀ ਜਲਦੀ ਵਿੱਚ ਸਨ।

"ਨਹੀਂ, ਨਹੀਂ ਕਾਮਰੇਡ, ਤੁਸੀਂ ਜਲਦੀ ਤਿਆਰ ਹੋ ਕੇ ਆ ਜਾਓ", ਥਾਣੇਦਾਰ ਨੇ ਕਿਹਾ। ਪਿਤਾ ਜੀ ਘਰ ਨੂੰ ਤੁਰ ਪਏ। ਰਾਹ ਵਿੱਚ ਮੱਸੂ ਨੂੰ ਕਿਹਾ, "ਮੱਸਿਆ, ਚੱਕੀ ਤੇ ਭੱਜ ਕੇ ਜਾਹ, ਅਮਰ ਨੂੰ ਕਹਿ ਭੱਜ ਜਾਵੇ।" ਚਾਚਾ ਅਮਰ ਸਿੰਘ ਪੁਲਿਸ ਦੇ ਹੱਥ ਨਹੀਂ ਸੀ ਆਇਆ, ਅੰਡਰ-ਗਰਾਊਂਡ ਹੋ ਗਿਆ ਸੀ। .........ਥੋੜ੍ਹੇ ਚਿਰ ਬਾਅਦ ਪਿਤਾ ਜੀ ਕੋਲ ਇਕ ਝੋਲ਼ਾ ਸੀ ਤੇ ਉਹਨਾਂ ਥਾਣੇਦਾਰ ਨੂੰ ਹੱਥਕੜੀ ਲਾਉਣ ਲਈ ਕਿਹਾ।

"ਨਹੀਂ ਇਸ ਦੀ ਕੋਈ ਲੋੜ ਨਹੀਂ, ਥਾਣੇ ਲਾਗੇ ਲਾ ਲਵਾਂਗੇ," ਥਾਣੇਦਾਰ ਨੇ ਕਿਹਾ ਤੇ ਪਿਤਾ ਜੀ ਉਹਨਾਂ ਨਾਲ ਤੁਰ ਪਏ ਸਨ। ...... ਫਿਰ ਹਰੀਜਨਾਂ ਦੀ ਸਾਰੀ ਠੱਠੀ, ਕੀ ਤੀਵੀਂਆਂ, ਕੀ ਮਰਦ ਤੇ ਕੀ ਬੁੱਢੇ, ਨੂੰ ਸ਼ਿਵਦਿਆਲ ਕਹਿ ਰਿਹਾ ਸੀ, ਕਾਮਰੇਡ ਅੱਜ ਸਾਡੀ ਖ਼ਾਤਰ ਜੇਲ੍ਹ ਚੱਲਿਆ ਤੇ ਅਸੀਂ ਇਸ ਦੀ ਜ਼ਮਾਨਤ ਵੀ ਨਹੀਂ ਦੇ ਸਕਦੇ। ਦਰ-ਅਸਲ ਕਾਂਗਰਸ ਸਰਕਾਰ ਨੇ ਹਰੀਜਨਾਂ ਤੇ ਪੇਸ਼ਾਵਾਰਾਨਾ ਟੈਕਸ ਲਾ ਦਿੱਤਾ ਸੀ। ਇਸ ਦੇ ਵਿਰੁੱਧ ਪਿਤਾ ਜੀ ਨੇ ਕਾਂਗਰਸ ਛੱਡ ਕੇ ਕਮਿਊਨਿਸਟ ਪਾਰਟੀ ਅਪਨਾ ਲਈ ਸੀ।



Scanned with OKEN Scanner

ਉਹਨਾਂ ਨਾਲ ਮੋਤਾ ਸਿੰਘ ਝਬਾਲ, ਪਿਆਰਾ ਸਿੰਘ ਝਬਾਲ, ਦਰਸ਼ਨ ਸਿੰਘ ਝਬਾਲ ਤੇ ਬਾਬਾ ਸੋਹਣ ਸਿੰਘ ਭਕਨਾ ਗ੍ਰਿਫ਼ਤਾਰ ਕਰ ਲਏ ਗਏ ਸਨ ਕਿਉਂਕਿ ਉਹਨਾਂ ਤੇ ਦੋਸ਼ ਸੀ ਕਿ ਉਹਨਾਂ ਨੇ ਥਾਣਾ ਝਬਾਲ ਅੱਗੇ ਮੁਜ਼ਾਹਰਾ ਕੀਤਾ ਸੀ ਤੇ ਥਾਣੇ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਗੱਲ ਦੀ ਗਵਾਹੀ ਇਲਾਕੇ ਦੇ ਉੱਘੇ ਕਾਂਗਰਸੀ ਤੇ ਇਕ ਆਨਰੇਰੀ ਮੈਜਿਸਟਰੇਟ ਨੇ ਦਿੱਤੀ ਸੀ।

ਕੁਝ ਦਿਨਾਂ ਬਾਅਦ ਕਾਮਰੇਡ ਹੋਰਾਂ ਨੂੰ ਅੰਮ੍ਰਿਤਸਰ ਜੇਲ੍ਹ ਤੋਂ ਅੰਬਾਲਾ ਛਾਉਣੀ ਵਾਲ਼ੀ ਜੇਲ੍ਹ ਭੇਜਣਾ ਸੀ। ਮੁਲਾਕਾਤ ਕਰਨ ਗਈ ਮਾਂ ਨਾਲ ਉਹਨਾਂ ਦਾ ਛੋਟਾ ਪੁੱਤਰ ਆਪਣੇ ਪਿਓ ਨੂੰ ਸੀਖ਼ਾਂ ਪਿੱਛੇ ਬੰਦ ਵੇਖ ਕੇ ਗ਼ਮ ਨਾਲ ਬੀਮਾਰ ਪੈ ਗਿਆ। ਕਾਮਰੇਡ ਹੋਰਾਂ ਨੂੰ ਪੈਰੋਲ ਤੇ ਰਿਹਾ ਹੋਣ ਦਾ ਸੁਨੇਹਾਂ ਮਿਲਿਆ ਕਿ ਜੇ ਉਹ ਆ ਜਾਣ ਤਾਂ ਬੇਟਾ ਅਮਰਜੀਤ ਬਚ ਜਾਵੇਗਾ। ਪਰ ਕਾਮਰੇਡ ਸੁਰੈਣ ਸਿੰਘ ਨੇ ਪੈਰੋਲ ਤੇ ਰਿਹਾ ਹੋਣ ਤੋਂ ਇਨਕਾਰ ਕਰ ਦਿੱਤਾ। ਵਿਛੋੜੇ ਦੀ ਸੱਟ ਬਰਦਾਸ਼ਤ ਨਾ ਕਰਦਿਆਂ ਉਹਨਾਂ ਦਾ ਛੋਟਾ ਬੇਟਾ ਚੜ੍ਹਾਈ ਕਰ ਗਿਆ। ਅਜਿਹੀ ਕੁਰਬਾਨੀ ਕਾਮਰੇਡਾਂ ਦੇ ਹਿੱਸੇ ਵੀ ਆਈ ਹੈ। ਇਸ ਘਟਨਾ ਤੋਂ ਬਾਅਦ ਵੀ ਕਾਮਰੇਡ ਸੁਰੈਣ ਸਿੰਘ ਨੇ ਪਾਰਟੀ ਦੀ ਅਗਵਾਈ ਹੇਠ ਆਪਣੇ ਸਾਥੀਆਂ ਨਾਲ ਮਿਲ ਕੇ ਜਿਸ ਦੀਦਾ-ਦਲੇਰੀ ਨਾਲ਼ ਸੰਘਰਸ਼ ਕੀਤਾ, ਉਹ ਆਪਣੀ ਮਿਸਾਲ ਆਪ ਹੈ। ਇਸ ਦਾ ਜ਼ਿਕਰ ਅਨਭੋਲ ਨੇ ਆਪਣੀ ਪੁਸਤਕ ਵਿੱਚ ਕੀਤਾ ਹੈ।

❐



Scanned with OKEN Scanner

# ਪਿੰਡ ਦੀ ਰਾਜਨੀਤੀ

ਦੇਸ਼ ਅਜ਼ਾਦ ਹੋ ਜਾਣ ਤੋਂ ਬਾਅਦ ਨਵੀਂ ਬਣੀ ਭਾਰਤ ਸਰਕਾਰ ਦਾ ਵਤੀਰਾ ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਪ੍ਰਤੀ ਤਸੱਲੀਬਖ਼ਸ਼ ਨਾ ਵੇਖਦਿਆਂ ਕਮਿਊਨਿਸਟ ਪਾਰਟੀ ਦੇ ਵਰਕਰਾਂ ਨੇ ਸਰਕਾਰ ਦੀਆਂ ਕਿਸਾਨ ਤੇ ਮਜ਼ਦੂਰ-ਵਿਰੋਧੀ ਤੇ ਸਰਮਾਏਦਾਰ ਪੱਖੀ ਨੀਤੀਆਂ ਵਿਰੁੱਧ ਜ਼ੋਰਦਾਰ ਸੰਘਰਸ਼ ਕੀਤਾ। ਇਲਾਕੇ ਵਿੱਚ ਕਾਮਰੇਡ ਦਰਸ਼ਨ ਸਿੰਘ ਝਬਾਲ ਦਾ ਚੰਗਾ ਅਸਰ-ਰਸੂਖ ਸੀ। ਉਹਨਾਂ ਦੀ ਸਹਾਇਤਾ ਲਈ ਸਾਡੇ ਪਿੰਡ ਕਾਮਰੇਡ ਚੈਨ ਸਿੰਘ, ਕਾਮਰੇਡ ਸੁਰਜਨ ਸਿੰਘ ਮੱਢੂ, ਕਾਮਰੇਡ ਅਮਰ ਸਿੰਘ ਤੂਤਾਂ ਵਾਲਾ, ਕਾਮਰੇਡ ਪ੍ਰਤਾਪ ਸਿੰਘ ਸੌਢਾ, ਕਾਮਰੇਡ ਜੋਗਿੰਦਰ ਸਿੰਘ ਹਕੀਮ, ਨਾਜ਼ਰ ਸਿੰਘ ਨਿਹੰਗ, ਕਾਮਰੇਡ ਕਰਮ ਸਿੰਘ ਨਾਹਰ, ਕਾ: ਸੇਵਾ ਸਿੰਘ ਨਾਹਰ, ਕਾਮਰੇਡ ਦਲੀਪ ਸਿੰਘ ਪਾਰ ਵਾਲ਼ਾ, ਕਾਮਰੇਡ ਜੋਗਿੰਦਰ ਸਿੰਘ ਤੇ ਮਹਿੰਦਰ ਸਿੰਘ ਪ੍ਰਜਾਪਤ ਆਦਿ ਕਾਮਰੇਡਾਂ ਦਾ ਤਕੜਾ ਗਰੁੱਪ ਸੀ। ਕਾ: ਚੈਨ ਸਿੰਘ ਪੜ੍ਹਿਆ-ਲਿਖਿਆ ਤੇ ਸਿਆਣਾ ਰਾਜਨੀਤਿਕ ਆਗੂ ਸੀ। ਉਹਨੇ ਪਿੰਡ ਦੀ ਸਰਪੰਚੀ ਵੀ ਕੀਤੀ। ਉਹ ਤਿੰਨ ਵਾਰ ਬਲਾਕ ਸੰਮਤੀ ਤਰਨਤਾਰਨ ਦਾ ਮੈਂਬਰ ਤੇ ਇਕ ਵਾਰ ਲੈਂਡ-ਮਾਰਗੇਜ਼ ਬੈਂਕ ਦਾ ਡਾਇਰੈਕਟਰ ਰਿਹਾ ਹੈ। ਉਹਨੇ ਆਪਣੇ ਪਿੰਡ ਦੇ ਵਿਕਾਸ ਲਈ ਹਲਕਾ ਵਿਧਾਇਕ ਕਾਮਰੇਡ ਦਰਸ਼ਨ ਸਿੰਘ ਝਬਾਲ ਅਤੇ ਕਾਂਗਰਸ ਆਗੂਆਂ ਦੀ ਮਦਦ ਨਾਲ਼ ਸਕੂਲ਼ ਅੱਪਗ੍ਰੇਡ ਕਰਾਉਣ, ਸੜਕ ਦੇ ਨਿਰਮਾਣ, ਪਿੰਡ ਵਿਚ ਬੈਂਕ, ਡਾਕਖ਼ਾਨਾ, ਪਸ਼ੂ ਹਸਪਤਾਲ, ਰੋਹੀ ਅਤੇ ਬਿਜਲੀ ਘਰ ਸਬ-ਸਟੇਸ਼ਨ ਸਥਾਪਤ ਕਰਨ ਵਿਚ ਅਹਿਮ ਯੋਗਦਾਨ ਪਾਇਆ।

ਉਹ ਬੜੇ ਸਬਰ-ਸੰਤੋਖ ਤੇ ਲੋਕ-ਤੰਤਰੀ ਰਿਵਾਇਤਾਂ ਦਾ ਧਾਰਨੀ ਸੀ। ਮੈਨੂੰ ਯਾਦ ਹੈ ਕਿ ਇੱਕ ਵਾਰ ਉਹਦੇ ਮੁਕਾਬਲੇ ਤੇ ਸ੍ਰ. ਕਰਤਾਰ ਸਿੰਘ ਮੱਢੂ ਨੇ ਸਰਪੰਚੀ ਦੀ ਚੋਣ ਲੜੀ। ਅਸੀਂ ਨੌਜਵਾਨ ਸਭਾ ਵੱਲੋਂ ਕਾ: ਚੈਨ ਸਿੰਘ ਦੀ ਮਦਦ ਕਰਨ ਲਈ ਸਰਗਰਮ ਸਾਂ। ਚੋਣ ਖ਼ਤਮ ਹੋਣ ਤੋਂ ਬਾਅਦ ਪੋਲਿੰਗ ਸਟੇਸ਼ਨ ਤੇ ਹੋ ਰਹੀ ਗਿਣਤੀ ਸਮੇਂ ਅਸੀਂ ਸਕੂਲ ਦੇ ਬਾਹਰ ਖੜੇ ਸਾਂ। ਅਧਿਕਾਰੀਆਂ ਨੇ ਸ੍ਰ. ਕਰਤਾਰ ਸਿੰਘ ਮੱਢੂ ਦੀ ਜਿੱਤ ਦਾ ਐਲਾਨ ਕੀਤਾ। ਲੋਕਾਂ ਨੇ ਉਹਦੇ ਗਲ਼ 'ਚ ਫੁੱਲਾਂ ਦੇ ਹਾਰ ਪਾਏ ਤਾਂ ਕਾ: ਚੈਨ ਸਿੰਘ ਨੇ ਵੀ ਉਹਦੇ ਗਲ਼ ਹਾਰ ਪਾਉਂਦਿਆਂ ਕਿਹਾ, "ਕਰਤਾਰ ਸਿੰਹਾਂ ! ਵਧਾਈਆਂ ਬਈ, ਤੂੰ ਜਿੱਤ ਗਿਆਂ ਹੈਂ। ਹੁਣ ਤੂੰ ਪਿੰਡ ਦੇ ਵਿਕਾਸ ਦੇ ਕੰਮ ਕਰਵਾ, ਮੈਂ ਤੇਰਾ ਪੂਰਾ ਸਾਥ ਦੇਵਾਂਗਾ।"



Scanned with OKEN Scanner

ਜਦੋਂ ਅਤਿਵਾਦੀਆਂ ਦੁਆਰਾ ਪੰਜਾਬ ਵਿਚ ਬੇਦੋਸ਼ੇ ਲੋਕਾਂ ਦੇ ਕਤਲਾਂ ਅਤੇ ਦਹਿਸ਼ਤਵਾਦੀ ਸਰਗਰਮੀਆਂ ਵਿਚ ਤੇਜ਼ੀ ਆਉਣ ਲੱਗੀ ਤਾਂ ਕੁਝ ਬੇ-ਪਛਾਣ ਨਿਹੰਗ-ਸਿੰਘਾਂ ਨੇ ਇਕ ਜ਼ਮੀਨੀ ਝਗੜੇ ਦੇ ਸਬੰਧ ਵਿਚ ਕਾਂਗਰਸੀ ਆਗੂ ਸਵਾਮੀ ਦਰਸ਼ਨ ਦਾਸ ਨੂੰ ਪਿੰਡ ਦੇ ਅੱਡੇ ਤੇ ਸ਼ਰ੍ਹੇਆਮ ਕਤਲ ਕਰ ਦਿੱਤਾ। ਇਸ ਝਗੜੇ ਨੂੰ ਨਿਪਟਾਉਣ ਲਈ ਕਾ. ਚੈਨ ਸਿੰਘ ਨੇ ਸੁਹਿਰਦ ਜਤਨ ਕੀਤੇ ਸਨ ਪਰ ਸਫਲ ਨਹੀ ਸੀ ਹੋਇਆ।ਆਪਣੀ ਸੁਰੱਖਿਆ ਖ਼ਾਤਰ ਕਾਮਰੇਡ ਚੈਨ ਸਿੰਘ ਆਪਣੀ ਰਿਹਾਇਸ਼ ਬਦਲ ਕੇ ਤਰਨਤਾਰਨ ਸ਼ਹਿਰ ਲੈ ਗਿਆ ਪਰ ਥੋੜ੍ਹੇ ਸਮੇਂ ਬਾਅਦ ਹੀ ਕੁਝ ਅਣ-ਪਛਾਤੇ ਦਹਿਸ਼ਤਗ਼ਰਦਾਂ ਨੇ ਗੋਲ਼ੀਆਂ ਮਾਰ ਕੇ ਉਹਨੂੰ ਕਤਲ ਕਰ ਦਿੱਤਾ ਅਤੇ ਪਿੰਡ ਇਕ ਦਾਨੇ, ਸਿਆਣੇ ਤੇ ਸੂਝਵਾਨ ਆਗੂ ਤੋਂ ਵਾਂਝਾਂ ਹੋ ਗਿਆ।

ਕਾਮਰੇਡ ਚੈਨ ਸਿੰਘ ਦੀ ਗੱਲ ਹੋਵੇ ਤਾਂ ਜੋਗਿੰਦਰ ਸਿੰਘ ਹਕੀਮ ਦੀ ਵੀ ਗੱਲ ਕਰਨੀ ਜ਼ਰੂਰੀ ਹੈ ਕਿਉਂਕਿ ਉਹ ਦੋਵ੍ਹੇਂ ਇਕੱਠੇ ਵਿਚਰਦੇ ਰਹੇ ਹਨ। ਉਹ ਹਕੀਮ ਸ੍ਰ ਹਰਨਾਮ ਸਿੰਘ ਦੇ ਤਿੰਨਾਂ ਪੁੱਤਰਾਂ 'ਚੋਂ ਸਭ ਤੋਂ ਛੋਟਾ ਪੁੱਤਰ ਸੀ। ਬਾਬਾ ਸੁੱਧ ਸਿੰਘ ਵੀ ਹਕੀਮੀ ਕਰਦਾ ਸੀ ਅਤੇ ਪਿਤਾ-ਪੁਰਖੀ ਹਕੀਮੀ ਕਰਦੇ ਹੋਣ ਕਰਕੇ ਪਿੰਡ ਵਿਚ ਇਹ ਪਰਿਵਾਰ ਪੜ੍ਹਿਆਂ ਲਿਖਿਆਂ ਵਿਚ ਸ਼ਾਮਲ ਹੁੰਦਾ ਸੀ। ਉਹ ਉਸ ਸਮੇਂ ਦਸਵੀਂ ਪਾਸ ਸੀ ਜਦੋਂ ਪਿੰਡਾਂ ਵਿਚ ਸਕੂਲ ਕੇਵਲ ਪ੍ਰਾਇਮਰੀ ਤੱਕ ਹੁੰਦੇ ਸਨ। ਆਯੁਰਵੈਦ ਦੇ ਗਿਆਤਾ ਹੋਣ ਕਾਰਨ ਉਹਨੇ 18 ਸਾਲ ਕਾਂਗੜਾ ਵਿਖੇ ਸਿਹਤ ਮਹਿਕਮੇ ਦੀ ਸਰਕਾਰੀ ਨੌਂਕਰੀ ਕਰਕੇ ਅਸਤੀਫ਼ਾ ਦੇ ਦਿੱਤਾ ਅਤੇ ਪਿੰਡ ਵਿਚ ਹਕੀਮੀ ਸ਼ੁਰੂ ਕੀਤੀ। ਪਿੰਡ ਦੀ ਰਾਜਨੀਤੀ ਵਿਚ ਹਿੱਸਾ ਲੈਂਦਿਆਂ ਉਹ 15 ਸਾਲ ਪੰਚਾਇਤ ਮੈਂਬਰ ਰਿਹਾ। ਉਹਨਾਂ ਨੇ ਲੋਕਾਂ ਦੀ ਸਹੂਲਤ ਲਈ ਪਿੰਡ ਵਿਚ ਡਿਸਪੈਂਸਰੀ ਚਾਲੂ ਕਰਾਉਣ, ਡੰਗਰਾਂ ਦਾ ਹਸਪਤਾਲ ਲਿਆਉਣ, ਸਕੂਲ ਅੱਪਗ੍ਰੇਡ ਕਰਾਉਣ, ਪਿੰਡ ਵਿਚ ਪੰਜਾਬ ਐਂਡ ਸਿੰਧ ਬੈਂਕ, ਡਾਕਖ਼ਾਨਾ ਅਤੇ ਬਿਜਲੀ ਘਰ ਸਥਾਪਤ ਕਰਨ ਵਿਚ ਕਾਮਰੇਡ ਚੈਨ ਸਿੰਘ ਦਾ ਪੂਰਾ ਸਾਥ ਦਿੱਤਾ।ਕਾਮਰੇਡ ਚੈਨ ਸਿੰਘ ਦੇ ਸਹਿਯੋਗ ਨਾਲ ਸ੍ਰ ਪ੍ਰਤਾਪ ਸਿੰਘ ਕੈਰੋਂ ਨੂੰ ਕਹਿ ਕੇ ਤਰਨਤਾਰਨ ਤੋਂ ਦਿਆਲਪੁਰ ਜਾਣ ਵਾਲ਼ੀ ਪਿੰਡ ਵਾਲ਼ੀ ਸੜਕ ਪੱਕੀ ਕਰਵਾਈ। ਉਹਨੇ ਆਪਣੇ ਘਰ ਵਾਲ਼ੀ 3 ਕਨਾਲ ਜ਼ਮੀਨ ਸਰਕਾਰੀ ਸਕੂਲ ਨੂੰ ਦਾਨ ਕੀਤੀ।ਪਿੰਡ ਦਾ ਮਹੌਲ ਖ਼ਰਾਬ ਹੁੰਦਾ ਵੇਖ ਕੇ ਉਹਨੇ ਕਾ ਚੈਨ ਸਿੰਘ ਨੂੰ ਰਿਹਾਇਸ਼ ਬਦਲ ਕੇ ਸ਼ਹਿਰ ਲੈ ਜਾਣ ਲਈ ਸਹਿਮਤ ਕੀਤਾ ਪਰ ਮੰਦੇ ਭਾਗਾਂ ਨੂੰ ਕੁਝ ਅਣ-ਪਛਾਤੇ ਮੁੰਡਿਆਂ ਨੇ ਸ਼ਹਿਰ ਵਿਚ ਹੀ ਕਾ ਚੈਨ ਸਿੰਘ ਨੂੰ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ।1992 ਵਿਚ ਜੋਗਿੰਦਰ ਸਿੰਘ ਹਕੀਮ ਹੋਰੀਂ ਵੀ ਸਦੀਵੀ ਵਿਛੋੜਾ ਦੇ ਗਏ।ਪਿੱਛੇ ਉਹਨਾਂ ਦੇ ਦੋ ਪੁੱਤਰ ਹਨ, ਬਲਵਿੰਦਰ ਸਿੰਘ ਅਤੇ ਪਰਵਿੰਦਰ ਸਿੰਘ। ਬਲਵਿੰਦਰ ਸਿੰਘ ਵਾਹੀ ਖੇਤੀ ਦੇ ਨਾਲ਼ ਆਪਣਾ ਪਿਤਾ-ਪੁਰਖੀ ਧੰਦਾ ਹਕੀਮੀ ਵੀ ਕਰਦਾ ਹੈ।



Scanned with OKEN Scanner

**ਕਮਿਊਨਿਸਟ ਪਾਰਟੀਆਂ 'ਚੋਂ ਸੀ. ਪੀ. ਆਈ. (ਐਮ) :-**

ਇਹਨਾਂ ਪੁਰਾਣੇ ਕਾਮਰੇਡਾਂ ਤੋਂ ਬਾਅਦ (1964 ਵਿੱਚ ਕਮਿਊਨਿਸਟ ਪਾਰਟੀ 'ਚ ਦੁਫੇੜ ਪੈਣ ਪਿੱਛੋਂ) ਪਿੰਡ ਵਿੱਚ ਸੀ.ਪੀ.ਆਈ. ਤੇ ਸੀ.ਪੀ.ਆਈ.(ਐਮ) ਦੋਵ੍ਹਾਂ ਪਾਰਟੀਆਂ ਦੀਆਂ ਪਿੰਡ ਪੱਧਰ ਤੇ ਇਕਾਈਆਂ ਕੰਮ ਕਰਦੀਆਂ ਰਹੀਆਂ ਹਨ। ਕਾਮਰੇਡ ਸੁਰਜਨ ਸਿੰਘ ਮੱਦੂ ਕਈ ਸਾਲ ਸੀ.ਪੀ.ਆਈ.(ਐਮ) ਦੀ ਮਾਣੋਚਾਹਲ ਬ੍ਰਾਂਚ ਦੇ ਸਕੱਤਰ ਰਹੇ ਹਨ। ਕਾ: ਜੋਗਿੰਦਰ ਸਿੰਘ, ਮਹਿੰਦਰ ਸਿੰਘ, ਕਰਮ ਸਿੰਘ ਨਾਹਰ, ਸੇਵਾ ਸਿੰਘ ਨਾਹਰ ਤੇ ਦਲੀਪ ਸਿੰਘ ਪਾਰ ਵਾਲ਼ਾ, ਕਾ: ਦੀਦਾਰ ਸਿੰਘ ਤੇ ਕਾਮਰੇਡ ਜਰਨੈਲ ਸਿੰਘ ਫੌਜੀ ਸਾਰੇ ਬ੍ਰਾਂਚ ਦੇ ਮੈਂਬਰ ਸਨ। ਕਾਮਰੇਡ ਕਰਮ ਸਿੰਘ ਪੰਜਾਬ ਖ਼ੇਤ-ਮਜ਼ਦੂਰ ਯੂਨੀਅਨ ਦਾ ਆਗੂ ਸੀ ਤੇ ਕਾਮਰੇਡ ਦਰਸ਼ਨ ਸਿੰਘ ਝਬਾਲ ਦੀ ਅਗਵਾਈ ਹੇਠ ਜਥੇਬੰਦੀ ਲਈ ਆਖ਼ਰੀ ਦਮ ਤੱਕ ਲੜਦਾ ਰਿਹਾ। ਇਹਨਾਂ ਸਾਰਿਆਂ 'ਚੋਂ ਹੁਣ ਕੇਵਲ ਜਰਨੈਲ ਸਿੰਘ ਫੌਜੀ ਹੀ ਮੌਜੂਦ ਹੈ, ਬਾਕੀ ਸਭ ਸਵਰਗਵਾਸ ਹੋ ਗਏ ਹਨ। ਕਾ: ਪ੍ਰਤਾਪ ਸਿੰਘ ਸੌਢਾ ਵੀ ਪੁਰਾਣਾ ਕਾਮਰੇਡ ਸੀ ਜੋ ਮਗਰੋਂ ਕਿਸੇ ਗੱਲੋਂ ਨਰਾਜ਼ ਹੋ ਕੇ ਪਾਰਟੀ ਛੱਡ ਕੇ ਅਕਾਲੀ ਦਲ ਦਾ ਹਮਦਰਦ ਬਣ ਗਿਆ ਸੀ ਤੇ ਅਖ਼ੀਰ ਤੱਕ ਉਹ ਅਕਾਲੀ ਦਲ ਨਾਲ ਹੀ ਰਿਹਾ।

ਕਾ: ਸੁਰਜਨ ਸਿੰਘ ਪੜ੍ਹਿਆ-ਲਿਖਿਆ, ਸਿਆਣਾ ਤੇ ਸੁਲਝਿਆ ਹੋਇਆ ਸਿਧਾਂਤਕ ਆਗੂ ਸੀ ਤੇ ਉਹ ਪਾਰਟੀ ਸਿਧਾਂਤ ਤੇ ਮਜ਼ਬੂਤ ਪਕੜ ਰੱਖਦਾ ਸੀ। ਜਦੋਂ ਪੰਜਾਬ ਵਿੱਚ ਅਤਿਵਾਦ ਦੀ ਹਨੇਰੀ ਝੁੱਲੀ ਤੇ ਉਹਦੇ ਪਰਿਵਾਰ ਦੇ ਕੁਝ ਮੈਂਬਰ ਖ਼ਾਲਿਸਤਾਨ ਦੀ ਮੰਗ ਨਾਲ ਖਲੋ ਗਏ ਤਾਂ ਵੀ ਉਹ ਬੜੀ ਦ੍ਰਿੜਤਾ ਨਾਲ ਆਪਣੇ ਸਟੈਂਡ ਤੇ ਖੜਾ ਰਿਹਾ। ਅੰਤ ਤੱਕ ਉਹ ਆਪਣੀ ਇਸ ਸਮਝ ਤੇ ਕਾਇਮ ਰਿਹਾ ਕਿ ਭਾਰਤ ਦੀ ਅਜਾਰੇਦਾਰ ਸਰਮਾਇਦਾਰੀ ਏਨੀ ਮਜ਼ਬੂਤ ਹੈ ਕਿ ਉਹ ਕਿਸੇ ਕੀਮਤ ਤੇ ਵੀ ਦੇਸ਼ ਦੇ ਕਿਸੇ ਭਾਗ ਨੂੰ ਵੱਖ ਨਹੀਂ ਹੋਣ ਦੇਵੇਗੀ ਭਾਵੇਂ ਉਹਨੂੰ ਵੱਖਰਾ ਦੇਸ਼ ਮੰਗਣ ਵਾਲਿਆਂ ਤੇ ਕਿੰਨਾ ਵੀ ਜ਼ਬਰ ਕਿਉਂ ਨਾ ਕਰਨਾ ਪਵੇ। ਉਹ ਸਮਝਦੇ ਸਨ ਕਿ ਇਸ ਹਾਲਤ ਵਿੱਚ ਵੱਖਵਾਦੀ ਮੰਗ ਤੇ ਹਥਿਆਰ-ਬੰਦ ਲੜਾਈ ਵਿੱਢਣ ਨਾਲ ਪੰਜਾਬੀਆਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਵੇਗਾ ਤੇ ਕੋਈ ਪ੍ਰਾਪਤੀ ਨਹੀਂ ਹੋਵੇਗੀ। ਆਖ਼ਰ ਜਦੋਂ 1994 ਤੱਕ ਖ਼ਾਲਿਸਤਾਨੀ ਲਹਿਰ ਦਮ ਤੋੜ ਗਈ ਤਾਂ ਉਹਨਾਂ ਦੀ ਇਹ ਸਮਝ ਠੀਕ ਨਿਕਲੀ। ਹਥਿਆਰ-ਬੰਦ ਲਹਿਰ ਲੰਬਾ ਸਮਾਂ ਪੰਜਾਬ ਦੇ ਲੋਕਾਂ ਦਾ ਭਰੋਸਾ ਤੇ ਹਮਦਰਦੀ ਪ੍ਰਾਪਤ ਨਾ ਕਰ ਸਕੀ ਤੇ ਸਰਕਾਰਾਂ ਨੇ ਘੋਰ ਦਮਨ ਕਰਕੇ ਇਸ ਲਹਿਰ ਨੂੰ ਦਬਾ ਦਿੱਤਾ। ਪਰ ਪੰਜਾਬ ਦਾ ਜਿੰਨਾ ਜਾਨੀ-ਮਾਲੀ ਨੁਕਸਾਨ ਇਸ ਲਹਿਰ ਸਮੇਂ ਹੋਇਆ ਉਸ ਨਾਲ ਸੂਬਾ ਵਿਕਾਸ ਦੇ ਮੁੱਦੇ ਤੇ 50 ਸਾਲ ਪਿੱਛੇ ਜਾ ਪਿਆ ਹੈ।

ਕਾਮਰੇਡ ਸੁਰਜਨ ਸਿੰਘ ਦੀ ਮੌਤ ਤੋਂ ਬਾਅਦ ਪਿੰਡ 'ਚ ਸੀ.ਪੀ.ਆਈ.(ਐਮ) ਦੀ ਕਮਾਨ ਕਾ: ਜੋਗਿੰਦਰ ਸਿੰਘ ਨੇ ਸੰਭਾਲ਼ੀ। ਉਹਨੂੰ ਪਾਰਟੀ ਬ੍ਰਾਂਚ ਦਾ ਸਕੱਤਰ ਬਣਾਇਆ



Scanned with OKEN Scanner

ਗਿਆ। ਭਾਵੇਂ ਉਹ ਅਨਪੜ੍ਹ ਸੀ ਪਰ ਫਿਰ ਵੀ ਪਾਰਟੀ ਸਿਧਾਂਤ ਦੀ ਪੂਰੀ ਸਮਝ ਰੱਖਦਾ ਸੀ। ਉਹ ਲਗਾਤਾਰ ਪਾਰਟੀ ਦੀ ਅਗਵਾਈ ਵਿੱਚ ਸਰਕਾਰਾਂ ਵਿਰੁੱਧ ਕਿਸਾਨਾਂ-ਮਜ਼ਦੂਰਾਂ ਦੇ ਹਿੱਤਾਂ ਲਈ ਕੀਤੇ ਗਏ ਸੰਘਰਸ਼ ਦੇ ਅੰਗ ਸੰਗ ਰਿਹਾ ਤੇ ਕਦੇ ਕੋਈ ਥਿੜਕਣ ਨਹੀਂ ਵਿਖਾਈ। ਸੰਨ 2000 ਵਿੱਚ ਕਾਮਰੇਡ ਮੰਗਤ ਰਾਮ ਪਾਸਲਾ ਨੇ ਸੀ.ਪੀ.ਆਈ. (ਐਮ) ਵਿੱਚੋਂ ਬਾਹਰ ਜਾ ਕੇ ਨਵੀਂ ਪਾਰਟੀ (ਸੀ.ਪੀ.ਐਮ. ਪੰਜਾਬ) ਬਣਾ ਲਈ ਜੋ ਹੁਣ ਆਰ.ਐਮ.ਪੀ.ਆਈ. ਦੇ ਨਾਂ ਹੇਠ ਕੰਮ ਕਰ ਰਹੀ ਹੈ। ਕਾਮਰੇਡ ਜੋਗਿੰਦਰ ਸਿੰਘ ਉਹਨਾਂ ਨਾਲ ਸਰਗਰਮ ਹੋ ਗਿਆ ਤੇ ਅੰਤਲੇ ਦਮ ਤੱਕ ਉਹਨਾਂ ਦੀ ਅਗਵਾਈ ਹੇਠ ਸੰਘਰਸ਼ ਕਰਦਾ ਰਿਹਾ। ਆਖ਼ਰ 4 ਜਨਵਰੀ 2022 ਨੂੰ ਉਹ ਸਦੀਵੀ ਵਿਛੋੜਾ ਦੇ ਗਿਆ। ਅਜਿਹੇ ਦ੍ਰਿੜ੍ਹ ਸਟੈਂਡ ਵਾਲੇ ਬੰਦਿਆਂ ਨੂੰ ਸਲਾਮ ਕਰਨਾ ਬਣਦਾ ਹੈ।

## ਸੀ.ਪੀ.ਆਈ. ਦੀ ਬ੍ਰਾਂਚ

ਪਿੰਡ ਵਿੱਚ ਕਮਿਊਨਿਸਟ ਪਾਰਟੀ ਆਫ ਇੰਡੀਆ (ਸੀ.ਪੀ.ਆਈ) ਦੀ ਬ੍ਰਾਂਚ ਵੀ ਕੰਮ ਕਰਦੀ ਹੈ ਜੋ ਲਗਾਤਾਰ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਧਾਰਨ ਕੀਤੀਆਂ ਕਿਸਾਨ-ਮਜ਼ਦੂਰ ਵਿਰੋਧੀ ਨੀਤੀਆਂ ਤੇ ਗਰੀਬ ਲੋਕਾਂ ਨਾਲ ਆਏ ਦਿਨ ਹੁੰਦੀ ਬੇ-ਇਨਸਾਫ਼ੀ ਵਿਰੁੱਧ ਚੱਲਦੇ ਸੰਘਰਸ਼ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ। ਕਾਮਰੇਡ ਸੁਖਦੇਵ ਸਿੰਘ ਬ੍ਰਾਂਚ ਦੇ ਸਕੱਤਰ ਹਨ ਤੇ ਕਾ: ਬਲਕਾਰ ਸਿੰਘ. ਕਾ: ਧੰਨਾ ਸਿੰਘ ਤੇ ਕਾ: ਜੋਗਾ ਸਿੰਘ ਬ੍ਰਾਂਚ-ਮੈਂਬਰ ਹਨ। ਕਾਮਰੇਡ ਬਲਕਾਰ ਸਿੰਘ ਆਲ ਇੰਡੀਆ ਕਿਸਾਨ ਸਭਾ ਦੀ ਪਿੰਡ ਦੀ ਇਕਾਈ ਦੇ ਪ੍ਰਧਾਨ ਹਨ ਜੋ ਕਿਸਾਨੀ ਮੰਗਾਂ ਲਈ ਚੱਲਦੇ ਸੰਘਰਸ਼ ਵਿੱਚ ਸਮਰੱਥਾ ਮੁਜਬ ਹਿੱਸਾ ਪਾ ਰਹੇ ਹਨ। ਬ੍ਰਾਂਚ ਵੱਲੋਂ ਪਿੰਡ ਦੇ ਪੁਰਾਣੇ ਕਾਮਰੇਡਾਂ, ਦੇਸ਼ਭਗਤਾਂ ਅਤੇ ਫੌਜੀ ਸ਼ਹੀਦਾਂ ਦੀ ਯਾਦ ਵਿੱਚ ਇਕ ਇਤਿਹਾਸਿਕ ਕਾਨਫਰੰਸ ਕੀਤੀ ਗਈ ਜਿਸ ਵਿੱਚ ਲੋਕ-ਮਸਲਿਆਂ ਤੇ ਆਗੂਆਂ ਦੇ ਭਾਸ਼ਣ ਤੇ ਅਗਾਂਹਵਧੂ ਡਰਾਮੇ ਪੇਸ਼ ਕੀਤੇ ਗਏ। ਪਿੰਡ ਦੇ ਲੋਕਾਂ ਨੇ ਇਸ ਪ੍ਰੋਗਰਾਮ ਨੂੰ ਡੂੰਘੀ ਦਿਲਚਸਪੀ ਨਾਲ ਵੇਖਿਆ ਤੇ ਸੁਣਿਆ।

## ਸ਼੍ਰੋਮਣੀ ਅਕਾਲੀ ਦਲ

ਕਿਉਂਕਿ ਅਕਾਲੀ ਦਲ ਦਾ ਪੁਰਾਣਾ ਵਿਰਸਾ ਬੜਾ ਖਾੜਕੂ ਤੇ ਸੰਘਰਸ਼ਪੂਰਨ ਰਿਹਾ ਹੈ ਇਸ ਕਾਰਨ ਸ਼ੁਰੂ ਤੋਂ ਹੀ ਪਿੰਡ ਵਿੱਚ ਅਕਾਲੀਆਂ ਦਾ ਬੋਲਬਾਲਾ ਰਿਹਾ ਹੈ। ਸਵ: ਸ੍ਰ. ਗੁਰਚਰਨ ਸਿੰਘ ਸ਼ਾਹ, ਸਵ: ਸ੍ਰ. ਪ੍ਰਕਾਸ਼ ਸਿੰਘ ਤੇ ਜਗਤਾਰ ਸਿੰਘ ਸੂਬੇਦਾਰ, ਦਲਬੀਰ ਸਿੰਘ ਸੂਬੇਦਾਰ, ਸ੍ਰ. ਗੁਰਪਾਲ ਸਿੰਘ, ਗੁਰਨਾਮ ਸਿੰਘ ਤੇ ਮੋਹਣ ਸਿੰਘ (ਤਿੰਨ ਭਰਾ) ਸੂਬੇਦਾਰ, ਸ੍ਰ. ਦਰਸ਼ਨ ਸਿੰਘ ਥੇਹ ਵਾਲ਼ਾ, ਪ੍ਰਤਾਪ ਸਿੰਘ ਸਉਢਾ ਆਦਿ ਅਕਾਲੀ ਦਲ ਦੇ ਪੱਕੇ ਸਮਰਥਕ ਰਹੇ ਹਨ। ਇਹਨਾਂ ਨੇ ਸਾਬਕਾ ਕੈਬਨਿਟ ਮੰਤਰੀ ਸ੍ਰ. ਰਣਜੀਤ ਸਿੰਘ ਬ੍ਰਹਮਪੁਰਾ ਦੇ ਕਦਮਾਂ ਨਾਲ ਕਦਮ ਮਿਲਾ ਕੇ ਰਾਜਨੀਤੀ ਵਿੱਚ ਹਿੱਸਾ ਲਿਆ ਤੇ ਪਿੰਡ



Scanned with OKEN Scanner

ਦੇ ਵਿਕਾਸ ਲਈ ਗਰਾਂਟਾਂ ਹਾਸਲ ਕੀਤੀਆਂ। ਨਵੀਂ ਪੀੜ੍ਹੀ ਵਿੱਚ ਸਤਨਾਮ ਸਿੰਘ ਸ਼ਾਹ, ਪਲਵਿੰਦਰ ਸਿੰਘ ਪਿੰਕਾ, ਸ਼ਰਨਜੀਤ ਸਿੰਘ ਸੂਬੇਦਾਰ ਤੇ ਉਹਦਾ ਨੌਜਵਾਨ ਪੁੱਤਰ ਯਾਦਵਿੰਦਰ ਸਿੰਘ ਮਾਣੋਚਾਹਲ, ਬਲਵਿੰਦਰ ਸਿੰਘ ਥੇਹ ਵਾਲ਼ਾ, ਮਾਸਟਰ ਹਰਿੰਦਰ ਸਿੰਘ ਥੇਹ ਵਾਲ਼ਾ ਸ਼ੋਮਣੀ ਅਕਾਲੀ ਦਲ ਦੇ ਪੁਰਾਣੇ ਸਰਗਰਮ ਵਰਕਰ ਰਹੇ ਹਨ। ਪਰ ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਥੇਹ ਵਾਲਿਆਂ ਨੇ ਕਿਸੇ ਨਰਾਜ਼ਗੀ ਕਾਰਨ ਪਾਸਾ ਬਦਲ ਲਿਆ ਹੈ। ਰਾਜਨੀਤੀ ਵਿੱਚ ਸਥਾਈ ਵਰਤਾਰਾ ਬਹੁਤ ਘੱਟ ਮਿਲਦਾ ਹੈ ਤੇ ਛੋਟੀ ਮੋਟੀ ਨਰਾਜ਼ਗੀ ਕਾਰਨ ਵਰਕਰਾਂ ਦਾ ਪਾਲ਼ਾ ਬਦਲਣਾ ਆਮ ਗੱਲ ਹੈ। ਸੂਬੇਦਾਰਾਂ ਦੇ ਪਰਿਵਾਰ ਚੋਂ ਸ਼ਰਨਜੀਤ ਸਿੰਘ ਆਪ ਸ਼੍ਰੋਮਣੀ ਅਕਾਲੀ ਦਲ ਦਾ ਵਰਕਰ ਅਤੇ ਅਕਾਲੀ ਆਗੂ ਸ੍. ਰਣਜੀਤ ਸਿੰਘ ਬ੍ਰਹਮਪੁਰਾ ਦਾ ਪੱਕਾ ਹਿਮਾਇਤੀ ਰਿਹਾ ਹੈ। ਉਹ ਪਿੰਡ ਦੀ ਪੰਚਾਇਤ ਦਾ ਮੈਂਬਰ ਵੀ ਰਹਿ ਚੁੱਕਾ ਹੈ। ਉਸ ਦਾ ਲੜਕਾ ਯਾਦਵਿੰਦਰ ਸਿੰਘ ਮਾਣੋਚਾਹਲ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਦਾ ਆਗੂ ਰਿਹਾ ਹੈ। ਪਰ ਪਿਛਲੀ ਸੰਸਦੀ ਚੋਣ ਵੇਲੇ ਉਹਨੇ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਭਾਜਪਾ ਦਾ ਪੱਲਾ ਜਾ ਫੜਿਆ ਹੈ। ਉਹ ਪੇਸ਼ੇ ਵਜੋਂ ਵਕੀਲ ਹੈ ਅਤੇ ਜ਼ਿਲ੍ਹਾ ਕਚਹਿਰੀਆਂ ਤਰਨ ਤਾਰਨ ਵਿਖੇ ਵਕਾਲਤ ਕਰਦਾ ਹੈ।

### ਕਾਂਗਰਸ ਪਾਰਟੀ

ਪਿੰਡ ਵਿੱਚ ਸਾਬਕਾ ਸਰਪੰਚ ਸੰਪੂਰਨ ਸਿੰਘ, ਤੇਜਾ ਸਿੰਘ ਪ੍ਰਧਾਨ ਤੇ ਹਜ਼ਾਰਾ ਸਿੰਘ ਲੰਮਾ ਪੁਰਾਣੀ ਪੀੜ੍ਹੀ ਦੇ ਕਾਂਗਰਸੀ ਆਗੂ ਸਨ। ਉਹਨਾਂ ਤੋਂ ਬਾਅਦ ਲੰਮਾ ਸਮਾਂ ਕਾਂਗਰਸ ਕਾਮਰੇਡਾਂ ਤੇ ਹੀ ਨਿਰਭਰ ਰਹੀ। ਅਗਲੀ ਪੀੜ੍ਹੀ 'ਚੋਂ ਗੁਰਮੀਤ ਸਿੰਘ ਪੁੱਤਰ ਸ੍. ਚੈਨ ਸਿੰਘ, ਰਣਜੀਤ ਸਿੰਘ ਰਾਣਾ ਡੇਹਰੀ ਵਾਲ਼ਾ, ਸੁਖਦੇਵ ਸਿੰਘ ਪੁੱਤਰ ਸ੍. ਜੋਗਿੰਦਰ ਸਿੰਘ ਲੰਮਾ ਤੇ ਜਸਵਿੰਦਰ ਸਿੰਘ ਪੁੱਤਰ ਸ੍. ਸੁਖਵੰਤ ਸਿੰਘ ਨੇ ਕਾਂਗਰਸ ਦੀ ਕਮਾਨ ਸੰਭਾਲ਼ੀ ਹੋਈ ਹੈ।

### ਆਮ ਆਦਮੀ ਪਾਰਟੀ

ਪੰਜਾਬ ਵਿੱਚ ਲਗਾਤਾਰ 74 ਸਾਲਾਂ ਤੋਂ ਕਾਂਗਰਸ ਤੇ ਅਕਾਲੀ ਦਲ ਦੀਆਂ ਸਰਕਾਰਾਂ ਵੱਲੋਂ ਪੰਜਾਬ ਦੇ ਗਰੀਬ ਤੇ ਮਿਹਨਤਕਸ਼ ਲੋਕਾਂ ਦੇ ਹਿੱਤਾਂ ਦੀ ਅਣਦੇਖੀ ਕਰਕੇ ਆਪਣੇ ਘਰ ਭਰਨ ਦੀ ਨੀਤੀ ਤੋਂ ਤੰਗ ਆ ਕੇ ਪੰਜਾਬ ਦੇ ਲੋਕਾਂ ਨੇ ਤੀਸਰੇ ਬਦਲ ਦੀ ਭਾਲ਼ ਕਰਨੀ ਸ਼ੁਰੂ ਕੀਤੀ ਤਾਂ ਇੱਕ ਤੀਸਰੀ ਰਾਜਨੀਤਿਕ ਸ਼ਕਤੀ ਉੱਭਰ ਕੇ ਸਾਹਮਣੇ ਆਈ ਹੈ। ਸਿੱਟੇ ਵਜੋਂ ਸਾਡੇ ਪਿੰਡ 'ਚ ਵੀ ਆਮ ਆਦਮੀ ਪਾਰਟੀ ਦਾ ਝੰਡਾ ਝੂਲਣ ਲੱਗ ਪਿਆ ਹੈ। ਨੌਜਵਾਨ ਆਗੂ ਗੁਰਸ਼ਰਨਜੀਤ ਸਿੰਘ ਪੁੱਤਰ ਸ੍. ਕੁਲਦੀਪ ਸਿੰਘ ਆਮ ਆਦਮੀ ਪਾਰਟੀ ਵੱਲੋਂ ਇਲਾਕੇ ਦਾ ਸਿਰ ਕੱਢ ਆਗੂ ਤੇ ਸ੍. ਮਨਜਿੰਦਰ ਸਿੰਘ ਲਾਲ ਪੁਰਾ



Scanned with OKEN Scanner

ਐਮ.ਐਲ.ਏ. ਹਲਕਾ ਖਡੂਰ ਸਾਹਿਬ ਦਾ ਪੀ.ਏ. ਹੈ। ਉਹਨੇ ਪਿਛਲੇ ਸਾਲ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਬੜੀ ਸਰਗਰਮੀ ਨਾਲ ਪਾਰਟੀ ਦਾ ਪ੍ਰਚਾਰ ਕਰਕੇ ਜਿੱਤ ਹਾਸਲ ਕਰਨ ਵਿੱਚ ਪਾਰਟੀ ਦੀ ਮਦਦ ਕੀਤੀ ਹੈ।

ਉਹ ਰੋਜ਼ਾਨਾ ਇਲਾਕੇ ਦੇ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਵਿੱਚ ਪੇਸ਼ ਆਉਂਦੀਆਂ ਮੁਸ਼ਕਿਲਾਂ ਤੇ ਪ੍ਰੇਸ਼ਾਨੀਆਂ ਦੇ ਹੱਲ ਲਈ ਉਹਨਾਂ ਦੀ ਮਦਦ ਕਰਦਾ ਹੈ। ਇਹੋ ਜਿਹੇ ਲੋਕ-ਹਿੱਤ ਲਈ ਕੁਝ ਕਰਨ ਦਾ ਮਾਦਾ ਰੱਖਣ ਵਾਲੇ ਉਤਸ਼ਾਹੀ ਨੌਜਵਾਨ ਆਗੂਆਂ ਤੋਂ ਲੋਕਾਂ ਨੂੰ ਬਹੁਤ ਆਸਾਂ ਹਨ। ਹਲਕਾ ਐਮ.ਐਲ.ਏ. ਵੱਲੋਂ ਵੱਖ ਵੱਖ ਸਰਕਾਰੀ ਦਫ਼ਤਰਾਂ ਵਿੱਚ ਲੋਕਾਂ ਦੀ ਹੋ ਰਹੀ ਖੱਜਲ-ਖ਼ੁਆਰੀ ਨੂੰ ਰੋਕਣ ਲਈ ਆਪਣੇ ਪਾਰਟੀ ਵਰਕਰਾਂ ਚੋਂ ਹਰ ਸਰਕਾਰੀ ਵਿਭਾਗ ਦੇ ਇਨਚਾਰਜ ਨਿਯੁਕਤ ਕੀਤੇ ਹਨ। ਇਹਨਾਂ ਵਿੱਚ ਸ੍ਰ. ਕੁਲਦੀਪ ਸਿੰਘ ਨੂੰ ਬਿਜਲੀ ਬੋਰਡ ਚੋਂ ਰਿਟਾਇਰ ਹੋਣ ਕਾਰਨ ਬਿਜਲੀ ਵਿਭਾਗ ਦਾ ਇਨਚਾਰਜ ਲਾਇਆ ਗਿਆ ਹੈ। ਇਲਾਕੇ ਵਿੱਚ ਜਦੋਂ ਵੀ ਕਿਸੇ ਨੂੰ ਬਿਜਲੀ ਮਹਿਕਮੇ ਵਿੱਚ ਕੋਈ ਕੰਮ ਪੈਂਦਾ ਹੈ ਤਾਂ ਲੋਕ ਉਹਦੀ ਮਦਦ ਲੈਂਦੇ ਹਨ।

ਇਸ ਸਾਲ 15 ਅਗਸਤ 2023 ਨੂੰ ਆਜ਼ਾਦੀ ਦੇ 75 ਵੇਂ ਅੰਮ੍ਰਿਤ ਉਤਸਵ ਦੇ ਮੌਕੇ ਤੇ ਪਹਿਲੀ ਵਾਰ ਗੁਰਸ਼ਰਨਜੀਤ ਸਿੰਘ ਦੇ ਉਦਮ ਨਾਲ ਸ੍ਰ. ਮਨਜਿੰਦਰ ਸਿੰਘ ਲਾਲਪੁਰਾ ਐਮ.ਐਲ.ਏ. ਹਲਕਾ ਖ਼ਡੂਰ ਸਾਹਿਬ ਵੱਲੋਂ ਪਿੰਡ ਦੇ ਸ਼ਹੀਦ ਫੌਜੀਆਂ (ਸ੍ਰ. ਬਚਨ ਸਿੰਘ, ਕੈਪਟਨ ਮਨਜੀਤ ਸਿੰਘ, ਸ੍ਰ. ਸਵਰਨ ਸਿੰਘ ਤੇ ਅੰਗਰੇਜ਼ ਸਿੰਘ) ਦੀ ਯਾਦ ਵਿੱਚ ਇੱਕ ਯਾਦਗਾਰ ਬਣਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਹੈ ਅਤੇ ਸ਼ਹੀਦਾਂ ਦੇ ਪਰਿਵਾਰਾਂ ਦਾ ਬਣਦਾ ਸਤਿਕਾਰ ਕੀਤਾ ਗਿਆ ਹੈ। ਪੰਜਾਬ ਦੇ ਇਸ ਵਿਗੜੇ ਹੋਏ ਸਿਸਟਮ ਨੂੰ ਸੁਧਾਰਨਾ ਡਾਹਢਾ ਔਖਾ ਕਾਰਜ ਹੈ। ਫਿਰ ਵੀ ਆਗਾਜ਼ ਅੱਛਾ ਹੈ, ਸਫ਼ਲਤਾ ਕਿੰਨੀ ਮਿਲਦੀ ਹੈ, ਇਹ ਭਵਿੱਖ ਦੱਸੇਗਾ।

❐



Scanned with OKEN Scanner

# ਪਿੰਡ ਦੇ ਪੜ੍ਹੇ-ਲਿਖੇ, ਗੁਣਵਾਨ ਤੇ ਉੱਚ-ਆਹੁਦਿਆਂ ਵਾਲੇ

### 1. ਸੰਤ ਈਸ਼ਰ ਸਿੰਘ ਵੈਦ ਰਾਜ

ਪਿੰਡ ਦਾ ਪੁਰਾਣਾ ਇਤਿਹਾਸ ਫਰੋਲੀਏ ਤਾਂ ਪਤਾ ਲਗਦਾ ਹੈ ਕਿ ਸਾਡੇ ਪਿੰਡ ਵਿੱਚ 70-80 ਸਾਲ ਪਹਿਲਾਂ ਵੀ ਕੁਝ ਲੋਕਾਂ ਦੀ ਵਿਦਿਆ-ਪ੍ਰਾਪਤੀ ਤੱਕ ਪਹੁੰਚ ਸੰਭਵ ਸੀ। ਭਾਈ ਮੋਹਣ ਸਿੰਘ ਵੈਦ ਦੀ ਜੀਵਨੀ ਪੜ੍ਹਦਿਆਂ ਮੈਨੂੰ ਇਹ ਜਾਣ ਕੇ ਹੈਰਾਨੀ ਭਰੀ ਖ਼ੁਸ਼ੀ ਹੋਈ ਕਿ ਮੇਰੇ ਪਿੰਡ ਦਾ ਇਕ ਮਸ਼ਹੂਰ ਵੈਦਰਾਜ ਵੀ ਹੋਇਆ ਹੈ ਜਿਸ ਦਾ ਨਾਂ ਸੰਤ ਈਸ਼ਰ ਸਿੰਘ ਸੀ ਤੇ ਜਿਸ ਨੂੰ ਭਾਈ ਮੋਹਣ ਸਿੰਘ ਵੈਦ ਹੋਰਾਂ ਨੇ ਉਸਤਾਦ ਧਾਰਨ ਕਰਕੇ ਉਹਨਾਂ ਤੋਂ ਹਿਕਮਤ ਸਿੱਖੀ ਸੀ। ਸ੍ਰ. ਮੁਨਸ਼ਾ ਸਿੰਘ ਦੁਖੀ ਆਪਣੀ ਕਿਤਾਬ 'ਜੀਵਨ ਭਾਈ ਮੋਹਣ ਸਿੰਘ ਜੀ ਵੈਦ' ਦੇ ਪੰਨਾ 26 ਤੇ ਲਿਖਦਾ ਹੈ, "ਪਹਿਲਾਂ ਤਾਂ ਆਪ (ਭਾਈ ਮੋਹਣ ਸਿੰਘ ਵੈਦ) ਆਪਣੇ ਪਿਤਾ ਵੈਦਰਾਜ ਜੀ ਪਾਸੋਂ ਹੀ ਵੈਦਿਕ ਗ੍ਰੰਥ ਪੜ੍ਹਦੇ ਰਹੇ ਤੇ ਨਾਲ 2 ਅਭਿਆਸ ਭੀ ਕਰੀ ਗਏ, ਫੇਰ ਵੈਦਰਾਜ ਸੰਤ ਈਸ਼ਰ ਸਿੰਘ ਜੀ ਪਿੰਡ ਮਾਨੋਚਾਹਲ ਨਿਵਾਸੀ ਤੋਂ ਉੱਚ ਵਿਦਿਆ ਪ੍ਰਾਪਤ ਕੀਤੀ।" ਇਸ ਪੁਸਤਕ ਵਿੱਚੋਂ ਸੰਤ ਈਸ਼ਰ ਸਿੰਘ ਵੈਦਰਾਜ ਬਾਰੇ ਹੋਰ ਵਧੇਰੇ ਜਾਣਕਾਰੀ ਨਹੀਂ ਮਿਲਦੀ ਪਰ ਇਹ ਗੱਲ ਤਾਂ ਸਪਸ਼ਟ ਹੈ ਕਿ ਉਹ ਵੈਦ-ਗਿਰੀ ਤੇ ਹਕੀਮੀ ਦੇ ਖੇਤਰ ਵਿੱਚ ਲਾਜ਼ਮੀ ਤੌਰ ਤੇ ਮਹਾਂ-ਵਿਦਵਾਨ ਹੋਵੇਗਾ ਤਾਂ ਹੀ ਉਹਨੂੰ ਭਾਈ ਮੋਹਣ ਸਿੰਘ ਨੇ ਉਸਤਾਦ ਧਾਰਿਆ ਹੋਵੇਗਾ। ਵੈਦਰਾਜ ਜੀ ਦਾ ਸਮਾਂ ਬਹੁਤ ਪੁਰਾਣਾ ਹੋਣ ਕਰਕੇ ਪਿੰਡ ਵਿੱਚੋਂ ਇਸ ਦੀ ਤਸਦੀਕ ਨਹੀਂ ਹੋ ਸਕੀ। ਪਿੰਡ ਵਿੱਚੋਂ ਦੋ ਹੋਰ ਪੁਰਾਣੇ ਹਕੀਮਾਂ ਬਾਰੇ ਜਾਣਕਾਰੀ ਮਿਲਦੀ ਹੈ - ਸ੍ਰ, ਇੰਦਰ ਸਿੰਘ ਤੇ ਪ੍ਰਿਥੀ ਚੰਦ। ਇਹ ਦੋਵੇਂ ਦੇਸੀ (ਆਯੁਰਵੈਦਿਕ) ਦਵਾਈਆਂ ਨਾਲ ਰੋਗੀਆਂ ਦਾ ਇਲਾਜ ਕਰਦੇ ਸਨ। ਮਾੜੀ-ਮੋਟੀ ਅਹੁਰ ਦੀ ਦਵਾਈ ਪਿੰਡ ਦੇ ਲੋਕ ਉਹਨਾਂ ਤੋਂ ਹੀ ਲੈ ਲੈਂਦੇ ਸਨ।

### 2. ਪੁਰਾਣੇ ਮਾਸਟਰ

ਮਾਸਟਰ ਠਾਕਰ ਸਿੰਘ ਜੀ ਪਿੰਡ ਦੇ ਪਹਿਲੇ ਉਰਦੂ ਪੜ੍ਹੇ ਮਾਸਟਰ ਸਨ ਜਿਹਨਾਂ ਨੇ ਲੰਬਾ ਸਮਾਂ ਪਿੰਡ ਦੇ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਇਆ। ਉਹਨਾਂ ਨਾਲ ਮਾਸਟਰ ਤਾਰਾ ਸਿੰਘ ਵੀ ਮੌਜੂਦ ਸਨ। ਇਹਨਾਂ ਦੋਹਾਂ ਅਧਿਆਪਕਾਂ ਤੋਂ ਪਿੰਡ ਦੀਆਂ ਦੋ ਪੀੜ੍ਹੀਆਂ ਨੇ



Scanned with OKEN Scanner

ਸਿੱਖਿਆ ਹਾਸਲ ਕੀਤੀ ਹੈ। ਸਾਡੇ ਪਿੰਡ ਦੇ ਇਕ ਹੋਰ ਮਾਸਟਰ ਗੁਰਮੇਜ ਸਿੰਘ (ਮਾਸਟਰ ਤਾਰਾ ਸਿੰਘ ਦੇ ਵੱਡੇ ਭਰਾ) ਤਰਨਤਾਰਨ ਸ਼ਹਿਰ ਜਾ ਵੱਸੇ ਸਨ ਤੇ ਉਹ ਉੱਥੇ ਹੀ ਫ਼ੌਤ ਹੋਏ। ਉਹਨਾਂ ਦੇ ਬੱਚੇ ਸ੍ਰ. ਗੁਰਬਚਨ ਸਿੰਘ ਸੇਵਾ-ਮੁਕਤ ਸੈਂਟਰ-ਹੈਡ ਟੀਚਰ ਤੇ ਬਲਵਿੰਦਰ ਸਿੰਘ ਲੈਕਚਰਾਰ ਮੈਥ ਦੀ ਪੋਸਟ ਤੋਂ ਰਿਟਾਇਰ ਹੋਏ ਸਨ। ਇਹ ਦੋਵੇਂ ਹੁਣ ਇਸ ਦੁਨੀਆਂ ਵਿੱਚ ਨਹੀਂ ਹਨ। ਇਹਨਾਂ ਦਾ ਇੱਕ ਛੋਟਾ ਭਰਾ ਦਲਜੀਤ ਸਿੰਘ ਪੰਜਾਬ ਰਾਜ ਬਿਜਲੀ ਬੋਰਡ ਚੋਂ ਚੰਗੇ ਆਹੁਦੇ ਤੋਂ ਰਿਟਾਇਰ ਹੋਇਆ ਹੈ।

ਸ੍ਰ. ਕਰਮ ਸਿੰਘ ਅਜ਼ਾਦ ਹਿੰਦ ਫੌਜ ਦੇ ਵੱਡੇ ਭਰਾ ਸ੍ਰ. ਬਖਸ਼ੀਸ਼ ਸਿੰਘ ਵੀ ਲੰਮਾ ਸਮਾਂ ਗਿਆਨੀ ਟੀਚਰ ਵਜੋਂ ਨੌਂਕਰੀ ਕਰਕੇ ਸਰਕਾਰੀ ਸਕੂਲ ਤੋਂ ਰਿਟਾਇਰ ਹੋਏ। ਉਹਨਾਂ ਦੀ ਸਾਰੀ ਨੌਂਕਰੀ ਪਿੰਡ ਤੋਂ ਕੋਹਾਂ ਦੂਰ ਰਹੀ ਹੋਣ ਕਾਰਨ ਉਹ ਪਿੰਡ ਵਿੱਚ ਨਹੀਂ ਰਹੇ ਤੇ ਰਿਟਾਇਰ ਹੋਣ ਪਿੱਛੋਂ ਵੀ ਤਰਨਤਾਰਨ ਸ਼ਹਿਰ ਦੇ ਵਾਸੀ ਬਣ ਗਏ। ਉਹਨਾਂ ਦੇ ਪੰਜ ਪੁੱਤਰਾਂ ਵਿੱਚੋਂ ਵੱਡਾ ਰਣਜੀਤ ਸਿੰਘ ਚਾਹਲ ਬਤੌਰ ਹੈਡ ਮਾਸਟਰ ਬਾਠਾਂ ਤੋਂ ਰਿਟਾਇਰ ਹੋਇਆ ਸੀ। ਦੂਸਰਾ ਹਰਨੇਕ ਸਿੰਘ ਸੁਪਰਿੰਟੈਂਡੈਂਟ ਵਜੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਰਿਟਾਇਰ ਹੋਇਆ। ਅੱਜ ਕੱਲ੍ਹ ਉਹ ਆਪਣੇ ਬੱਚਿਆਂ ਕੋਲ ਆਸਟ੍ਰੇਲੀਆ ਰਹਿੰਦਾ ਹੈ। ਤੀਜਾ ਜਗਦੀਪ ਸਿੰਘ ਬਤੌਰ ਠਾਣੇਦਾਰ ਪੰਜਾਬ ਪੁਲਿਸ ਚੋਂ ਰਿਟਾਇਰ ਹੋਇਆ। ਬਾਅਦ ਵਿੱਚ ਦਿਲ ਦਾ ਦੌਰਾ ਪੈਣ ਨਾਲ ਉਸ ਦੀ ਮੌਤ ਹੋ ਗਈ। ਉਸ ਦਾ ਬੇਟਾ ਸੁਖਦੇਵ ਸਿੰਘ ਤਰਨਤਾਰਨ ਸ਼ਹਿਰ ਵਿੱਚ ਰਹਿੰਦਾ ਹੈ। ਚੌਥਾ ਭਰਾ ਹਰਬੰਸ ਸਿੰਘ ਨਕੋਦਰ ਖੰਡ ਮਿੱਲ ਤੋਂ ਰਿਟਾਇਰ ਹੋ ਕੇ ਝਬਾਲ (ਠੱਠਾ ਮੋੜ) ਕਲੋਨੀ 'ਚ ਰਹਿੰਦਾ ਹੈ। ਪੰਜਵੇਂ ਭਰਾ ਸ੍ਰ. ਸੁਰਿੰਦਰ ਸਿੰਘ ਨੇ ਲੱਗ-ਭੱਗ ਪੈਂਤੀ ਸਾਲ ਬੰਗਾਲ ਦੀ ਧਰਤੀ ਤੇ ਟਰੱਕ-ਡਰਾਇਵਰੀ ਕੀਤੀ। ਆਪਣਾ ਟਰੱਕ ਵੀ ਪਾਇਆ ਪਰ ਜਾਨ-ਲੇਵਾ ਹਾਦਸਾ ਹੋ ਜਾਣ ਉਪ੍ਰੰਤ ਟਰੱਕ ਵੇਚਣਾ ਪਿਆ। 2006 ਵਿੱਚ ਵਾਪਸ ਪੰਜਾਬ ਆ ਕੇ ਉਹਨਾਂ ਰਿਹਾਇਸ਼ ਲਈ ਤਰਨਤਾਰਨ ਮਕਾਨ ਖ਼ਰੀਦਿਆ। ਇਸ ਸਮੇਂ ਉਹ ਮੇਰੇ ਘਰ ਕੋਲ ਪਾਰਕ ਐਵੇਨਿਊ ਤਰਨਤਾਰਨ ਵਿਖੇ ਰਹਿੰਦੇ ਹਨ। ਉਹਨਾਂ ਦਾ ਇਕ ਬੇਟਾ ਰੋਜ਼ੀ ਰੋਟੀ ਲਈ ਵਿਦੇਸ਼ ਗਿਆ ਹੋਇਆ ਹੈ ਤੇ ਦੂਜਾ ਕੰਪਿਊਟਰ ਮਾਹਰ ਵਕਾਲਤ ਕਰ ਰਿਹਾ ਹੈ।

ਅਜ਼ਾਦੀ-ਘੁਲਾਟੀਏ ਸ੍ਰ. ਕਰਮ ਸਿੰਘ ਦੇ ਸੱਤ ਲੜਕੇ ਸਨ। ਵੱਡਾ ਕਾਬਲ ਸਿੰਘ ਪੜ੍ਹਾਈ ਕਰਕੇ ਕਈ ਸਾਲ ਕੰਬਾਈਨ ਦੀ ਡਰਾਈਵਰੀ ਕਰਕੇ ਪਰਿਵਾਰ ਪਾਲ਼ਦਾ ਰਿਹਾ ਹੈ। ਹੁਣ ਉਹਦਾ ਇੱਕ ਲੜਕਾ ਵਿਦੇਸ਼ਾਂ ਵਿੱਚ ਤੇ ਦੂਜਾ ਭਾਰਤੀ ਫੌਜ ਦਾ ਸਿਪਾਹੀ ਹੈ। ਉਸ ਤੋਂ ਛੋਟਾ ਕਾਰਜ ਸਿੰਘ ਬਤੌਰ ਮੁੱਖ ਅਧਿਆਪਕ ਰਿਟਾਇਰ ਹੋਇਆ ਸੀ, ਕੁਝ ਸਾਲ ਪਹਿਲਾਂ ਉਹ ਸਵਰਗਵਾਸ ਹੋ ਗਿਆ ਸੀ। ਉਹਦਾ ਲੜਕਾ ਗੋਲਡੀ ਕਿਸੇ ਕਾਰਨ ਐਡਵੋਕੇਟ ਦੀ ਪੜ੍ਹਾਈ ਪੂਰੀ ਕਰਨ ਦੇ ਬਾਵਜੂਦ ਜ਼ਿੰਦਗੀ ਵਿੱਚ ਵਧੀਆ ਮੁਕਾਮ ਤੇ ਨਹੀਂ ਪਹੁੰਚ ਸਕਿਆ ਪਰ ਲੜਕੀ ਹਰਪ੍ਰੀਤ ਕੌਰ ਸਿੱਖਿਆ ਵਿਭਾਗ ਵਿੱਚ ਬਤੌਰ



Scanned with OKEN Scanner

ਅਧਿਆਪਕਾ ਸੇਵਾ ਕਰਕੇ ਮਾਤਾ-ਪਿਤਾ ਦਾ ਨਾਂ ਰੌਸ਼ਨ ਕਰ ਰਹੀ ਹੈ। ਤੀਜਾ ਕੇਵਲ ਸਿੰਘ ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਹੁੰਦਾ ਸੀ ਪਰ ਉਹ ਵੀ ਹੁਣ ਮੌਜੂਦ ਨਹੀਂ ਹੈ। ਕੁਲਦੀਪ ਸਿੰਘ ਬਿਜਲੀ ਬੋਰਡ ਚੋਂ ਰਿਟਾਇਰ ਹੋਇਆ ਹੈ ਤੇ ਹੁਣ ਆਮ ਆਦਮੀ ਪਾਰਟੀ ਦਾ ਸਰਗਰਮ ਵਰਕਰ ਹੈ। ਸ੍ਰ. ਕੁਲਦੀਪ ਸਿੰਘ ਦਾ ਲੜਕਾ ਗੁਰਸ਼ਰਨਜੀਤ ਸਿੰਘ ਵੀ ਆਮ ਆਦਮੀ ਪਾਰਟੀ ਦਾ ਆਗੂ ਹੈ ਅਤੇ ਇਸ ਸਮੇਂ ਹਲਕਾ ਵਿਧਾਇਕ ਸ੍ਰ. ਮਨਜਿੰਦਰ ਸਿੰਘ ਲਾਲਪੁਰਾ ਦਾ ਪੀ. ਏ. ਹੈ।

### 3. ਪਿੰਡ ਦਾ ਪਹਿਲਾ ਪੰਜਾਬੀ ਸਾਹਿਤਕਾਰ ਅਵਤਾਰ ਸਿੰਘ ਅਨਭੋਲ :-

ਪੰਜਾਬੀ ਸਾਹਿਤਕਾਰ ਅਵਤਾਰ ਸਿੰਘ 'ਅਨਭੋਲ' ਦਾ ਜਨਮ ਕਾਮਰੇਡ ਸੁਰੈਣ ਸਿੰਘ ਤੇ ਮਾਤਾ ਸ੍ਰੀਮਤੀ ਤੇਜ਼ ਕੌਰ ਦੇ ਘਰ 10.10.1940 ਨੂੰ ਹੋਇਆ। 'ਪੰਜਾਬ ਦੇ ਪਿੰਡ, ਸ਼ਹਿਰ ਤੇ ਕਸਬੇ' ਨਾਂ ਦੀ ਕਿਤਾਬ ਵਿੱਚ ਉਸ ਦਾ ਜ਼ਿਕਰ ਆਉਂਦਾ ਹੈ ਤੇ ਉਹਦੀ ਜਨਮ ਤਰੀਕ ਇਹੀ ਲਿਖੀ ਹੋਈ ਹੈ। ਉਹਨੇ ਸਕੂਲ ਦੀ ਪੜ੍ਹਾਈ ਖ਼ਤਮ ਕਰਕੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਮ.ਏ. ਪੰਜਾਬੀ ਪਾਸ ਕੀਤੀ ਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਤਰਨਤਾਰਨ ਵਿੱਚ ਸੁਪਰਿੰਟੈਂਡੈਂਟ ਦੇ ਤੌਰ ਤੇ ਨੌਂਕਰੀ ਕੀਤੀ। ਉਹ ਮੇਰੇ ਪਿੰਡ ਦਾ ਪਹਿਲਾ ਪੰਜਾਬੀ ਸਾਹਿਤਕਾਰ ਤੇ ਪੰਜਾਬੀ ਬੋਲੀ ਦਾ ਪ੍ਰਸਿੱਧ ਕਹਾਣੀਕਾਰ, ਨਾਟਕਕਾਰ ਤੇ ਆਲੋਚਕ ਸੀ। ਉਹਨੇ ਇਕ ਮਾਸਕ ਪੱਤਰ (ਮੈਗਜ਼ੀਨ) 'ਕਵਿਤਾ' ਦੇ ਸੰਪਾਦਨ ਲਈ ਵੀ ਕੰਮ ਕੀਤਾ। ਉਹਨੂੰ ਪੰਜਾਬ ਸਰਕਾਰ ਵੱਲੋਂ ਸਾਹਿਤਕ ਖੇਤਰ ਵਿੱਚ ਐਵਾਰਡ ਵੀ ਮਿਲਿਆ ਹੋਇਆ ਸੀ। ਬਾਅਦ ਵਿੱਚ ਉਹਨੇ ਆਪਣੀ ਰਿਹਾਇਸ਼ ਬਦਲ ਕੇ ਤਰਨਤਾਰਨ ਸ਼ਹਿਰ ਵਿੱਚ ਕਰ ਲਈ ਸੀ। ਉਹਨੇ ਹੇਠ ਲਿਖੀਆਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲ਼ੀ ਪਾਈਆਂ :-

1. ਨੰਦਾ ਨਾਟ ਅਧਿਐਨ (ਆਲੋਚਨਾ)
2. ਸਾਹਿਤ ਧਾਰਾ (ਸੰਪਾਦਨਾ)
3. ਨਵੀਆਂ ਲਗਰਾਂ ਨਵੀਆਂ ਮਹਿਕਾਂ (ਨਾਟਕ)
4. ਮਿੱਟੀ ਤੇ ਮੁੜ੍ਹਕਾ (ਨਾਟਕ)
5. ਮੋੜਵੀਂ ਮਕਾਣ (ਕਹਾਣੀਆਂ)
6. ਜੰਗਲ਼ੀ ਗੁਲਾਬ (ਨਾਵਲਿਟ)
7. ਕੁੱਖ ਵਿਚਲਾ ਸੂਰਜ (ਕਹਾਣੀਆਂ)

1969 ਵਿੱਚ ਸਤਵੇਂ ਸਰਵ-ਭਾਰਤੀ ਸਾਹਿਤ ਮੁਕਾਬਲੇ ਵਿੱਚ ਭਾਰਤ ਸਰਕਾਰ ਵਿਕਾਸ, ਖੇਤੀਬਾੜੀ ਤੇ ਸਹਿਕਾਰੀ ਮੰਤ੍ਰਾਲੇ ਵੱਲੋਂ ਉਹਨਾਂ ਦੀ ਪੁਸਤਕ 'ਨਵੀਆਂ ਲਗਰਾਂ ਨਵੀਆਂ ਮਹਿਕਾਂ' ਤੇ ਪ੍ਰਥਮ ਪੁਰਸਕਾਰ ਦਿੱਤਾ ਗਿਆ ਸੀ।

### 4. ਬੀਬੀ ਰਿਪਦੁਮਨ ਕੌਰ ਨਰਸ :-

ਅਨਭੋਲ ਜੀ ਦੇ ਗਵਾਂਢ ਪਿੰਡ ਦੇ ਵਿਚਕਾਰ ਬੀਬੀ ਰਿਪਦੁਮਨ ਕੌਰ ਦਾ ਘਰ ਹੁੰਦਾ ਸੀ। ਉਹ ਇੱਕ ਟਰੇਂਡ ਨਰਸ ਸੀ ਜੋ ਸਾਰੇ ਪਿੰਡ ਵਿੱਚ ਗਰਭਵਤੀ ਔਰਤਾਂ ਦੀ ਦੇਖ-ਭਾਲ


Scanned with OKEN Scanner

ਤੇ ਬੱਚਿਆਂ ਦੇ ਜਨਮ ਸਮੇਂ ਦਾਈ ਵਜੋਂ ਸੇਵਾਵਾਂ ਪ੍ਰਦਾਨ ਕਰਦੀ ਸੀ। ਮੇਰੇ ਹਾਣ ਦੇ ਸਾਰੇ ਪਿੰਡ ਦੇ ਬੱਚੇ ਉਹਨੂੰ ਭੂਆ ਕਹਿ ਕੇ ਬੁਲਾਉਂਦੇ ਸੀ। ਮੇਰਾ ਖਿਆਲ ਹੈ ਕਿ ਉਹਨੇ 50 ਸਾਲ ਤੋਂ ਵੱਧ ਤੇ ਆਖ਼ਰੀ ਦਮ ਤੱਕ ਸਾਡੇ ਪਿੰਡ ਦੀ ਸੇਵਾ ਕੀਤੀ। ਮੇਰੇ ਸਾਰੇ ਹਮ-ਉਮਰ ਤੇ ਅਗਾਂਹ ਸਾਡੇ ਬੱਚੇ ਭੂਆ ਦੇ ਹੱਥਾਂ ਵਿੱਚ ਹੀ ਜਨਮੇ ਹਨ। ਪਿੰਡ ਲਈ ਭੂਆ ਰਿਪਦੁਮਨ ਕੌਰ ਦਾ ਯੋਗਦਾਨ ਕਦੇ ਭੁਲਾਇਆ ਨਹੀਂ ਜਾ ਸਕਦਾ।

### 5. ਹੈਡ ਮਾਸਟਰ ਹੀਰਾ ਸਿੰਘ ਸੂਦ ਤੇ ਹੋਰ ਪਰਿਵਾਰ :-

ਭੂਆ ਨਰਸ ਦੇ ਘਰ ਨਾਲ ਲਗਵਾਂ ਘਰ ਭੀੜੀ ਗਲ਼ੀ ਵਿੱਚ ਸੂਦਾਂ ਦਾ ਹੁੰਦਾ ਸੀ ਜੋ ਪੱਕੀਆਂ ਇੱਟਾਂ ਦਾ ਬਣਿਆ ਹੋਇਆ ਸੀ। ਪਿੰਡ ਵਿੱਚ ਸਭ ਤੋਂ ਪਹਿਲਾ ਤੇ ਵੱਧ ਪੜ੍ਹਿਆ-ਲਿਖਿਆ ਪਰਿਵਾਰ ਸੂਦਾਂ ਦਾ ਸੀ। ਸ੍ਰ ਹੀਰਾ ਸਿੰਘ ਸੂਦ ਐਮ.ਏ. ਅੰਗਰੇਜ਼ੀ ਤੇ ਬੀ.ਟੀ. ਪਾਸ ਸਨ ਤੇ ਉਹ ਪੰਜਾਬ ਸਿੱਖਿਆ ਵਿਭਾਗ ਵਿੱਚ ਲੰਮਾ ਸਮਾਂ ਸੇਵਾ ਕਰਕੇ 1972 ਵਿੱਚ ਬਤੌਰ ਹੈਡ ਮਾਸਟਰ ਸਰਕਾਰੀ ਹਾਈ ਸਕੂਲ ਕੱਚਾ ਪੱਕਾ ਤੋਂ ਰਿਟਾਇਰ ਹੋਏ। ਉਹਨਾਂ ਦਾ ਸਕਾ ਭਰਾ ਚਮਨ ਲਾਲ ਸੂਦ ਉਰਦੂ ਪੜ੍ਹਿਆ ਹੋਇਆ ਸੀ ਤੇ ਬਤੌਰ ਵਸੀਕਾ-ਨਵੀਸ ਤੇ ਅਸ਼ਟਾਮ-ਫ਼ਰੋਸ਼ ਤਹਿਸੀਲ ਤਰਨਤਾਰਨ ਵਿੱਚ ਕੰਮ ਕਰਦਾ ਸੀ। ਸ੍ਰ. ਰਾਮ ਸਿੰਘ ਸੂਦ ਤੇ ਪਿਆਰਾ ਸਿੰਘ ਸੂਦ ਵੀ ਉਹਨਾਂ ਦੇ ਪਰਿਵਾਰ ਵਿੱਚੋਂ ਸਨ। ਉਹ 70-75 ਸਾਲ ਪਹਿਲਾਂ ਪਿੰਡ ਛੱਡ ਕੇ ਸ਼ਹਿਰ ਤਰਨਤਾਰਨ ਜਾ ਵੱਸੇ ਸਨ। ਸ੍ਰ. ਹੀਰਾ ਸਿੰਘ ਸੂਦ ਦਾ ਬੇਟਾ ਪਰਮਿੰਦਰਾ ਸਿੰਘ ਸੂਦ ਸਾਡੇ ਪਿੰਡ ਦੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਕਈ ਸਾਲ ਨੌਂਕਰੀ ਕਰਕੇ ਬਤੌਰ ਮੈਥ-ਮਾਸਟਰ ਰਿਟਾਇਰ ਹੋਇਆ ਹੈ। ਦੂਸਰੇ ਪਰਿਵਾਰ ਚੋਂ ਵੀ ਇਕ ਭਰਾ ਬੈਂਕ ਕਰਮਚਾਰੀ ਸੀ ਤੇ ਇੱਕ ਨੇ ਸ਼ਹਿਰ ਵਿੱਚ ਆਪਣਾ ਬਿਜ਼ਨਸ ਸ਼ੁਰੂ ਕਰ ਲਿਆ ਸੀ।

### 6. ਪ੍ਰੋ: ਤਰਵਿੰਦਰ ਸਿੰਘ ਚਾਹਲ :-

ਸਾਡੇ ਪਿੰਡ ਦੇ ਰੌਸ਼ਨ-ਚਿਰਾਗ ਪ੍ਰੋ. ਤਰਵਿੰਦਰ ਸਿੰਘ ਚਾਹਲ ਸਪੁੱਤਰ ਸ੍ਰ ਤੇਜਾ ਸਿੰਘ (ਪ੍ਰਧਾਨ) ਨੇ ਉੱਚ ਵਿਦਿਆ ਗ੍ਰਹਿਣ ਕੀਤੀ ਅਤੇ ਐਮ.ਐਸ.ਸੀ. ਐਗਰੀਕਲਚਰ ਪਾਸ ਕਰਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਕਈ ਸਾਲ ਬੱਚਿਆਂ ਨੂੰ ਵਿਦਿਆ ਦਾ ਚਾਨਣ ਵੰਡਿਆ। ਉਹ ਮੇਰੇ ਪਿੰਡ ਦੀ ਮਿੱਟੀ ਚੋਂ ਉਗਮਿਆਂ ਸੂਹਾ ਗੁਲਾਬ ਹੈ ਜਿਸ ਨੇ ਆਪਣੀ ਵਿਦਵਤਾ-ਰੂਪੀ ਮਹਿਕ ਸੈਂਕੜੇ ਵਿਦਿਆਰਥੀਆਂ ਵਿੱਚ ਵੰਡੀ। ਉਸ ਦੇ ਪਿਤਾ ਜੀ ਸ੍ਰ. ਤੇਜਾ ਸਿੰਘ ਕਾਂਗਰਸ ਦੇ ਧੜੱਲੇਦਾਰ ਆਗੂ ਸਨ ਤੇ ਉਹਨਾਂ ਨੂੰ 'ਪ੍ਰਧਾਨ' ਕਹਿ ਕੇ ਬੁਲਾਇਆ ਜਾਂਦਾ ਸੀ। ਉਹ ਪਿੰਡ ਦੇ ਸਰਪੰਚ ਵੀ ਰਹੇ ਹਨ। ਪ੍ਰੋ: ਤਰਵਿੰਦਰ ਸਿੰਘ ਚਾਹਲ ਦਾ ਜਨਮ ਪਿੰਡ ਮਾਣੋਚਾਹਲ ਵਿਖੇ 20.03.1943 ਨੂੰ ਪਿਤਾ ਸ੍ਰ. ਤੇਜਾ ਸਿੰਘ ਤੇ ਮਾਤਾ ਹਰਭਜਨ ਕੌਰ ਦੇ ਘਰ ਮੱਧ-ਵਰਗੀ ਕਿਸਾਨੀ ਪਰਿਵਾਰ ਵਿੱਚ ਹੋਇਆ। ਉਹਨਾਂ ਨੇ



Scanned with OKEN Scanner

1957 ਵਿੱਚ ਗੁਰੂ ਗੋਬਿੰਦ ਸਿੰਘ ਮਾਝਾ ਹਾਈ ਸਕੂਲ ਕੈਰੋਂ ਤੋਂ ਦਸਵੀਂ ਪਾਸ ਕਰਕੇ 1961 ਵਿੱਚ ਐਗਰੀਕਲਚਰ ਕਾਲਜ ਲੁਧਿਆਣਾ ਤੋਂ ਬੀ.ਐਸ.ਸੀ. ਅਤੇ 1966 ਵਿੱਚ ਐਮ.ਐਸ.ਸੀ. ਐਗਰੀਕਲਚਰ ਕੀਤੀ।

ਉਹਨਾਂ ਨੇ ਸਰਕਾਰੀ ਨੌਂਕਰੀ ਦਾ ਆਗਾਜ਼ ਖੇਤੀਬਾੜੀ ਇੰਸਪੈਕਟਰ ਵਜੋਂ ਗੰਨਾ ਖੋਜ ਕੇਂਦਰ ਜਲੰਧਰ ਤੋਂ ਕੀਤਾ। ਇਸ ਦੌਰਾਨ ਉਹਨਾਂ ਨੇ ਮਲੇਸ਼ੀਆ ਸਰਕਾਰ ਦੀ ਮੰਗ ਤੇ ਉੱਥੇ ਖੇਤੀਬਾੜੀ ਖੇਤਰ ਵਿੱਚ 3 ਸਾਲ ਸੇਵਾ ਕੀਤੀ। ਉਪ੍ਰੰਤ ਉੱਤਰੀ ਭਾਰਤ ਦੀ ਨਾਮਵਰ ਸਿੱਖਿਆ ਸੰਸਥਾ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਖੇਤੀਬਾੜੀ ਲੈਕਚਰਾਰ (ਪ੍ਰੋਫੈਸਰ) ਵਜੋਂ ਸੇਵਾ ਸੰਭਾਲੀ। ਇਸ ਕਾਲਜ ਵਿੱਚ ਉਹ ਵਿਭਾਗ ਦੇ ਮੁਖੀ (ਹੈੱਡ ਆਫ ਡਿਪਾਰਟਮੈਂਟ) ਤੇ ਡੀਨ ਵਜੋਂ ਸੇਵਾ ਨਿਭਾ ਕੇ 2001 ਵਿੱਚ ਸੇਵਾ-ਮੁਕਤ ਹੋ ਗਏ। ਅਧਿਆਪਨ ਦੇ ਕਾਰਜ ਦੌਰਾਨ ਉਹਨਾਂ ਨੇ ਕੁਝ ਖੋਜ-ਕਾਰਜ ਅਤੇ ਸਾਹਿਤਕ ਕੰਮ ਵੀ ਕੀਤਾ। ਉਹਨਾਂ ਨੇ ਆਪਣੇ ਵਿਸ਼ੇ ਨਾਲ ਸਬੰਧਿਤ 60-62 ਖੋਜ ਪੱਤਰ ਲਿਖੇ ਅਤੇ ਵੱਖ ਵੱਖ ਮੰਚਾਂ ਤੇ ਪੇਸ਼ ਕੀਤੇ। ਇਸ ਤੋਂ ਛੁੱਟ ਖੇਤੀਬਾੜੀ ਨਾਲ ਸਬੰਧਿਤ ਦੋ ਪੁਸਤਕਾਂ ਵੀ ਲਿਖੀਆਂ ਜਿਹਨਾਂ ਚੋਂ ਇਕ ਪੰਜਾਬ ਵਿੱਚ ਕਿਸਾਨਾਂ ਦੀਆਂ ਖ਼ੁਦਕਸ਼ੀਆਂ ਬਾਰੇ ਹੈ।

ਉਹਨਾਂ ਦੀ ਸ਼ਾਦੀ 1970 ਵਿੱਚ ਬੀਬੀ ਸੁਖਰਾਜ ਕੌਰ ਨਾਲ ਹੋਈ। ਉਹਨਾਂ ਦੇ ਤਿੰਨ ਬੇਟਿਆਂ ਚੋਂ ਵੱਡਾ ਹਰਪ੍ਰੀਤ ਸਿੰਘ ਚਾਹਲ ਇਸ ਸਮੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰੀਜਨਲ ਸੈਂਟਰ ਗੁਰਦਾਸਪੁਰ ਵਿਖੇ ਸੇਵਾ ਨਿਭਾ ਰਿਹਾ ਹੈ ਤੇ ਉਸ ਦੀ ਪਤਨੀ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਜਲੰਧਰ ਵਿੱਚ ਪ੍ਰੋਫੈਸਰ ਅਤੇ ਵਿਭਾਗ ਦੀ ਮੁਖੀ ਹੈ। ਦੂਸਰਾ ਬੇਟਾ ਸੁਖਦੀਪ ਸਿੰਘ ਚਾਹਲ ਅਮਰੀਕਾ ਦਾ ਪੱਕਾ ਵਸਨੀਕ ਹੈ ਤੇ ਤੀਜਾ ਤਨਜੀਤ ਸਿੰਘ ਚਾਹਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਜਲੰਧਰ ਵਿਚਲੇ ਰਿਸਰਚ ਸੈਂਟਰ ਦਾ ਇਨਚਾਰਜ ਹੈ। ਪ੍ਰੋ. ਤਰਵਿੰਦਰ ਸਿੰਘ ਚਾਹਲ ਪਰਿਵਾਰ ਸਮੇਤ ਲੰਮੇ ਸਮੇਂ ਤੋਂ ਅੰਮ੍ਰਿਤਸਰ ਰਹਿੰਦੇ ਹਨ ਤੇ ਪਿੰਡ ਘੱਟ-ਵੱਧ ਹੀ ਆਉਂਦੇ ਹਨ, ਇਸ ਕਾਰਨ ਮੈਂ ਉਹਨੂੰ ਕਦੇ ਮਿਲ ਨਹੀਂ ਸਕਿਆ। ਫਿਰ ਵੀ ਉਹਨਾਂ ਬਾਰੇ ਪ੍ਰਾਪਤ ਜਾਣਕਾਰੀ ਨੂੰ ਇਸ ਪੁਸਤਕ ਦਾ ਭਾਗ ਬਣਾ ਕੇ ਮੈਨੂੰ ਡਾਢੀ ਖ਼ੁਸ਼ੀ ਹੋਈ ਹੈ। ਉਹਨਾਂ ਦਾ ਵੱਡਾ ਭਰਾ ਪ੍ਰਮਿੰਦਰ ਸਿੰਘ ਚਾਹਲ ਭਾਰਤੀ ਫੌਜ ਦਾ ਰਿਟਾਰਿਡ ਕਰਨਲ ਹੈ ਤੇ ਅਗਾਂਹ ਉਹਦਾ ਪੁੱਤਰ ਕੰਵਲਪ੍ਰੀਤ ਸਿੰਘ ਚਾਹਲ ਵੀ ਹੁਣ ਭਾਰਤੀ ਫੌਜ ਵਿੱਚ ਕਰਨਲ ਹੈ।

### 7. ਬਾਊ ਹਰਨਾਮ ਦਾਸ ਰੇਡੀਓ ਗਰਾਫ਼ਰ :-

ਪਿੰਡ ਦੇ ਬਾਹਮਣਾਂ ਦੇ ਪਰਿਵਾਰ 'ਚੋਂ ਸ੍ਰੀ ਹਰਨਾਮ ਦਾਸ ਨਾਂ ਦਾ ਸਾਊ ਬੰਦਾ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਅੰਮ੍ਰਿਤਸਰ ਵਿਖੇ ਰੇਡੀਓਗਰਾਫ਼ਰ ਵਜੋਂ ਕੰਮ ਕਰਦਾ ਹੁੰਦਾ ਸੀ। ਜਦੋਂ ਵੀ ਪਿੰਡ ਦੇ ਕਿਸੇ ਬੰਦੇ ਨੂੰ ਐਕਸਰਾ ਕਰਾਉਣ ਦੀ ਲੋੜ ਪੈਂਦੀ ਤਾਂ ਉਹ ਅੱਗੇ



Scanned with OKEN Scanner

ਹੋ ਕੇ ਮਦਦ ਕਰਦਾ ਸੀ। ਸ੍ਰ. ਚੰਨਣ ਸਿੰਘ ਹੌਲ਼ਦਾਰ ਜੋ ਨੰਬਰਦਾਰ ਵੀ ਸੀ, ਦੇ ਲੜਕੇ ਹਰਿੰਦਰਪਾਲ ਸਿੰਘ ਨੇ ਪੰਜਾਬ ਜੰਗਲਾਤ ਵਿਭਾਗ ਵਿੱਚ ਜੰਗਲਾਤ ਅਫਸਰ ਵਜੋਂ ਨੌਂਕਰੀ ਕੀਤੀ। ਜਦੋਂ ਅਸੀਂ ਅਜੇ ਛੋਟੇ ਹੁੰਦੇ ਸਾਂ ਤਾਂ ਨਾਹਰਾਂ ਦੇ ਵਿਹੜੇ 'ਚੋਂ ਗਿ. ਪ੍ਰੀਤਮ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਜਨ-ਸੂਚਨਾ ਵਿਭਾਗ ਵਿੱਚ ਤਾਇਨਾਤ ਸੀ। ਉਹ ਅਕਸਰ ਯੂਨੀਵਰਸਿਟੀ ਵੱਲੋਂ ਪਿੰਡਾਂ ਵਿੱਚ ਵਿਦਿਆ ਦੇ ਪ੍ਰਚਾਰ ਹਿਤ ਲਘੂ ਫਿਲਮਾਂ ਵਿਖਾਉਣ ਆਇਆ ਕਰਦਾ ਸੀ।

## 8. ਐਡਵੋਕੇਟ ਬਲਬੀਰ ਸਿੰਘ ਚਾਹਲ

ਸਿਰੇ ਦੇ ਮਿਹਨਤੀ ਤੇ ਅਗਾਂਹਵਧੂ ਸੋਚ ਦੇ ਧਾਰਨੀ ਸ੍ਰ. ਬਲਬੀਰ ਸਿੰਘ ਚਾਹਲ ਐਡਵੋਕੇਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਜਨਮ ਸ੍ਰ. ਤਾਰਾ ਸਿੰਘ ਨੰਬਰਦਾਰ ਦੇ ਘਰ ਪਿੰਡ ਮਾਣੋਚਾਹਲ ਵਿਖੇ ਹੋਇਆ। ਮੁਢਲੀ ਪੜ੍ਹਾਈ ਉਹਨੇ ਪਿੰਡ ਦੇ ਸਕੂਲ ਤੇ ਫਿਰ ਖ਼ਾਲਸਾ ਹਾਈ ਸਕੂਲ ਅਗਾੜਾ-ਪਿਛਾੜਾ ਤੋਂ ਦਸਵੀਂ ਪਾਸ ਕੀਤੀ। ਉਪ੍ਰੰਤ ਭਾਰਤੀ ਫੋਜ ਵਿੱਚ ਬਤੌਰ ਕਲਰਕ ਭਰਤੀ ਹੋ ਗਏ। ਕੁਝ ਸਾਲਾਂ ਬਾਅਦ ਉਹ ਮਿਹਨਤ ਕਰਕੇ ਮੁਕਾਬਲੇ ਦਾ ਇਮਤਿਹਾਨ ਪਾਸ ਕਰਕੇ ਫੌਜ ਵਿਚ ਅਫਸਰ ਬਣ ਗਏ। ਫੌਜ ਵਿੱਚ ਹੀ ਉਹਨਾਂ ਨੇ ਐਲ.ਐਲ.ਬੀ. ਪਾਸ ਕੀਤੀ ਤੇ ਮੇਜਰ ਸਾਹਿਬ ਵਜੋਂ ਸੇਵਾ-ਮੁਕਤੀ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਵਕਾਲਤ ਸ਼ੁਰੂ ਕਰ ਦਿੱਤੀ ਜੋ ਅੱਜ ਵੀ ਜਾਰੀ ਹੈ। ਆਪਣੇ ਪ੍ਰੋਫੈਸ਼ਨ ਦੇ ਕਾਰਨ ਉਹਨਾਂ ਆਪਣੀ ਰਿਹਾਇਸ਼ ਜ਼ੀਰਕਪੁਰ (ਚੰਡੀਗੜ੍ਹ) ਵਿਖੇ ਰੱਖੀ ਹੋਈ ਹੈ। ਮਾਸਟਰ ਗੁਰਬਚਨ ਸਿੰਘ ਚਾਹਲ ਜੋ ਕੁਝ ਸਾਲ ਪਹਿਲਾਂ ਸਵਰਗਵਾਸ ਹੋ ਗਿਆ ਸੀ, ਉਹਨਾਂ ਦਾ ਛੋਟਾ ਭਰਾ ਸੀ। (ਸੰਪਰਕ ਕਰਨ ਤੇ ਵੀ ਬਹੁਤਾ ਵੇਰਵਾ ਨਹੀਂ ਮਿਲ ਸਕਿਆ)

## 9. ਸ੍ਰ. ਜਗਦੀਸ਼ ਸਿੰਘ ਚਾਹਲ

ਸ੍ਰ ਜਗਦੀਸ਼ ਸਿੰਘ ਚਾਹਲ ਸਾਡੇ ਪਿੰਡ ਦੇ ਪੜ੍ਹੇ ਲਿਖੇ ਅਤੇ ਚੰਗੇ ਰੁਤਬੇ ਤੇ ਪਹੁੰਚਣ ਵਾਲ਼ੇ ਭਾਗ-ਸ਼ਾਲੀ ਸਫ਼ਲ ਇਨਸਾਨਾਂ ਵਿਚੋਂ ਇੱਕ ਹੈ। ਉਹਨਾਂ ਦੇ ਪਰਿਵਾਰ ਨੂੰ ਸੂਬੇਦਾਰਾਂ ਦਾ ਪਰਿਵਾਰ ਕਰਕੇ ਜਾਣਿਆ ਜਾਂਦਾ ਹੈ ਉਹਨਾਂ ਦਾ ਵਡੇਰਾ ਸਰਦਾਰ ਬਹਾਦਰ ਸੂਬੇਦਾਰ ਲਹਿਣਾ ਸਿੰਘ ਸੀ ਜੋ ਬ੍ਰਿਟਿਸ਼-ਭਾਰਤੀ ਫੌਜ ਵਿਚ ਸੂਬੇਦਾਰ ਦੇ ਅਹੁਦੇ ਤੇ ਤਾਇਨਾਤ ਰਿਹਾ ਸੀ। ਉਹਦੀ ਯਾਦ ਵਿਚ ਪਰਿਵਾਰ ਵੱਲੋਂ ਆਪਣੇ ਖੇਤਾਂ ਵਿਚ ਖੂਹ ਦੇ ਕੋਲ਼ ਇਕ ਸਮਾਧ ਬਣਾਈ ਹੋਈ ਹੈ ਜੋ ਅਜੇ ਮੌਜੂਦ ਹੈ। ਜਦੋਂ ਅੰਗਰੇਜ਼ਾਂ ਨੇ ਲਾਇਲਪੁਰ ਦੇ ਆਸ ਪਾਸ ਬਾਰਾਂ ਵਸਾਈਆਂ ਤਾਂ ਸੂਬੇਦਾਰਾਂ ਦਾ ਇਹ ਪਰਿਵਾਰ ਮੁਰੱਬੇ ਅਲਾਟ ਕਰਵਾ ਕੇ ਉੱਥੇ ਜਾ ਵੱਸਿਆ ਸੀ ਪਰ ਦੇਸ਼ ਦੀ ਵੰਡ ਹੋ ਜਾਣ ਪਿੱਛੋਂ ਏਧਰ ਆ ਗਏ।ਪਹਿਲਾਂ ਜ਼ਮੀਨ ਦੂਰ-ਦੁਰਾਡੇ ਅਲਾਟ ਹੋਈ ਤੇ ਉਹ ਵੀ ਉਧਰ ਨਾਲੋਂ ਕਿਤੇ ਘੱਟ ਪਰ ਬਾਅਦ ਵਿਚ



Scanned with OKEN Scanner

ਉਹ ਆਪਣੇ ਪਿੰਡ ਮਾਣੋ ਚਾਹਲ ਜ਼ਮੀਨ ਲੈਣ ਵਿਚ ਕਾਮਯਾਬ ਹੋ ਗਏ।ਇਸ ਵੇਲ਼ੇ ਉਹਨਾਂ ਦਾ ਪਰਿਵਾਰ ਪਿੰਡ ਵਿਚ ਚੰਗੇ ਅਸਰ-ਰਸੂਖ਼ ਵਾਲ਼ਾ ਅਤੇ ਪਰ੍ਹੇ-ਪੰਚਾਇਤ ਵਿਚ ਆਦਰ-ਯੋਗ ਥਾਂ ਰੱਖਦਾ ਹੈ।ਗਰਾਮ ਪੰਚਾਇਤ ਦੀ ਹਰ ਚੋਣ ਵਿਚ ਲੱਗ ਭੱਗ ਉਹਨਾਂ ਦੇ ਪਰਿਵਾਰ 'ਚੋਂ ਇਕ ਮੈਂਬਰ ਜ਼ਰੂਰ ਬਣਦਾ ਆ ਰਿਹਾ ਹੈ। ਜਗਦੀਸ਼ ਸਿੰਘ ਚਾਹਲ ਦੇ ਪਿਤਾ ਜੀ ਸ੍ਰ ਗੁਰਪਾਲ ਸਿੰਘ ਵੀ ਕਈ ਸਾਲ ਮੈਂਬਰ ਪੰਚਾਇਤ ਰਹਿ ਚੁੱਕੇ ਹਨ।

ਸ੍ਰ ਜਗਦੀਸ਼ ਸਿੰਘ ਚਾਹਲ ਦਾ ਜਨਮ ਪਿਤਾ ਸ੍ਰ ਗੁਰਪਾਲ ਸਿੰਘ ਦੇ ਘਰ ਬੀਬੀ ਜੋਗਿੰਦਰ ਕੌਰ ਦੀ ਕੁਖੋਂ ਪਹਿਲੀ ਜਨਵਰੀ 1950 ਨੂੰ ਹੋਇਆ।ਉਹਨਾਂ ਨੇ ਪਿੰਡ ਦੇ ਸਰਕਾਰੀ ਸਕੂਲ ਤੋਂ ਪੰਜਵੀਂ ਪਾਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਹਾਈ ਸਕੂਲ ਅਗਾੜਾ ਪਿਛਾੜਾ ਤੋਂ 1965 ਵਿਚ ਦਸਵੀਂ ਪਾਸ ਕੀਤੀ। ਉਪ੍ਰੰਤ ਬੀ. ਏ. ਕਰਨ ਲਈ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਕਾਲਜ ਤਰਨਤਾਰਨ ਵਿਚ ਦਾਖ਼ਲਾ ਲਿਆ ਪਰ ਗਰੈਜੂਏਸ਼ਨ ਹੋਣ ਤੋਂ ਪਹਿਲਾਂ ਹੀ 1968 ਵਿਚ ਮਾਰਕੀਟ ਕਮੇਟੀ ਤਰਨਤਾਰਨ ਵਿਚ ਫੀ ਕੁਲੈਕਟਰ ਵਜੋਂ ਨੌਂਕਰੀ ਜਾਇਨ ਕਰ ਲਈ ਅਤੇ ਛੇਤੀ ਹੀ ਮੰਡੀ ਸੁਪਰਵਾਈਜ਼ਰ ਵਜੋਂ ਪਦਉਨਤ ਹੋ ਗਏ।ਬਾਅਦ ਵਿਚ ਨੌਂਕਰੀ ਦੇ ਨਾਲ਼ 2 ਡੀ. ਏ. ਵੀ. ਕਾਲਜ ਅੰਮ੍ਰਿਤਸਰ ਵਿਚ ਈਵਨਿੰਗ ਕਲਾਸਾਂ ਲਾਈਆਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੇ ਕੌਰੈਸਪੌਂਡਿੰਗ ਵਿਭਾਗ ਤੋਂ ਗਰੈਜੂਏਸ਼ਨ ਕੀਤੀ।ਮਾਰਕੀਟ ਕਮੇਟੀ ਵਿਚ ਆਪਣੀ ਡਿਊਟੀ ਨਿਭਾਉਣ ਦੇ ਨਾਲ਼ ਆਪਣੇ ਪਿੰਡ ਅਤੇ ਇਲਾਕੇ ਦੇ ਵੱਧ ਤੋਂ ਵੱਧ ਕਿਸਾਨਾਂ ਨੂੰ ਥਰੈਸ਼ਰ ਹਾਦਸਿਆਂ ਕਾਰਨ ਸਰਕਾਰ ਵੱਲੋਂ ਮਿਲਦਾ ਮੁਆਵਜ਼ਾ ਅਤੇ ਹੋਰ ਸਹੂਲਤਾਂ ਦਿਵਾਉਣ ਲਈ ਆਪਣੇ ਅਸਰ-ਰਸੂਖ਼ ਅਤੇ ਪਹੁੰਚ ਦੀ ਵਰਤੋਂ ਕੀਤੀ।ਜਦੋਂ ਪੇਂਡੂ ਲਿੰਕ ਸੜਕਾਂ ਦਾ ਨਿਰਮਾਣ ਕਾਰਜ ਮੰਡੀ ਬੋਰਡ ਦੇ ਅਧਿਕਾਰ ਹੇਠ ਆਇਆ ਤਾਂ ਸਭ ਤੋਂ ਪਹਿਲਾਂ ਜਿਲ੍ਹਾ ਸੜਕ ਕਮੇਟੀ ਦੇ ਚੇਅਰਮੈਨ ਕੋਲ਼ ਆਪਣੇ ਪਿੰਡ ਵਾਲ਼ੀ "ਰਾਮਰੌਣੀ ਤੋਂ ਮਾਣੋ ਚਾਹਲ ਵਾਇਆ ਨੂਰ ਪੁਰ ਰੋਡ" ਕੋਡ ਨੰ 26 ਦੇ ਨਿਰਮਾਣ ਦੀ ਮੰਗ ਰੱਖੀ ਜੋ ਪ੍ਰਵਾਨ ਹੋਈ ਅਤੇ 1970 ਵਿਚ ਬਣ ਕੇ ਤਿਆਰ ਹੋਈ।ਇਸ ਤੋਂ ਬਾਅਦ ਉਹਨਾਂ ਨੇ ਸਾਬਾਜ਼ਪੁਰ ਰੋਡ ਤੋਂ ਜੀਓਬਾਲ਼ਾ ਵਾਇਆ ਬਿਜਲੀ ਘਰ ਅਤੇ ਅਗਾੜਾ ਪਿਛਾੜਾ ਬਣਵਾਉਣ ਅਤੇ ਬਿਜਲੀ ਘਰ ਤੋਂ ਗੁਰਦੁਆਰਾ ਬਾਬਾ ਜੋਗੀ ਪੀਰ ਨਾਲ਼ ਜੋੜਨ ਲਈ ਭਰਪੂਰ ਯੋਗਦਾਨ ਪਾਇਆ।

ਭਾਵੇਂ ਉਹਨਾਂ ਦੀ ਡਿਊਟੀ ਅਕਾਊਂਟੈਂਟ ਦੀ ਸੀ, ਫਿਰ ਵੀ ਮੰਡੀ ਬੋਰਡ ਦੇ ਅਧਿਕਾਰੀਆਂ ਰਾਹੀਂ ਆਪਣੇ ਪਿੰਡ ਮਾਣੋ ਚਾਹਲ ਕਲਾਂ ਦੇ ਆਲ਼ੇ-ਦੁਆਲ਼ੇ ਪੱਕੀ ਫਿਰਨੀ ਬਣਵਾਉਣ ਵਿਚ ਉਸਾਰੂ ਰੋਲ ਅਦਾ ਕੀਤਾ।ਰਿਟਾਇਰਮੈਂਟ ਤੋਂ ਪਹਿਲਾਂ ਉਹਨਾਂ ਨੂੰ ਮਾਰਕੀਟ ਕਮੇਟੀ ਝਬਾਲ ਵਿਖੇ ਕੰਮ ਕਰਨ ਦਾ ਮੌਕਾ ਮਿਲ਼ਿਆ ਤਾਂ ਉਹਨਾਂ ਨੇ ਕਿਸਾਨਾਂ ਦੇ ਮੁਆਵਜ਼ੇ ਵਾਲ਼ੇ ਬਕਾਇਆ ਪਏ ਕਈ ਕੇਸਾਂ ਦੀਆਂ ਫ਼ਾਈਲਾਂ ਜੋ ਰਸਮੀ ਕਮੀਆਂ-ਪੇਸ਼ੀਆਂ ਕਾਰਨ ਅਲਮਾਰੀਆਂ ਦਾ ਸ਼ਿੰਗਾਰ ਬਣੀਆਂ, ਧੂੜ ਫੱਕ ਰਹੀਆਂ ਸਨ,



Scanned with OKEN Scanner

ਕਢਵਾ ਕੇ ਲਾਏ ਗਏ ਇਤਰਾਜ਼ ਦੂਰ ਕਰਕੇ ਪੀੜ੍ਹਤ ਕਿਸਾਨਾਂ ਨੂੰ ਮੁਆਵਜ਼ਾ ਦਿਵਾਇਆ।ਇਹੋ ਜਿਹੀ ਮਨੁੱਖਤਾਵਾਦੀ ਪਹੁੰਚ ਰੱਖਣ ਵਾਲ਼ੇ ਸ੍ਰ ਜਗਦੀਸ਼ ਸਿੰਘ ਚਾਹਲ ਨੂੰ ਜਦੋਂ ਮੈਂ ਮਿਲਿਆ ਤਾਂ ਉਹਨਾਂ ਨੇ ਮਹਿਸੂਸ ਕੀਤਾ ਕਿ ਰਾਜਨੀਤਿਕ ਦਬਾਅ ਵਾਲ਼ੀ ਪੋਸਟ ਹੋਣ ਕਾਰਨ ਜਾਂ ਕਿਸੇ ਹੋਰ ਕਾਰਨ ਇਹ ਹੋ ਸਕਦਾ ਹੈ ਕਿ ਮੈਂ ਕੁਝ ਲੋਕਾਂ ਦੇ ਕੰਮ ਨਾ ਕਰਵਾ ਸਕਿਆ ਹੋਵਾਂ, ਮੈਨੂੰ ਇਸ ਦਾ ਅਫਸੋਸ ਹੈ ਅਤੇ ਮੈਂ ਉਹਨਾਂ ਤੋਂ ਖ਼ਿਮਾਂ-ਯਾਚਨਾ ਕਰਦਾ ਹਾਂ।ਇਹ ਉਹਨਾਂ ਦੀ ਹਲੀਮੀ ਅਤੇ ਨਿਮਰਤਾ ਦੀ ਸ਼ਿਖ਼ਰ ਹੈ।ਸਕੱਤਰ ਪੰਜਾਬ ਮੰਡੀ ਬੋਰਡ ਦੀ ਪ੍ਰੋਮੋਸ਼ਨ ਹੋਣ ਤੇ ਮਾਰਕੀਟ ਕਮੇਟੀ ਕਲਾਨੌਰ (ਗੁਰਦਾਸਪੁਰ) ਨਾਲ਼ ਵਾਧੂ ਚਾਰਜ ਮਾਰਕੀਟ ਕਮੇਟੀ ਸ੍ਰੀ ਹਰਗੋਬਿੰਦ ਪੁਰ ਰਹਿਣ ਉਪ੍ਰੰਤ ਮਾਰਕੀਟ ਕਮੇਟੀ ਅਟਾਰੀ ਨਾਲ਼ ਵਾਧੂ ਚਾਰਜ ਚੋਗਾਵਾਂ ਡਿਊਟੀ ਨਿਭਾ ਕੇ ਆਖ਼ਰੀ ਪੜਾਅ ਤੇ ਆਪਣੇ ਇਲਾਕੇ ਦੇ ਰਹਿੰਦੇ ਕੰਮ ਕਰਾਉਣ ਲਈ ਬਦਲੀ ਕਰਵਾ ਕੇ ਮਾਰਕੀਟ ਕਮੇਟੀ ਝਬਾਲ ਜਾਇਨ ਕੀਤਾ।ਪੂਰੀ ਤਨ-ਦੇਹੀ ਅਤੇ ਇਮਾਨਦਾਰੀ ਨਾਲ਼ ਪੰਜਾਬ ਮੰਡੀ ਬੋਰਡ ਦੀ 39 ਸਾਲ ਦੀ ਸੇਵਾ ਕਰਕੇ ਚਾਹਲ ਸਾਹਿਬ 31.12.2007 ਨੂੰ ਸਕੱਤਰ ਮਾਰਕੀਟ ਕਮੇਟੀ, ਪੰਜਾਬ ਮੰਡੀ-ਬੋਰਡ, ਮਾਰਕੀਟ ਕਮੇਟੀ ਝਬਾਲ ਤੋਂ ਰਿਟਾਇਰ ਹੋ ਗਏ।ਮੰਡੀ ਬੋਰਡ ਦੀ ਸੇਵਾ ਕਰਨ ਦੇ ਨਾਲ਼ ਉਹਨਾਂ ਨੂੰ ਸਾਹਿਤਕ ਅਤੇ ਸੱਭਿਆਚਾਰਿਕ ਗਤੀਵਿਧੀਆਂ ਵਿਚ ਭਾਗ ਲੈਣ ਦਾ ਵੀ ਡਾਹਢਾ ਸ਼ੌਂਕ ਸੀ।ਇਸ ਮੰਤਵ ਲਈ ਉਹ ਸ੍ਰ ਰੇਸ਼ਮ ਸਿੰਘ ਭੁੱਲਰ ਦੀ ਸਰਪ੍ਰਸਤੀ ਹੇਠ ਚਲਦੇ "ਮਾਝਾ ਰੰਗ ਮੰਚ" ਦੇ ਸਹਿਯੋਗੀ ਬਣ ਕੇ ਸੱਭਿਆਚਾਰਕ ਪ੍ਰੋਗਰਾਮ ਕਰਵਾਉਂਦੇ ਰਹੇ ਹਨ।

ਉਹਨਾਂ ਦੀ ਸ਼ਾਦੀ ਸ੍ਰੀ ਮਤੀ ਦਲਬੀਰ ਕੌਰ ਨਾਲ 1973 ਵਿਚ ਹੋਈ ਸੀ।ਉਹਨਾਂ ਦੇ ਦੋ ਹੋਣਹਾਰ ਬੱਚੇ ਹਨ।ਬੇਟੀ ਨਵਨੀਤ ਕੌਰ ਜੋ ਪੜ੍ਹਾਈ ਪੂਰੀ ਕਰਕੇ ਚੰਗੀ ਪ੍ਰਤਿਸ਼ਠਾ ਵਾਲ਼ੇ ਪਰਿਵਾਰ ਵਿਚ ਵਿਆਹੀ ਹੋਈ ਹੈ, ਉਹਨਾਂ ਦਾ ਆਪਣਾ ਨਿੱਜੀ ਕਾਰੋਬਾਰ ਹੈ ਅਤੇ ਅੰਮ੍ਰਿਤਸਰ ਦੀ ਮਸ਼ਹੂਰ ਕਲੋਨੀ ਹੋਲੀ ਸਿਟੀ ਵਿਚ ਰਹਿੰਦੇ ਹਨ।ਬੇਟਾ ਗੁਰਿੰਦਰਬੀਰ ਸਿੰਘ ਚਾਹਲ ਸੰਯੁਕਤ ਰਾਜ ਅਮਰੀਕਾ ਦਾ ਪੱਕਾ ਨਾਗਰਿਕ ਹੈ ਤੇ ਸ਼ਾਦੀ-ਸ਼ੁਦਾ ਹੈ।ਦੋ ਪੋਤਰੇ ਗੁਰ-ਅੰਸ਼ ਚਾਹਲ ਅਤੇ ਗੁਰ-ਅਸੀਸ ਚਾਹਲ ਵਹਿਗੁਰੂ ਦੀ ਕਿਰਪਾ ਨਾਲ਼ ਮੌਜਾਂ ਮਾਣਦੇ ਆਪਣਾ ਬਚਪਨ ਹੰਡਾ ਰਹੇ ਹਨ।ਉਹਨਾਂ ਦੇ ਜੀਜਾ ਜੀ ਸ੍ਰ ਦੀਵਾਨ ਸਿੰਘ ਵਾਸੀ ਤਲਵੰਡੀ ਭਰਤ ਜਿਲ੍ਹਾ ਗੁਰਦਾਸਪੁਰ ਨਾਇਬ ਤਹਿਸੀਲਦਾਰ ਦੀ ਪੋਸਟ ਤੋਂ ਰਿਟਾਇਰ ਹੋਏ ਹਨ ਅਤੇ ਉਹਨਾਂ ਨੇ ਕੁਝ ਸਮਾਂ ਤਰਨਤਾਰਨ ਵਿਖੇ ਵੀ ਸੇਵਾ ਨਿਭਾਈ ਹੈ।ਇਸ ਸਮੇਂ ਸ੍ਰ ਜਗਦੀਸ਼ ਸਿੰਘ ਚਾਹਲ ਅੰਮ੍ਰਿਤਸਰ ਦੀ ਰਾਜਧਾਨੀ ਵਜੋਂ ਜਾਣੀ ਜਾਂਦੀ ਰਣਜੀਤ ਐਵੇਨਿਊ ਦੇ ਈ ਬਲਾਕ ਵਿਚ ਰਹਿੰਦੇ ਹੋਏ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕਰਦੇ ਹਨ।ਉਹ ਸਿੱਖ ਧਰਮ ਵਿਚ ਡੂੰਘੀ ਸ਼ਰਧਾ ਰੱਖਦੇ ਹਨ ਅਤੇ ਅਕਸਰ ਗੁਰਦੁਆਰਾ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਤਰਨਤਾਰਨ ਵਿਖੇ ਹਾਜ਼ਰੀ ਭਰਦੇ ਰਹਿੰਦੇ ਹਨ।ਇਸ



Scanned with OKEN Scanner

ਕਲੋਨੀ ਵਿਚ ਵੀ ਉਹਨਾਂ ਨੇ ਸ਼ੁਗਲ ਵਜੋਂ ਸਵੇਰ ਦੀ ਸੈਰ ਵਾਲ਼ਾ ਸੀਨੀਅਰ ਸਿਟੀਜ਼ਨ ਅਤੇ ਵਰਕਿੰਗ ਅਧਿਕਾਰੀਆਂ ਦਾ ਗਰੁੱਪ ਬਣਾਇਆ ਹੋਇਆ ਹੈ ਅਤੇ ਈ ਬਲਾਕ ਸੋਸ਼ਲ ਵੈਲਫ਼ੇਅਰ ਐਸੋਸੀਏਸ਼ਨ ਦੇ ਉਹ ਐਗਜ਼ੈਕਟਿਵ ਮੈਂਬਰ ਹਨ।ਉਹਨਾਂ ਦਾ ਛੋਟਾ ਭਰਾ ਸੁਰਜੀਤ ਸਿੰਘ ਪਰਿਵਾਰ ਸਮੇਤ ਪਿੰਡ ਮਾਣੋ ਚਾਹਲ ਕਲਾਂ ਵਿਚ ਬਹਿਕ ਤੇ ਰਹਿੰਦਾ ਹੈ ਅਤੇ ਖੇਤੀ ਕਰਦਾ ਹੈ।ਸ਼ਹਿਰੀ ਜ਼ਿੰਦਗੀ ਦਾ ਲੁਤਫ਼ ਲੈਣ ਦੇ ਨਾਲ਼ ਉਹ ਪੇਂਡੂ ਵਾਤਾਵਰਨ ਦਾ ਅਨੰਦ ਮਾਨਣ ਅਤੇ ਰੂਹ ਦਾ ਸਕੂਨ ਹਾਸਲ ਕਰਨ ਲਈ ਅਕਸਰ ਪਿੰਡ ਗੇੜਾ ਮਾਰਦੇ ਰਹਿੰਦੇ ਹਨ।ਮੈਂ ਜਗਦੀਸ਼ ਸਿੰਘ ਚਾਹਲ ਵਰਗੇ ਹੱਸਮੁਖ ਤੇ ਖ਼ੁਸ਼ਦਿਲ ਇਨਸਾਨ ਲਈ ਪਰਿਵਾਰਿਕ ਖ਼ੁਸ਼ਹਾਲੀ ਅਤੇ ਤੰਦਰੁਸਤੀ-ਭਰੀ ਲੰਮੀ ਉਮਰ ਦੀ ਕਾਮਨਾ ਕਰਦਾ ਹਾਂ।

## 10. ਦੂਸਰਾ ਪੰਜਾਬੀ ਸਾਹਿਤਕਾਰ ਜਸਵਿੰਦਰ 'ਮਾਣੋਚਾਹਲ'

ਪੰਜਾਬੀ ਕਹਾਣੀ ਤੇ ਵਾਰਤਿਕ (ਨਿਬੰਧ) ਦੇ ਖੇਤਰ ਵਿੱਚ ਕਲਮ ਅਜ਼ਮਾਉਣ ਵਾਲੇ ਜਸਵਿੰਦਰ ਸਿੰਘ 'ਮਾਣੋਚਾਹਲ' ਦਾ ਜਨਮ ਸ੍ਰ. ਨਰੰਜਣ ਸਿੰਘ ਸਰਕਾਰੀਆ ਤੇ ਮਾਤਾ ਗੁਰਬਚਨ ਕੌਰ ਦੇ ਘਰ 17.09.1954 ਨੂੰ ਇੱਸੇ ਪਿੰਡ ਵਿੱਚ ਹੋਇਆ। ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪੰਜਵੀਂ, ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਹਾਈ ਸਕੂਲ਼ ਅਗਾੜਾ-ਪਿਛਾੜਾ ਤੋਂ ਦਸਵੀਂ ਤੇ ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਤੋਂ ਬੀ.ਏ. ਕਰਨ ਉਪ੍ਰੰਤ ਵੇਰਕੇ ਤੋਂ ਜੇ.ਬੀ.ਟੀ. ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੀ.ਐੱਡ. ਪਾਸ ਕੀਤੀ। ਸਿੱਖਿਆ ਵਿਭਾਗ ਵਿੱਚ 34 ਸਾਲ ਨੌਂਕਰੀ ਕਰਕੇ ਉਹ 2012 ਵਿੱਚ ਰਿਟਾਇਰ ਹੋਇਆ। ਸਰਕਾਰੀ ਨੌਂਕਰੀ ਦੌਰਾਨ ਉਹਨੇ ਡਿਊਟੀ ਦੇ ਨਾਲ ਨਾਲ ਅਧਿਆਪਕਾਂ ਦੀ ਜਥੇਬੰਦੀ ਗੌਰਮਿੰਟ ਟੀਚਰਜ਼ ਯੂਨੀਅਨ ਅਤੇ ਮੁਲਾਜ਼ਮਾਂ ਦੀ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਝੰਡੇ ਹੇਠ ਅਧਿਆਪਕਾਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਤੇ ਮਸਲੇ ਹੱਲ ਕਰਾਉਣ ਲਈ ਸੰਘਰਸ਼ ਵਿੱਚ ਯੋਗਦਾਨ ਪਾਇਆ। ਸੇਵਾ-ਮੁਕਤੀ ਉਪ੍ਰੰਤ ਪੈਨਸ਼ਨਰਜ਼ ਯੂਨੀਅਨ ਰਾਹੀਂ ਪੈਨਸ਼ਨਰਾਂ ਅਤੇ 'ਮੇਰੇ ਮਾਪੇ ਮੇਰਾ ਇਸ਼ਟ' ਨਾਂ ਦੀ ਐਨ ਜੀ ਓ ਰਾਹੀਂ ਸਰਕਾਰੀ ਸਕੂਲਾਂ 'ਚ ਪੜ੍ਹਦੇ ਹੁਸ਼ਿਆਰ ਬੱਚਿਆਂ ਦੀ ਮਾਇਕ ਸਹਾਇਤਾ ਕਰਨ ਦੀ ਸੇਵਾ ਕਰ ਰਿਹਾ ਹੈ।

ਸੇਵਾ-ਮੁਕਤੀ ਤੋਂ ਬਾਅਦ ਹੀ ਉਹਨੇ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਨ ਲਈ ਕਹਾਣੀ ਤੇ ਵਾਰਤਿਕ ਰਚਨਾ ਲਈ ਕਲਮ ਉਠਾਈ ਹੈ। ਉਸ ਦੀਆਂ ਰਚਨਾਵਾਂ ਕਦੇ ਕਦੇ ਦੇਸ਼ ਸੇਵਕ ਅਖ਼ਬਾਰ, ਤ੍ਰੈ-ਮਾਸਿਕ ਸਤਰੰਗੀ, ਪੰਜ ਦਰਿਆ ਤੇ ਪਰਵਾਜ਼ ਵਰਗੇ ਪੰਜਾਬੀ ਮੈਗਜ਼ੀਨਾਂ ਵਿੱਚ ਛਪਦੀਆਂ ਹਨ। ਜਸਵਿੰਦਰ ਸਿੰਘ 'ਮਾਣੋਚਾਹਲ' ਦੀਆਂ ਹੇਠ ਲਿਖੀਆਂ ਪੁਸਤਕਾਂ ਹੁਣ ਤੱਕ ਪਾਠਕਾਂ ਦੇ ਰੂ-ਬਰੂ ਹੋਈਆਂ ਹਨ :-



Scanned with OKEN Scanner

1. ਵਰਦੀ ਦਾ ਮੁੱਲ (ਕਹਾਣੀਆਂ) - 2018
2. ਮੈਂ ਜਾਨਿਆਂ ਦੁਖ ਮੁਝ ਕੋ (ਸਵੈ ਜੀਵਨੀ) -2021
3. ਬਦਲੇ ਰੰਗ ਪੰਜਾਬ ਦੇ (ਵਾਰਤਿਕ) - 2022
4. ਦਲਦਲ ਤੇ ਹੋਰ ਕਹਾਣੀਆਂ (ਖਰੜਾ)
5. ਮੇਰਾ ਪਿੰਡ ਤੇ ਮੇਰੇ ਲੋਕ (ਵਾਰਤਿਕ) - 2024 ਪਹਿਲਾ ਐਡੀਸ਼ਨ
6. 19 ਕਲ਼ਮਾਂ 72 ਰੰਗ (ਸੰਪਾਦਨ) -2024
7. ਸੁਲ਼ਗਦੇ ਹਰਫ਼ਾਂ ਦੀ ਲੋਅ (ਕਾਵਿ ਸੰਗ੍ਰਿਹਿ) -2025

## 11. ਤੀਸਰਾ ਸਾਹਿਤਕਾਰ ਪ੍ਰੋ: ਦਲਬੀਰ ਸਿੰਘ ਥੇਹ ਵਾਲ਼ਾ

ਮੇਰੇ ਪਿੰਡ ਦੀਆਂ ਮਾਂਵਾਂ ਨੇ ਜਿਹੜੇ ਵਿਦਵਾਨਾਂ ਜਾਂ ਚਿੰਤਕਾਂ ਨੂੰ ਜਨਮ ਦਿੱਤਾ ਹੈ, ਉਹਨਾਂ ਵਿੱਚੋਂ ਇੱਕ ਹੋਰ ਰੋਸ਼ਨੀ ਵੰਡਦਾ ਚਿਰਾਗ ਪ੍ਰੋ: ਦਲਬੀਰ ਸਿੰਘ ਪੁੱਤਰ ਸ੍ਰ. ਮਨਜੀਤ ਸਿੰਘ ਥੇਹ ਵਾਲਾ ਹੈ। ਉਸ ਦਾ ਜਨਮ 5.02.1963 ਨੂੰ ਪਿੰਡ ਮਾਣੋਚਾਹਲ ਵਿਖੇ ਹੋਇਆ। ਉਹਨੇ ਅੱਠਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਅਤੇ ਦਸਵੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੰਡੀ ਵਾਲ਼ਾ) ਤਰਨਤਾਰਨ ਤੋਂ ਕੀਤੀ। ਬੀ.ਏ. ਪ੍ਰਾਈਵੇਟ ਕਰਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਐੱਡ. ਪਾਸ ਕੀਤੀ। ਉਪ੍ਰੰਤ ਐਮ.ਏ. ਸੰਸਕ੍ਰਿਤ, ਐਮ.ਫਿਲ. ਤੇ ਪੀ.ਐੱਚ.ਡੀ. ਦੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਹਾਸਲ ਕਰਕੇ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਹੀ ਸੰਸਕ੍ਰਿਤ ਦਾ ਪ੍ਰੋਫੈਸਰ ਲੱਗ ਗਿਆ। ਮੈਨੂੰ ਇਹ ਜਾਣ ਕੇ ਅਥਾਹ ਖ਼ੁਸ਼ੀ ਹੋਈ ਹੈ ਕਿ ਉਹਨੇ ਇਸ ਔਖੀ ਪੰਡਤਾਊ ਭਾਸ਼ਾ ਜਿਸ ਨੂੰ ਪੜ੍ਹਨ ਸਿੱਖਣ ਤੋਂ ਵੱਡੇ ਵੱਡੇ ਪੜ੍ਹਾਕੂ ਵੀ ਕੰਨੀ ਕਤਰਾਉਂਦੇ ਹਨ, ਵਿੱਚ ਪੀ.ਐਚ.ਡੀ. ਕਰਕੇ ਆਪਣੇ ਪਿੰਡ ਤੇ ਪਰਿਵਾਰ ਦਾ ਮਾਣ ਵਧਾਇਆ ਹੈ। ਉਸ ਦੀ ਪਤਨੀ ਸ੍ਰੀ ਮਤੀ ਹਰਮਿੰਦਰ ਕੌਰ ਬੀ.ਏ.ਐਮ.ਐੱਸ. ਡਾਕਟਰ ਹੈ ਤੇ ਬੇਟਾ ਹੇਮਦੀਪ ਸਿੰਘ ਕੈਨੇਡਾ ਦਾ ਪੀ.ਆਰ. ਹੈ।

### ਸਾਹਿਤਕ ਕਾਰਜ

1. ਉਹਨੇ 'ਸੰਸਕ੍ਰਿਤ ਸਾਹਿਤ ਮੇਂ ਸਿੱਖ ਗੁਰੂਓਂ ਕਾ ਵਰਨਣ' ਵਿਸ਼ੇ ਤੇ ਆਪਣਾ ਥੀਸਿਸ ਲਿਖਿਆ ਸੀ ਤੇ ਇਸੇ ਵਿਸ਼ੇ ਤੇ ਆਪਣੀ ਪਹਿਲੀ ਪੁਸਤਕ ਛਪਵਾਈ।
2. 'ਪੂਰਨ ਸਾਧਕ ਸ਼ਤਕ' ਨਾਂ ਦਾ ਭਗਤ ਪੂਰਨ ਸਿੰਘ ਬਾਰੇ 150 ਸ਼ਲੋਕਾਂ ਦਾ ਸੰਸਕ੍ਰਿਤ ਕਾਵਿ ਉਹਦੀ ਦੂਸਰੀ ਸਾਹਿਤਕ ਰਚਨਾ ਹੈ।

## 12. ਅਗਲੀ ਪੀੜ੍ਹੀ ਦੇ ਅਧਿਆਪਕ/ਅਧਿਆਪਕਾਵਾਂ :-

ਅਗਲੀ ਪੀੜ੍ਹੀ ਵਿੱਚੋਂ ਜਿਹਨਾਂ ਨੇ ਬਤੌਰ ਅਧਿਆਪਕ ਬੱਚਿਆਂ ਨੂੰ ਵਿਦਿਆ ਦਾਨ



Scanned with OKEN Scanner

ਦੇਣ ਦੀ ਜ਼ਿੰਮੇਵਾਰੀ ਨਿਭਾਈ ਹੈ ਉਹਨਾਂ ਵਿੱਚ ਭੈਣ ਜੀ ਸੁਰਿੰਦਰ ਕੌਰ ਪੁਤਰੀ ਸ੍. ਸੰਪੂਰਨ ਸਿੰਘ ਸਾਬਕਾ ਸਰਪੰਚ, ਮਹਿੰਦਰ ਕੌਰ, ਬਲਵਿੰਦਰ ਕੌਰ ਤੇ ਸ਼ਰਨਜੀਤ ਕੌਰ (ਤਿੰਨੇ) ਪੁੱਤਰੀਆਂ ਸ੍. ਪ੍ਰਤਾਪ ਸਿੰਘ ਸੌਢੇ, ਅਮਰਪਾਲ ਕੌਰ ਪੁੱਤਰੀ ਸ੍. ਅਵਤਾਰ ਸਿੰਘ, ਭੈਣ ਜੀ ਫੁਲਵਿੰਦਰ ਕੌਰ ਪੁਤਰੀ ਸ੍ ਬੂੜ ਸਿੰਘ ਜ਼ੈਲਦਾਰ, ਪੰਡਤ ਜਗਦੀਸ਼ ਲਾਲ ਪੁੱਤਰ ਸ੍ਰੀ ਪ੍ਰਿਥਵੀ ਰਾਜ ਹਕੀਮ, ਸੁਰਜੀਤ ਸਿੰਘ ਖੂਹੀ ਵਾਲ਼ਾ, ਚੰਚਲ ਸਿੰਘ ਪੁੱਤਰ ਸ੍. ਪ੍ਰਤਾਪ ਸਿੰਘ, ਬਲਵਿੰਦਰ ਕੌਰ ਪਤਨੀ ਸ੍. ਚੰਚਲ ਸਿੰਘ, ਭੈਣ ਜੀ ਲਖਬੀਰ ਕੌਰ ਪੁਤਰੀ ਮਾ: ਤਾਰਾ ਸਿੰਘ, ਹਰਿੰਦਰ ਸਿੰਘ ਪੁੱਤਰ ਸ੍. ਦਰਸ਼ਨ ਸਿੰਘ ਥੇਹ ਵਾਲ਼ਾ, ਕੁਲਵਿੰਦਰ ਕੌਰ ਪਤਨੀ ਸ੍. ਹਰਿੰਦਰ ਸਿੰਘ ਥੇਹ ਵਾਲਾ, ਗੁਰਬਚਨ ਸਿੰਘ ਪੁੱਤਰ ਸ੍. ਤਾਰਾ ਸਿੰਘ ਨੰਬਰਦਾਰ, ਜਗੀਰ ਸਿੰਘ ਪੁੱਤਰ ਸੁਰਜਨ ਸਿੰਘ ਦੋਧੀ, ਦਰਸ਼ਨ ਸਿੰਘ ਪੁੱਤਰ ਸ੍. ਰਾਮ ਸਿੰਘ ਰਾਮਗੜ੍ਹੀਆ, ਮਾਸਟਰ ਮਿਹਰ ਸਿੰਘ ਪੁੱਤਰ ਸ੍. ਸ਼ੰਗਾਰਾ ਸਿੰਘ ਗੌਰੇ ਕੇ, ਮਾਸਟਰ ਕਾਰਜ ਸਿੰਘ ਪੁੱਤਰ ਸ੍. ਕਰਮ ਸਿੰਘ, ਜਸਬੀਰ ਸਿੰਘ ਪੁੱਤਰ ਸ੍. ਮਹਿੰਦਰ ਸਿੰਘ (ਪੋਤਰਾ ਬਾਪੂ ਖੰਡਾ ਸਿੰਘ) ਤੇ ਜਸਵਿੰਦਰ ਸਿੰਘ ਪੁੱਤਰ ਸ੍. ਨਰੰਜਣ ਸਿੰਘ ਸਰਕਾਰੀਆ ਸ਼ਾਮਲ ਹਨ। ਇਹਨਾਂ ਵਿੱਚੋਂ ਸ੍ਰੀ ਜਗਦੀਸ਼ ਲਾਲ ਨੂੰ ਅਤਿਵਾਦੀਆਂ ਦੇ ਭੇਸ਼ ਵਿੱਚ ਲੁਟੇਰਿਆਂ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ। ਸ੍. ਸੁਰਜੀਤ ਸਿੰਘ ਖੂਹੀ ਵਾਲ਼ਾ, ਸ੍. ਗੁਰਬਚਨ ਸਿੰਘ, ਜਗੀਰ ਸਿੰਘ, ਕਾਰਜ ਸਿੰਘ, ਜਸਬੀਰ ਸਿੰਘ ਤੇ ਦਰਸ਼ਨ ਸਿੰਘ (ਛੇ ਜਣੇ) ਸਦੀਵੀ ਵਿਛੋੜਾ ਦੇ ਗਏ ਹਨ। ਬਾਕੀ ਸਾਰੇ ਸਰਕਾਰੀ ਸੇਵਾ ਕਰਕੇ ਰਿਟਾਇਰ ਹੋ ਗਏ ਹਨ। ਬਲਕਾਰ ਸਿੰਘ ਭੱਲੂ ਨੇ ਵੀ ਆਰਟ ਕ੍ਰਾਫਟ ਟੀਚਰ ਟਰੇਨਿੰਗ ਕੋਰਸ ਪਾਸ ਕੀਤਾ ਸੀ ਪਰ ਉਹ ਕਿਸੇ ਕਾਰਨ ਸਰਕਾਰੀ ਨੌਂਕਰੀ ਪ੍ਰਾਪਤ ਨਾ ਕਰ ਸਕਿਆ ਤੇ ਖੇਤੀ ਦੇ ਕੰਮ ਵਿੱਚ ਰੁੱਝ ਗਿਆ। ਉਸ ਦਾ ਬੇਟਾ ਇਸ ਸਮੇਂ ਬੈਂਕ ਵਿੱਚ ਸਹਾਇਕ ਮੈਨੇਜਰ ਵਜੋਂ ਕੰਮ ਕਰ ਰਿਹਾ ਹੈ। ਮੁਖ਼ਤਾਰ ਸਿੰਘ ਪੁੱਤਰ ਸ੍. ਆਤਮਾ ਸਿੰਘ ਦਸੀਂਹ ਜੋ ਗਰੈਜੂਏਟ ਸੀ, ਨੇ ਮਾਸਟਰ ਕਾਰਜ ਸਿੰਘ ਦੀ ਸਰਪ੍ਰਸਤੀ ਹੇਠ ਚੱਲਦੇ ਕਰਮ ਸਿੰਘ ਅਜ਼ਾਦ ਯਾਦਗਾਰੀ ਪਬਲਿਕ ਸਕੂਲ ਵਿੱਚ 1988 ਤੋਂ 2018 ਤੱਕ 30 ਸਾਲ ਮੁੱਖ-ਅਧਿਆਪਕ ਵਜੋਂ ਕੰਮ ਕੀਤਾ ਤੇ ਪਿੰਡ ਦੇ ਗਰੀਬ ਤੇ ਮੱਧਵਰਗੀ ਪਰਿਵਾਰਾਂ ਦੇ ਬੱਚਿਆਂ ਨੂੰ ਵਿਦਿਆ ਦੇਣ ਲਈ ਯੋਗਦਾਨ ਪਾਇਆ।

## 13. ਮਾਸਟਰ ਚਰਨਜੀਤ ਸਿੰਘ ਤੇ ਉਹਦਾ ਪਰਿਵਾਰ

ਮਾਸਟਰ ਚਰਨਜੀਤ ਸਿੰਘ ਪੁੱਤਰ ਸ੍. ਅਜਾਇਬ ਸਿੰਘ ਨੇ ਕੁਝ ਵਰ੍ਹੇ ਮੈਥ-ਮਾਸਟਰ ਵਜੋਂ ਸ. ਸ. ਸ. ਸ. ਪੱਧਰੀ ਵਿੱਚ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਤੇ ਬਾਅਦ ਵਿੱਚ ਉਹ ਕੈਨੇਡਾ ਚਲਾ ਗਿਆ। ਇਸ ਸਮੇਂ ਉਹ ਪਰਿਵਾਰ ਸਮੇਤ ਕੈਨੇਡਾ ਦਾ ਪੀ.ਆਰ. ਹੈ। ਉਹਦਾ ਛੋਟਾ ਭਰਾ ਹਰਜੀਤ ਸਿੰਘ ਤੇ ਦੋ ਹੋਰ ਭਰਾ ਸਾਂਝੇ ਪਰਿਵਾਰ ਵਜੋਂ ਤਰਨਤਾਰਨ



Scanned with OKEN Scanner

ਤੋਂ ਪਿੰਡ ਨੂੰ ਜਾਂਦੀ ਸੜਕ ਕਿਨਾਰੇ ਆਪਣੇ ਖੇਤਾਂ ਵਿੱਚ ਬਣੀਆਂ ਕੋਠੀਆਂ ਵਿੱਚ ਰਹਿੰਦੇ ਹਨ। ਹਰਜੀਤ ਸਿੰਘ ਮੇਰੇ ਪਿੰਡ ਦਾ ਅਜਿਹਾ ਪੜ੍ਹਿਆ-ਲਿਖਿਆ ਤੇ ਮਿਹਨਤੀ ਕਿਸਾਨ ਹੈ ਜਿਸ ਨੇ ਆਪਣੇ ਭਰਾਵਾਂ ਦੇ ਸਹਿਯੋਗ ਨਾਲ ਆਪਣੀ ਪਿਤਾ-ਪੁਰਖੀ ਜਾਇਦਾਦ ਨੂੰ ਜ਼ਰਬਾਂ ਦਿੱਤੀਆਂ ਹਨ। ਇਸ ਵੇਲ਼ੇ ਉਹਨਾਂ ਕੋਲ਼ ਲੱਗ-ਭੱਗ 80 ਏਕੜ ਜ਼ਮੀਨ ਹੈ ਜੋ ਪਿੰਡ ਵਿੱਚ ਸਭ ਤੋਂ ਜਿਆਦਾ ਹੈ। ਇਸ ਬੁਲੰਦੀ ਤੱਕ ਪਹੁੰਚਣ ਦਾ ਸਿਹਰਾ ਉਹਨਾਂ ਦੀ ਸਖ਼ਤ ਮਿਹਨਤ, ਜ਼ਬਤ ਤੇ ਸੰਜਮ ਵਾਲੀ ਜੀਵਨ-ਪੱਧਤੀ ਨੂੰ ਜਾਂਦਾ ਹੈ ਜਿਸ ਵਿੱਚ ਫ਼ਜ਼ੂਲ-ਖ਼ਰਚੀ ਨੂੰ ਭੋਰਾ ਵੀ ਥਾਂ ਹਾਸਲ ਨਹੀਂ ਹੈ। ਮੈਂ ਉਹਨਾਂ ਦੀ ਇਸ ਸਫ਼ਲਤਾ ਤੇ ਉਹਨਾਂ ਨੂੰ ਸ਼ੁੱਭ-ਕਾਮਨਾਵਾਂ ਭੇਟ ਕਰਦਾ ਹਾਂ ਤੇ ਆਸ ਕਰਦਾ ਹਾਂ ਕਿ ਮੇਰੇ ਪਿੰਡ ਦੇ ਹੋਰ ਲੋਕ ਉਹਨਾਂ ਤੋਂ ਸਿੱਖਦੇ ਹੋਏ ਹੋਰ ਅੱਗੇ ਵਧਣ ਲਈ ਹੰਭਲਾ ਮਾਰਨਗੇ।

## 14. ਮੌਜੂਦਾ ਪੀੜ੍ਹੀ ਦੇ ਅਧਿਆਪਕ :-

ਮੌਜੂਦਾ ਪੀੜ੍ਹੀ ਚੋਂ ਰਣਜੀਤ ਸਿੰਘ ਪੁੱਤਰ ਸਵ: ਮਾਸਟਰ ਜਸਬੀਰ ਸਿੰਘ ਅਧਿਆਪਕ, ਮਨਦੀਪ ਕੌਰ ਪਤਨੀ ਜਸਕਰਨਜੀਤ ਸਿੰਘ ਥੇਹ ਵਾਲਾ, ਹਰਪ੍ਰੀਤ ਕੌਰ ਪੁਤਰੀ ਮਾ: ਕਾਰਜ ਸਿੰਘ, ਸ਼ਰਨਜੀਤ ਕੌਰ ਪੁਤਰੀ ਕਾ: ਸੁਖਦੇਵ ਸਿੰਘ ਤੇ ਕੰਵਲਪ੍ਰੀਤ ਕੌਰ ਪੁਤਰੀ ਮਾਸਟਰ ਜਸਵਿੰਦਰ ਸਿੰਘ ਸਰਕਾਰੀਆ ਪੰਜਾਬ ਸਿੱਖਿਆ ਵਿਭਾਗ ਵਿੱਚ ਬਤੌਰ ਅਧਿਆਪਿਕਾ ਕੰਮ ਕਰ ਰਹੀਆਂ ਹਨ। ਪਿਛਲੇ ਕੁਝ ਸਾਲਾਂ ਤੋਂ ਸਰਕਾਰੀ ਵਿਭਾਗਾਂ ਵਿੱਚ ਭਰਤੀ ਦੀਆਂ ਸੇਵਾ-ਸ਼ਰਤਾਂ ਸਖ਼ਤ ਹੋਣ ਕਾਰਨ ਪਿੰਡ ਦੀਆਂ ਕੁਝ ਨੂੰਹਾਂ-ਧੀਆਂ ਸਰਕਾਰੀ ਨੌਂਕਰੀ ਹਾਸਲ ਨਹੀਂ ਕਰ ਸਕੀਆਂ ਤੇ ਪ੍ਰਾਈਵੇਟ ਸਕੂਲਾਂ ਵਿੱਚ ਅਧਿਆਪਕ ਵਜੋਂ ਕੰਮ ਕਰ ਰਹੀਆਂ ਹਨ। ਬੀਬਾ ਕੋਮਲਪ੍ਰੀਤ ਕੌਰ ਪਤਨੀ ਸ੍ਰ. ਪਵਨਦੀਪ ਸਿੰਘ (ਦਸੀਂਹ ਪਰਿਵਾਰ) ਐਲ.ਐਲ.ਬੀ. ਪਾਸ ਹੈ ਤੇ ਇਸ ਵੇਲ਼ੇ ਜ਼ਿਲ੍ਹਾ ਕਚਹਿਰੀਆਂ (ਤਰਨਤਾਰਨ) ਵਿੱਚ ਬਤੌਰ ਐਡਵੋਕੇਟ ਕੰਮ ਕਰ ਰਹੀ ਹੈ।

## 15. ਹੋਰ ਵਿਭਾਗਾਂ ਦੇ ਕਰਮਚਾਰੀ

ਸ੍ਰ. ਬਲਵੰਤ ਸਿੰਘ ਤੇ ਸ੍ਰ. ਗਿਆਨ ਸਿੰਘ (ਪੱਤੀ ਨਾਹਰ ਕੀ) ਦੋਵੇਂ ਪੀ.ਡਬਲਿਯੂ.ਡੀ. ਵਿਭਾਗ (ਡਰੇਨੇਜ਼) ਵਿੱਚ ਕਈ ਸਾਲ ਨੌਂਕਰੀ ਕਰਕੇ ਪੈਨਸ਼ਨ ਲੈਂਦੇ ਰਹੇ ਹਨ। ਗਿਆਨ ਸਿੰਘ ਤਾਂ ਇੱਕ ਵਾਰ ਬਲਾਕ ਸੰਮਤੀ ਤਰਨਤਾਰਨ ਦਾ ਮੈਂਬਰ ਵੀ ਚੁਣਿਆ ਗਿਆ ਸੀ। ਦੋਵੇਂ ਕੁਝ ਸਾਲ ਪਹਿਲਾਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਹਨ। ਇਸ ਪੱਤੀ ਚੋਂ ਸ੍ਰ, ਅਰਜਣ ਸਿੰਘ ਤੇ ਦਲਬੀਰ ਸਿੰਘ ਵੀ ਉਕਤ ਵਿਭਾਗ ਵਿੱਚ ਕੰਮ ਕਰਦੇ ਰਹੇ ਹਨ। ਮੇਵਾ ਸਿੰਘ ਫੌਜੀ ਦਾ ਵੱਡਾ ਭਰਾ ਜਗੀਰ ਸਿੰਘ ਜੋ ਪਿਛਲੇ ਸਾਲ ਸਵਰਗਵਾਸ ਹੋ ਗਿਆ ਹੈ, ਵੀ ਪੀ.ਡਬਲਿਯੂ.ਡੀ. ਵਿਭਾਗ (ਸੜਕਾਂ) ਚੋਂ ਸੇਵਾ-ਮੁਕਤ ਹੋਇਆ ਸੀ। ਉਸ ਦਾ ਪਰਿਵਾਰ ਤਰਨਤਾਰਨ ਸ਼ਹਿਰ 'ਚ ਰਹਿੰਦਾ ਹੈ। ਅਰਜਨ ਸਿੰਘ ਦਾ ਬੇਟਾ ਗੁਰਸੇਵਕ ਸਿੰਘ



Scanned with OKEN Scanner

ਹੁਣ ਇਸ ਵਿਭਾਗ ਵਿੱਚ ਕੰਮ ਕਰ ਰਿਹਾ ਹੈ। ਇਸੇ ਪੱਤੀ ਚੋਂ ਸੂਬੇਦਾਰ ਜਗੀਰ ਸਿੰਘ ਨਾਹਰ ਜੋ ਕੁਝ ਸਾਲ ਪਹਿਲਾਂ ਸਵਰਗ ਸਿਧਾਰ ਗਿਆ ਸੀ, ਦਾ ਬੇਟਾ ਜਗਤਾਰ ਸਿੰਘ ਸਹਾਇਕ ਬੈਂਕ ਮੈਨੇਜਰ ਹੈ ਤੇ ਤਰਨਤਾਰਨ ਰਹਿੰਦਾ ਹੈ। ਉਸ ਦੀ ਪਤਨੀ ਸ੍ਰੀ ਮਤੀ ਵੀਣਾ ਕੁਮਾਰੀ ਵੀ ਸਕੂਲ ਅਧਿਆਪਕਾ ਹੈ। ਪੱਤੀ ਸੁਰਸਿੰਘੀਆਂ ਦੀ ਚੋਂ ਸ੍ਰ. ਸੁਰਜਨ ਸਿੰਘ ਤੇ ਪੂਰਨ ਸਿੰਘ ਵੀ ਪੀ.ਡਬਲਿਊ.ਡੀ. (ਸੜਕਾਂ) ਵਿੱਚ ਨੌਂਕਰੀ ਕਰਕੇ ਰਿਟਾਇਰ ਹੋਏ ਹਨ। ਸ੍ਰ. ਗੁਰਚਰਨ ਸਿੰਘ ਗੱਪੂ, ਬਲਵਿੰਦਰ ਸਿੰਘ, ਜਰਨੈਲ ਸਿੰਘ ਸਉਢਾ, ਕੁਲਦੀਪ ਸਿੰਘ ਤੇ ਕਸ਼ਮੀਰ ਸਿੰਘ ਵੀ ਬਿਜਲੀ ਬੋਰਡ ਚੋਂ ਸੇਵਾਮੁਕਤ ਹੋਏ ਹਨ। ਸਵਰਗਵਾਸੀ ਸ੍ਰ. ਜੋਗਿੰਦਰ ਸਿੰਘ ਕੋਆਪਰੇਟਿਵ ਵਿਭਾਗ ਚੋਂ ਰਿਟਾਇਰ ਹੋਇਆ ਸੀ। ਹਰਬੰਸ ਸਿੰਘ ਪੁੱਤਰ ਸ੍ਰ. ਸੰਪੂਰਨ ਸਿੰਘ ਨੇ ਫੌਜ ਵਿੱਚੋਂ ਕੈਟੇਗਰੀ ਪੈਨਸ਼ਨ ਲੈ ਕੇ ਬਿਜਲੀ ਬੋਰਡ ਵਿੱਚ ਨੌਂਕਰੀ ਕੀਤੀ ਹੈ। ਸ੍ਰ. ਰਜਿੰਦਰ ਸਿੰਘ ਪੁੱਤਰ ਸ੍ਰ. ਚੈਂਚਲ ਸਿੰਘ ਨੇ ਪੰਜਾਬ ਭੋਂ ਤੇ ਵਿੱਤ ਕਾਰਪੋਰੇਸ਼ਨ ਵਿੱਚ ਸੇਵਾ ਕੀਤੀ ਹੈ। ਜਦੋਂ ਪੰਜਾਬ ਵਿੱਚ ਕੋਆਪ੍ਰੇਟਿਵ ਅਦਾਰੇ ਮਿਲਕਫੈੱਡ ਦਾ ਉਭਾਰ ਹੋਇਆ ਤਾਂ ਹਰਭਜਨ ਸਿੰਘ ਪੁੱਤਰ ਸ੍ਰ. ਦਰਸ਼ਨ ਸਿੰਘ ਨੇ ਬਤੌਰ ਐਮ.ਪੀ.ਏ. (ਮਿਲਕ ਪ੍ਰਕਿਉਰਮੈਂਟ ਅਸਿਸਟੈਂਟ) ਮਿਲਕ-ਪਲਾਂਟ ਵੇਰਕਾ ਦੀ ਮੁਲਾਜ਼ਮਤ ਸ਼ੁਰੂ ਕੀਤੀ ਅਤੇ 2021 ਵਿੱਚ ਐਮ.ਪੀ.ਐਮ. (ਮੈਨੇਜਰ) ਵਜੋਂ ਰਿਟਾਇਰ ਹੋਇਆ। ਅਮਨਪ੍ਰੀਤ ਸਿੰਘ ਪੁੱਤਰ ਸ੍ਰ ਜਸਵਿੰਦਰ ਸਿੰਘ ਸਰਕਾਰੀਆ ਸਿਹਤ ਵਿਭਾਗ ਵਿੱਚ ਬਤੌਰ ਆਯੁਰਵੈਦਿਕ ਫਾਰਮਾਸਿਸਟ (ਉੱਪ ਵੈਦ) ਇਸ ਵੇਲ਼ੇ ਆਪਣੇ ਪਿੰਡ ਦੀ ਡਿਸਪੈਂਸਰੀ ਵਿੱਚ ਸੇਵਾ ਕਰ ਰਿਹਾ ਹੈ।

## 16. ਚਰਨਜੀਤ ਸਿੰਘ ਕਾਨੂੰਗੋ :-

ਚਰਨਜੀਤ ਸਿੰਘ ਸਾਡੇ ਪਿੰਡ ਵਿੱਚ ਮਜ਼ਦੂਰ ਪਰਿਵਾਰ ਚੋਂ ਪਹਿਲਾ ਨੌਜਵਾਨ ਸੀ ਜਿਸ ਨੇ ਸਕੂਲ ਦੀ ਪੜ੍ਹਾਈ ਮੁਕਾ ਕੇ ਪੰਜਾਬ ਸਰਕਾਰ ਦੇ ਮਾਲ ਵਿਭਾਗ ਵਿੱਚ ਬਤੌਰ ਪਟਵਾਰੀ ਨੌਂਕਰੀ ਜਾਇਨ ਕੀਤੀ। ਪਿੰਡ ਵਿਚਲੇ ਪੁਰਾਣੇ ਘਰਾਂ ਦੇ ਹਿਸਾਬ ਨਾਲ ਉਹ ਸਾਡੇ ਗਵਾਂਢੀ ਹਨ। ਉਹਨਾਂ ਦੇ ਪਰਿਵਾਰ ਨਾਲ ਸਾਡਾ ਬੜਾ ਸਾਂਝ-ਪਿਆਰ ਰਿਹਾ ਹੈ। ਉਸ ਦੇ ਪਿਤਾ, ਚਾਚਾ ਕਰਮ ਸਿੰਘ ਦਾ ਸ਼ੁਭਾਅ ਬੜਾ ਹਸਮੁਖ ਤੇ ਮਿਠਬੋਲੜਾ ਸੀ। ਇਸ ਕਾਰਨ ਹਲੀਮੀ ਤੇ ਨਿਮਰਤਾ ਉਹਨਾਂ ਨੂੰ ਵਿਰਾਸਤ ਵਿੱਚ ਹੀ ਮਿਲੀ ਹੈ। ਮੈਂ ਉਹਨਾਂ ਦੇ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਦੂਸਰਿਆਂ ਨਾਲ ਕਦੇ 'ਜੀ' ਤੋਂ ਬਗੈਰ ਬੋਲਦੇ ਨਹੀਂ ਸੁਣਿਆ। ਉਸ ਦਾ ਜਨਮ 15.01.1960 ਨੂੰ ਪਿਤਾ ਸ੍ਰ. ਕਰਮ ਸਿੰਘ ਤੇ ਮਾਤਾ ਪੂਰਨ ਕੌਰ ਦੇ ਘਰ ਹੋਇਆ। ਪੰਜਵੀਂ ਤੱਕ ਦੀ ਵਿਦਿਆ ਪਿੰਡ ਦੇ ਸਰਕਾਰੀ ਸਕੂਲ ਤੋਂ ਅਤੇ ਦਸਵੀਂ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਹਾਈ ਸਕੂਲ ਅਗਾੜਾ ਪਿਛਾੜਾ ਤੋਂ 1975 ਵਿੱਚ ਕੀਤੀ। ਬਾਰ੍ਹਵੀਂ ਜਮਾਤ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਹਾਇਰ ਸੈਕੰਡਰੀ ਸਕੂਲ



Scanned with OKEN Scanner

ਤਰਨਤਾਰਨ ਤੋਂ ਕੀਤੀ ਪਰ ਬੀ.ਏ. ਪਾਸ ਕਰਨ ਤੋਂ ਪਹਿਲਾਂ ਹੀ 1982 ਵਿੱਚ ਉਹ ਮਾਲ ਵਿਭਾਗ ਵਿੱਚ ਪਟਵਾਰੀ ਸਲੈਕਟ ਹੋ ਗਿਆ। ਸਰਵਿਸ ਦੌਰਾਨ ਉਹਦੀ 2015 ਵਿੱਚ ਫ਼ੀਲਡ ਕਾਨੂੰਗੋ ਵਜੋਂ ਤਰੱਕੀ ਹੋ ਗਈ।

ਇਸ ਦੌਰਾਨ ਉਹਨੇ ਫ਼ੀਲਡ ਕਾਨੂੰਗੋ ਦੀਆਂ ਸੇਵਾਵਾਂ ਦੇ ਨਾਲ ਜ਼ਿਲ੍ਹਾ ਹੈਡ ਕਵਾਟਰ ਤੇ ਪਟਵਾਰ-ਟੀਚਰ ਵਜੋਂ ਵੀ ਡਿਊਟੀ ਨਿਭਾਈ। 2018 ਵਿੱਚ ਸੇਵਾਮੁਕਤੀ ਤੋਂ ਬਾਅਦ ਉਹਨੂੰ ਸਰਕਾਰੀ ਨਿਯਮਾਂ ਅਧੀਨ ਨੌਂਕਰੀ 'ਚ ਦੋ ਸਾਲ ਦਾ ਵਾਧਾ ਮਿਲ ਗਿਆ। ਸਮੁੱਚੀ ਨੌਂਕਰੀ ਦੌਰਾਨ ਉਹਨੇ ਬੇਦਾਗ ਤੇ ਸ਼ਾਨਦਾਰ ਸੇਵਾ ਦਾ ਰਿਕਾਰਡ ਕਾਇਮ ਕੀਤਾ ਹੈ। ਉਹ ਆਪਣੀ ਵਿਭਾਗੀ ਜਥੇਬੰਦੀ 'ਦੀ ਰੈਵੇਨਿਊ ਪਟਵਾਰ ਯੂਨੀਅਨ, ਜ਼ਿਲ੍ਹਾ ਤਰਨਤਾਰਨ' ਦਾ ਆਗੂ ਵੀ ਰਿਹਾ ਹੈ। ਉਹ ਬਤੌਰ ਕਾਨੂੰਗੋ ਰਿਟਾਇਰ ਹੋਇਆ ਸੀ ਪਰ ਪਟਵਾਰੀਆਂ ਦੀ ਘਾਟ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਦੀ ਮੁੜ-ਨਿਯੁਕਤੀ ਦੀ ਪਲਿਸੀ ਅਧੀਨ ਉਹਨੂੰ ਹੋਰ ਸੇਵਾ ਕਰਨ ਦਾ ਮੌਕਾ ਮਿਲ ਗਿਆ ਹੈ।

ਉਸ ਦੀ ਸ਼ਾਦੀ ਸ੍ਰੀ ਮਤੀ ਦਲਬੀਰ ਕੌਰ ਨਾਲ 1979 ਵਿੱਚ ਹੋਈ। ਉਹਦੀਆਂ ਤਿੰਨ ਧੀਆਂ ਰਾਜਵਿੰਦਰ ਕੌਰ, ਪਲਵਿੰਦਰ ਕੌਰ ਤੇ ਦਵਿੰਦਰ ਕੌਰ ਨਰਸਿੰਗ ਦਾ ਕੋਰਸ ਕਰ ਕੇ ਸਮਾਜ ਦੀ ਸੇਵਾ ਕਰ ਰਹੀਆਂ ਹਨ ਤੇ ਤਿੰਨ ਬੇਟਿਆਂ ਚੋਂ ਖ਼ੁਸ਼ਪ੍ਰੀਤ ਸਿੰਘ ਪੰਜਾਬ ਸਿੱਖਿਆ ਵਿਭਾਗ ਵਿੱਚ ਬਤੌਰ ਟੀਚਰ, ਦੂਜਾ ਗੁਲਾਬਜੀਤ ਸਿੰਘ ਬਿਜਲੀ ਬੋਰਡ ਵਿੱਚ ਤੇ ਤੀਜਾ ਲਵਪ੍ਰੀਤ ਸਿੰਘ ਨਸ਼ਾ-ਛਡਾਊ ਕੇਂਦਰ ਵਿੱਚ ਸਿਹਤ ਕਰਮਚਾਰੀ ਵਜੋਂ ਕੰਮ ਕਰ ਰਿਹਾ ਹੈ। ਉਸ ਦਾ ਵੱਡਾ ਭਰਾ ਨਰੰਜਣ ਸਿੰਘ ਕਈ ਸਾਲ ਪਹਿਲਾਂ ਡੁਬੱਈ ਚਲਾ ਗਿਆ ਸੀ, ਦੋ ਭਰਾ ਨਵਜੀਤ ਸਿੰਘ ਤੇ ਨਰਾਇਣ ਸਿੰਘ ਪੀ ਐਸ ਪੀ ਸੀ ਐਲ ਵਿੱਚ ਬਤੌਰ ਲਾਇਨ-ਮੈਨ ਤੇ ਜੇ.ਈ. ਨੌਂਕਰੀ ਕਰਦੇ ਹਨ ਤੇ ਤੀਜਾ ਗੁਰਮੀਤ ਸਿੰਘ ਪੰਜਾਬ ਪੁਲਿਸ ਵਿੱਚ ਸੇਵਾ ਕਰ ਰਿਹਾ ਹੈ। ਇਸ ਸਮੇਂ ਚਰਨਜੀਤ ਸਿੰਘ ਪਰਿਵਾਰ ਸਮੇਤ ਤਰਨਤਾਰਨ ਸ਼ਹਿਰ 'ਚ ਰਹਿੰਦਾ ਹੈ ਤੇ ਤਿੰਨ ਭਰਾ ਵੀ ਉਹਦੇ ਘਰ ਕੋਲ ਆਪੋ ਆਪਣਾ ਮਕਾਨ ਬਣਾ ਕੇ ਰਹਿੰਦੇ ਹਨ।

## 17. ਸ੍ਰ. ਨਰਿੰਦਰ ਸਿੰਘ ਠਾਣੇਦਾਰ

ਸ੍ਰ. ਨਰਿੰਦਰ ਸਿੰਘ ਦਾ ਜਨਮ ਸ੍ਰ. ਗਿਆਨ ਸਿੰਘ ਦੇ ਘਰ ਪਿੰਡ ਮਾਣੋਚਾਹਲ ਕਲਾਂ ਵਿਖੇ ਹੋਇਆ। ਉਸ ਨੇ ਮੁਢਲੀ ਸਿੱਖਿਆ ਪਿੰਡ ਦੇ ਸਰਕਾਰੀ ਸਕੂਲ ਤੋਂ ਤੇ ਅਗਲੀ ਪੜ੍ਹਾਈ ਤਰਨਤਾਰਨ ਤੋਂ ਪ੍ਰਾਪਤ ਕੀਤੀ। ਪੜ੍ਹਾਈ ਪੂਰੀ ਕਰਕੇ ਉਹ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਿਆ। ਇਮਾਨਦਾਰੀ ਤੇ ਤਨਦੇਹੀ ਨਾਲ ਸੇਵਾ ਕਰਦਿਆਂ ਉਹ ਸਿਪਾਹੀ ਤੋਂ ਹੌਲਦਾਰ, ਹੌਲਦਾਰ ਤੋਂ ਸਹਾਇਕ ਇੰਸਪੈਕਟਰ ਦੀ ਪਦ-ਉਨਤੀ ਉਪ੍ਰੰਤ ਹੁਣ ਬਤੌਰ ਠਾਣੇਦਾਰ ਪੰਜਾਬ ਪੁਲੀਸ ਵਿੱਚ ਸੇਵਾ ਨਿਭਾ ਰਿਹਾ ਹੈ। ਉਹ ਮਜ਼ਦੂਰ ਘਰ ਚੋਂ ਉੱਠ ਕੇ



Scanned with OKEN Scanner

ਆਪਣੀ ਮਿਹਨਤ ਦੇ ਬਲ-ਬੋਤੇ ਇਸ ਆਹੁਦੇ ਤੱਕ ਪਹੁੰਚਿਆ ਮੇਰੇ ਪਿੰਡ ਦਾ ਦੂਸਰਾ ਰੌਸ਼ਨ ਚਿਰਾਗ ਹੈ। (ਸੰਪਰਕ ਕਰਨ ਤੇ ਵੀ ਬਹੁਤਾ ਵੇਰਵਾ ਨਹੀਂ ਮਿਲ ਸਕਿਆ)

## 18. ਗਾਇਕ-ਕਲਾਕਾਰ ਤੇ ਫ਼ਿਲਮੀ ਐਕਟਰ :-

ਸਟੇਜੀ ਕਲਾਕਾਰੀ ਤੇ ਗਾਇਕੀ ਦੇ ਖੇਤਰ ਵਿੱਚ ਵੀ ਮੇਰੇ ਪਿੰਡ ਦਾ ਯੋਗਦਾਨ ਮੂੰਹੋਂ ਬੋਲਦਾ ਹੈ। ਇਸ ਪਿੰਡ ਦੀ ਜੂਹ 'ਚ ਜੰਮਿਆ-ਪਲ਼ਿਆ ਸੁਖਵਿੰਦਰ ਸਿੰਘ ਉਰਫ਼ ਸੁੱਖੀ ਚਾਹਲ ਪੰਜਾਬੀ ਤੇ ਹਿੰਦੀ ਫ਼ਿਲਮਾਂ ਦਾ ਐਕਟਰ ਹੈ। ਪੰਜਾਬੀ ਰਹਿਤਲ ਨਾਲ ਜੁੜਿਆ ਹੋਣ ਕਰਕੇ ਤੇ ਪੰਜਾਬੀ ਸਭਿਆਚਾਰ ਤੇ ਪੇਂਡੂ ਮਹੌਲ ਤੋਂ ਜਾਣੂੰ ਹੋਣ ਕਾਰਨ ਉਹਦੀ ਪੇਸ਼ਕਾਰੀ ਫਿਲਮੀ ਕਹਾਣੀਆਂ ਵਿੱਚ ਰੂਹ ਫੂਕ ਦੇਂਦੀ ਹੈ। ਉਸ ਨੇ ਦਰਜਨਾਂ ਪੰਜਾਬੀ ਤੇ ਕੁਝ ਕੁ ਹਿੰਦੀ ਫ਼ਿਲਮਾਂ ਵਿੱਚ ਬੜੇ ਜਾਨਦਾਰ ਕਿਰਦਾਰ ਨਿਭਾਏ ਹਨ। ਉਸ ਦਾ ਬਚਪਨ ਪਿੰਡ ਮਾਣੋਚਾਹਲ ਦੀਆਂ ਗਲ਼ੀਆਂ ਵਿੱਚ ਬੀਤਿਆ। ਉਸ ਦੇ ਪਿਤਾ ਸ੍ਰ. ਜੋਗਿੰਦਰ ਸਿੰਘ ਕੋ-ਆਪ੍ਰੇਟਿਵ ਵਿਭਾਗ ਵਿੱਚ ਇੰਸਪੈਕਟਰ ਸਨ। ਸ੍ਰ. ਜੋਗਿੰਦਰ ਸਿੰਘ ਤੇ ਮਹਿੰਦਰ ਸਿੰਘ ਦੋ ਭਰਾ ਸਨ ਅਤੇ ਦੋਵ੍ਹਾਂ ਭਰਾਵਾਂ ਵਿੱਚ ਬੜਾ ਇਤਫ਼ਾਕ ਹੁੰਦਾ ਸੀ। ਹੁਣ ਦੋਹਾਂ ਚੋਂ ਕੋਈ ਵੀ ਮੌਜੂਦ ਨਹੀਂ ਹੈ। ਗੁਰਦੁਆਰਾ ਬਾਬਾ ਜੋਗੀ ਪੀਰ ਦੇ ਦੱਖਣ-ਪੱਛਮ ਵੱਲ ਨੂੰ ਕਰਕੇ ਚਾਰ ਕੁ ਕਿੱਲੇ ਹਟਵੀਂ ਉਹਨਾਂ ਦੀ ਬਹਿਕ ਹੈ ਜਿੱਥੇ ਕਈ ਸਾਲਾਂ ਤੋਂ ਉਹਨਾਂ ਦਾ ਪਰਿਵਾਰ ਰਹਿੰਦਾ ਹੈ। ਉਹਨਾਂ ਦਾ ਛੋਟਾ ਭਰਾ ਦਿਲਬਾਗ ਸਿੰਘ (ਬਿੱਲੂ) ਖੇਤੀ ਦਾ ਕੰਮ ਕਰਦਾ ਹੈ ਤੇ ਉਹਦੇ ਕੋਲ ਆਧੁਨਿਕ ਖੇਤੀ ਲਈ ਲੋੜੀਂਦੇ ਸਾਰੇ ਸੰਦ ਟ੍ਰੈਕਟਰ, ਟਰਾਲੀ ਆਦਿ ਮੌਜੂਦ ਹਨ।

ਸੁਖਵਿੰਦਰ ਸਿੰਘ ਨੇ ਮੁਢਲੀ ਸਿੱਖਿਆ ਪਿੰਡ ਦੇ ਸਕੂਲ ਅਤੇ ਤਰਨਤਾਰਨ ਦੇ ਸਕੂਲ ਤੋਂ ਪ੍ਰਾਪਤ ਕੀਤੀ। ਸਕੂਲ ਸਮੇਂ ਉਹ 1500 ਮੀਟਰ ਦੌੜ ਦਾ ਤੇਜ਼ ਦੌੜਾਕ ਸੀ ਤੇ ਉਹ ਖੇਡਾਂ ਦੇ ਖੇਤਰ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਨ ਦੀ ਇੱਛਾ ਰੱਖਦਾ ਸੀ। ਉਹ ਜ਼ਿਲ੍ਹੇ ਤੱਕ ਖੇਡਿਆ ਵੀ ਪਰ ਅਚਨਚੇਤ ਉਹਦਾ ਰੁਝਾਨ ਐਕਟਿੰਗ ਵੱਲ ਹੋ ਗਿਆ ਤੇ 1987 ਵਿੱਚ ਉਹਨੇ ਥਿਏਟਰ ਵੱਲ ਮੋੜਾ ਕੱਟ ਲਿਆ। ਹਰਜੀਤ ਕੰਗ ਤੇ ਸਰਦਾਰਜੀਤ ਬਾਵਾ ਦੀ ਮਿਹਰਬਾਨੀ ਨਾਲ ਉਹਨੂੰ ਦੂਰਦਰਸ਼ਨ ਤੇ ਥਿਏਟਰ ਵਿੱਚ ਕੰਮ ਮਿਲ ਗਿਆ। ਨਰਿੰਦਰ ਬੱਗਾ ਰਾਹੀਂ ਉਹਦਾ ਫ਼ਿਲਮਾਂ 'ਚ ਜਾਣ ਦਾ ਜੁਗਾੜ ਲੱਗ ਗਿਆ। ਉਹਨੇ ਆਪਣਾ ਕੈਰੀਅਰ 'ਪ੍ਰਦੇਸ਼', 'ਆਂਖੇਂ', '32 ਕਿ. ਮੀ. ਚਾਲੂ' ਤੇ 'ਅਨਫ਼ੇਅਰ ਲਵਲੀ', 'ਨੂਰਾਨੀ ਚਿਹਰਾ' ਵਰਗੀਆਂ ਹਿੰਦੀ ਫ਼ਿਲਮਾਂ ਤੋਂ ਸ਼ੁਰੂ ਕੀਤਾ। ਬਾਅਦ ਵਿੱਚ ਉਹਨੂੰ ਨਰਿੰਦਰ ਬੱਗਾ ਤੇ ਸਿਮਰਜੀਤ ਰਾਹੀਂ ਪੰਜਾਬੀ ਫ਼ਿਲਮਾਂ ਵਿੱਚ ਕੰਮ ਮਿਲ ਗਿਆ। ਉਹਨੇ 'ਸ਼ਰੀਕ -1', 'ਅੰਗਰੇਜ਼', 'ਨਿੱਕਾ ਜ਼ੈਲਦਾਰ', 'ਮੁਕਲਾਵਾ', 'ਪੁਵਾੜਾ', 'ਮਾਂ ਦਾ ਲਾਡਲਾ', 'ਵਿੱਚ ਬੋਲੂੰਗਾ ਤੇਰੇ', 'ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ' ਆਦਿ ਕਈ ਪੰਜਾਬੀ ਫ਼ਿਲਮਾਂ ਵਿੱਚ



Scanned with OKEN Scanner

ਬੜੇ ਜਾਨਦਾਰ ਕਿਰਦਾਰ ਨਿਭਾਏ ਹਨ। ਅੱਜ-ਕੱਲ੍ਹ ਸ਼ਾਇਦ ਉਹ ਪਰਿਵਾਰ ਸਮੇਤ ਮੁੰਬਈ ਵਿੱਚ ਰਹਿੰਦਾ ਹੈ।

ਇਸ ਪਿੰਡ ਦਾ ਇੱਕ ਹੋਰ ਕਲਾਕਾਰ ਗੁਰਦੇਵ ਸਿੰਘ ਪੁੱਤਰ ਸ੍ਰ. ਮਲੂਕ ਸਿੰਘ ਮਸ਼ਹੂਰ ਪੰਜਾਬੀ ਗਾਇਕ ਤੇ ਸਟੇਜੀ-ਕਲਾਕਾਰ ਹੈ। ਉਹ ਆਲ਼ੇ-ਦੁਆਲ਼ੇ ਦੇ ਪਿੰਡਾਂ ਵਿੱਚ ਵਿਆਹ-ਸ਼ਾਦੀਆਂ ਤੇ ਮੇਲਿਆਂ ਤੇ ਲਗਦੀਆਂ ਸਟੇਜਾਂ ਦਾ ਸ਼ਿੰਗਾਰ ਬਣ ਕੇ ਆਪਣੀ ਗਾਇਕੀ ਦੇ ਜੌਹਰ ਵਿਖਾਉਂਦਾ ਹੈ।

## 19. ਪੱਤਰਕਾਰ ਜਸਬੀਰ ਪੱਟੀ

ਪੱਤਰਕਾਰ ਜਸਬੀਰ ਪੱਟੀ ਪੁੱਤਰ ਸ੍ਰ ਗੁਰਦੀਪ ਸਿੰਘ ਪਟਵਾਰੀ ਪਰਿਵਾਰ ਸਮੇਤ ਆਪਣੇ ਸਹੁਰੇ ਪਿੰਡ ਮਾਣੋਚਾਹਲ ਕਲਾਂ ਵਿੱਚ ਰਹਿੰਦਾ ਹੈ। ਲਿਹਾਜ਼ਾ ਉਹ ਸਾਡੇ ਪਿੰਡ ਦਾ ਦਾਮਾਦ ਹੈ। ਉਸ ਦਾ ਜੱਦੀ ਪਿੰਡ ਮਰਗਿੰਦਪੁਰਾ ਹੈ। ਉਹਦੇ ਆਪਣੇ ਕਹਿਣ ਮੁਤਾਬਕ ਉਹ ਅੜ੍ਹਬ ਸੁਭਾਅ ਦਾ ਮਾਲਕ ਹੈ ਪਰ ਮੈਨੂੰ ਇੰਜ ਨਹੀਂ ਲਗਦਾ। ਉਹ ਗ੍ਰਿਹਸਥ ਦੇ ਫ਼ਿਕਰਾਂ ਤੋਂ ਅਜ਼ਾਦ ਮਸਤ-ਮੌਲਾ ਕਿਸਮ ਦਾ ਬੰਦਾ ਹੈ। ਉਹ ਕਈ ਸਾਲ ਪਹਿਲਾਂ ਤੋਂ ਪੱਟੀ, ਤਰਨਤਾਰਨ ਅਤੇ ਅੰਮ੍ਰਿਤਸਰ ਤੋਂ ਵੱਖ ਵੱਖ ਅਖ਼ਬਾਰਾਂ ਦੇ ਪੱਤਰਕਾਰ ਵਜੋਂ ਕੰਮ ਕਰਦਾ ਰਿਹਾ ਹੈ। ਵਰਨਣਯੋਗ ਹੈ ਕਿ ਉਸ ਤੋਂ ਮਗਰੋਂ ਪੈਦਾ ਹੋਏ ਕਈ ਪੱਤਰਕਾਰ ਆਪੋ-ਆਪਣੀ ਅਖ਼ਬਾਰ ਦੇ ਜ਼ਿਲ੍ਹਾ-ਪੱਧਰੀ ਰਿਪੋਰਟਰ ਜਾਂ ਪ੍ਰਤੀਨਿਧ ਬਣ ਕੇ ਏ.ਸੀ. ਦਫ਼ਤਰਾਂ 'ਚ ਬੈਠੇ ਹਨ ਪਰ ਉਹ ਅੱਜ ਤੱਕ ਸਧਾਰਨ ਪੱਤਰਕਾਰ ਦੇ ਤੌਰ ਤੇ ਖ਼ਬਰਾਂ ਭੇਜ ਕੇ ਸੰਤੁਸ਼ਟ ਰਿਹਾ ਹੈ। ਉਹਨੇ ਦੱਸਿਆ ਹੈ ਕਿ ਉਹ ਪੰਜਾਬੀ ਦੀਆਂ ਵੱਖ ਵੱਖ ਅਖ਼ਬਾਰਾਂ ਜਿਵੇਂ ਰੋਜ਼ਾਨਾ ਲੋਕ ਲਹਿਰ, ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ, ਸਪੋਕਸਮੈਨ, ਅੱਜ ਦੀ ਅਵਾਜ਼ ਤੇ ਜਨ-ਜਾਗ੍ਰਤੀ ਆਦਿ ਲਈ ਵੀ ਖ਼ਬਰਾਂ ਭੇਜਣ ਦਾ ਕੰਮ ਕਰਦਾ ਰਿਹਾ ਹੈ। ਮੈਂ ਅਕਸਰ ਉਹਨੂੰ ਤਰਨਤਾਰਨ ਸ਼ਹਿਰ ਵਿੱਚ ਕਾ: ਹੀਰਾ ਸਿੰਘ ਕੰਡਿਆਂ ਵਾਲੇ ਦੀ ਦੁਕਾਨ ਤੇ ਅਖ਼ਬਾਰਾਂ ਪੜ੍ਹਦਾ ਜਾਂ ਖ਼ਬਰਾਂ ਲਿਖਦਾ ਵੇਖਦਾ ਹਾਂ।

## 20. ਬਲਦੇਵ ਸਿੰਘ ਫੌਜੀ

ਬਲਦੇਵ ਸਿੰਘ ਫੌਜੀ ਦਾ ਜਨਮ ਪਿਤਾ ਸ੍ਰ. ਨਰੰਜਣ ਸਿੰਘ ਸਰਕਾਰੀਆ ਤੇ ਮਾਤਾ ਸ੍ਰੀਮਤੀ ਗੁਰਬਚਨ ਕੌਰ ਦੇ ਘਰ 1964 ਵਿੱਚ ਹੋਇਆ। ਮੁਢਲੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ ਤੋਂ ਕੀਤੀ ਅਤੇ 1981 ਵਿਚ ਦਸਵੀਂ ਪਾਸ ਕੀਤੀ। ਇਸ ਤੋਂ ਪਹਿਲਾਂ ਉਹਦਾ ਵੱਡਾ ਭਰਾ ਸੁਖਦੇਵ ਸਿੰਘ 1976 ਵਿੱਚ ਹੀ ਫੌਜ ਵਿੱਚ ਭਰਤੀ ਹੋ ਚੁੱਕਾ ਸੀ। ਉਹ 19 ਸਿੱਖ ਰੈਜਮੈਂਟ ਦਾ ਸਿਪਾਹੀ ਸੀ। ਹੱਡਾਂ-ਪੈਰਾਂ ਦਾ ਖੁੱਲ੍ਹਾ, ਖਾਣ-ਪੀਣ ਦਾ ਵੱਜਰੀ ਤੇ ਨਿਡਰ ਪੰਗੇਬਾਜ਼ ਹੋਣ ਕਾਰਨ ਸੁਖਦੇਵ ਸਿੰਘ ਆਪਣੇ ਸੀ.ਈ.ਓ. ਸੰਧੂ ਸਾਹਿਬ ਦੀਆਂ ਨਜ਼ਰਾਂ ਵਿੱਚ ਵਧੀਆ ਜਵਾਨ ਸੀ ਅਤੇ ਇਸ ਕਾਰਨ ਉਹਦੀ ਸੰਧੂ ਸਾਹਿਬ ਨਾਲ ਬੜੀ



Scanned with OKEN Scanner

ਬਣਦੀ ਸੀ। ਸੁਖਦੇਵ ਸਿੰਘ ਦੀ ਗਾਈਡੈਂਸ ਤੇ ਸੰਧੂ ਸਾਹਿਬ ਦੀ ਕਿਰਪਾ-ਦ੍ਰਿਸ਼ਟੀ ਨਾਲ ਪਿੰਡ ਦੇ ਤਿੰਨ ਹੋਰ ਨੌਜਵਾਨ-ਬਲਦੇਵ ਸਿੰਘ (ਸਕਾ ਭਰਾ), ਤਰਸੇਮ ਸਿੰਘ (ਚਚੇਰਾ ਭਰਾ) ਤੇ ਸੁਖਦੇਵ ਸਿੰਘ (ਮਾਸਟਰ ਦਰਸ਼ਨ ਸਿੰਘ ਦਾ ਛੋਟਾ ਭਰਾ) ਉਸੇ ਸਿੱਖ ਰਜਮੈਂਟ ਵਿੱਚ ਭਰਤੀ ਹੋ ਕੇ ਭਾਰਤੀ ਫੌਜ ਦੇ ਸਿਪਾਹੀ ਬਣ ਗਏ। ਸੁਰਜੀਤ ਸਿੰਘ ਮੱਢੂ ਪਹਿਲਾਂ ਹੀ ਇਸੇ ਯੂਨਿਟ ਵਿੱਚ ਤਾਇਨਾਤ ਸੀ ਤੇ ਉਸ ਸਮੇਂ ਇਹਨਾਂ ਫੌਜੀਆਂ ਦੀ ਜ਼ਬਾਨ ਤੇ ਇਹ ਗੱਲ ਆਮ ਹੁੰਦੀ ਸੀ ਕਿ ਇੱਕ ਪਿੰਡ ਦੇ ਪੰਜ ਫੌਜੀ ਜਵਾਨ ਇੱਕ ਥਾਂ, ਇੱਕ ਹੀ ਯੂਨਿਟ ਵਿੱਚ ਗੱਜਦੇ ਹਨ।

ਸੁਖਦੇਵ ਸਿੰਘ 18 ਸਾਲ ਪੂਰੇ ਕਰਕੇ 1994 ਵਿੱਚ ਪੈਨਸ਼ਨ ਆ ਗਿਆ ਤੇ ਆਪਣੇ ਲੜਕੇ ਗਗਨਦੀਪ ਸਿੰਘ ਨੂੰ ਉਸੇ ਸੈਂਟਰ ਰਾਮਗੜ੍ਹ ਵਿਖੇ ਭਰਤੀ ਕਰਵਾ ਦਿੱਤਾ। ਗਗਨਦੀਪ ਸਿੰਘ ਇਸ ਵੇਲੇ ਫੌਜੀ ਟਰੇਨਿੰਗ ਸੰਸਥਾ ਵਿੱਚ ਉਸਤਾਦ (ਇੰਸਟ੍ਰਕਟਰ) ਹੈ। ਬਲਦੇਵ ਸਿੰਘ ਕੋਈ ਸਰੀਰਿਕ ਵਿਘਨ ਪੈਣ ਕਾਰਨ ਬਹੁਤੀ ਤਰੱਕੀ ਨਾ ਕਰ ਸਕਿਆ ਤੇ ਸੰਨ 2005 ਵਿੱਚ 22 ਸਾਲ ਸੇਵਾ ਪੂਰੀ ਕਰਕੇ ਪੈਨਸ਼ਨ ਆ ਗਿਆ। ਰਿਟਾਇਰਮੈਂਟ ਤੋਂ ਬਾਅਦ ਉਹਨੇ ਖੇਤੀ ਦਾ ਕੰਮ ਸ਼ੁਰੂ ਕੀਤਾ। ਉਹਦਾ ਇੱਕ ਲੜਕਾ ਲਵਦੀਪ ਸਿੰਘ ਭਾਰਤੀ ਫੌਜ ਵਿੱਚ ਹੈ ਤੇ ਦੂਜਾ ਪ੍ਰਭਦੀਪ ਸਿੰਘ ਇਟਲੀ ਵਿਚ ਪੀ.ਆਰ. ਹੈ। ਇਸ ਕਾਰਨ ਛੋਟੀ ਕਿਸਾਨੀ ਚੋਂ ਉੱਠ ਕੇ ਆਪਣੀ ਸਿਆਣਪ ਤੇ ਯੋਗਤਾ ਕਾਰਨ ਉਹਨੇ ਅੱਜ ਚੰਗੀ ਪੁਜੀਸ਼ਨ ਹਾਸਲ ਕਰ ਲਈ ਹੈ। ਬਲਦੇਵ ਸਿੰਘ ਇੱਕ ਵਾਰ ਕਾਂਗਰਸ ਤੇ ਕਾਮਰੇਡਾਂ ਦੇ ਸਾਂਝੇ ਫਰੰਟ ਵੱਲੋਂ (2013-18) ਪਿੰਡ ਦਾ ਪੰਚਾਇਤ ਮੈਂਬਰ ਵੀ ਬਣਿਆ ਅਤੇ ਉਹਨੇ ਆਪਣੀ ਵਾਰਡ ਦੇ ਲੋੜਵੰਦਾਂ ਨੂੰ ਬੁਢਾਪਾ ਪੈਨਸ਼ਨਾ, ਮੁਫ਼ਤ ਅਨਾਜ ਲੈਣ ਵਾਲੇ ਕਾਰਡ ਤੇ ਹੋਰ ਮਿਲਣਯੋਗ ਸਰਕਾਰੀ ਸਹੂਲਤਾਂ ਦਿਵਾਉਣ ਲਈ ਭਰਪੂਰ ਯਤਨ ਕੀਤੇ। ਅਗਲੀ ਵਾਰ ਇਸ ਧੜੇ ਨਾਲ ਨਰਾਜ਼ ਹੋ ਕੇ ਉਹ ਆਮ ਆਦਮੀ ਪਾਰਟੀ ਵੱਲ ਝੁਕ ਗਿਆ। ਹੁਣ ਤੱਕ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਡੇਢ ਸਾਲ ਦਾ ਪੀਰੀਅਡ ਭਾਵੇਂ ਬਹੁਤਾ ਤਸੱਲੀਬਖ਼ਸ਼ ਨਹੀਂ ਰਿਹਾ ਪਰ ਅਜੇ ਵੀ ਉਹਦੀ ਹਮਦਰਦੀ ਉਹਨਾਂ ਨਾਲ ਹੀ ਹੈ।

❒



Scanned with OKEN Scanner

# ਕੁਝ ਹੋਰ ਮਾਣ-ਮੱਤੀਆਂ ਸ਼ਖ਼ਸੀਅਤਾਂ

### 1. ਸ੍ਰ. ਗੁਰਚਰਨ ਸਿੰਘ ਸ਼ਾਹ

ਸ੍ਰ. ਗੁਰਚਰਨ ਸਿੰਘ ਸ਼ਾਹ ਨਾਲ ਇਹ ਮੁਲਾਕਾਤ ਲੱਗ-ਭੱਗ ਇਕ ਸਾਲ ਪਹਿਲਾਂ ਕੀਤੀ ਗਈ ਸੀ। ਉਹ ਸਾਡੇ ਪਿੰਡ ਵਿੱਚ ਸਭ ਤੋਂ ਸੀਨੀਅਰ ਨਾਗਰਿਕ ਸਨ। ਇਸ ਲਈ ਪੁਸਤਕ ਦੀ ਸਮਗਰੀ ਸਬੰਧੀ ਉਹਨਾਂ ਨੂੰ ਮਿਲਣਾ ਜ਼ਰੂਰੀ ਸੀ। ਜਦੋਂ ਮੈਂ ਇਸ ਪੁਸਤਕ ਦੇ ਸਬੰਧੀ ਜਾਣਕਾਰੀ ਲੈਣ ਲਈ ਉਹਨਾਂ ਨੂੰ ਮਿਲਿਆ ਸਾਂ ਤਾਂ ਉਮਰ ਦੇ ਦਸਵੇਂ ਦਹਾਕੇ ਵਿੱਚਕਾਰ ਹੋਣ ਦੇ ਬਾਵਜੂਦ ਸ਼ਾਹ ਜੀ ਗੱਲ-ਬਾਤ ਵਿੱਚ ਚੁਸਤ ਅਤੇ ਬਿਨਾਂ ਕਿਸੇ ਸਹਾਰੇ ਦੇ ਤੁਰਨ ਫਿਰਨ ਦੇ ਸਮਰੱਥ ਸਨ ਪਰ ਪੁਸਤਕ ਦਾ ਖਰੜਾ ਮੁਕੰਮਲ ਹੋਣ ਤੋਂ ਪਹਿਲਾਂ ਹੀ ਅਚਨਚੇਤ 6 ਦਸੰਬਰ 2023 ਨੂੰ ਉਹਨਾਂ ਦੇ ਸਦੀਵੀ ਵਿਛੋੜਾ ਦੇ ਜਾਣ ਦੀ ਦੁਖਦਾਈ ਖ਼ਬਰ ਮਿਲੀ। ਉਹਨਾਂ ਦਾ ਜਨਮ 13.01.1929 ਨੂੰ ਇਸੇ ਪਿੰਡ ਵਿੱਚ ਸ੍ਰ. ਦੇਵਾ ਸਿੰਘ ਸ਼ਾਹ ਦੇ ਘਰ ਹੋਇਆ ਸੀ। ਉਹਨਾਂ ਪਿੰਡ ਦੇ ਸਕੂਲ ਤੋਂ ਛੇਵੀਂ ਜਮਾਤ ਪਾਸ ਕੀਤੀ। ਉਸ ਵੇਲ਼ੇ ਪਿੰਡ ਦਾ ਸਕੂਲ ਛੇਵੀਂ ਜਮਾਤ ਤੱਕ ਹੁੰਦਾ ਸੀ ਤੇ ਇਹਨਾਂ ਸਕੂਲਾਂ ਨੂੰ ਲੋਅਰ ਮਿਡਲ ਸਕੂਲ ਕਿਹਾ ਜਾਂਦਾ ਸੀ। ਸਕੂਲਾਂ ਵਿੱਚ ਉਰਦੂ ਵੀ ਪੜ੍ਹਾਇਆ ਜਾਂਦਾ ਸੀ। ਅਜ਼ਾਦੀ ਤੋਂ ਬਾਅਦ ਸਕੂਲਾਂ ਦਾ ਇਹ ਸਿਸਟਮ ਬਦਲ ਕੇ ਪੰਜਵੀਂ ਤੱਕ ਪ੍ਰਾਇਮਰੀ ਸਕੂਲ ਤੇ ਦਸਵੀਂ ਤੱਕ ਹਾਈ ਸਕੂਲ ਕਰ ਦਿੱਤਾ ਗਿਆ ਤੇ ਉਰਦੂ ਦੀ ਪੜ੍ਹਾਈ ਗੈਰ-ਮੁਸਲਮ ਇਲਾਕਿਆਂ ਵਿੱਚ ਬੰਦ ਕਰ ਦਿੱਤੀ ਗਈ। ਪੜ੍ਹਾਈ ਪੂਰੀ ਕਰਨ ਉਪ੍ਰੰਤ ਸ਼ਾਹ ਜੀ ਨੇ ਪਿਤਾ-ਪੁਰਖੀ ਖੇਤੀ ਦਾ ਧੰਦਾ ਅਪਨਾ ਕੇ ਆਪਣੇ ਬਾਪ ਤੋਂ ਖੇਤੀ ਦੀ ਕਮਾਨ ਸੰਭਾਲ਼ੀ। ਉਹਨਾਂ ਦੀ ਜ਼ੱਦੀ-ਪੁਸ਼ਤੀ ਜ਼ਮੀਨ ਵੀ ਕਾਫੀ ਸੀ ਪਰ ਮਿਹਨਤ ਕਰਕੇ ਉਹਨਾਂ ਨੇ 18-19 ਕਿੱਲੇ ਜ਼ਮੀਨ ਹੋਰ ਖ਼ਰੀਦੀ।

ਉਹਨਾਂ ਨੇ ਦੱਸਿਆ ਕਿ ਵੰਡ ਤੋਂ ਪਹਿਲਾਂ ਪਿੰਡ ਵਿੱਚ ਕਾਫੀ ਘਰ ਮੁਸਲਮਾਨਾਂ ਦੇ ਸਨ ਜਿਹਨਾਂ 'ਚ ਘੁਮਿਆਰ, ਨਾਈ, ਜੁਲਾਹੇ (ਛੀਂਬੇ), ਮਰਾਸੀ, ਖੋਜੇ, ਅਰਾਈ ਤੇ ਤੇਲੀ ਆਦਿ ਸ਼ਾਮਲ ਸਨ। ਦੇਸ਼ ਦੀ ਵੰਡ ਵੇਲੇ ਹੋਏ ਫਸਾਦਾਂ ਵਿੱਚ ਇੱਕ-ਅੱਧ ਘਟਨਾ ਤੋਂ ਬਿਨਾਂ ਪਿੰਡ 'ਚ ਹੋਰ ਕੋਈ ਨੁਕਸਾਨ ਨਹੀਂ ਹੋਇਆ ਸੀ। ਚਹੁੰ ਮੀਲਾਂ ਤੇ ਭੋਜੀਆਂ ਪਿੰਡ 'ਚ ਬਹੁਤ ਗੜਬੜ ਹੋਈ ਸੀ। ਸਾਡੇ ਪਿੰਡ ਬਾਨੀ ਕਿਆਂ ਦੇ ਕੈਲੇ ਤੇ ਜਰਨੈਲ ਨੇ ਇਕ ਮੁਸਲਮਾਨ ਜੱਗੂ ਤੇਲੀ ਨੂੰ ਮਾਰ ਕੇ ਉਹਦੀ ਘਰ ਵਾਲੀ ਨੂੰ ਆਪਣੇ ਘਰ ਵਸਾਉਣ ਦਾ ਬੱਜਰ ਗੁਨਾਹ



Scanned with OKEN Scanner

ਜ਼ਰੂਰ ਕੀਤਾ ਸੀ। ਇਹ ਸਾਰਾ ਪਰਿਵਾਰ ਕਈ ਸਾਲ ਪਹਿਲਾਂ ਤੋਂ ਪਿੰਡ ਛੱਡ ਕੇ ਹੋਰ ਕਿਧਰੇ ਚਲਾ ਗਿਆ ਹੈ।

ਰਾਜਨੀਤੀ ਦੇ ਖੇਤਰ ਵਿੱਚ ਸ਼ਾਹ ਹੋਰੀਂ ਮੁੱਢ ਤੋਂ ਹੀ ਅਕਾਲੀਆਂ ਵੱਲ ਝੁਕਾਅ ਰੱਖਦੇ ਸਨ। ਉਹਨਾਂ ਤਾ-ਉਮਰ ਸਾਬਕਾ ਕੈਬਨਿਟ ਮੰਤਰੀ ਸ੍ਰ. ਰਣਜੀਤ ਸਿੰਘ ਬ੍ਰਹਮਪੁਰਾ ਦਾ ਸਾਥ ਦਿੱਤਾ ਤੇ ਪਿੰਡ ਦੇ ਵਿਕਾਸ ਲਈ ਗਰਾਂਟਾਂ ਪ੍ਰਾਪਤ ਕੀਤੀਆਂ। ਉਹ ਦੋ ਵਾਰ ਪਿੰਡ ਦੇ ਸਰਪੰਚ ਚੁਣੇ ਗਏ। ਆਪਣੇ ਕਾਰਜ-ਕਾਲ ਵਿੱਚ ਉਹਨਾਂ ਪਿੰਡ ਦੀਆਂ ਗਲ਼ੀਆਂ-ਨਾਲੀਆਂ ਪੱਕੀਆਂ ਕਰਾਈਆਂ, ਸੂਏ ਤੇ ਪੁਲ਼ ਤੇ ਹੋਰ ਕਈ ਵਿਕਾਸ ਦੇ ਕੰਮ ਕਰਵਾਏ। ਉਮਰ ਦੇ ਆਖ਼ਰੀ ਪੜਾਅ ਵਿੱਚ ਵੀ ਉਹ ਏਨੇ ਹਿੰਮਤੀ ਅਤੇ ਦਲੇਰੀ ਵਾਲ਼ੇ ਸਨ ਕਿ ਮੈਂ ਦੂਜੀ ਵਾਰ ਉਹਨਾਂ ਤੋਂ ਇੱਕ ਉਰਦੂ ਦੀ ਲਿਖਤ ਪੜ੍ਹਾਉਣ ਗਿਆ ਤਾਂ ਕਹਿਣ ਲੱਗੇ, "ਲਿਖਤ ਅਸਲੀ ਹੋਵੇ ਤਾਂ ਸੌਖੀ ਪੜ੍ਹੀ ਜਾ ਸਕਦੀ ਹੈ। " ਮੈਂ ਦੱਸਿਆ ਕਿ 2006 ਵਿੱਚ ਤਰਨਤਾਰਨ ਵੱਖਰਾ ਜ਼ਿਲ੍ਹਾ ਬਣਨ ਪਿੱਛੋਂ ਸਾਰਾ ਰਿਕਾਰਡ ਮਾਲ ਮਹਿਕਮਾ ਅੰਮ੍ਰਿਤਸਰੋਂ ਚੁੱਕ ਲਿਆਇਆ ਸੀ ਪਰ ਬੋਰੇ ਭਰ ਕੇ ਇੱਕ ਕਮਰੇ 'ਚ ਰੱਖ ਛੱਡਿਆ ਹੈ, ਰੁਖ਼-ਸਿਰ ਨਹੀਂ ਕੀਤਾ। ਇਸ ਕਰਕੇ ਉੱਥੋਂ ਲੱਭਣਾ ਨਹੀਂ। ਕਹਿੰਦੇ ਮੈਂ ਚੱਲਦਾਂ ਤੇਰੇ ਨਾਲ, ਦੋਵੇਂ ਰਲ਼ ਕੇ ਲੱਭਾਂਗੇ। ਮੈਂ ਕਿਹਾ, "ਨਹੀਂ ਮੁਸ਼ਕਿਲ ਹੈ।" ਕਹਿਣ ਲੱਗੇ, "ਮੇਰੇ ਵੱਲੋਂ ਨਾਂਹ ਕੋਈ ਨਹੀਂ, ਅੱਗੇ ਤੇਰੀ ਮਰਜੀ।" ਮੈਂ ਉਸ ਹਿੰਮਤੀ ਬੰਦੇ ਦੀ ਆਤਮਿਕ ਸ਼ਾਂਤੀ ਲਈ ਦੁਆ ਕਰਦਾ ਹਾਂ।

ਉਹਨਾਂ ਦਾ ਇਕ ਲੜਕਾ ਬਲਕਾਰ ਸਿੰਘ ਸ਼੍ਰੋਮਣੀ ਗੁਰਦੁਆਰਾ ਕਮੇਟੀ ਅਧੀਨ ਲੰਬਾ ਸਮਾਂ ਸੇਵਾ ਕਰਕੇ ਰਿਟਾਇਰ ਹੋਇਆ ਹੈ ਜੋ ਤਰਨਤਾਰਨ ਸ਼ਹਿਰ ਜਾ ਵੱਸਿਆ ਹੈ। ਸਤਨਾਮ ਸਿੰਘ, ਅਵਤਾਰ ਸਿੰਘ ਤੇ ਮੁਖਤਾਰ ਸਿੰਘ ਤਿੰਨ ਭਰਾ ਖੇਤਾਂ ਵਿੱਚ ਬਹਿਕ ਤੇ ਰਹਿੰਦੇ ਹਨ ਤੇ ਖੇਤੀ ਦਾ ਕੰਮ ਕਰਦੇ ਹਨ।

## 2. ਸ੍ਰ. ਸਕੱਤਰ ਸਿੰਘ ਲੰਮਾ

ਸ੍ਰ. ਸਕੱਤਰ ਸਿੰਘ ਪੁੱਤਰ ਸ੍ਰ. ਅਜੀਤ ਸਿੰਘ (ਲੰਮੇ) ਸਾਡੇ ਪਿੰਡ ਦਾ ਇਕ ਸਫਲ ਕਿਸਾਨ ਹੈ। ਗੋਰਾ ਰੰਗ, ਛੇ ਫੁੱਟਾ ਜਵਾਨ ਤੇ ਭਰਵੇਂ ਜੁੱਸੇ ਵਾਲਾ, ਹਾਜ਼ਰ-ਦਿਮਾਗ ਤੇ ਸਿੱਖ ਇਤਿਹਾਸ ਬਾਰੇ ਡੂੰਘੀ ਦਿਲਚਸਪੀ ਤੇ ਜਾਣਕਾਰੀ ਰੱਖਣ ਵਾਲ਼ੇ ਇਸ ਸਾਊ ਬੰਦੇ ਦਾ ਜਨਮ ਪਿੰਡ ਮਾਣੋਚਾਹਲ ਵਿਖੇ 5 ਪੋਹ 1940 ਨੂੰ ਹੋਇਆ ਸੀ। ਉਹਨੇ ਪੰਜਵੀਂ ਜਮਾਤ ਤੱਕ ਪੜ੍ਹਾਈ ਕਰਕੇ ਪਿਤਾ-ਪੁਰਖੀ ਖੇਤੀ ਦੇ ਕੰਮ ਨੂੰ ਤਰਜੀਹ ਦਿੱਤੀ। ਨਿੱਕੇ ਹੁੰਦਿਆਂ ਮੈਂ ਉਹਨੂੰ ਬਾਬਾ ਜੋਗੀ ਪੀਰ ਦੇ ਮੇਲੇ ਤੇ ਲਗਦੇ ਦੀਵਾਨ ਵਿੱਚ ਸਟੇਜ-ਸਕੱਤਰ ਵਜੋਂ ਬੋਲਦੇ ਸੁਣਿਆ ਸੀ। ਉਹ ਆਪਣੇ ਸਮੇਂ ਦਾ ਕਬੱਡੀ ਦਾ ਵਧੀਆ ਖਿਡਾਰੀ ਰਿਹਾ ਹੈ। ਉਹਨਾਂ ਕੋਲ ਜ਼ਮੀਨ ਦੀ ਮਾਲਕੀ ਵੱਡੀ ਸੀ ਤੇ ਵਾਹੀ ਵੀ ਵੱਡੀ। ਇਸ ਸਮੇਂ ਉਹ ਆਪਣੇ ਖੇਤਾਂ ਵਿੱਚ ਬਣਾਏ ਸ਼ਾਨਦਾਰ ਆਧੁਨਿਕ ਫ਼ਾਰਮ ਹਾਊਸ 'ਚ ਪਰਿਵਾਰ ਸਮੇਤ



Scanned with OKEN Scanner

ਰਹਿੰਦਾ ਹੈ। ਉਹਦਾ ਇਕ ਲੜਕਾ ਤਲਵਿੰਦਰ ਸਿੰਘ (ਰਾਜਾ) ਕੈਨੇਡਾ ਦਾ ਪੀ.ਆਰ. ਹੈ ਤੇ ਦੂਜਾ ਗੁਰਿੰਦਰ ਸਿੰਘ (ਲਾਡਾ) ਆਪਣੇ ਬਾਪ ਦੇ ਨਕਸ਼ੇ ਕਦਮਾਂ ਤੇ ਚੱਲਦਿਆਂ ਇਕ ਸਫ਼ਲ ਕਿਸਾਨ ਹੋਣ ਦਾ ਰੁਤਬਾ ਰੱਖਦਾ ਹੈ। ਉਹਦੇ ਕੋਲ ਖੇਤੀ ਕਰਨ ਲਈ ਵੱਡਾ ਟਰੈਕਟਰ, ਨਾਲ ਲੋੜੀਂਦੀ ਹਰ ਤਰ੍ਹਾਂ ਦੀ ਮਸ਼ੀਨਰੀ ਤੇ ਇਕ ਹਾਰਵੈਸਟਿੰਗ ਕੰਬਾਈਨ ਹੈ ਜਿਸ ਨਾਲ ਕਣਕ-ਝੋਨੇ ਦੇ ਸੀਜ਼ਨ ਵਿੱਚ ਉਹ ਪੰਜਾਬ ਵਿੱਚ ਤੇ ਬਾਹਰ ਯੂ.ਪੀ. ਸੀ.ਪੀ. ਤੱਕ ਵੀ ਫ਼ਸਲ ਦੀ ਹਾਰਵੈਸਟਿੰਗ ਕਰਕੇ ਕਮਾਈ ਕਰਦਾ ਹੈ। ਲਵੇਰੇ ਡੰਗਰਾਂ ਤੋਂ ਬਿਨਾਂ ਉਹਨੇ ਇੱਕ ਹੌਰਸ-ਬਰੀਡਿੰਗ ਫ਼ਾਰਮ ਵੀ ਬਣਾ ਰੱਖਿਆ ਹੈ। ਉਹਨੂੰ ਵਧੀਆ ਨਸਲ ਦੀਆਂ ਘੋੜੀਆਂ ਤੇ ਘੋੜੇ ਪਾਲਣ ਤੇ ਇਹਨਾਂ ਦਾ ਵਪਾਰ ਕਰਨ ਦਾ ਸ਼ੌਕ ਹੈ। ਖੇਤੀ ਤੇ ਹੋਰ ਘਰੇਲੂ ਕੰਮਾਂ ਲਈ ਉਹਨੇ ਨੌਂਕਰ ਰੱਖੇ ਹੋਏ ਹਨ।

ਮੈਂ ਜਦੋਂ ਇਸ ਪੁਸਤਕ ਲਈ ਲੋੜੀਂਦੀ ਸਮਗਰੀ ਇਕੱਠੀ ਕਰਨ ਦੇ ਸਬੰਧ 'ਚ ਸ੍ਰ. ਸਕੱਤਰ ਸਿੰਘ ਨੂੰ ਮਿਲਣ ਗਿਆ ਤਾਂ ਉਹ ਮਿਲ ਕੇ ਬੜਾ ਖ਼ੁਸ਼ ਹੋਇਆ। ਸਿਹਤ ਠੀਕ ਨਾ ਹੋਣ ਦੇ ਬਾਵਜੂਦ ਅੱਧਾ-ਪੌਣਾ ਘੰਟਾ ਮੇਰੇ ਕੋਲ ਬਹਿ ਕੇ ਉਹਨੇ ਮੈਨੂੰ ਬੀਤੇ ਦੀਆਂ ਗੱਲਾਂ ਸੁਣਾਈਆਂ। ਉਹਨੇ 1946 ਵਿੱਚ ਹੋਏ ਪਿੰਡ ਦੇ ਮੋਹਤਬਰ ਬੂਟਾ ਸਿੰਘ ਗਿੱਲ ਦੇ ਹੋਏ ਕਤਲ ਬਾਰੇ ਦੱਸਿਆ ਕਿ ਇਹ ਕਤਲ ਸਿਰਫ਼ ਚੌਧਰ ਦੀ ਲੜਾਈ ਦਾ ਸਿੱਟਾ ਸੀ। ਦੇਸ਼-ਵੰਡ ਤੋਂ ਪਹਿਲਾਂ ਪਿੰਡ 'ਚ ਰਹਿੰਦੇ ਰੋਸ਼ਨ ਅਰਾਈਂ, ਬੱਦਾ ਖ਼ੋਜਾ ਤੇ ਪੂਜੀ ਨਾਂ ਦੇ ਮੁਸਲਮਾਨਾਂ ਬਾਰੇ ਦੱਸਿਆ। ਇਹ ਵੀ ਦੱਸਿਆ ਕਿ ਨੂਰ ਪੁਰ ਨੂੰ ਜਾਣ ਵਾਲ਼ੀ ਕੱਚੀ ਸੜਕ ਤੇ ਪਿੰਡ ਦੀ ਫਿਰਨੀ ਤੋਂ ਦੋ ਕੁ ਕਿੱਲੇ ਹਟਵਾਂ ਪੁਰਾਣਾ ਭੱਠਾ ਹੁੰਦਾ ਸੀ ਤੇ ਭੱਠੇ ਦੇ ਪਿਛਲੇ ਪਾਸੇ ਮੁਸਲਮਾਨਾਂ ਦੀ ਇੱਕ ਮਸੀਤ ਹੁੰਦੀ ਸੀ। ਬੰਦ ਪਏ ਭੱਠੇ ਦੇ ਖੰਡਰ ਤਾਂ ਮੈਂ ਵੀ ਵੇਖੇ ਹਨ ਪਰ ਮਸੀਤ ਕਿਤੇ ਸਾਡੀ ਸੰਭਾਲ ਤੋਂ ਪਹਿਲਾਂ ਢਹਿ ਗਈ ਜਾਂ ਢਾਹ ਦਿੱਤੀ ਗਈ ਹੋਵੇਗੀ। ਇਸ ਭੱਠੇ ਤੇ ਮਸੀਤ ਵਾਲ਼ੀ ਥਾਂ ਮੈਂ ਅੱਧੇ ਕੁ ਪਿੰਡ ਦੀਆਂ ਕੁੜੀਆਂ ਵੱਲੋਂ ਲਾਈਆਂ ਤੀਆਂ ਦੀਆਂ ਰੌਣਕਾਂ ਵੀ ਵੇਂਹਦਾ ਰਿਹਾ ਹਾਂ। ਨੂਰ ਪੁਰ ਨੂੰ ਜਾਣ ਵਾਲੀ ਇਹ ਸੜਕ 1970 ਤੋਂ ਪਹਿਲਾਂ ਕੱਚੀ ਹੁੰਦੀ ਸੀ। ਬਾਅਦ ਵਿੱਚ ਮੰਡੀ-ਬੋਰਡ ਵੱਲੋਂ ਪੱਕੀ ਕੀਤੀ ਗਈ। ਉਹਨੇ ਦੱਸਿਆ ਕਿ 1955 ਦੇ ਹੜਾਂ ਤੋਂ ਬਾਅਦ ਪਿੰਡ ਵਾਲ਼ੀ ਡਰੇਨ ਦੀ ਕਰੇਨਾਂ ਰਾਹੀਂ ਖਲਾਈ ਕੀਤੀ ਗਈ ਸੀ, ਇਸ ਤੋਂ ਪਹਿਲਾਂ ਇਹ ਰੋਹੀ ਇਕ ਕੁਦਰਤੀ ਵਹਿਣ ਹੀ ਸੀ।

ਉਹਨੇ ਪੁਰਾਣੇ ਸਮਿਆਂ 'ਚ ਪਿੰਡ ਦੀਆਂ ਰਿਵਾਇਤੀ ਫ਼ਸਲਾਂ, ਖੇਤੀ-ਵਾਹੀ ਦੇ ਕੰਮ 'ਚ ਆਪਸੀ ਮਿਲਵਰਤਨ ਤੇ ਭਾਈਚਾਰਾ, ਲੋਕਾਂ ਦੇ ਘਰ-ਬਾਹਰ, ਰਹਿਣ-ਸਹਿਣ, ਸਬਰ-ਸੰਤੋਖ ਵਾਲਾ ਜੀਵਨ ਤੇ ਕਰੜੀ-ਘਾਲ ਕਮਾਈ ਕਰਨ ਬਾਰੇ ਜਾਣਕਾਰੀ ਦਿੱਤੀ। ਉਹਨੇ ਦੱਸਿਆ ਕਿ ਕਿਸੇ ਵੇਲ਼ੇ ਪਿੰਡ 'ਚ ਸਭ ਤੋਂ ਵੱਡੀ ਵਾਹੀ ਸੋਹਣ ਸਿੰਘ ਗੱਪੂ ਦੀ ਹੁੰਦੀ ਸੀ ਤੇ ਉਹ ਪਹਿਲਾ ਬੰਦਾ ਸੀ ਜਿਹਨੇ ਆਪਣੀ ਧੀ ਜੋ ਬਾਹਮਣੀ ਵਾਲੇ ਵਿਆਹੀ



Scanned with OKEN Scanner

ਹੋਈ ਸੀ, ਨੂੰ ਵੀ ਆਪਣੀ ਜਾਇਦਾਦ 'ਚੋਂ ਹਿੱਸਾ ਦਿੱਤਾ ਸੀ। ਉਹਨੇ ਇਹ ਵੀ ਦੱਸਿਆ ਕਿ ਬਾਬੇ ਜੋਗੀ ਪੀਰ ਦੀ ਰੱਖ (ਜੰਗਲ) ਪਹਿਲਾਂ ਵੱਡੀ ਹੁੰਦੀ ਸੀ, ਹੁਣ ਕੁਝ ਘਟ ਗਈ ਹੈ। ਸ੍. ਸਕੱਤਰ ਸਿੰਘ ਗੁਰੂ ਘਰ ਦਾ ਪ੍ਰੇਮੀ ਹੈ ਤੇ ਉਹਦੀ ਰਿਹਾਇਸ਼ ਗੁਰਦੁਆਰਾ ਬਾਬਾ ਜੋਗੀਪੀਰ ਦੇ ਨੇੜੇ ਹੋਣ ਕਰਕੇ ਅਕਸਰ ਗੁਰਦੁਆਰੇ ਜਾਂਦਾ ਰਹਿੰਦਾ ਹੈ। ਦੁਆ ਕਰਦਾ ਹਾਂ ਕਿ ਉਹ ਤੰਦਰੁਸਤੀ ਵਾਲ਼ੀ ਲੰਮੀ ਉਮਰ ਹੰਢਾਵੇ।

### 3. ਸ੍. ਆਤਮਾ ਸਿੰਘ ਬਾਰ ਵਾਲ਼ਾ

ਪਿੰਡ ਦੀ ਨਾਮਵਰ ਸ਼ਖਸੀਅਤ ਸ੍. ਆਤਮਾ ਸਿੰਘ ਬਾਰ ਵਾਲੇ ਦਾ ਜਨਮ 1935 ਵਿੱਚ ਸ੍. ਮੂਲਾ ਸਿੰਘ ਦੇ ਗ੍ਰਹਿ ਵਿਖੇ ਹੋਇਆ। ਅਜੇ ਛੋਟੇ ਹੀ ਸਨ ਕਿ ਉਹਨਾਂ ਨੂੰ ਚੱਕ ਨੰ: 3, ਜ਼ਿਲ੍ਹਾ ਸ਼ੇਖੂਪੁਰਾ ਪਾਕਿਸਤਾਨ ਦੀ ਬਾਰ ਵਿੱਚ ਜ਼ਮੀਨ ਦਾ ਮੁਰੱਬਾ ਅਲਾਟ ਹੋ ਗਿਆ ਤੇ ਉਹ ਪਰਿਵਾਰ ਸਮੇਤ ਉੱਥੇ ਚਲੇ ਗਏ। ਬਾਪ ਨੇ ਸਖ਼ਤ ਘਾਲਣਾ ਕਰਕੇ ਜ਼ਮੀਨ ਅਬਾਦ ਕੀਤੀ ਤੇ ਘਰ ਦਾ ਮੂੰਹ-ਮੱਥਾ ਸੰਵਾਰਿਆ। ਸ੍. ਆਤਮਾ ਸਿੰਘ ਨੇ ਚੌਥੀ ਤੱਕ ਚੱਕ ਨੰ: 3 ਦੇ ਸਕੂਲ ਤੋਂ ਹੀ ਪੜ੍ਹਾਈ ਕੀਤੀ। ਉਸ ਸਮੇਂ ਮੁਢਲੇ ਸਕੂਲ ਚੌਥੀ ਜਮਾਤ ਤੱਕ ਹੁੰਦੇ ਸਨ ਜਿਹਨਾਂ 'ਚ ਉਰਦੂ, ਫ਼ਾਰਸੀ ਆਦਿ ਭਾਸ਼ਾ ਪੜ੍ਹਾਈਆਂ ਜਾਂਦੀਆਂ ਸਨ ਪਰ ਅੰਗਰੇਜ਼ੀ ਪੰਜਵੀਂ ਤੋਂ ਸ਼ੁਰੂ ਹੁੰਦੀ ਸੀ। ਅਜੇ ਉਹ ਛੋਟੇ ਹੀ ਸਨ ਕਿ ਉਹਨਾਂ ਦੇ ਮਾਤਾ ਜੀ ਦੀ ਅਚਨਚੇਤ ਮੌਤ ਹੋ ਗਈ ਤੇ ਸਾਰੇ ਪਰਿਵਾਰ ਨੂੰ ਵਾਪਸ ਪਿੰਡ ਮਾਣੋਚਾਹਲ ਆਉਣਾ ਪਿਆ। ਉਹਨਾਂ ਦੀ ਵੱਡੀ ਭੈਣ ਪਾਕਿਸਤਾਨ ਵਿੱਚ ਹੀ ਜ਼ਿਲ੍ਹਾ ਸ਼ੇਖੂ ਪੁਰਾ ਦੇ ਕਸਬੇ ਬੁੱਚੇ ਕੀ ਵਿਆਹੀ ਹੋਈ ਸੀ। ਪਿੰਡ ਰਹਿ ਕੇ ਮਾਂ-ਮਹਿਟਰ ਹੋਣ ਕਾਰਨ ਪੜ੍ਹਾਈ ਜਾਰੀ ਨਾ ਰਹੀ ਤਾਂ ਵੱਡੀ ਭੈਣ, ਭਰਾ ਆਤਮਾ ਸਿੰਘ ਨੂੰ ਆਪਣੇ ਪਿੰਡ ਬੁੱਚੇ ਕੇ ਲੈ ਗਈ ਤੇ ਉੱਥੇ ਪੰਜਵੀਂ ਜਮਾਤ 'ਚ ਸਕੂਲ ਦਾਖ਼ਲ ਕਰਵਾ ਦਿੱਤਾ। ਸਤਵੀਂ ਜਮਾਤ ਵਿੱਚ ਸੀ ਕਿ ਦੇਸ਼-ਵੰਡ ਦਾ ਰੌਲਾ ਪੈ ਗਿਆ। ਅੰਗਰੇਜ਼ਾਂ ਨੇ ਜਾਂਦੇ ਜਾਂਦੇ ਦੇਸ਼ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ ਪਰ ਆਮ ਲੋਕਾਂ ਨੂੰ ਕੋਈ ਪਤਾ ਨਹੀਂ ਸੀ ਲਗਦਾ ਕਿ ਉਹਨਾਂ ਕਿਹੜੇ ਪਾਸੇ ਜਾਣਾ ਹੈ।

ਚਾਚੇ ਆਤਮਾ ਸਿੰਘ ਨੇ ਦੱਸਿਆ ਕਿ ਲੋਕਾਂ ਨੂੰ ਕੋਈ ਜਾਣਕਾਰੀ ਨਹੀਂ ਸੀ ਕਿ ਕਿਹੜਾ ਇਲਾਕਾ ਕਿਸ ਦੇਸ਼ ਦਾ ਹਿੱਸਾ ਹੈ। ਚਾਰੇ ਪਾਸੇ ਸਹਿਮ ਪਸਰਿਆ ਹੋਇਆ ਸੀ। ਮਾਰ-ਧਾੜ, ਲੁੱਟ-ਖੋਹ ਤੇ ਕਤਲੋਗਾਰਤ ਦਾ ਦੌਰ ਚੱਲ ਪਿਆ ਸੀ। ਲੋਕਾਂ ਦੇ ਲਹੂ ਸਫ਼ੈਦ ਹੋ ਗਏ ਸਨ। ਦਹਾਕਿਆਂ ਤੋਂ ਰੰਗੀਂ-ਰਾਗੀਂ ਤੇ ਅਮਨ-ਸ਼ਾਂਤੀ ਨਾਲ ਰਹਿੰਦੇ ਲੋਕਾਂ ਵਿੱਚ ਅੰਗਰੇਜ਼ਾਂ ਨੇ ਸੇਹ ਦਾ ਤੱਕਲਾ ਗੱਡ ਦਿੱਤਾ ਸੀ। ਵਸੋਂ ਦੇ ਤਬਾਦਲੇ ਦਾ ਰੌਲ਼ਾ ਪਿਆ ਤਾਂ ਉਧਰ ਲੋਕਾਂ (ਹਿੰਦੂ-ਸਿੱਖਾਂ) ਨੇ ਸਮਾਨ ਬੰਨ੍ਹ ਕੇ ਗੱਡੇ ਤਿਆਰ ਕਰ ਲਏ। ਥਾਂ ਥਾਂ ਤੋਂ ਕਾਫ਼ਲੇ ਤੁਰਨ ਲੱਗੇ। ਆਤਮਾ ਸਿੰਘ ਤੇ ਉਹਨਾਂ ਦੀ ਭੈਣ-ਭਣਵਈਏ ਵਾਲ਼ੇ ਕਾਫ਼ਲੇ ਦੇ



Scanned with OKEN Scanner

ਲੋਕ ਹਰਫਲ਼ੇ ਹੋਏ ਲਹੌਰ ਵੱਲ ਜਾਣ ਦੀ ਬਜਾਏ ਜੜ੍ਹਾਂਵਾਲੇ ਜਾ ਪਹੁੰਚੇ। ਜੜ੍ਹਾਂਵਾਲ਼ੇ ਸ਼ਹਿਰ 'ਚ ਉੱਜੜੇ ਲੋਕਾਂ ਦੀ ਏਨੀ ਭੀੜ ਸੀ ਕਿ ਬਹਿਣ ਨੂੰ ਥਾਂ ਨਹੀਂ ਸੀ। ਲੋਕ ਆਪੋ-ਆਪਣੇ ਗੱਡਿਆਂ ਨਾਲ ਢੋਅ ਲਾਈ ਖੜ੍ਹੇ ਸਨ। ਵੇਖਦਿਆਂ 2 ਲੁਟੇਰਿਆਂ ਤੇ ਮੁਸਲਮਾਨ ਮਿਲਟਰੀ ਨੇ ਰਲ਼ ਕੇ ਕਾਫ਼ਲਿਆਂ ਦੀ ਵੱਢ-ਟੁੱਕ ਸ਼ੁਰੂ ਕਰ ਦਿੱਤੀ। ਲਾਗੇ ਇੱਕ ਗੁਰਦੁਆਰਾ ਸੀ। ਲੋਕ ਭੱਜ ਕੇ ਗੁਰਦੁਆਰੇ ਅੰਦਰ ਜਾ ਵੜੇ ਤੇ ਅੰਦਰੋਂ ਦਰਵਾਜ਼ਾ ਬੰਦ ਕਰਕੇ ਦਰਵਾਜ਼ੇ ਅੱਗੇ ਸਮਾਨ ਦੀਆਂ ਪੰਡਾਂ ਰੱਖ ਕੇ ਆਪਣੀ ਜਾਨ ਬਚਾਈ।

ਕੁਝ ਚਿਰ ਬਾਅਦ ਲਾਇਲਪੁਰ ਵੱਲੋਂ ਇਕ ਕਾਫ਼ਲਾ ਸਿੱਖ ਫੌਜੀਆਂ ਦੀ ਹਿਫ਼ਾਜਤ ਸਮੇਤ ਉੱਥੇ ਪਹੁੰਚਿਆ ਤਾਂ ਗੁਰਦੁਆਰੇ ਅੰਦਰੋਂ ਕੱਢ ਕੇ ਲੋਕਾਂ ਨੂੰ ਕਾਫ਼ਲੇ ਨਾਲ ਤੋਰਿਆ। ਜਦੋਂ ਕਾਫ਼ਲੇ ਬੱਲੋ ਕਿਆਂ ਦੇ ਹੈਡ ਤੇ ਪਹੁੰਚਦੇ ਤਾਂ ਫੌਜੀ ਵਾਪਸ ਚਲੇ ਜਾਂਦੇ ਸਨ ਤੇ ਹੈਡ ਤੇ ਤਾਇਨਾਤ ਜਵਾਨ ਹਰੇਕ ਦੀ ਤਲਾਸ਼ੀ ਲੈ ਕੇ ਅਗਾਂਹ ਤੋਰਦੇ ਸਨ। ਪੁਲ਼ ਪਾਰ ਕਰਦਿਆਂ ਹੀ ਅੱਗੇ ਸੜਕ ਦੇ ਦੋਹੀਂ ਪਾਸੀਂ ਕਾਤਲਾਂ ਤੇ ਲੁਟੇਰਿਆਂ ਦੇ ਟੋਲੇ ਕਾਫ਼ਲੇ ਤੇ ਟੁੱਟ ਪਏ। ਉਹਨਾਂ ਬੜੀ ਤਬਾਹੀ ਮਚਾਈ। ਵੱਢੇ-ਟੁੱਕੇ ਲੋਕ ਪਾਣੀ ਨੂੰ ਤਰਸਣ ਲੱਗੇ ਪਰ ਪਾਣੀ ਕਿੱਥੇ ਸੀ। 13 ਸਾਲ ਦੀ ਅੱਲ੍ਹੜ ਉਮਰ ਵਿੱਚ ਮੈਂ ਡਰਦੇ ਮਾਰੇ ਕਿਸੇ ਜਖ਼ਮੀ ਔਰਤ ਦੇ ਨਾਲ ਲੇਟ ਗਿਆ। ਜਦੋਂ ਹਮਲਾਵਰ ਨੇੜੇ ਆਇਆ ਤਾਂ ਮੈਂ ਸਿਰ ਚੁੱਕ ਕੇ ਵੇਖਿਆ। ਹਮਲਾਵਰ ਨੇ ਮੇਰੇ ਸਿਰ 'ਚ ਸੱਟ ਮਾਰ ਕੇ ਮੈਨੂੰ ਲਹੂ ਲੁਹਾਨ ਕਰ ਦਿੱਤਾ। ਫਿਰ ਜਖ਼ਮੀਆਂ ਨੂੰ ਫੌਜ ਦੀ ਨਿਗਰਾਨੀ ਹੇਠ ਲਹੌਰ ਦੇ ਰਾਮ ਲਾਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਕੁਝ ਠੀਕ ਹੋਏ ਤਾਂ ਅੰਮ੍ਰਿਤਸਰ ਪਹੁੰਚਾਇਆ ਗਿਆ। ਅੰਮ੍ਰਿਤਸਰ ਤੋਂ ਕਿਸੇ ਨਾ ਕਿਸੇ ਤਰ੍ਹਾਂ ਤਰਨਤਾਰਨ ਪਹੁੰਚੇ ਪਰ ਗਲ਼ ਗੰਦੇ ਤੇ ਲਹੂ ਨਾਲ ਲਿੱਬੜੇ ਕੱਪੜੇ ਸਨ ਤੇ ਹਾਲਤ ਬਹੁਤ ਮਾੜੀ ਸੀ। ਇੱਥੇ ਸਾਡੀ ਭੂਆ ਦੇ ਪੁੱਤ ਨੇ, ਜੋ ਪੁਲਿਸ ਦਾ ਠਾਣੇਦਾਰ ਸੀ, ਨੇ ਮੈਨੂੰ ਵੇਖ ਕੇ ਪਛਾਣ ਲਿਆ ਤੇ ਉਹਨੇ ਮੈਨੂੰ ਨੁਹਾ-ਧੁਆ ਕੇ, ਕੱਪੜੇ ਬਦਲਾ ਕੇ ਪਿੰਡ ਮਾਣੋਚਾਹਲ ਪਹੁੰਚਾਇਆ। ਚੰਗੀ ਕਿਸਮਤ ਨੂੰ ਭੈਣ ਕਿਸੇ ਨਾ ਕਿਸੇ ਤਰ੍ਹਾਂ ਬਚ ਕੇ ਪਹਿਲਾਂ ਹੀ ਪਿੰਡ ਪਹੁੰਚ ਗਈ ਸੀ। ਵੰਡ ਵੇਲ਼ੇ ਦਾ ਇਹ ਮੰਜ਼ਰ ਬਹੁਤ ਖੌਫ਼ਨਾਕ ਸੀ, ਹੁਣ ਵੀ ਜਦੋਂ ਅੱਖਾਂ ਅੱਗੇ ਆਉਂਦਾ ਹੈ ਤਾਂ ਰੂਹ ਕੰਬ ਉਠਦੀ ਹੈ।

ਪਿੰਡ ਪਹੁੰਚ ਕੇ ਸ੍ਰ. ਆਤਮਾ ਸਿੰਘ ਨੇ ਭਰਾਵਾਂ ਨਾਲ ਮਿਲ ਕੇ ਵਾਹੀ-ਖੇਤੀ ਦੇ ਕੰਮ ਨੂੰ ਬਾ-ਖ਼ੂਬੀ ਸੰਭਾਲਿਆ ਅਤੇ ਕਾਮਯਾਬੀ ਨਾਲ ਕਬੀਲਦਾਰੀ ਵੀ ਨਿਭਾਈ। ਉਹਨਾਂ ਨੇ ਚਹੁੰ ਪੁੱਤਰਾਂ ਨੂੰ ਪੜ੍ਹਾ ਲਿਖਾ ਕੇ ਰੋਜ਼ਗਾਰ-ਯੋਗ ਕੀਤਾ। ਵਾਹੀ-ਖੇਤੀ ਦੇ ਸਫਲ ਧੰਦੇ ਨਾਲ ਡੇਹਰੀ ਉਦਯੋਗ ਦਾ ਤਜਰਬਾ ਵੀ ਕੀਤਾ। ਕਿਸੇ ਵੇਲ਼ੇ ਉਹਨਾਂ ਕੋਲ ਵਿਦੇਸ਼ੀ ਨਸਲ ਦੀਆਂ ਬਹੁਤ ਕੀਮਤੀ ਗਾਂਵਾਂ ਤੇ ਮੱਝਾਂ ਹੁੰਦੀਆਂ ਸਨ ਤੇ ਮਣਾਂ-ਮੂੰਹੀਂ ਦੁੱਧ ਸਵੇਰ-ਸ਼ਾਮ ਮਿਲਕ ਪਲਾਂਟ ਨੂੰ ਸਪਲਾਈ ਕਰਦੇ ਸਨ। ਕੁਝ ਸਾਲ ਪਹਿਲਾਂ ਉਹਨਾਂ ਵਾਹੀ ਖੇਤੀ ਤੇ ਡੇਹਰੀ ਦਾ ਕੰਮ ਵੱਡੇ ਲੜਕੇ ਮੇਜਰ ਸਿੰਘ ਨੂੰ ਸੌਂਪ ਦਿੱਤਾ ਸੀ ਪਰ ਅਚਨਚੇਤ ਮੇਜਰ



Scanned with OKEN Scanner

ਸਿੰਘ ਦੇ ਕੁਵੇਲੇ ਤੁਰ ਜਾਣ ਕਾਰਨ ਡੇਹਰੀ ਦਾ ਕੰਮ ਸਮੇਟ ਦਿੱਤਾ ਹੈ। ਛੋਟਾ ਲੜਕਾ ਬਲਦੇਵ ਸਿੰਘ ਪੰਜਾਬ ਪੁਲਿਸ ਵਿੱਚ ਨੌਂਕਰੀ ਕਰਦਾ ਸੀ। ਇਕ ਸਾਲ ਬਾਅਦ ਉਹਨਾਂ ਨੂੰ ਸਭ ਤੋਂ ਛੋਟੇ ਬੇਟੇ ਦਿਲਬਾਗ ਸਿੰਘ ਦੇ ਸਦੀਵੀ ਵਿਛੋੜਾ ਦੇ ਜਾਣ ਦਾ ਸਦਮਾ ਵੀ ਸਹਿਣਾ ਪਿਆ। ਇਹ ਸਭ ਕਰਤੇ ਦੇ ਖੇਲ ਹਨ, ਜਦ ਅਜਿਹਾ ਭਾਣਾ ਵਾਪਰਦਾ ਹੈ ਤਾਂ ਬੰਦਾ ਅਸਮਰਥ ਹੋ ਜਾਂਦਾ ਹੈ ਤੇ ਭਾਣਾ ਮੰਨਣ ਤੋਂ ਬਿਨਾਂ ਉਹਦੇ ਕੋਲ ਕੋਈ ਚਾਰਾ ਨਹੀਂ ਰਹਿ ਜਾਂਦਾ। ਹੁਣ ਉਹਨਾਂ ਦਾ ਇਕ ਬੇਟਾ ਜਸਬੀਰ ਸਿੰਘ ਆਧੁਨਿਕ ਮਸ਼ੀਨਰੀ ਨਾਲ ਖੇਤੀ ਕਰਦਾ ਹੈ ਜਿਸ ਕੋਲ ਟਰੈਕਟਰ ਨਾਲ ਲੋੜੀਂਦੇ ਖੇਤੀ ਵਾਲ਼ੇ ਸਾਰੇ ਸੰਦ ਮੌਜੂਦ ਹਨ। ਬਲਦੇਵ ਸਿੰਘ ਨੇ 28 ਸਾਲ ਤੋਂ ਵੱਧ ਪੁਲਿਸ ਦੀ ਨੌਂਕਰੀ ਕਰਕੇ ਸਵੈ-ਇੱਛਕ ਰਿਟਾਇਰਮੈਂਟ ਲੈ ਲਈ ਹੈ। ਸ੍ਰ. ਆਤਮਾ ਸਿੰਘ ਦੇ ਤਿੰਨ ਪੋਤਰੇ ਵਿਦੇਸ਼ਾਂ ਵਿੱਚ ਰਹਿੰਦੇ ਹਨ।

ਉਹ ਪਿੰਡ ਦੀ ਰਾਜਨੀਤੀ ਵਿੱਚ ਵੀ ਹਿੱਸਾ ਲੈਂਦੇ ਰਹੇ ਹਨ ਤੇ ਸ਼ੁਰੂ ਤੋਂ ਕਾਂਗਰਸ ਪਾਰਟੀ ਦਾ ਸਮਰਥਨ ਕਰਦੇ ਰਹੇ ਹਨ। ਉਹਨਾਂ ਦਾ ਸਿੱਖ ਧਰਮ ਵਿੱਚ ਡੂੰਘਾ ਵਿਸ਼ਵਾਸ ਹੋਣ ਕਾਰਨ ਸਵੇਰ ਸ਼ਾਮ ਗੁਰਦੁਆਰੇ ਜਾਣ ਦਾ ਪੱਕਾ ਨੇਮ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਗੁਰਦੁਆਰਾ ਬਾਬਾ ਜੋਗੀ ਪੀਰ ਦੀ ਪ੍ਰਬੰਧਕੀ ਕਮੇਟੀ ਨੇ ਉਹਨਾਂ ਨੂੰ ਪ੍ਰਧਾਨਗੀ ਦੀ ਸੇਵਾ ਸੌਂਪੀ ਹੈ। ਗੁਰਦੁਆਰੇ ਦੇ ਵਿਗੜੇ ਤਾਣੇ-ਬਾਣੇ ਨੂੰ ਠੀਕ ਕਰਕੇ ਜਿਸ ਤਰ੍ਹਾਂ ਇਹਨਾਂ ਨੇ ਗੁਰਦੁਆਰੇ ਦੀ ਸੇਵਾ ਕੀਤੀ ਹੈ, ਲੋਕ ਯਾਦ ਕਰਦੇ ਹਨ। ਇਸ ਵੇਲ਼ੇ ਉਹਨਾਂ ਦੀ ਸਿਹਤ ਕੁਝ ਠੀਕ ਨਾ ਰਹਿਣ ਕਾਰਨ ਗੁਰਦੁਆਰਾ ਕਮੇਟੀ ਦੇ ਕੰਮਾਂ ਵਿੱਚ ਉਹਨਾਂ ਦਾ ਬੇਟਾ ਬਲਦੇਵ ਸਿੰਘ ਡਿਊਟੀ ਨਿਭਾ ਰਿਹਾ ਹੈ। ਮੈਂ ਉਹਨਾਂ ਦੀ ਤੰਦਰੁਸਤੀ ਤੇ ਖ਼ੁਸ਼ਹਾਲੀ ਦੀ ਕਾਮਨਾ ਕਰਦਾ ਹਾਂ।

### 4. ਸ੍ਰ. ਧਰਵਿੰਦਰ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ, ਤਰਨਤਾਰਨ :-

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਪਾਰ ਕਿਰਪਾ ਨਾਲ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੀ ਮੈਨੇਜਰ ਵਜੋਂ ਤੇ ਸੰਗਤ ਦੀ ਮੁੱਖ ਸੇਵਾਦਾਰ ਵਜੋਂ ਸੇਵਾ ਕਰਨ ਦੀ ਬਖ਼ਸ਼ਿਸ਼ ਇਸ ਨਗਰ ਦੇ ਹੋਣਹਾਰ ਸਪੂਤ ਸ੍ਰ. ਧਰਵਿੰਦਰ ਸਿੰਘ ਪੁੱਤਰ ਸ੍ਰ. ਕਸ਼ਮੀਰ ਸਿੰਘ ਸਾਬਕਾ ਸਰਪੰਚ ਮਾਣੋਚਾਹਲ ਖ਼ੁਰਦ ਦੀ ਝੋਲ਼ੀ ਪਈ ਹੈ। ਸ੍ਰ. ਕਸ਼ਮੀਰ ਸਿੰਘ ਜੀ ਲੰਬਾ ਸਮਾਂ ਗੁਰੂ ਘਰ ਦੇ ਵਜ਼ੀਰ ਵਜੋਂ ਸੇਵਾ ਕਰਦੇ ਰਹੇ ਹਨ। ਉਹਨਾਂ ਦੀ ਅਵਾਜ਼ ਬੜੀ ਸੁਰੀਲੀ ਤੇ ਸੁਰ ਮਿੱਠੀ ਹੁੰਦੀ ਸੀ। ਗੁਰਬਾਣੀ ਪੜ੍ਹਨ ਵਿੱਚ ਉਹਨਾਂ ਦਾ ਕੋਈ ਸਾਨੀ ਨਹੀਂ ਸੀ। ਪਿੰਡ 'ਚ ਹੁੰਦੇ ਅਖੰਡਪਾਠਾਂ ਸਮੇਂ ਜਦੋਂ ਉਹ ਬਾਣੀ ਪੜ੍ਹਦੇ ਸਨ ਤਾਂ ਲੋਕ ਬਹਿ ਕੇ ਸੁਣਦੇ ਸਨ। ਉਹਨਾਂ ਨੂੰ ਬਹੁਤ ਸਾਰੀ ਬਾਣੀ ਜ਼ੁਬਾਨੀ ਯਾਦ ਸੀ। ਉਹਨਾਂ ਦੀ ਇਸ ਘਾਲ-ਕਮਾਈ ਦਾ ਅਸਰ ਉਹਨਾਂ ਦੀ ਔਲਾਦ ਤੇ ਵੀ ਪਿਆ। ਘਰ ਵਿੱਚ ਪੜ੍ਹੀ ਜਾਂਦੀ ਗੁਰਬਾਣੀ ਦੇ ਅਸਰ ਹੇਠ ਉਹਨਾਂ ਦੇ ਬੇਟੇ ਧਰਵਿੰਦਰ ਸਿੰਘ ਨੇ, ਸ਼ਹੀਦ ਭਾਈ ਇੰਦਰ ਸਿੰਘ



Scanned with OKEN Scanner

ਸੀਨੀਅਰ ਸੈਕੰਡਰੀ ਸਕੂਲ ਤੋਂ ਬਾਰ੍ਹਵੀਂ ਜਮਾਤ ਪਾਸ ਕਰਨ ਉਪ੍ਰੰਤ, 2007 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਸੁਲਤਾਨਪੁਰ ਲੋਧੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸੌਂਪੀ ਸੇਵਾ ਸੰਭਾਲੀ।

ਇਸ ਦੌਰਾਨ ਉਹਨਾਂ ਨੂੰ ਗੁਰਦੁਆਰਾ ਬਾਬਾ ਬੀਰ ਸਿੰਘ ਪਿੰਡ ਰੱਤੋਕੇ, ਫ਼ਿਰੋਜ਼ਪੁਰ, ਗੁਰਦਾਸਪੁਰ ਅਤੇ ਬਤੌਰ ਮੈਨੇਜਰ ਗੁਰਦੁਆਰਾ ਗੰਗਸਰ ਸਾਹਿਬ ਸ੍ਰੀ ਕਰਤਾਰ ਪੁਰ (ਜਲੰਧਰ) ਵਿਖੇ ਵੀ ਸੰਗਤ ਤੇ ਗੁਰਦੁਆਰਾ ਸਾਹਿਬ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਮਾਰਚ 6, 2021 ਨੂੰ ਉਹਨਾਂ ਨੇ ਗੁਰਦੁਆਰਾ ਪੰਜਵੀਂ ਪਾਤਸ਼ਾਹੀ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੀ ਸੇਵਾ ਸੰਭਾਲੀ। ਉਦੋਂ ਤੋਂ ਸਿੰਘ ਸਾਹਿਬ ਸਾਰੀਆਂ ਧਾਰਮਿਕ ਸਰਗਰਮੀਆਂ ਸਫ਼ਲਤਾ-ਪੂਰਵਕ ਨਿਭਾ ਰਹੇ ਹਨ। ਮੁਖ ਉਸਾਰੀ ਕਾਰਜਾਂ ਵਿੱਚ ਉਹਨਾਂ ਵੱਲੋਂ ਗੁਰਦੁਆਰੇ ਦੀ ਬਜ਼ਾਰ ਵੱਲ ਪੈਂਦੀ ਦਰਸ਼ਨੀ ਡਿਓਢੀ ਦੀ ਮੁਰੰਮਤ ਤੇ ਰੋਹੀ ਕੰਢੇ ਨਵੀਂ ਕਾਰ-ਪਾਰਕਿੰਗ ਦਾ ਕੰਮ ਸ਼ੁਰੂ ਕਰਵਾਇਆ। ਇਸ ਕਾਰ-ਪਾਰਕਿੰਗ ਨੂੰ ਚਾਰ-ਮੰਜ਼ਲਾ ਬਣਾਉਣ ਦੀ ਤਜਵੀਜ਼ ਹੈ। ਨਗਰ-ਖੇੜੇ ਤੇ ਸਿੱਖ-ਸੰਗਤ ਨੂੰ ਉਹਨਾਂ ਤੋਂ ਭਾਰੀ ਉਮੀਦਾਂ ਹਨ ਕਿ ਉਹ ਗੁਰੂ-ਘਰ ਦੀ ਸੇਵਾ ਕਰਦਿਆਂ ਸਿੱਖੀ ਸਿਧਾਂਤਾਂ ਅਨੁਸਾਰ ਨਵੇਂ ਮੀਲ-ਪੱਥਰ ਸਥਾਪਿਤ ਕਰਨਗੇ। ਵਾਹਿਗੁਰੂ ਉਹਨਾਂ ਨੂੰ ਸੰਗਤ ਦੀ ਉੱਤਮ ਸੇਵਾ ਕਰਨ ਲਈ ਤੰਦਰੁਸਤੀ ਤੇ ਲੰਮੀਆਂ ਉਮਰਾਂ ਬਖ਼ਸ਼ੇ!

### 5. ਸ੍ਰ. ਸਤਨਾਮ ਸਿੰਘ ਪ੍ਰਧਾਨ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ :-

ਇਸ ਪਿੰਡ ਦਾ ਵਸਨੀਕ ਸਤਨਾਮ ਸਿੰਘ ਪੁੱਤਰ ਸ੍ਰ. ਪ੍ਰਗਟ ਸਿੰਘ (ਜਲੌਅ ਪਰਿਵਾਰ) ਕਿਸਾਨਾਂ-ਮਜ਼ਦੂਰਾਂ ਦਾ ਮਸੀਹਾ ਹੈ। ਪੜ੍ਹਿਆ ਉਹ ਭਾਵੇਂ ਅਠਵੀਂ ਤੱਕ ਹੇ ਪਰ ਗੁੜ੍ਹਿਆ ਵੱਧ ਹੋਣ ਕਰਕੇ ਕਿਸਾਨਾਂ-ਮਜ਼ਦੂਰਾਂ ਦੇ ਦਰਦ ਤੇ ਤਕਲੀਫ਼ਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਉਹ ਸੰਨ 2000 ਵਿੱਚ ਸਤਨਾਮ ਸਿੰਘ ਪੰਨੂ ਦੇ ਸੰਪਰਕ ਵਿੱਚ ਅਇਆ ਤੇ ਕਿਸਾਨ ਸੰਘਰਸ਼ ਕਮੇਟੀ (ਪੰਨੂੰ-ਪੰਧੇਰ) ਦਾ ਮੈਂਬਰ ਬਣ ਕੇ ਜਥੇਬੰਦੀ ਦੇ ਕਦਮਾਂ ਨਾਲ ਕਦਮ ਮਿਲਾ ਕੇ ਤੁਰਨ ਲੱਗਾ। ਕਿਸਾਨਾਂ ਤੇ ਮਜ਼ਦੂਰਾਂ ਨਾਲ ਹੁੰਦੀ ਬੇ-ਇਨਸਾਫ਼ੀ ਵਿਰੁੱਧ ਕਈ ਘੋਲ਼ ਲੜੇ। ਉਹ ਆਪਣੇ ਪਿੰਡ ਤੇ ਇਲਾਕੇ 'ਚੋਂ ਕਿਸਾਨਾਂ ਦਾ ਜਥਾ ਲੈ ਕੇ 2020-21 ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਝੰਡੇ ਹੇਠ ਚੱਲਦੇ ਰਹੇ ਦਿੱਲੀ ਮੋਰਚੇ ਵਿੱਚ ਕਈ ਦਿਨ ਡਟਿਆ ਰਿਹਾ ਤੇ ਤਿੰਨ ਕਾਲੇ ਖੇਤੀ ਕਨੂੰਨਾਂ ਦੀ ਵਾਪਸੀ ਨਾਲ ਜੇਤੂ ਹੋ ਕੇ ਮੁੜਿਆ। ਇਸ ਸਮੇਂ ਉਹ ਆਪਣੀ ਜਥੇਬੰਦੀ ਦਾ ਜ਼ਿਲ੍ਹਾ ਪ੍ਰਧਾਨ ਤੇ ਸੂਬਾ ਕੋਰ-ਕਮੇਟੀ ਦਾ ਮੈਂਬਰ ਹੈ ਅਤੇ ਲਗਾਤਾਰ ਕਿਸਾਨਾਂ ਤੇ ਮਜ਼ਦੂਰਾਂ ਦੇ ਮਸਲੇ ਹੱਲ ਕਰਾਉਣ ਲਈ ਸੰਘਰਸ਼ ਦੀ ਪੈੜ ਨੱਪਦਾ ਆ ਰਿਹਾ ਹੈ।



Scanned with OKEN Scanner

## 6. ਸ੍ਰ. ਮੁਖ਼ਤਾਰ ਸਿੰਘ ਜ਼ੈਲਦਾਰ :-

ਸ੍ਰ. ਮੁਖਤਾਰ ਸਿੰਘ ਪੁੱਤਰ ਸ੍ਰ. ਸ਼ਿਵ ਸਿੰਘ ਜ਼ੈਲਦਾਰ ਦਾ ਜਨਮ ਪਿੰਡ ਮਾਣੋਚਾਹਲ ਵਿੱਚ 01.06.1933 ਨੂੰ ਹੋਇਆ। ਉਹਨਾਂ ਨੇ ਪਿੰਡ ਦੇ ਸਕੂਲ ਤੋਂ ਛੇਵੀਂ ਜਮਾਤ ਪਾਸ ਕਰਕੇ ਖਾਲਸਾ ਸਕੂਲ ਤਰਨਤਾਰਨ ਤੋਂ ਦਸਵੀਂ ਪਾਸ ਕੀਤੀ ਤੇ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਏ। ਉਹਨਾਂ ਦਾ ਵਡੇਰਾ ਸ੍ਰ. ਬਿਸ਼ਨ ਸਿੰਘ ਅੰਗਰੇਜ਼ ਸਰਕਾਰ ਵੇਲ਼ੇ ਮਾਣੋਚਾਹਲ ਜ਼ੈਲ ਦਾ ਜ਼ੈਲਦਾਰ ਸੀ। ਜਦੋਂ ਵੀ ਕੋਈ ਸਰਕਾਰੀ ਅਧਿਕਾਰੀ ਪਿੰਡ ਆਉਂਦਾ ਸੀ ਤਾਂ ਉਹ ਸਿੱਧਾ ਉਹਦੇ ਕੋਲ ਠਹਿਰਦਾ ਸੀ। ਜ਼ੈਲਦਾਰ ਹੀ ਘਰ ਆਏ ਸਰਕਾਰੀ ਅਫਸਰ ਦੇ ਬਹਿਣ ਖਲੋਣ ਤੇ ਚਾਹ-ਪਾਣੀ ਦਾ ਇੰਤਜ਼ਾਮ ਕਰਦਾ ਸੀ। ਅੰਗਰੇਜ਼ਾਂ ਵੇਲੇ ਜ਼ੈਲਦਾਰ ਮਾਲ ਵਿਭਾਗ ਦਾ ਆਲ੍ਹਾ ਅਫਸਰ ਹੁੰਦਾ ਸੀ। ਅੱਜ ਕੱਲ੍ਹ ਜਿਵੇਂ ਤਹਿਸੀਲ ਵਿੱਚ ਪ੍ਰਬੰਧਕੀ ਬਲਾਕ ਹਨ ਤੇ ਉਹਨਾਂ ਵਿੱਚ ਬੀ.ਡੀ.ਪੀ.ਓ. ਦੀ ਪੋਸਟ ਹੈ ਜੋ ਆਪਣੇ ਬਲਾਕ ਵਿੱਚ ਪੈਂਦੀਆਂ ਪੰਚਾਇਤਾਂ ਦੇ ਕੰਮ ਦੀ ਨਿਗਰਾਨੀ ਕਰਦਾ ਹੈ, ਇਸੇ ਤਰ੍ਹਾਂ ਅੰਗਰੇਜ਼ਾਂ ਵੇਲੇ ਤਹਿਸੀਲ ਨੂੰ ਜ਼ੈਲਾਂ ਵਿੱਚ ਵੰਡਿਆ ਹੁੰਦਾ ਸੀ। ਹਰ ਜ਼ੈਲ ਵਿੱਚ 40 ਤੋਂ 100 ਤੱਕ ਪਿੰਡ ਸ਼ਾਮਲ ਹੁੰਦੇ ਸਨ। ਕਿਸੇ ਵੀ ਜ਼ੈਲ ਦਾ ਜ਼ੈਲਦਾਰ ਵਿੱਤ ਕਮਿਸ਼ਨਰ ਦੀ ਸਲਾਹ ਨਾਲ ਜ਼ਿਲ੍ਹਾ ਕੁਲੈਕਟਰ ਰਾਹੀਂ ਨਿਯੁਕਤ ਜਾਂਦਾ ਸੀ। ਉਹ ਆਪਣੀ ਜ਼ੈਲ ਵਿਚਲੇ ਪਿੰਡਾਂ ਦੇ ਕਿਸਾਨਾਂ ਤੋਂ ਨੰਬਰਦਾਰਾਂ ਰਾਹੀਂ ਲਗਾਨ ਇਕੱਠਾ ਕਰਕੇ ਅੰਗਰੇਜ਼ ਹਕੂਮਤ ਨੂੰ ਜ਼ਮ੍ਹਾਂ ਕਰਵਾਉਂਦਾ ਸੀ। ਇਸ ਲਗਾਨ 'ਚੋਂ ਕੁਝ ਭਾਗ ਸ਼ਾਇਦ 1% ਹਿੱਸਾ ਜ਼ੈਲਦਾਰ ਨੂੰ ਮਿਲਦਾ ਹੁੰਦਾ ਸੀ। ਜ਼ੈਲਦਾਰ ਦੀ ਆਪਣੇ ਇਲਾਕੇ ਵਿੱਚ ਅਮਨ ਕਾਨੂੰਨ ਕਾਇਮ ਰੱਖਣ ਦੀ ਜ਼ਿੰਮੇਵਾਰੀ ਵੀ ਹੁੰਦੀ ਸੀ। ਇਸ ਲਈ ਉਹਨੂੰ ਛੋਟੇ-ਮੋਟੇ ਝਗੜਿਆਂ ਦੇ ਫ਼ੈਸਲੇ ਕਰਨ ਤੇ ਦੋਸ਼ੀਆਂ ਨੂੰ ਜੁਰਮਾਨਾ ਆਦਿ ਕਰਨ ਦਾ ਵੀ ਅਧਿਕਾਰ ਹਾਸਲ ਸੀ। ਉਸ ਦੀ ਮਦਦ ਲਈ ਲੰਬੜਦਾਰ ਤੇ ਸਫ਼ੈਦ-ਪੋਸ਼ ਵੀ ਹੁੰਦੇ ਸਨ। ਪਿੰਡ ਵਿੱਚ ਰੋਹਬ-ਪੋਸ਼ ਵਾਲੇ ਚਿੱਟ-ਕੱਪੜੀਏ ਤੇ ਅੰਗਰੇਜ਼ ਸਰਕਾਰ ਦੇ ਆਗਿਆਕਾਰ ਜੱਟ-ਜ਼ਿਮੀਂਦਾਰ ਨੂੰ ਅੰਗਰੇਜ਼ ਹਾਕਮ ਤੋਂ ਸਫ਼ੈਦ-ਪੋਸ਼ ਵਜੋਂ ਮਾਨਤਾ ਮਿਲ ਜਾਂਦੀ ਸੀ। ਇਹ ਸਿਸਟਮ ਆਜ਼ਾਦੀ ਤੋਂ ਬਾਅਦ 1948 ਤੱਕ ਚੱਲਦਾ ਰਿਹਾ ਤੇ 1952 ਵਿੱਚ ਸਰਕਾਰ ਨੇ ਪੂਰਨ ਤੌਰ ਤੇ ਬਦਲ ਦਿੱਤਾ। ਜ਼ੈਲਦਾਰ ਬਿਸ਼ਨ ਸਿੰਘ ਦਾ ਪੁੱਤਰ ਬੂੜ ਸਿੰਘ ਨੰਬਰਦਾਰ ਸੀ ਤੇ ਇਹ ਨੰਬਰਦਾਰੀ ਬਾਅਦ 'ਚ ਉਹਦੇ ਪੁੱਤਰ ਜੋਗਿੰਦਰ ਸਿੰਘ ਨੇ ਵੀ ਕੀਤੀ।

ਮੁਖਤਾਰ ਸਿੰਘ ਨੇ ਦੱਸਿਆ ਕਿ ਪ੍ਰਿਥੀ ਚੰਦ ਬਾਹਮਣ ਤੇ ਸੁੰਦਰ ਸਿੰਘ ਦਸੀਹਾਂ ਦਾ ਪੁਰਾਣੇ ਹਕੀਮ ਸਨ ਜੋ ਨਿੱਕੀ-ਮੋਟੀ ਹੀਮ-ਕੀਮ ਦਾ ਇਲਾਜ ਦੇਸੀ ਦਵਾਈਆਂ ਨਾਲ ਕਰਦੇ ਸਨ। ਸੋਹਣ ਸਿੰਘ ਗੱਪੂ ਕੋਲ ਤਕੜੇ ਬਲਦ ਸਨ ਤੇ ਪਿੰਡ 'ਚ ਉਹਦੀ ਵਾਹੀ ਉਸ ਸਮੇਂ ਸਿਖ਼ਰਾਂ ਤੇ ਸੀ। ਦੇਸ਼-ਵੰਡ ਤੋਂ ਪਹਿਲਾਂ ਗੋਂਦ ਕੀ ਪੱਤੀ 'ਚ ਬਦਰੁਦੀਨ ਖੋਜਾ, ਕੀਮਾ



Scanned with OKEN Scanner

(ਕਮਰਦੀਨ), ਰੁਲ਼ਦੂ, ਲਾਲੂ, ਰਾਧਾ, ਬੂਟਾ ਮੋਚੀ, ਜੱਗੂ (ਜਮਾਲੁਦੀਨ), ਕਮਾਲਦੀਨ, ਲਾਲੂ ਤੇਲੀ ਤੇ ਨਾਨਕ ਸੱਕਾ ਆਦਿ ਮੁਸਲਮਾਨ ਰਹਿੰਦੇ ਸਨ। ਪਿੰਡ ਦੇ ਪੈਂਚ ਹਿੰਦੂ-ਸਿੱਖਾਂ ਤੇ ਨਾਨਕ ਸੱਕਾ ਮੁਸਲਮਾਨਾਂ ਦੇ ਘਰੀਂ ਪੀਣ ਵਾਲ਼ਾ ਪਾਣੀ ਸਪਲਾਈ ਕਰਦੇ ਸਨ। ਨੂਰੇ ਜੁਲਾਹੇ ਦੀਆਂ ਚਾਰ ਖੱਡੀਆਂ ਸਨ। ਉਹਦਾ ਸਾਰਾ ਟੱਬਰ ਸਵੇਰ ਤੋਂ ਸ਼ਾਮ ਤੱਕ ਖੱਡੀ ਚਲਾ ਕੇ ਪਿੰਡ ਦੇ ਲੋਕਾਂ ਲਈ ਖੇਸ, ਚਾਦਰਾਂ, ਰੇਜੇ, ਚਤੱਹੀਆਂ ਆਦਿ ਬਣਾਉਂਦੇ ਸਨ। ਲੋਕਾਂ ਵਿੱਚ ਬੜੀ ਤੇਹ-ਮੁਹਬਤ ਤੇ ਡੂੰਘਾ ਭਾਈਚਾਰਾ ਸੀ।

ਮੁਖ਼ਤਾਰ ਸਿੰਘ ਨੇ ਦੱਸਿਆ ਕਿ ਗੋਂਦ ਕੀ ਪੱਤੀ 'ਚ ਡੋਈਆਂ ਦੇ ਘਰ ਦੇ ਪਿਛਵਾੜੇ ਵੀ ਮੁਸਲਮਾਨਾਂ ਦੀ ਇੱਕ ਵੱਡੀ ਮਸੀਤ ਹੁੰਦੀ ਸੀ ਜਿਥੇ ਉਹ ਹਰ ਸਾਲ ਈਦ ਮਨਾਉਂਦੇ ਹੁੰਦੇ ਸਨ। ਮੁਸਲਮਾਨਾਂ ਦੇ ਚਲੇ ਜਾਣ ਤੋਂ ਬਾਅਦ ਇਸ ਮਸੀਤ ਨੂੰ ਢਾਹ ਕੇ ਇਸ ਦੇ ਮਲਬੇ ਨਾਲ ਪੱਤੀ ਵਾਲ਼ਿਆਂ ਨੇ ਪੱਤੀ ਦਾ ਸਾਂਝਾ ਗੁਰਦੁਆਰਾ ਬਣਾ ਲਿਆ ਸੀ। ਜਦੋਂ ਪਾਕਿਸਤਾਨ ਬਣਿਆ ਤੇ ਮੁਸਲਮਾਨ ਇਧਰੋਂ ਉਧਰ ਗਏ, ਸਾਡੇ ਪਿੰਡ ਦੇ ਮੋਹਤਬਰ ਮੁਸਲਮਾਨਾਂ ਨੂੰ ਆਪ ਖਾਲੜੇ ਕੈਂਪ ਤੱਕ ਛੱਡ ਕੇ ਆਏ। ਦੀਨੇ ਮਰਾਸੀ ਦਾ ਮੁੰਡਾ ਗੁਲਾਮ ਮੁਹੰਮਦ ਠਾਣੇਦਾਰ ਸੀ। ਉਹ ਬਲੋਚ ਮਿਲਟਰੀ ਨੂੰ ਵੀ ਲੈ ਆਇਆ ਸੀ ਪਰ ਪਿੰਡ ਦੇ ਲੋਕਾਂ ਵਿੱਚ ਕੋਈ ਨਫ਼ਰਤ ਜਾਂ ਵੈਰ ਦੀ ਭਾਵਨਾ ਨਹੀਂ ਸੀ। ਇਕ ਪੰਜੂ ਤੇਲੀ ਤੇ ਉਹਦੀ ਘਰ ਵਾਲ਼ੀ ਕੁਝ ਚਿਰ ਪਿੰਡ ਰਹੇ ਸਨ। ਸ਼ਾਹ ਹੋਰਾਂ ਨੇ ਉਹਦਾ ਨਾਂ ਪੰਜੂ ਦੀ ਥਾਂ ਜੱਗੂ ਦੱਸਿਆ ਸੀ ਜੀਹਦੇ ਨਾਲ ਬਾਨੀ ਕਿਆਂ ਦੇ ਟੱਬਰ ਨੇ ਬਹੁਤ ਘਟੀਆ ਸਲੂਕ ਕੀਤਾ ਸੀ। ਬਾਨੀ ਕਿਆਂ ਦੇ ਟੱਬਰ 'ਚੋਂ ਹੁਣ ਕੋਈ ਪਿੰਡ 'ਚ ਨਹੀਂ ਰਹਿੰਦਾ, ਕਈ ਸਾਲ ਪਹਿਲਾਂ ਉਹ ਪਿੰਡ ਛੱਡ ਕੇ ਕਿਧਰੇ ਚਲੇ ਗਏ ਸਨ। ਲੋਕ ਕਹਿੰਦੇ ਹਨ ਕਿ ਉਹਨਾਂ ਨੂੰ ਪੰਜੂ (ਜੱਗੂ) ਤੇਲੀ ਦਾ ਸਰਾਪ ਲੱਗਣ ਕਾਰਨ ਬੜੀ ਖੱਜਲ-ਖ਼ਵਾਰੀ ਦਾ ਸਾਹਮਣਾ ਕਰਨਾ ਪਿਆ ਹੈ। ਮੁਖਤਾਰ ਸਿੰਘ 38 ਸਾਲ ਨੌਂਕਰੀ ਕਰਕੇ ਬਤੌਰ ਕਾਂਸਟੇਬਲ ਰਿਟਾਇਰ ਹੋਇਆ ਹੈ ਤੇ ਹੁਣ ਖੇਤਾਂ ਵਿਚਲੀ ਬਹਿਕ ਤੇ ਸਬਰ-ਸੰਤੋਖ ਵਾਲ਼ੀ ਜ਼ਿੰਦਗੀ ਜੀਅ ਰਿਹਾ ਹੈ। ਪਿਛਲੀ ਉਮਰੇ ਉਹਨੂੰ ਆਪਣੇ ਪੁੱਤਰ ਦੇ ਸਦੀਵੀ ਵਿਛੋੜੇ ਦਾ ਗਮ ਹੱਡੀਂ ਹੰਡਾਉਣਾ ਪਿਆ ਹੈ। ਉਹਦੀ ਇੱਕੋ ਇਕ ਆਸ ਤੇ ਆਸਰਾ ਉਹਦਾ ਪੋਤਰਾ ਹੈ ਜੋ ਖੇਤੀ ਨਾਲ ਦੋਧਾਰੂ ਡੰਗਰ ਰੱਖ ਕੇ ਗੁਜ਼ਾਰਾ ਕਰਦਾ ਹੈ। ਮੈਂ ਉਹਦੀ ਚੜ੍ਹਦੀ ਕਲਾ ਲਈ ਦਿਲੀ ਕਾਮਨਾ ਕਰਦਾ ਹਾਂ।

ਨੋਟ :- ਸ੍ਰ. ਗੁਰਚਰਨ ਸਿੰਘ ਸ਼ਾਹ ਤੇ ਮੁਖ਼ਤਾਰ ਸਿੰਘ ਵੱਲੋਂ ਦੱਸੀਆਂ ਦੇਸ਼-ਵੰਡ ਤੋਂ ਪਹਿਲਾਂ ਦੀਆਂ ਇਹਨਾਂ ਗੱਲਾਂ ਦੀ ਤਸਦੀਕ ਕਰਨ ਲਈ ਮੈਂ ਯੂ-ਟਿਊਬ ਤੇ ਸਰਚ ਕਰਕੇ Partition Of Punjab, Manochahal TarnTaran Amritsar To Pakistan ਨਾਂ ਦੀ ਇੱਕ ਵੀਡੀਓ ਦੇਖੀ। ਇਸ ਵੀਡੀਓ ਵਿੱਚ, ਜੋ ਪੰਜਾਬੀ ਟੀ ਵੀ ਵੱਲੋਂ ਰਿਕਾਰਡ ਕੀਤੀ ਗਈ ਹੈ, ਸੌ ਸਾਲ ਦੀ ਉਮਰ ਦਾ ਮੁਹੰਮਦ ਸ਼ਰੀਫ ਨਾਂ ਦਾ ਇੱਕ ਮੁਸਲਮਾਨ ਬਜ਼ੁਰਗ ਦਾਅਵਾ ਕਰਦਾ ਹੈ ਕਿ ਉਸ ਦਾ ਵੰਡ ਤੋਂ ਪਹਿਲਾਂ ਵਾਲ਼ਾ ਪਿੰਡ ਮਾਣੋਚਾਹਲ ਹੈ, ਉਹਦੀ



Scanned with OKEN Scanner

ਗੋਤ ਵੀ ਚਾਹਲ ਹੈ ਤੇ ਰੌਲ਼ਿਆਂ ਵੇਲ਼ੇ ਉਹਦੀ ਉਮਰ 25 ਸਾਲ ਸੀ। ਇਸ ਵੇਲ਼ੇ ਉਹ ਪਾਕਿਸਤਾਨ ਦੇ ਜ਼ਿਲ੍ਹਾ ਮੁਲਤਾਨ ਦੇ ਪਿੰਡ ਪੁਲ਼ -18 ਐਮ. ਆਰ. ਦਾ ਨਿਵਾਸੀ ਹੈ। ਉਹਨੇ ਪਿੰਡ ਮਾਣੋਚਾਹਲ ਦੇ ਆਲ਼ੇ-ਦੁਆਲ਼ੇ ਵਾਲੇ ਸਾਰੇ ਪਿੰਡਾਂ ਦਾ ਨਾਂ ਦੱਸਿਆ ਹੈ। ਉਹ ਆਪਣੇ ਵਾਲਦ ਦਾ ਨਾਂ ਨਬੀ ਬਖ਼ਸ਼ ਤੇ ਬਾਕੀ ਚਾਰ ਸਕੇ ਭਰਾਵਾਂ ਦੇ ਨਾਂ ਮੁਹੰਮਦ ਸ਼ਫ਼ੀਕ, ਸਦੀਕ, ਲਤੀਫ਼ ਤੇ ਰਫ਼ੀਕ ਦੱਸਦਾ ਹੈ। ਆਪਣਾ ਜ਼ੱਦੀ-ਪੁਸ਼ਤੀ ਕੰਮ ਕੱਪੜੇ ਦਾ ਵਪਾਰ (ਤਜ਼ਾਰਤ) ਦੱਸਦਾ ਹੈ ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਉਹ ਜੁਲਾਹੇ ਹੋਣਗੇ ਤੇ ਹੱਥ-ਖੱਡੀਆਂ ਤੇ ਸੂਤ ਤੋਂ ਖੱਦਰ ਦਾ ਕੱਪੜਾ ਬਣਾ ਕੇ ਸ਼ਹਿਰ ਜਾ ਕੇ ਵੇਚਦੇ ਹੋਣਗੇ। ਉਹ ਆਪਣੇ ਯਾਰਾਂ-ਬੇਲੀਆਂ ਤੇ ਪਿੰਡ ਦੇ ਹੋਰ ਪਤਵੰਤੇ ਬੰਦਿਆਂ 'ਚੋਂ ਤਾਰਾ ਸਿੰਘ, ਉਹਦਾ ਭਤੀਜਾ ਜੱਗ ਸਿੰਘ, ਚੰਨਣ ਸਿੰਘ, ਹਰਨਾਮ ਸਿੰਘ, ਕਰਤਾਰ ਸਿੰਘ, ਸ਼ੰਗਾਰਾ ਸਿੰਘ, ਅਰਜਨ ਸਿੰਘ, ਦਲੀਪ ਸਿੰਘ, ਸੰਪੂਰਨ ਸਿੰਘ, ਜ਼ੈਲਦਾਰ (ਨੰਬਰਦਾਰ) ਬੂੜ ਸਿੰਘ, ਨਾਇਬ ਸਿੰਘ ਤੇ ਅਜਾਇਬ ਸਿੰਘ ਦਾ ਨਾਂ ਦੱਸਦਾ ਹੈ।

ਉਹ ਆਪਣਾ ਘਰ ਪਿੰਡ ਦੇ ਲਹਿੰਦੇ ਪਾਸੇ (ਪੱਤੀ ਜ਼ੈਲਦਾਰਾਂ ਦੀ) ਦੱਸਦਾ ਹੋਇਆ ਰੋਹੀ ਵਿੱਚ ਨਾਹੁਣ ਤੇ ਮੱਛੀਆਂ ਫੜਨ ਦੀ ਗੱਲ ਵੀ ਕਰਦਾ ਹੈ। ਕਹਿੰਦਾ ਹੈ ਕਿ ਪਿੰਡ ਦੇ ਲਹਿੰਦੇ ਪਾਸੇ ਸੜਕ ਨੇੜੇ ਇੱਕ ਸ਼ਾਨਦਾਰ ਮਸਜਿਦ ਹੁੰਦੀ ਸੀ ਜਿੱਥੇ ਹਰ ਮਹੀਨੇ ਤਕਰੀਰ ਕੀਤੀ ਜਾਂਦੀ ਸੀ। ਇਸ ਦੇ  ਨਾਲ ਲਗਵੀਆਂ ਉਹਨਾਂ ਦੀਆਂ ਮਾਲ-ਡੰਗਰ ਵਾਲ਼ੀਆਂ ਹਵੇਲੀਆਂ ਸਨ ਪਰ ਜ਼ਮੀਨ ਦੀ ਮਾਲਕੀ ਕੋਈ ਨਹੀਂ ਸੀ। ਪਿੰਡ ਦੇ ਦੱਖਣ ਵੱਲ ਮਸ਼ਹੂਰ ਗੁਰਦੁਆਰੇ ਬਾਬਾ ਜੋਗੀ ਪੀਰ ਬਾਰੇ ਦੱਸਦਾ ਹੈ ਤੇ ਗੁਰੂ-ਨਗਰੀ ਤਰਨਤਾਰਨ ਨੂੰ 'ਸਿੱਖਾਂ ਦਾ ਮੱਕਾ' ਦੱਸਦਾ ਹੈ। ਪਿੰਡ ਵਿੱਚ ਛੇਵੀਂ ਤੱਕ ਲੋਅਰ-ਮਿਡਲ ਸਕੂਲ਼ ਦੀ ਗੱਲ ਕਰਦਿਆਂ ਸਕੂਲ਼ 'ਚ ਪੜ੍ਹਾਉਂਦੇ ਮਾਸਟਰਾਂ ਵਿੱਚ ਮੌਲ਼ਵੀ ਖ਼ੁਦਾ ਬਖ਼ਸ਼ ਤੇ ਮਾਸਟਰ ਤਾਰਾ ਸਿੰਘ ਦਾ ਨਾਂ ਲੈਂਦਾ ਹੈ। ਪਿੰਡ ਦੀਆਂ ਸੱਤ ਪੱਤੀਆਂ ਤੇ ਤਿੰਨ ਵਿਹੜਿਆਂ ਦੀ ਗੱਲ ਵੀ ਕਰਦਾ ਹੈ। ਹਰ ਪੱਤੀ ਵਿੱਚ ਗੁਰਦੁਆਰਾ, ਜੰਞ-ਘਰ, ਪਾਣੀ ਪੀਣ ਲਈ ਖ਼ੂਹ ਤੇ ਖ਼ੂਹੀਆਂ ਅਤੇ ਹਰ ਪੱਤੀ ਦੇ ਚੌਂਕ ਵਿੱਚ ਵੱਡੇ ਤਖ਼ਤਪੋਸ਼ਾਂ ਬਾਰੇ ਦੱਸਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹਨੇ ਇਸ ਗੱਲ ਦੀ ਤਸਦੀਕ ਕੀਤੀ ਹੈ ਕਿ ਵੰਡ ਤੋਂ ਪਹਿਲਾਂ ਪਿੰਡ ਦੇ ਲੋਕਾਂ ਦੀ ਸਾਡੇ ਨਾਲ ਬੜੀ ਤੇਹ-ਮੁਹਬਤ ਤੇ ਪਿਆਰ-ਭਾਈਚਾਰਾ ਸੀ ਅਤੇ ਰੌਲ਼ਿਆਂ ਵੇਲੇ ਪਿੰਡ ਦੇ ਲੋਕਾਂ ਨੇ ਉਹਨਾਂ ਦਾ ਕੋਈ ਨੁਕਸਾਨ ਨਹੀਂ ਹੋਣ ਦਿੱਤਾ ਤੇ ਬੜੀ ਹਿਫ਼ਾਜ਼ਤ ਨਾਲ ਲਹੌਰ ਤੋਂ ਫ਼ੋਨ ਕਰਕੇ ਮਿਲਟਰੀ ਮੰਗਵਾ ਕੇ ਸਾਨੂੰ ਸੁਰੱਖਿਅਤ ਥਾਂ ਤੇ ਪਹੁੰਚਾਇਆ।

## 7. ਕੈਪਟਨ ਗੁਰਦੀਪ ਸਿੰਘ :-

ਮਾਣਯੋਗ ਮਾਸਟਰ ਠਾਕਰ ਸਿੰਘ ਜੀ ਦੇ ਸਪੁੱਤਰ ਕੈਪਟਨ ਗੁਰਦੀਪ ਸਿੰਘ ਦਾ ਜਨਮ 20.06.1938 ਨੂੰ ਪਿੰਡ ਮਾਣੋਚਾਹਲ ਵਿਖੇ ਹੋਇਆ। ਉਹਨਾਂ ਨੇ ਪਿੰਡ ਦੇ ਸਕੂਲ



Scanned with OKEN Scanner

ਤੋਂ ਚੌਥੀ ਜਮਾਤ ਪਾਸ ਕਰਕੇ ਦਸਵੀਂ ਗੁਰੂ ਗੋਬਿੰਦ ਸਿੰਘ ਮਾਝਾ ਹਾਈ ਸਕੂਲ ਕੈਰੋਂ ਤੋਂ ਕੀਤੀ। 1956 ਵਿੱਚ ਉਹ ਭਾਰਤੀ ਫੌਜ ਦੀ ਆਰਮਡ ਕੋਰ ਵਿੱਚ ਭਰਤੀ ਹੋ ਗਏ। ਦੇਸ਼ ਦੀ ਰੱਖਿਆ ਲਈ 1960 ਦੀ ਗੋਆ ਦੀ ਅਜ਼ਾਦੀ ਦੀ ਲੜਾਈ, 1962 ਦਾ ਹਿੰਦ-ਚੀਨ ਯੁੱਧ, 1965 ਤੇ 1971 ਦੇ ਹਿੰਦ-ਪਾਕਿ ਯੁੱਧ ਲੜੇ ਤੇ 28 ਸਾਲ ਫੌਜੀ ਸੇਵਾ ਕਰਨ ਉਪ੍ਰੰਤ 1984 ਵਿੱਚ ਰਿਟਾਇਰ ਹੋ ਕੇ ਘਰ ਪਰਤੇ। ਦੇਸ਼ ਦੀ ਸੁਰੱਖਿਆ ਲਈ ਰਾਤ-ਦਿਨ ਸਰਹੱਦਾਂ ਤੇ ਪਹਿਰਾਂ ਦੇਣ ਵਾਲੇ ਇਸ ਬਹਾਦਰ ਸਿਪਾਹੀ ਨੂੰ ਨੌਜਵਾਨ ਤੇ ਹੋਣਹਾਰ ਪੁੱਤਰ ਦੀ ਮੌਤ ਨੇ ਬੁਰੀ ਤਰ੍ਹਾਂ ਝੰਜੋੜ ਦਿੱਤਾ ਹੈ ਪਰ ਇਹ ਵੀਰ ਸੈਨਿਕ ਸੀਨੇ ਤੇ ਪੱਥਰ ਰੱਖ ਕੇ ਇਸ ਸਦਮੇ ਦਾ ਬਹਾਦਰੀ ਨਾਲ ਮੁਕਾਬਲਾ ਕਰਦਾ ਹੋਇਆ ਆਪਣੇ ਪੋਤਰੇ ਦੀ ਵਾਹੀ-ਖੇਤੀ ਕਰਨ ਵਿੱਚ ਅਗਵਾਈ ਕਰ ਰਿਹਾ ਹੈ। ਉਹਨਾਂ ਨੂੰ ਮਿਲਣ ਤੇ ਹੀ ਮੈਨੂੰ ਪਤਾ ਲੱਗਾ ਕਿ ਉਹ ਪਿਛਲੇ ਕੁਝ ਮਹੀਨਿਆਂ ਤੋਂ ਦਿਲ ਦਾ ਵਾਲਵ ਬੰਦ ਹੋਣ ਕਾਰਨ ਇਲਾਜ ਅਧੀਨ ਰਹੇ ਹਨ ਪਰ ਪਿਛਲੇ ਸਾਲ ਉਹ ਸਵਰਗਵਾਸ ਹੋ ਗਏ ਹਨ।

## 8. ਕਾਮਰੇਡ ਸੁਖਦੇਵ ਸਿੰਘ ਚਾਹਲ

ਕਾਮਰੇਡ ਸੁਖਦੇਵ ਸਿੰਘ ਚਾਹਲ, ਕਮਿਊਨਿਸਟ ਸਿਧਾਂਤ ਨੂੰ ਪ੍ਰਨਾਏ ਹੋਏ ਨਿਧੜਕ ਆਗੂ ਕਾ: ਸੁਰਜਨ ਸਿੰਘ (ਜੋ ਸੀ.ਪੀ.ਐਮ. ਦੀ ਮਾਣੋਚਾਹਲ ਬ੍ਰਾਂਚ ਦੇ ਕਈ ਸਾਲ ਸਕੱਤਰ ਰਹੇ) ਦੇ ਹੋਣਹਾਰ ਸਪੁੱਤਰ ਹਨ। ਕਾ: ਸੁਖਦੇਵ ਸਿੰਘ ਦਾ ਜਨਮ 30.04.1959 ਨੂੰ ਪਿੰਡ ਮਾਣੋਚਾਹਲ ਕਲਾਂ ਵਿਖੇ ਛੋਟੇ ਕਿਸਾਨ ਤੇ ਅਗਾਂਹਵਧੂ ਪਰਿਵਾਰ ਵਿੱਚ ਹੋਇਆ। ਉਹਨੇ ਪਿੰਡ ਦੇ ਸਕੂਲ ਤੋਂ ਦਸਵੀਂ ਪਾਸ ਕਰਕੇ 1977 ਵਿੱਚ ਪੰਜਾਬ ਰਾਜ ਬਿਜਲੀ ਬੋਰਡ (ਹੁਣ ਪੀ.ਐਸ.ਪੀ.ਸੀ.ਐਲ) ਵਿੱਚ ਨੌਂਕਰੀ ਜਾਇਨ ਕੀਤੀ। ਵਰਨਣਯੋਗ ਹੈ ਕਿ ਉਹ ਚਾਰੇ ਭਰਾ ਬਿਜਲੀ ਬੋਰਡ ਦੇ ਮੁਲਾਜ਼ਮ ਰਹੇ ਹਨ। ਵੱਡੇ ਭਰਾ ਜਸਪਾਲ ਸਿੰਘ ਨੇ ਭਾਰਤੀ ਫੌਜ ਦੀ ਨੌਂਕਰੀ ਕਰਨ ਉਪ੍ਰੰਤ ਰੋਪੜ ਥਰਮਲ ਪਲਾਂਟ ਤੇ ਕਈ ਸਾਲ ਨੌਂਕਰੀ ਕੀਤੀ ਤੇ ਆਪਣਾ ਰੈਣ-ਬਸੇਰਾ ਵੀ ਉੱਥੇ ਹੀ ਬਣਾ ਲਿਆ। ਉਸ ਤੋਂ ਛੋਟਾ ਸੁਰਜੀਤ ਸਿੰਘ ਵੀ ਫੌਜ 'ਚੋਂ ਪੈਨਸ਼ਨ ਆ ਕੇ ਬਿਜਲੀ ਬੋਰਡ ਦਾ ਮੁਲਾਜ਼ਮ ਬਣਿਆ ਸੀ। ਸਭ ਤੋਂ ਛੋਟਾ ਹਰਜੀਤ ਸਿੰਘ ਵੀ ਬਿਜਲੀ ਮੁਲਾਜ਼ਮ ਹੈ। ਤੀਜੇ ਥਾਂ ਸੁਖਦੇਵ ਸਿੰਘ ਲੰਬਾ ਸਮਾਂ ਬਿਜਲੀ ਬੋਰਡ (ਮਗਰੋਂ ਪੀ ਐਸ ਪੀ ਸੀ ਐਲ) ਦੀ ਸੇਵਾ ਕਰਦਿਆਂ ਬਿਜਲੀ ਮੁਲਾਜ਼ਮਾਂ ਦਾ ਹਰਮਨ-ਪਿਆਰਾ ਆਗੂ ਵੀ ਰਿਹਾ ਹੈ। ਨੌਂਕਰੀ ਦੌਰਾਨ ਉਹ ਪੀ.ਐਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ (ਸਬੰਧਿਤ ਏਟਕ) ਦਾ ਮੈਂਬਰ ਬਣ ਗਿਆ ਤੇ ਰਿਟਾਇਰ ਹੋਣ ਤੱਕ ਇਸ ਵਿਭਾਗੀ ਜਥੇਬੰਦੀ ਦੇ ਝੰਡੇ ਹੇਠ ਬਿਜਲੀ ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ ਦੇ ਮੈਦਾਨ ਵਿੱਚ ਡਟਿਆ ਰਿਹਾ।

ਉਹਨੇ ਕੁਝ ਸਮਾਂ ਸਰਵ ਭਾਰਤੀ ਨੌਜਵਾਨ ਸਭਾ ਵਿੱਚ ਵੀ ਕੰਮ ਕੀਤਾ ਅਤੇ ਬੇ-



Scanned with OKEN Scanner

ਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ-ਪ੍ਰਾਪਤੀ ਤੇ ਹੋਰ ਮੰਗਾਂ ਲਈ ਲਾਮਬੰਦ ਕੀਤਾ। ਬਿਜਲੀ ਮੁਲਾਜ਼ਮਾਂ ਦੀ ਜਥੇਬੰਦੀ ਵੱਲੋਂ ਕੀਤੇ ਸੰਘਰਸ਼ ਦੇ ਫਲਸਰੂਪ ਕਈ ਪ੍ਰਾਪਤੀਆਂ ਹੋਈਆਂ ਹਨ। ਉਪ੍ਰੰਤ 30 ਅਪ੍ਰੈਲ 2017 ਨੂੰ ਉਹ ਜਥੇਬੰਦੀ ਦੇ ਸਰਕਲ ਪ੍ਰਧਾਨ ਵਜੋਂ ਸੇਵਾ-ਮੁਕਤ ਹੋਇਆ ਅਤੇ ਸੀ.ਪੀ.ਆਈ. ਪਾਰਟੀ ਬ੍ਰਾਂਚ ਨੂੰ ਕਾਰਜਸ਼ੀਲ ਕਰਨ ਦੀ ਜ਼ਿੰਮੇਵਾਰੀ ਲੈ ਲਈ। ਆਪਣੀ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਉਹ ਪਾਰਟੀ ਸਰਗਰਮੀਆਂ ਵਿੱਚ ਭਾਗ ਲੈ ਰਿਹਾ ਹੈ। ਪੂੰਜੀਵਾਦੀ ਸਿਸਟਮ ਵਿਰੁੱਧ ਸਮਾਜਵਾਦੀ ਪ੍ਰਬੰਧ ਸਥਾਪਤ ਕਰਕੇ ਗਰੀਬ ਕਿਸਾਨਾਂ-ਮਜ਼ਦੂਰਾਂ ਦੀ ਲੁੱਟ ਰੋਕਣ ਲਈ ਸਮਝੌਤਾ-ਰਹਿਤ ਲਗਾਤਾਰ ਚੱਲ ਰਹੀ ਬੇਕਿਰਕ ਲੜਾਈ ਵਿੱਚ ਆਪਣਾ ਯੋਗਦਾਨ ਪਾਉਣ ਵਾਲ਼ੇ ਅਜਿਹੇ ਸਾਥੀਆਂ ਨੂੰ ਮੇਰਾ ਸਲਾਮ ਹੈ। ਮੈਂ ਉਹਦੇ ਸਾਰੇ ਪਰਿਵਾਰ ਦੀ ਤੰਦਰੁਸਤੀ ਲਈ ਦੁਆ ਕਰਦਾ ਹਾਂ।

## 9. ਕਾਮਰੇਡ ਜਰਨੈਲ ਸਿੰਘ ਫੌਜੀ

ਸਖ਼ਤ ਮਿਹਨਤ ਤੇ ਇਮਾਨਦਾਰੀ ਦੇ ਮੁਜੱਸਮੇ ਕਾ: ਜਰਨੈਲ ਸਿੰਘ ਫੌਜੀ ਦਾ ਜਨਮ ਪਿੰਡ ਮਾਣੋਚਾਹਲ ਕਲਾਂ ਵਿੱਚ 01.05.1940 ਨੂੰ ਸ੍. ਬਹਾਲ ਸਿੰਘ ਦੇ ਘਰ ਹੋਇਆ। ਪਿੰਡ ਦੇ ਸਕੂਲ ਤੋਂ ਪੰਜਵੀਂ ਪਾਸ ਕਰਨ ਉਪ੍ਰੰਤ ਛੇਵੀਂ ਜਮਾਤ ਗੁਰੂ ਗੋਬਿੰਦ ਸਿੰਘ ਮਾਝਾ ਹਾਈ ਸਕੂਲ ਕੈਰੋਂ ਤੋਂ ਕੀਤੀ ਤੇ 1959 ਵਿੱਚ ਭਾਰਤੀ ਫੌਜ ਵਿੱਚ ਭਰਤੀ ਹੋ ਗਿਆ। 21 ਸਾਲ ਫੌਜ ਦੇ ਆਰ.ਟੀ. ਵਿੰਗ ਦੀ ਨੌਂਕਰੀ ਕਰਕੇ 1980 'ਚ ਪੈਨਸ਼ਨ ਆ ਗਿਆ। 1985 ਵਿੱਚ ਉਹਨੂੰ ਕਾਰਪੋਰੇਸ਼ਨ ਬੈਂਕ ਅੰਮ੍ਰਿਤਸਰ ਵਿੱਚ ਸਕਿਓਰਿਟੀ ਗਾਰਡ ਦੀ ਨੌਂਕਰੀ ਮਿਲ ਗਈ। ਉਹਨੇ ਆਪਣੇ ਬੱਚਿਆਂ ਤੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਜਾਨ-ਤੋੜ ਮਿਹਨਤ ਕੀਤੀ ਤੇ ਘਰੇਲੂ ਆਰਥਿਕਤਾ ਵਾਲੀ ਪੌੜੀ ਦੇ ਹੇਠਲੇ ਡੰਡੇ ਤੋਂ ਸਫ਼ਰ ਸ਼ੁਰੂ ਕਰਕੇ ਉਪਰਲੇ ਡੰਡੇ ਤੱਕ ਪਹੁੰਚਣ ਦਾ ਮੁਕਾਮ ਹਾਸਲ ਕੀਤਾ। ਸਿੱਟੇ ਵਜੋਂ ਉਹਦਾ ਵੱਡਾ ਲੜਕਾ ਸਕੱਤਰ ਸਿੰਘ ਫੌਜ ਦੀ ਨੌਂਕਰੀ ਪੂਰੀ ਕਰਕੇ ਰਿਟਾਇਰ ਹੋ ਕੇ ਅੰਮ੍ਰਿਤਸਰ ਆਪਣੀ ਕੋਠੀ ਵਿੱਚ ਰਹਿੰਦਾ ਹੈ ਤੇ ਦੂਸਰਾ ਇੰਦਰਜੀਤ ਮੈਡੀਕਲ ਖੇਤਰ ਵਿੱਚ ਆਪਣੀ ਉਪਜੀਵਕਾ ਕਮਾ ਰਿਹਾ ਹੈ ਤੇ ਪਿੰਡ ਕੋਠੀ ਪਾ ਕੇ ਰਹਿੰਦਾ ਹੈ। ਅਗਾਂਹ ਇੰਦਰਜੀਤ ਦੇ ਦੋਵ੍ਹੇਂ ਲੜਕੇ ਭਾਰਤੀ ਫੌਜ ਦੇ ਸਿਪਾਹੀ ਹਨ।

ਜਦੋਂ ਜਰਨੈਲ ਸਿੰਘ ਨੂੰ ਬੈਂਕ ਦੀ ਨੌਂਕਰੀ ਮਿਲੀ ਤਾਂ ਮੈਂ ਵੇਖਦਾ ਰਿਹਾ ਹਾਂ ਕਿ ਹਾੜ ਹੋਵੇ ਜਾਂ ਸਿਆਲ, ਉਹ ਪਿੰਡੋਂ ਤਰਨਤਾਰਨ ਤੱਕ ਹਰ ਰੋਜ਼ ਸਾਈਕਲ ਤੇ ਜਾਂਦਾ ਸੀ ਤੇ ਉੱਥੋਂ ਬੱਸ ਫੜ ਕੇ ਅੰਮ੍ਰਿਤਸਰ ਪਹੁੰਚਦਾ ਤੇ ਇਸੇ ਤਰ੍ਹਾਂ ਵਾਪਸ ਘਰ ਪਹੁੰਚਦਾ ਸੀ। ਏਨੀ ਸਖ਼ਤ ਮਿਹਨਤ ਕਰਦਾ ਮੈਂ ਹੋਰ ਕੋਈ ਬੰਦਾ ਨਹੀਂ ਵੇਖਿਆ। ਇਸ ਮਿਹਨਤ ਦੇ ਬਲ-ਬੋਤੇ ਅੱਜ ਉਹ ਦੋ ਪੈਨਸ਼ਨਾਂ ਲੈ ਕੇ ਸੁਖ ਦੀ ਜ਼ਿੰਦਗੀ ਬਤੀਤ ਕਰ ਰਿਹਾ ਹੈ ਤੇ ਸਮਾਜ-ਸੇਵਾ ਦੇ ਕਾਰਜਾਂ ਵਿੱਚ ਯੋਗਦਾਨ ਪਾ ਰਿਹਾ ਹੈ। ਇਸ ਦੌਰਾਨ ਉਹ ਪਹਿਲਾਂ ਕਿਸਾਨਾਂ-



Scanned with OKEN Scanner

ਮਜ਼ਦੂਰਾਂ ਦੇ ਹੱਕਾਂ ਲਈ ਲੜਨ ਵਾਲੀ ਰਾਜਨੀਤਕ ਪਾਰਟੀ ਸੀ.ਪੀ.ਐਮ. ਤੇ ਬਾਅਦ ਵਿੱਚ ਆਰ.ਐਮ.ਪੀ.ਆਈ. ਦਾ ਸਰਗਰਮ ਮੈਂਬਰ ਬਣ ਕੇ ਸਰਕਾਰਾਂ ਵੱਲੋਂ ਗਰੀਬ ਕਿਰਤੀ ਲੋਕਾਂ ਨਾਲ ਕੀਤੀ ਜਾ ਰਹੀ ਬੇਇਨਸਾਫ਼ੀ ਵਿਰੁੱਧ ਚੱਲਦੇ ਸੰਘਰਸ਼ ਵਿੱਚ ਵੀ ਆਪਣਾ ਯੋਗਦਾਨ ਪਾਉਂਦਾ ਰਿਹਾ ਹੈ। ਮੈਨੂੰ ਆਪਣੇ ਪਿੰਡ ਦੇ ਅਜਿਹੇ ਸੂਝਵਾਨ ਤੇ ਹੱਕ-ਸੱਚ ਲਈ ਲੜਨ ਵਾਲੇ ਯੋਧਿਆਂ ਤੇ ਮਾਣ ਹੈ। ਮੈਂ ਉਹਨਾਂ ਦੀ ਤੰਦਰੁਸਤੀ, ਖ਼ੁਸ਼ਹਾਲੀ ਤੇ ਚੜ੍ਹਦੀ ਕਲਾ ਦੀ ਕਾਮਨਾ ਕਰਦਾ ਹਾਂ।

### 10. ਪਿੰਡ ਦਾ ਗਵਾਚਾ ਹੀਰਾ-ਭਲਵਾਨ ਜਤਿੰਦਰ ਸਿੰਘ ਗੋਲਾ :-

ਗੋਲੇਵਾਲੀਆਂ ਦੇ ਪਰਿਵਾਰ 'ਚੋਂ ਸ੍ਰ. ਸੁਖਦੇਵ ਸਿੰਘ ਦੇ ਪੁੱਤਰ ਤੇ ਬਲਵਿੰਦਰ ਸਿੰਘ ਸੋਨੂੰ ਦੇ ਛੋਟੇ ਭਰਾ ਜਤਿੰਦਰ ਸਿੰਘ ਨੇ ਨਿੱਕੀ ਉਮਰੇ ਹੀ ਭਲਵਾਨੀ ਦੀਆਂ ਸ਼ਿਖ਼ਰਾਂ ਛੂਹੀਆਂ ਤੇ ਕਈ ਭਲਵਾਨਾਂ ਨੂੰ ਅਖਾੜੇ 'ਚ ਚਿੱਤ ਕੀਤਾ। ਉਹ ਨਵੀਂ ਪੀੜ੍ਹੀ ਦਾ ਹੋਣਹਾਰ ਖਿਡਾਰੀ ਸੀ ਜਿਸ ਨੇ ਸਖ਼ਤ ਮਿਹਨਤ ਕਰਕੇ ਭਲਵਾਨੀ ਦੇ ਖੇਤਰ ਵਿੱਚ ਵੱਡੀਆਂ ਪੁਲਾਂਘਾਂ ਪੁੱਟੀਆਂ। ਉਹਨੇ ਕੁਝ ਸਮਾਂ ਪੰਜਾਬ ਪੁਲਿਸ ਦੀ ਨੌਂਕਰੀ ਕੀਤੀ ਤੇ ਫਿਰ ਉਹਦੇ ਮਨ ਤੇ ਅਮਰੀਕਾ ਜਾ ਕੇ ਭਲਵਾਨੀ ਕਰਨ ਦਾ ਭੂਤ ਸਵਾਰ ਹੋ ਗਿਆ। ਉੱਥੇ ਜਾ ਕੇ ਉਹਨੇ ਕਈ ਕੁਸ਼ਤੀਆਂ ਲੜੀਆਂ ਤੇ ਕਈ ਜਿੱਤੀਆਂ। ਜਲਦੀ ਹੀ ਉਹ ਅਮਰੀਕਾ ਦਾ ਪੱਕਾ ਵਸਨੀਕ ਬਣ ਗਿਆ। ਅਜੇ ਉਹਨੇ ਕੁਸ਼ਤੀ ਦੇ ਅੰਬਰ ਤੇ ਧਰੂ ਤਾਰੇ ਵਾਂਗ ਚਮਕਣਾ ਸੀ ਕਿ ਹੋਣੀ ਨੇ ਸਭ ਕੁਝ ਮਲ਼ੀਆ ਮੇਟ ਕਰ ਦਿੱਤਾ। ਸਮੁੱਚੇ ਪਰਿਵਾਰ ਤੇ ਆਪਣੇ ਚਾਹੁਣ ਵਾਲੇ ਬਹੁਤ ਸਾਰੇ ਕੁਸ਼ਤੀ-ਪ੍ਰੇਮੀਆਂ ਨੂੰ ਵਿਲਕਦੇ ਛੱਡ ਕੇ ਉਹ ਮੌਤ ਦੀ ਗੋਦ ਵਿੱਚ ਜਾ ਸੁੱਤਾ। ਬੜੀ ਮੁਸ਼ਕਿਲ ਨਾਲ ਸਾਡੇ ਪਿੰਡ ਨੂੰ, ਘਰ-ਪਰਿਵਾਰ ਤੇ ਪਿੰਡ ਦਾ ਨਾਂ ਰੋਸ਼ਨ ਕਰਨ ਵਾਲਾ ਇਹ ਹੀਰਾ ਮਿਲਿਆ ਸੀ ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ ਅਤੇ ਮੰਦੇ ਭਾਗਾਂ ਨੂੰ ਉਹ ਅਛੋਪਲੇ ਜਿਹੇ ਹੱਥਾਂ 'ਚੋਂ ਖਿਸਕ ਗਿਆ।

### 11 ਸੂਬੇਦਾਰ ਜੋਗਾ ਸਿੰਘ ਮਹਿਲਾਂ ਵਾਲ਼ਾ

ਮਹਿਲਾਂ ਵਾਲ਼ਿਆਂ ਦਾ ਪਰਿਵਾਰ ਸਾਡੇ ਪਿੰਡ ਦਾ ਅਜਿਹਾ ਪਰਿਵਾਰ ਹੈ ਜਿਸ ਦੇ ਸਭ ਤੋਂ ਵੱਧ ਮੈਂਬਰਾਂ ਨੇ ਭਾਰਤੀ ਫੌਜ ਜਾਂ ਪੰਜਾਬ ਪੁਲਿਸ ਵਿਭਾਗਾਂ ਵਿਚ ਸੇਵਾ ਕਰਕੇ ਨਾਮਣਾ ਖੱਟਿਆ ਹੈ ਅਤੇ ਪਿੰਡ ਦਾ ਨਾਂ ਵੀ ਰੌਸ਼ਨ ਕੀਤਾ ਹੈ। ਇਸ ਪਰਿਵਾਰ ਦਾ ਇਕ ਫ਼ਰਜ਼ੰਦ ਜੋਗਾ ਸਿੰਘ ਜਿਹਨੇ ਭਾਰਤੀ ਫੌਜ ਦੀ 17 ਸਾਲ ਸੇਵਾ ਕੀਤੀ ਹੈ ਮੇਰਾ ਆੜੀ ਰਿਹਾ ਹੈ। ਅਸੀਂ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਹਾਈ ਸਕੂਲ ਅਗਾੜਾ ਪਿਛਾੜਾ (ਤਰਨਤਾਰਨ) ਵਿਚ ਅੱਗੜ-ਪਿੱਛੜ ਹੀ ਪੜ੍ਹਦੇ ਸਾਂ। ਉਹ ਇਕ ਜਮਾਤ ਮੇਰੇ ਤੋਂ ਪਿੱਛੇ ਹੁੰਦਾ ਸੀ ਮੈਨੂੰ ਯਾਦ ਹੈ ਜਦੋਂ ਸ੍ਰੀ ਪਰੇਮ ਨਾਥ ਸਠਿਆਲ਼ੇ ਵਾਲ਼ਿਆਂ ਅਗਾੜਾ ਪਿਛਾੜਾ ਸਕੂਲ ਵਿਚ ਸ. ਸ. ਮਾਸਟਰ ਵਜੋਂ ਜਾਇਨ ਕਰ ਲਿਆ ਤਾਂ ਪਿੰਡ ਦੂਰ ਹੋਣ ਕਾਰਨ



Scanned with OKEN Scanner

ਉਹਨਾਂ ਨੇ ਸਾਡੇ ਪਿੰਡ ਲੰਮਿਆਂ ਦੇ ਖਾਲੀ ਪਏ ਚੁਬਾਰੇ ਵਿਚ ਰਿਹਾਇਸ਼ ਕਰ ਲਈ।ਇਮਾਰਤ ਪੱਕੀਆਂ ਇੱਟਾਂ ਦੀ ਚੰਗੀ ਹਾਲਤ ਵਿਚ ਸੀ।ਮਾਲਕ ਸ੍ਰ ਹਜ਼ਾਰਾ ਸਿੰਘ ਲੰਮਾ ਅਤੇ ਉਹਨਾਂ ਦੇ ਲੜਕੇ ਮਹਿੰਦਰ ਸਿੰਘ ਤੇ ਜੋਗਿੰਦਰ ਸਿੰਘ ਹੋਰਾਂ ਵੱਲੋਂ ਪਰਿਵਾਰ ਸਮੇਤ ਰਿਹਾਇਸ਼ ਆਪਣੇ ਖੇਤਾਂ ਵਿਚ ਲੈ ਜਾਣ ਕਾਰਨ ਇਹ ਖਾਲੀ ਪਈ ਸੀ।ਹਰ ਸ਼ਨੀਵਾਰ ਉਹ ਸਾਈਕਲ ਤੇ ਹੀ 50 ਕਿਲੋਮੀਟਰ ਤੋਂ ਵੱਧ ਪੈਂਡਾ ਕਰਕੇ ਆਪਣੇ ਘਰ ਸਠਿਆਲ਼ੇ ਜਾਂਦੇ ਸਨ ਤੇ ਸੋਮਵਾਰ ਫਿਰ ਏਨੀ ਮੰਜ਼ਿਲ ਸਰ ਕਰਕੇ ਠੀਕ ਸਕੂਲ ਸਮੇਂ ਤੇ ਆ ਹਾਜ਼ਰ ਹੁੰਦੇ ਸਨ।

ਆਪਣੀ ਇਕੱਲਤਾ ਨੂੰ ਤੋੜਨ ਲਈ ਉਹਨਾਂ ਨੇ ਕੁਝ ਪਿੰਡ ਦੇ ਮੁੰਡਿਆਂ ਨੂੰ ਸਕੂਲ ਸਮੇਂ ਤੋਂ ਬਾਅਦ ਆਪਣੇ ਕੋਲ ਪੜ੍ਹਨ ਲਈ ਸੱਦ ਲੈਣਾ।ਉਹ ਸਮੇਂ ਬੜੇ ਚੰਗੇ ਸਨ।ਅਧਿਆਪਕਾਂ ਨੂੰ ਟਿਊਸ਼ਨ ਦਾ ਲਾਲਚ ਨਹੀਂ ਸੀ ਹੁੰਦਾ।ਵਾਹ ਲਗਦੀ ਮਾਸਟਰ ਮੁਫ਼ਤ ਪੜ੍ਹਾਉਂਦੇ ਸਨ ਤੇ ਬਦਲੇ ਵਿਚ ਲੋਕ ਬੱਚਿਆਂ ਰਾਹੀਂ ਕਈ ਨਿਆਮਤਾਂ ਉਸਤਾਦਾਂ ਨੂੰ ਭੇਜ ਕੇ ਉਹਨਾਂ ਦੇ ਸ਼ੁਕਰ-ਗੁਜ਼ਾਰ ਹੁੰਦੇ ਸਨ।ਸਾਡੇ ਮਾਸਟਰ ਪਰੇਮ ਨਾਥ ਹੋਰੀਂ ਵੀ ਪੜ੍ਹਾਈ ਵਿਚ ਸਾਡੀ ਲੋੜ ਅਨੁਸਾਰ ਮਦਦ ਕਰਦੇ ਸਨ।ਉਹਨਾਂ ਬੱਚਿਆਂ ਵਿਚ ਮੈਂ ਤੇ ਜੋਗਾ ਸਿੰਘ ਵੀ ਸ਼ਾਮਲ ਸਾਂ।ਸਾਡਾ ਪੰਜ-ਛੇ ਮੁੰਡਿਆਂ ਦਾ ਟੋਲਾ ਹੁੰਦਾ ਸੀ।ਮਾਸਟਰ ਜੀ ਉਪਰ ਚੁਬਾਰੇ ਵਿਚ ਤੇ ਅਸੀਂ ਹੇਠਾਂ ਇਕ ਕਮਰੇ ਵਿਚ ਬਹਿੰਦੇ ਉਠਦੇ ਸਾਂ।ਸਿਆਲ਼ ਵਿਚ ਅਸੀਂ ਆਪਣੇ ਮੰਜੇ ਬਿਸਤਰੇ ਵੀ ਉੱਥੇ ਰੱਖਦੇ ਸਾਂ।ਸਿਆਲ਼ੀ ਰਾਤਾਂ ਲੰਮੀਆਂ ਹੁੰਦੀਆਂ ਹਨ।ਇਕ ਯਾਦ ਸਾਂਝੀ ਕਰਦਾ ਹਾਂ।ਅਸੀਂ ਨੌਂ ਦਸ ਵਜੇ ਤੱਕ ਤਾਂ ਪੜ੍ਹਦੇ ਰਹਿਣਾ ਪਰ ਬਾਅਦ ਵਿਚ ਸਾਰੇ ਟੋਲੇ ਨੇ ਮਟਰ-ਗਸ਼ਤੀ ਕਰਨ ਅਤੇ ਗੰਨੇ ਚੂਪਣ ਲਈ ਬਾਹਰ ਖੇਤਾਂ ਵੱਲ ਨਿਕਲ ਜਾਣਾ।ਘੰਟਾ ਦੋ ਘੰਟੇ ਰੂਹ ਖ਼ੁਸ਼ ਕਰਕੇ ਵਾਪਸ ਮੁੜਨਾ।ਦਸਵੀਂ ਪਾਸ ਕਰਕੇ ਅਸੀਂ ਸਾਰੇ ਬੱਸ ਦੇ ਮੁਸਾਫ਼ਰਾਂ ਵਾਂਗ ਖਿੰਡ-ਪੁੰਡ ਗਏ।ਸਾਡਾ ਬਚਪਨ ਇਹੋ ਜਿਹੇ ਲਾ-ਪ੍ਰਵਾਹੀ ਤੇ ਬੇ-ਫ਼ਿਕਰੀ ਵਾਲ਼ੇ ਮਹੌਲ ਵਿਚ ਸਿਰੇ ਚੜ੍ਹਿਆ ਹੈ।

ਸੂਬੇਦਾਰ ਜੋਗਾ ਸਿੰਘ ਦਾ ਜਨਮ 15.8.1955 ਨੂੰ ਸ੍ਰ ਨਰਿੰਦਰ ਸਿੰਘ ਮਹਿਲਾਂ ਵਾਲ਼ੇਦੇ ਘਰ ਮਾਤਾ ਸਵਰਨ ਕੌਰ ਦੀ ਕੁਖੋਂ ਪਿੰਡ ਮਾਣੋ ਚਾਹਲ ਵਿਖੇ ਹੋਇਆ।ਪੰਜਵੀਂ ਪਿੰਡ ਦੇ ਸਰਕਾਰੀ ਸਕੂਲ ਅਤੇ ਦਸਵੀਂ ਐਸ. ਜੀ. ਏ. ਡੀ. ਖ਼ਾਲਸਾ ਹਾਈ ਸਕੂਲ ਅਗਾੜਾ ਪਿਛਾੜਾ ਤੋਂ 1971 ਵਿਚ ਪਾਸ ਕੀਤੀ ਉਪ੍ਰੰਤ ਇਕ ਸਾਲ ਦੀ ਪੀ. ਟੀ. ਆਈ. ਟਰੇਨਿੰਗ ਵੀ ਕੀਤੀ ਪਰ ਅੰਨ-ਜਲ਼ ਉਹਨੂੰ 1976 ਵਿਚ ਭਾਰਤੀ ਫੌਜ ਦਾ ਸਿਪਾਹੀ ਬਣਾ ਕੇ ਸਾਰੇ ਦੇਸ਼ ਦਾ ਭ੍ਰਮਣ ਕਰਾਉਣ ਲੈ ਗਿਆ।ਪੂਰੀ ਤਨਦੇਹੀ ਅਤੇ ਮਿਹਨਤ ਨਾਲ਼ ਫੌਜ ਦੀ ਨੌਕਰੀ ਪੂਰੀ ਕਰਕੇ ਉਹ 1993 ਵਿਚ ਬਤੌਰ ਸੂਬੇਦਾਰ ਰਿਟਾਇਰ ਹੋ ਗਏ।ਉਹਨਾਂ ਦਾ ਸ਼ੁਭਾਅ ਬੜਾ ਹੱਸਮੁਖ ਤੇ ਮਿੱਠਬੋਲੜਾ ਹੈ।ਉਹ ਦਸ ਮਿੰਟ ਵੀ ਕਿਸੇ ਨਾਲ਼ ਗੱਲ ਕਰਨ ਤਾਂ ਉਹਨੂੰ ਆਪਣਾ ਬਣਾ ਲੈਂਦੇ ਹਨ।ਇਸ ਦਰਮਿਆਨ ਉਸ ਦੀ ਸ਼ਾਦੀ ਸੁੱਘੜ ਸਿਆਣੀ



Scanned with OKEN Scanner

ਔਰਤ, ਸ੍ਰੀ ਮਤੀ ਰਾਜਵਿੰਦਰ ਕੌਰ ਨਾਲ ਹੋਈ।ਉਹਨਾਂ ਦਾ ਇਕ ਹੋਣਹਾਰ ਬੇਟਾ ਮਨਪ੍ਰੀਤ ਸਿੰਘ ਅਤੇ ਇਕ ਬੇਟੀ ਹਰਪ੍ਰੀਤ ਕੌਰ ਹੈ।ਬੇਟੀ ਵਿਆਹੀ ਹੋਈ ਹੈ ਅਤੇ ਆਪਣੇ ਘਰ ਸੁਖੀ ਜੀਵਨ ਜੀਅ ਰਹੀ ਹੈ।ਮਨਪ੍ਰੀਤ ਦੀ ਸ਼ਾਦੀ ਸਿਮਰਨਜੀਤ ਕੌਰ ਨਾਲ਼ ਹੋਣ ਤੇ ਉਹਨਾਂ ਨੂੰ ਧੀਆਂ ਵਰਗੀ ਨੂੰਹ ਮਿਲ ਗਈ ਹੈ।ਦੋ ਪੋਤਰੇ ਅੰਗਦ ਪ੍ਰਤਾਪ ਸਿੰਘ ਅਤੇ ਵਿਜੈ ਪ੍ਰਤਾਪ ਸਿੰਘ ਪੜ੍ਹਾਈ ਕਰਦੇ ਹਨ।ਬੇਟਾ ਤਾਜ ਹੋਟਲ ਅੰਮ੍ਰਿਤਸਰ ਵਿਚ ਏਰੀਆ ਮੈਨੇਜਰ ਵਜੋਂ ਨੌਂਕਰੀ ਕਰਦਾ ਹੋਇਆ ਆਪਣੀ ਉਪਜੀਵਕਾ ਕਮਾ ਰਿਹਾ ਹੈ।ਇਸ ਸਮੇਂ ਸੂਬੇਦਾਰ ਜੋਗਾ ਸਿੰਘ ਪਰਿਵਾਰ ਸਮੇਤ ਗੁਰੂ ਅਮਰਦਾਸ ਐਵੇਨਿਊ, ਏਅਰਪੋਰਟ ਰੋਡ, ਅੰਮ੍ਰਿਤਸਰ ਵਿਖੇ ਸੁਖਮਈ ਜ਼ਿੰਦਗੀ ਬਸਰ ਕਰ ਰਿਹਾ ਹੈ।ਮੈਂ ਉਹਦੀ ਤੰਦਰੁਸਤੀ ਭਰੀ ਲੰਮੀ ਉਮਰ ਦੀ ਕਾਮਨਾ ਕਰਦਾ ਹਾਂ।

❒

# ਪਿੰਡ ਦੇ ਰਹਿ ਚੁੱਕੇ ਤੇ ਮੌਜੂਦਾ ਸਰਪੰਚ ਤੇ ਨੰਬਰਦਾਰ

ਸਾਰੇ ਪੰਜਾਬ ਵਿੱਚ ਪੰਚਾਇਤੀ ਢਾਂਚਾ ਲਾਗੂ ਹੋਣ ਕਾਰਨ ਪੰਜ ਸਾਲ ਬਾਅਦ ਪੰਚਾਂ ਅਤੇ ਸਰਪੰਚਾਂ ਦੀ ਚੋਣ ਹੁੰਦੀ ਹੈ ਜੋ ਪਿੰਡ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਪਿੰਡਾਂ ਵਿੱਚ ਪੰਚਾਇਤ ਮੈਂਬਰਾਂ ਦੀ ਗਿਣਤੀ ਪਿੰਡ ਦੀ ਵਸੋਂ ਤੇ ਨਿਰਭਰ ਕਰਦੀ ਹੈ। ਬਹੁਤ ਛੋਟੇ ਪਿੰਡਾਂ ਵਿੱਚ ਪੰਜ ਮੈਂਬਰੀ ਪੰਚਾਇਤ ਹੁੰਦੀ ਹੈ ਤੇ ਵੱਡੇ ਪਿੰਡਾਂ ਵਿੱਚ 11 ਜਾਂ 13 ਮੈਂਬਰੀ ਪੰਚਾਇਤਾਂ ਵੀ ਹਨ। ਸਾਡੇ ਪਿੰਡ ਦੀ ਪੰਚਾਇਤ ਦੇ ਸਰਪੰਚ ਤੋਂ ਬਿਨਾਂ 11 ਹੋਰ ਮੈਂਬਰ ਹਨ। ਗਰਾਮ-ਪੰਚਾਇਤ ਮਾਨੋਚਾਹਲ ਕਲਾਂ ਦੇ ਜਿਹੜੇ ਸਰਪੰਚਾਂ ਬਾਰੇ ਮੈਨੂੰ ਜਾਣਕਾਰੀ ਹੈ ਉਹਨਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ :-

1. ਸ੍ਰ. ਸੰਪੂਰਨ ਸਿੰਘ (ਸਵਰਗਵਾਸੀ)
2. ਸ੍ਰ. ਤੇਜਾ ਸਿੰਘ (ਸਵਰਗਵਾਸੀ)
3. ਸ੍ਰ. ਚੈਨ ਸਿੰਘ (ਸਵਰਗਵਾਸੀ)
4. ਸ੍ਰ. ਕਰਤਾਰ ਸਿੰਘ (ਸਵਰਗਵਾਸੀ)
5 ਸ੍ਰ. ਸੱਜਣ ਸਿੰਘ ਮਾਣੋਚਾਹਲ ਖ਼ੁਰਦ (ਸਾਂਝੀ ਪੰਚਾਇਤ)
6. ਸ੍ਰ. ਗੁਰਚਰਨ ਸਿੰਘ ਸ਼ਾਹ (ਸਵਰਗਵਾਸੀ)
7. ਸ੍ਰੀਮਤੀ ਜਸਵੰਤ ਕੌਰ ਪਤਨੀ ਸ੍ਰ. ਚੈਨ ਸਿੰਘ (ਸਵਰਗਵਾਸੀ)
8. ਸ੍ਰ ਲਖਬੀਰ ਸਿੰਘ (ਲੱਖਾ) ਅਕਾਲੀ (ਸਵਰਗਵਾਸੀ)
9. ਸ੍ਰੀਮਤੀ ਗੁਰਮੀਤ ਕੌਰ ਪਤਨੀ ਲਖਬੀਰ ਸਿੰਘ
10. ਸ੍ਰ. ਬਲਵੰਤ ਸਿੰਘ ਫੌਜੀ ਪੱਤੀ ਨਾਹਰਾਂ ਦੀ
11. ਸ. ਕੁਲਦੀਪ ਸਿੰਘ ਪੱਤੀ ਨਾਹਰਾਂ ਦੀ

## ਮੌਜੂਦਾ ਪੰਚਾਇਤ

ਮੌਜੂਦਾ ਪੰਚਾਇਤ

1. ਸਕੱਤਰ ਸਿੰਘ ਪੁੱਤਰ ਸ੍ਰ ਮਹਿੰਦਰ ਸਿੰਘ-ਸਰਪੰਚ
2. ਸੁਖਵੰਤ ਸਿੰਘ ਪੁੱਤਰ ਸ੍ਰ ਅਰਜਨ ਸਿੰਘ-ਪੰਚ
3. ਬਲਹਾਰ ਸਿੰਘ ਪੁੱਤਰ ਸ੍ਰ ਨਰਿੰਦਰ ਸਿੰਘ-ਪੰਚ



Scanned with OKEN Scanner

4. ਜਸਵਿੰਦਰ ਸਿੰਘ ਪੁੱਤਰ ਸ੍ਰ ਸੁਖਦੇਵ ਸਿੰਘ-ਪੰਚ
5. ਹਰਜੀਤ ਸਿੰਘ ਪੁੱਤਰ ਸ੍ਰ ਅਜਾਇਬ ਸਿੰਘ-ਪੰਚ
6. ਬਲਵਿੰਦਰ ਸਿੰਘ ਪੁੱਤਰ ਸ੍ਰ ਸਕੱਤਰ ਸਿੰਘ-ਪੰਚ
7. ਰੋਸ਼ਨ ਸਿੰਘ ਪੁੱਤਰ ਸ੍ਰ ਅਜਾਇਬ ਸਿੰਘ-ਪੰਚ
8. ਸ਼ਰਨਜੀਤ ਕੌਰ ਪਤਨੀ ਸ੍ਰ ਬਲਵਿੰਦਰ ਸਿੰਘ-ਪੰਚ
9. ਰਾਜਵਿੰਦਰ ਕੌਰ ਪਤਨੀ ਸ੍ਰ ਮੇਜਰ ਸਿੰਘ-ਪੰਚ
10. ਜਸਵਿੰਦਰ ਕੌਲ ਪਤਨੀ ਸ੍ਰ ਸਤਨਾਮ ਸਿੰਘ-ਪੰਚ
11. ਲਖਵਿੰਦਰ ਕੌਰ ਪਤਨੀ ਸ੍ਰ ਸੁਖਦੇਵ ਸਿੰਘ-ਪੰਚ
12. ਪ੍ਰਕਾਸ਼ ਕੌਰ ਪਤਨੀ ਸ੍ਰ ਹਰਦਿਆਲ ਸਿੰਘ-ਪੰਚ

ਨੋਟ :- ਸ੍ਰ. ਕਸ਼ਮੀਰ ਸਿੰਘ ਮਾਣੋਚਾਹਲ ਖ਼ੁਰਦ ਦਾ ਦੋ ਵਾਰ ਅਤੇ ਉਹਨਾਂ ਦਾ ਲੜਕਾ ਕੁਲਵੰਤ ਸਿੰਘ ਇਕ ਵਾਰ ਸਰਪੰਚ ਰਿਹਾ ਹੈ। ਹੁਣ ਅੰਗਰੇਜ਼ ਸਿੰਘ ਪੁੱਤਰ ਸ: ਸਰਦੂਲ ਸਿੰਘ ਸਰਪੰਚ ਹੈ।

## ਪਿੰਡ ਦੇ ਨੰਬਰਦਾਰ

ਨੰਬਰਦਾਰ ਮਾਲ ਵਿਭਾਗ ਅੰਦਰ ਤਹਿਸੀਲਦਾਰ ਤੇ ਪਟਵਾਰੀ ਤੋਂ ਬਾਅਦ ਇਕ ਮਹੱਤਵਪੂਰਨ ਸ਼ਖਸ ਹੁੰਦਾ ਹੈ ਜੋ ਮਾਲ ਵਿਭਾਗ ਦੇ ਅਧਿਕਾਰੀਆਂ ਤੇ ਪਿੰਡ ਦੇ ਲੋਕਾਂ ਵਿਚਕਾਰ ਕੜੀ ਦਾ ਕੰਮ ਕਰਦਾ ਹੈ। ਸਰਕਾਰੀ ਕੰਮਾਂ ਵਿੱਚ ਉਸ ਦੀ ਗਵਾਹੀ ਨੂੰ ਬੜੀ ਅਹਿਮੀਅਤ ਦਿੱਤੀ ਜਾਂਦੀ ਹੈ। ਪਿੰਡ ਦੇ ਕਿਸੇ ਵੀ ਬੰਦੇ ਨੂੰ ਕਿਸੇ ਕਿਸਮ ਦਾ ਸਰਟੀਫਿਕੇਟ ਮਾਲ ਮਹਿਕਮੇਂ ਤੋਂ ਲੋੜੀਂਦਾ ਹੋਵੇ, ਨੰਬਰਦਾਰ ਦੀ ਰਿਪੋਰਟ ਤੋਂ ਬਾਅਦ ਹੀ ਪਟਵਾਰੀ ਦਸਖ਼ਤ ਕਰਕੇ ਉੱਪਰ ਭੇਜਦਾ ਹੈ। ਹਰ ਤਰ੍ਹਾਂ ਦੇ ਬੈਨਾਮੇ, ਰਹਿਣਨਾਮੇ, ਤਬਦੀਲ ਮਲਕੀਅਤ ਜਾਂ ਤਬਾਦਲੇ ਤੇ ਕਈ ਇਕਰਾਰਨਾਮਿਆਂ ਤੇ ਨੰਬਰਦਾਰ ਦੀ ਗਵਾਹੀ ਲਾਜ਼ਮੀ ਹੈ। ਸਾਡੇ ਪਿੰਡ ਦੇ ਪੁਰਾਣੇ ਰਹਿ ਚੁੱਕੇ ਨੰਬਰਦਾਰ ਹੇਠ ਲਿਖੇ ਅਨੁਸਾਰ ਹਨ :-

1. ਸ੍ਰ. ਤਾਰਾ ਸਿੰਘ (ਸਵਰਗਵਾਸੀ)
2. ਸ੍ਰ. ਚੰਨਣ ਸਿੰਘ ਹੌਲਦਾਰ (ਸਵਰਗਵਾਸੀ)
3. ਸ੍ਰ. ਬਖਸ਼ੀਸ ਸਿੰਘ (ਸਵਰਗਵਾਸੀ)
4. ਸ੍ਰ. ਲਾਭ ਸਿੰਘ (ਸਵਰਗਵਾਸੀ)
5. ਸ੍ਰ. ਕਪੂਰ ਸਿੰਘ ਮਹਿਲਾਂ ਵਾਲਾ (ਸਵਰਗਵਾਸੀ)
6. ਸ੍ਰ. ਫੌਜਾ ਸਿੰਘ ਦਸੀਂਹ (ਸਵਰਗਵਾਸੀ)
7. ਸ੍ਰ. ਸੰਪੂਰਨ ਸਿੰਘ (ਸਵਰਗਵਾਸੀ)
8. ਸ੍ਰ. ਗੁਰਮੇਜ ਸਿੰਘ (ਸਵਰਗਵਾਸੀ)



Scanned with OKEN Scanner

9. ਸ੍ਰ. ਕਿਸ਼ਨ ਸਿੰਘ (ਸਵਰਗਵਾਸੀ)

10. ਸਵ: ਸ੍ਰ ਸਾਧਾ ਸਿੰਘ

11. ਸਵ: ਸ੍ਰ ਜੋਗਿੰਦਰ ਸਿੰਘ ਜ਼ੈਲਦਾਰ

## ਮੌਜੂਦਾ ਨੰਬਰਦਾਰ

1. ਸ੍ਰ. ਆਤਮਾ ਸਿੰਘ ਬਾਰਵਾਲਾ
2. ਸ੍ਰ. ਬਚਿੱਤਰ ਸਿੰਘ ਮਹਿਲਾਂ ਵਾਲਾ
3. ਸ੍ਰ. ਸਤਨਾਮ ਸਿੰਘ ਸ਼ਾਹ
4. ਸ੍ਰ. ਗੁਰਮੀਤ ਸਿੰਘ ਪੁੱਤਰ ਸ੍ਰ. ਚੈਨ ਸਿੰਘ
5. ਸ੍ਰ. ਗੁਰਭੇਜ ਸਿੰਘ ਪੁੱਤਰ ਸ੍ਰ. ਪਰਮਜੀਤ ਸਿੰਘ
6. ਸ੍ਰ. ਦਲਬੀਰ ਸਿੰਘ ਪੁੱਤਰ ਸ੍ਰ. ਬਖਸੀਸ਼ ਸਿੰਘ
7. ਜਸਵੰਤ ਸਿੰਘ (ਲੱਡੋ) ਪੱਤੀ ਨਾਹਰਾਂ ਦੀ
8. ਸ੍ਰ. ਅਮਰੀਕ ਸਿੰਘ ਮਾਣੋਚਾਹਲ ਖ਼ੁਰਦ

❒



Scanned with OKEN Scanner

# ਪਿੰਡ ਦੇ ਸ਼ਾਹੂਕਾਰ

ਪੁਰਾਣੇ ਸਮਿਆਂ ਵਿੱਚ ਜਦੋਂ ਅਜੇ ਬੈਂਕਾਂ ਦਾ ਏਨਾ ਖਿਲਾਰਾ ਨਹੀਂ ਸੀ ਹੋਇਆ ਤਾਂ ਲੋਕਾਂ ਦੀਆਂ ਲੋੜਾਂ-ਥੋੜਾਂ ਪੂਰੀਆਂ ਕਰਨ ਦਾ ਕੰਮ ਪਿੰਡ ਦੇ ਹੀ ਕਈ ਗੁੰਜਾਇਸ਼ ਵਾਲੇ ਸ਼ਾਹੂਕਾਰ ਕਰਿਆ ਕਰਦੇ ਸਨ ਉਹ ਗਹਿਣਾ ਰੱਖ ਕੇ, ਹੁੰਡੀਆਂ ਲਿਖਾ ਕੇ ਜਾਂ ਜ਼ਮੀਨਾਂ ਗਹਿਣੇ ਰੱਖ ਕੇ ਲੋਕਾਂ ਨੂੰ ਵਿਆਜ਼ੀ ਪੈਸੇ ਦੇਂਦੇ ਸਨ ਤੇ ਸਵਾਏ ਡਿਓਢੇ ਕਰ ਲੈਂਦੇ ਸਨ ਉਦੋਂ ਸਸਤੇ ਜ਼ਮਾਨੇ ਸਨ ਪਰ ਪੈਸਾ ਬੜਾ ਮੁਸ਼ਕਿਲ ਬਣਦਾ ਸੀ।ਹਾੜੀ-ਸਾਉਣੀ ਤੋਂ ਮਸ਼੍ਹਾਂ ਟੱਬਰ ਹੀ ਪਲ਼ਦਾ ਸੀ।ਬੱਚਿਆਂ ਦੇ ਵਿਆਹ-ਸ਼ਾਦੀਆਂ ਜਾਂ ਸਰੀਰਿਕ ਢਿੱਲ-ਮੱਠ ਵੇਲ਼ੇ ਸ਼ਾਹ ਦੀ ਲੋੜ ਪੈਂਦੀ ਸੀ।ਉਹਨਾਂ ਵੇਲ਼ਿਆਂ 'ਚ ਪਿੰਡ ਦੇ ਹੇਠ ਲਿਖੇ ਕੁਝ ਸ਼ਾਹੂਕਾਰ ਲੋਕਾਂ ਦੀ ਗਰਜ਼ ਪੂਰੀ ਕਰਦੇ ਸਨ :-

1. **ਸ੍ਰ. ਆਤਮਾ ਸਿੰਘ ਸ਼ਾਹ** – ਉਹ ਪਿੰਡ 'ਚ ਸਭ ਤੋਂ ਵੱਡਾ ਸ਼ਾਹ ਸੀ।ਕਿਸੇ ਅਖ਼ਲਾਕੀ ਕਸ਼ਮਕਸ਼ ਵਿੱਚ ਉਹ ਅੱਖਾਂ ਗਵਾ ਬੈਠਾ ਸੀ।ਇਸ ਕਾਰਨ ਲੋਕ ਉਹਨੂੰ ਅੰਨ੍ਹਾ ਸ਼ਾਹ ਕਹਿੰਦੇ ਸਨ।ਭਾਵੇਂ ਉਹ ਅੰਨ੍ਹਾ ਸੀ ਪਰ ਸੁਣਿਆ ਹੈ ਕਿ ਉਹ ਨੋਟਾਂ ਦੀ ਪਛਾਣ ਕਰ ਲੈਂਦਾ ਸੀ।ਉਹ ਸੈਂਕੜੇ ਨਹੀਂ ਹਜ਼ਾਰਾਂ ਰੁਪਈਆਂ ਦਾ ਵਣਜ ਕਰਦਾ ਸੀ।ਉਹਨੇ ਵਿਆਜ ਰਾਹੀਂ ਕਈ ਏਕੜ ਜ਼ਮੀਨ ਖ਼ਰੀਦੀ ਤੇ ਵੱਡੀ ਜਾਇਦਾਦ ਬਣਾਈ ਜਿਸ ਦੇ ਸਿਰ ਤੇ ਉਹਦੀ ਅਗਲੀ ਪੀੜ੍ਹੀ ਸੁਖ ਮਾਣ ਰਹੀ ਹੈ।ਇਹ ਜ਼ਮੀਨ ਉਹਨੇ ਆਪਣੀਆਂ ਧੀਆਂ ਨੂੰ ਖ਼ਰੀਦ ਕੇ ਦਿੱਤੀ ਸੀ।
2. **ਸ੍ਰ. ਦੇਵਾ ਸਿੰਘ ਸ਼ਾਹ** :– ਸਾਬਕਾ ਸਰਪੰਚ ਸ੍ਰ. ਗੁਰਚਰਨ ਸਿੰਘ ਸ਼ਾਹ ਦਾ ਬਾਪ ਸ੍ਰ. ਦੇਵਾ ਸਿੰਘ ਸ਼ਾਹ ਵੀ ਸ਼ਾਹੂਕਾਰਾ ਕਰਦਾ ਸੀ।ਉਹਨਾਂ ਕੋਲ 30-35 ਕਿੱਲੇ ਜ਼ਮੀਨ ਆਪਣੀ ਜੱਦੀ-ਪੁਸ਼ਤੀ ਸੀ ਤੇ ਲੋੜਵੰਦ ਲੋਕਾਂ ਨੂੰ ਦਿੱਤੇ ਵਿਆਜੀ ਪੈਸੇ ਨਾ ਮੋੜਨ ਉਪ੍ਰੰਤ ਕਈ ਜੱਟਾਂ ਦੀ ਜ਼ਮੀਨ ਵੀ ਬੈਅ/ਗਹਿਣੇ ਲੈ ਲੈਂਦਾ ਸੀ।ਇਸ ਪਰਿਵਾਰ ਕੋਲ ਅੱਜ ਵੀ ਜ਼ਮੀਨ ਦੀ ਵੱਡੀ ਮਾਲਕੀ ਹੈ।
3. **ਸ੍ਰ. ਸੰਤਾ ਸਿੰਘ ਸ਼ਾਹ** :– ਸੌਂਢਿਆਂ ਦਾ ਵੱਡਾ ਵਡੇਰਾ ਸ੍ਰ. ਸੰਤਾ ਸਿੰਘ ਵੀ ਸ਼ਾਹੂਕਾਰਾ ਕਰਦਾ ਸੀ ਤੇ ਵਿਆਜ਼ ਵੱਟੇ ਲੋੜਵੰਦਾਂ ਨੂੰ ਪੈਸੇ ਦੇਂਦਾ ਸੀ।
4. **ਸ੍ਰ. ਸੂਰਤਾ ਸਿੰਘ ਸ਼ਾਹ** :– ਸ੍ਰ. ਸੂਰਤਾ ਸਿੰਘ ਸ਼ਾਹ ਪੜ੍ਹਿਆ-ਲਿਖਿਆ ਬੰਦਾ ਸੀ।ਉਹ ਵੀ ਸ਼ਾਹੂਕਾਰਾ ਕਰਦਾ ਸੀ ਤੇ ਲੋੜਵੰਦਾਂ ਨੂੰ ਵਿਆਜ਼ੀ ਪੈਸੇ ਦੇਂਦਾ ਸੀ।ਉਸ ਦੇ



Scanned with OKEN Scanner

ਪਰਿਵਾਰ ਕੋਲ ਵੀ ਜ਼ਮੀਨ ਦੀ ਵੱਡੀ ਮਾਲਕੀ ਹੈ।

5. **ਸ੍ਰ. ਸੇਵਾ ਸਿੰਘ ਸੁਨਿਆਰਾ** :- ਉਹ ਪਿੰਡ ਵਿੱਚ ਲੋਕਾਂ ਨੂੰ ਵਿਆਹ-ਸ਼ਾਦੀਆਂ ਤੇ ਗਹਿਣੇ ਬਣਾ ਕੇ ਦੇਂਦਾ ਸੀ ਪਰ ਨਾਲ ਲੋੜ ਵਾਲੇ ਲੋਕਾਂ ਨੂੰ ਗਹਿਣਾ ਰੱਖ ਕੇ ਵਿਆਜ਼ੀ ਪੈਸੇ ਵੀ ਦੇ ਦੇਂਦਾ ਸੀ ਲੋਕ ਆਪਣੀ ਲੋੜ ਪੂਰੀ ਕਰਕੇ ਹਾੜੀ-ਸਾਉਣੀ ਤੋਂ ਵਾਪਸ ਕਰਕੇ ਗਹਿਣਾ ਛੁਡਾ ਲੈਂਦੇ ਸਨ।

❐



Scanned with OKEN Scanner

# ਪਿੰਡ ਦੇ ਕਰਾਮਾਤੀ ਬੰਦੇ

ਪਿੰਡ ਦੇ ਬਜ਼ੁਰਗਾਂ ਤੋਂ ਆਪਣੇ ਪਿੰਡ ਦੇ ਵਡੇਰਿਆਂ ਦੇ ਬਾਹੂ-ਬਲ ਤੇ ਜਿਸਮਾਨੀ ਤਾਕਤ ਦੇ ਕਿੱਸੇ ਸੁਣ ਕੇ ਬੜੀ ਹੈਰਾਨੀ ਹੁੰਦੀ ਹੈ ਤੇ ਅੱਖਾਂ ਟੱਡੀਆਂ ਰਹਿ ਜਾਂਦੀਆਂ ਹਨ ਕਿਉਂਕਿ ਸੁਣ ਕੇ ਸੱਚ ਨਹੀਂ ਜਾਪਦਾ ਕਿ ਇੰਜ ਵੀ ਹੋ ਸਕਦਾ ਹੈ। ਪਰ ਪੁਰਾਣੇ ਲੋਕਾਂ ਦੀਆਂ ਕਠਿਨ ਜੀਵਨ ਹਾਲਤਾਂ, ਸਾਰਾ ਦਿਨ ਹੱਡ-ਭੰਨਵੀਂ ਘਾਲ ਤੇ ਸ਼ੁੱਧ ਦੇਸੀ ਖ਼ੁਰਾਕਾਂ ਬਾਰੇ ਜਾਣ ਕੇ ਮੰਨਣਾ ਪੈਂਦਾ ਹੈ। ਬਾਪੂ ਦੱਸਦਾ ਹੁੰਦਾ ਸੀ ਕਿ ਇੱਕ ਵਾਰ ਕੈਲੇ ਦਸੀਂਹ (ਪੂਰਾ ਨਾਂ ਕਰਨੈਲ ਸਿੰਘ) ਨੇ ਆਪਣੀ ਤਾਏ ਦੀ ਧੀ ਗੇਜੋ ਨੂੰ ਸਾਉਣ ਦੇ ਮਹੀਨੇ ਇਕ ਬਰਸਾਤ ਵਾਲੇ ਦਿਨ ਪੂੜੇ ਪਕਾਉਣ ਲਈ ਕਿਹਾ। ਉਹਨਾਂ ਦਿਨਾਂ 'ਚ ਲੋਕ ਆਮ ਹੀ ਸਾਉਣ 'ਚ ਮੀਂਹ-ਕਣੀ ਵਾਲੇ ਦਿਨ ਘਰਾਂ 'ਚ ਬਾਲ-ਬੱਚਿਆਂ ਲਈ ਖ਼ੀਰ-ਪੂੜੇ ਪਕਾ ਕੇ ਖਾਂਦੇ ਸਨ। ਗੇਜੋ ਗੁੜ ਤੇ ਆਟੇ ਦਾ ਘੋਲ ਬਣਾ ਕੇ ਚੁੱਲ੍ਹੇ ਮੂਹਰੇ ਬੈਠੀ ਸੀ ਪਰ ਬਾਲਣ ਸਿੱਲ੍ਹਾ ਹੋਣ ਕਾਰਨ ਅੱਗ ਬਲ ਨਹੀਂ ਸੀ ਰਹੀ। ਕਰਨੈਲ ਸਿੰਹੁ ਨੂੰ ਖ਼ਵਰੇ ਭੁੱਖ ਲੱਗੀ ਹੋਈ ਸੀ। ਉਹਨੇ ਪਹਿਲਾਂ ਅੱਗ ਬਾਲਣ 'ਚ ਭੈਣ ਦੀ ਮਦਦ ਕੀਤੀ ਪਰ ਅੱਗ ਨਾ ਬਲੀ। ਹਾਰ ਕੇ ਕੈਲੇ ਨੇ ਗੇਜੋ ਨੂੰ ਆਖਿਆ, "ਗੇਜੋ! ਇਸ ਹਿਸਾਬ ਨਾਲ ਤੂੰ ਕੈਲੇ ਨੂੰ ਕੀ ਪੂੜੇ ਖਵਾਉਣੇ ਆ?" ਗੇਜੋ ਦਾ ਜਵਾਬ ਸੁਣਨ ਤੋਂ ਪਹਿਲਾਂ ਹੀ ਉਹਨੇ ਆਟੇ ਦੇ ਘੋਲ ਵਾਲ਼ਾ ਕੁੱਜਾ ਮੂੰਹ ਨੂੰ ਲਾਇਆ ਤੇ ਡੀਕ ਲਾ ਕੇ ਪੀ ਗਿਆ। ਜਦੋਂ ਉਹਨੇ ਖਾਲੀ ਕੁੱਜਾ ਹੇਠਾਂ ਰੱਖਿਆ ਤਾਂ ਗੇਜੋ ਤੇਲ ਵਾਲੀ ਬੋਤਲ ਫੜ ਕੇ ਕਹਿਣ ਲੱਗੀ,

"ਹੁਣ ਆਹ ਤੇਲ ਮੈਂ ਤੇਰੇ ਸਿਰ 'ਚ ਪਾਉਣਾ?"

ਕੈਲੇ ਨੇ ਗੇਜੋ ਦੇ ਹੱਥੋਂ ਬੋਤਲ ਫੜਦਿਆਂ ਕਿਹਾ, "ਠਹਿਰ ਜਾਹ ਭੈਣ, ਇਹ ਵੀ ਦੱਸਦਾਂ" ਤੇ ਉਹਨੇ ਤੇਲ ਵਾਲ਼ੀ ਬੋਤਲ ਵੀ ਮੂੰਹ ਨੂੰ ਲਾਈ ਤੇ ਖਾਲੀ ਕਰਕੇ ਉਹਦੇ ਹੱਥ ਫੜਾਈ।

ਤੁਸੀਂ ਕਹੋਗੇ ਕਿ ਉਹ ਲੋਕ ਏਨੀ ਖ਼ੁਰਾਕ ਖਾ ਕੇ ਪਚਾਉਂਦੇ ਕਿਵੇਂ ਸਨ?ਇਹਦੀ ਵੀ ਇਕ ਉਦਾਹਰਣ ਬਜ਼ੁਰਗਾਂ ਤੋਂ ਹੀ ਸੁਣੀ ਹੈ ਕਿ ਇਹੋ ਕੈਲਾ ਦਸੀਂਹ (ਕਰਨੈਲ ਸਿੰਘ) ਏਨਾ ਤਕੜਾ ਸੀ ਕਿ ਖਰਾਸ ਤੇ ਆਟਾ ਪੀਹਣ ਵੇਲੇ ਬਲਦਾਂ ਦੀ ਜੋਗ ਚੋਂ ਉਤਲੇ ਬਲਦ ਦੀ ਥਾਂ ਪੰਜਾਲ਼ੀ ਵਿੱਚ ਆਪ ਜੁੱਪ ਜਾਂਦਾ ਸੀ ਤੇ ਮੱਕੀ ਦਾ ਮਣ ਆਟਾ ਪੀਹ ਦੇਂਦਾ ਸੀ। ਦੱਸਦੇ ਆ ਕਿ ਉਹਨਾਂ ਸਮਿਆਂ ਵਿੱਚ ਇੱਕ ਵਾਰ ਜੋਗੀ ਪੀਰ ਦੇ ਮੇਲੇ ਤੇ ਛਿੰਝ ਪਈ।



Scanned with OKEN Scanner

ਬੜੇ ਬੜੇ ਇਨਾਮੀ ਪਹਿਲਵਾਨ ਅਖਾੜੇ 'ਚ ਆਏ, ਘੋਲ਼ ਹੋਏ, ਪਰ ਦੇਵਨੇਤ ਨਾਲ ਕੈਲਾ ਢਹਿ ਗਿਆ। ਜਦ ਦੋ ਭਲਵਾਨ ਘੁਲ਼ਦੇ ਹੋਣ ਤਾਂ ਇੱਕ ਨੇ ਤਾਂ ਢਹਿਣਾ ਈ ਹੁੰਦਾ। ਕੁਸ਼ਤੀ ਖ਼ਤਮ ਹੋਈ ਤਾਂ ਜੇਤੂ ਪਹਿਲਵਾਨ ਅੱਗੇ ਅੱਗੇ ਤੇ ਕੈਲਾ ਪਿੱਛੇ ਪਿੱਛੇ ਅਖਾੜੇ 'ਚ ਚੱਕਰ ਲਾਉਣ ਲੱਗ ਪਿਆ। ਲੋਕ ਜਿੱਤੇ ਨੂੰ ਵੀ ਪੈਸੇ ਦੇ ਰਹੇ ਸਨ ਤੇ ਹਾਰੇ ਨੂੰ ਵੀ। ਉੱਥੇ ਕਿਤੇ ਇੱਕ ਬਾਹਰਲੇ ਪਿੰਡ ਦਾ ਮਰਾਸੀ ਵੀ ਅਖਾੜੇ 'ਚ ਖੜਾ ਸੀ। ਉਹਨੇ ਹਾਰੇ ਹੋਏ ਕੈਲੇ ਨੂੰ ਟਿੱਚਰ ਕਰ ਦਿੱਤੀ। ਸੁਣ ਕੇ ਕੈਲੇ ਦਾ ਖ਼ੂਨ ਖੌਲ ਉੱਠਿਆ, ਉਹਨੇ ਮਰਾਸੀ ਨੂੰ ਦੋਹਾਂ ਹੱਥਾਂ ਨਾਲ ਚੁੱਕ ਕੇ ਸਿਰ ਤੋਂ ਦੀ ਘੁੰਮਾ ਕੇ ਥੱਲੇ ਸੁਟਦਿਆਂ ਕਿਹਾ, "ਸਾਲਿਆ ਜਿੱਤ ਹਾਰ ਤਾਂ ਬਣੀ ਆਂ, ਤੂੰ ਕਿਹੜਾ ਜਿੱਤਣ ਆਲ਼ੇ ਲਈ ਕੈਂਠਾ ਲੈ ਕੇ ਆਇਆਂ?" ਕਹਿੰਦੇ ਉਹ ਮਰਾਸੀ ਮੁੜਕੇ ਕਦੇ ਮੇਲੇ ਤੇ ਆਇਆ ਕਿਸੇ ਨਹੀਂ ਵੇਖਿਆ।

ਬਜ਼ੁਰਗ ਦੱਸਦੇ ਹਨ ਕਿ ਉਹਨਾਂ ਸਮਿਆਂ ਵਿੱਚ ਸਾਡੇ ਪਿੰਡ ਦਾ ਮੰਗਲ ਵਧਾਵੇ ਵਾਲ਼ਾ (ਪੂਰਾ ਨਾਂ ਮੰਗਲ ਸਿੰਘ ਪੁੱਤਰ ਸ੍ਰ. ਵਧਾਵਾ ਸਿੰਘ) ਸਵਾ ਕਿੱਲਾ ਕਣਕ ਇਕੱਲਾ ਵੱਢਦਾ ਸੀ। ਉਹ ਸਵੇਰੇ ਸਾਝਰੇ ਉੱਠਦਾ ਤੇ ਖੇਤ ਦੇ ਬਾਹਰਲੀ ਪਰਾਤ ਮੱਲ ਲੈਂਦਾ, ਢੋਲ ਤੇ ਡੱਗਾ ਵੱਜਦਾ ਰਹਿੰਦਾ ਤੇ ਉਹ ਸਾਰਾ ਦਿਨ ਕਣਕ ਵੱਢਦਾ ਵੱਢਦਾ ਖੌਪੀਏ ਖੇਤ ਦੇ ਵਿੱਚਕਾਰ ਜਾ ਪਹੁੰਚਦਾ ਸੀ। ਖ਼ੈਰ ਉਦੋਂ ਕਣਕਾਂ ਏਨੀਆਂ ਭਾਰੀਆਂ ਨਹੀਂ ਹੁੰਦੀਆਂ ਸਨ ਤੇ ਝਾੜ ਵੀ ਘੱਟ ਹੁੰਦਾ ਸੀ। ਪਰ ਮੇਰੀ ਸੰਭਾਲ ਵਿੱਚ ਜਦੋਂ ਕਣਕਾਂ ਦੇ ਵੱਧ ਝਾੜ ਦੇਣ ਵਾਲ਼ੇ ਨਵੇਂ ਬੀਜ ਆ ਗਏ ਸਨ ਤਾਂ ਉਦੋਂ ਵੀ ਚਰਨ ਸਿੰਘ ਪੁੱਤਰ ਕੇਹਰ ਸਿੰਘ (ਪੱਤੀ ਨਾਹਰਾਂ ਦੀ) ਨੇ ਸ੍ਰ. ਪ੍ਰਕਾਸ਼ ਸਿੰਘ ਪੁੱਤਰ ਸ੍ਰ. ਕਰਨੈਲ ਸਿੰਘ ਸੂਬੇਦਾਰ ਦੀ ਇੱਕ ਕਿੱਲਾ ਕਣਕ ਇਕੱਲੇ ਨੇ ਵੱਢੀ ਸੀ ਤੇ ਸੂਬੇਦਾਰਾਂ ਨੇ ਉਹਨੂੰ ਬਣਦਾ ਇਨਾਮ ਵੀ ਦਿੱਤਾ ਸੀ।

ਪਿੰਡ ਦਾ ਬੰਸ੍ਹਾ ਲੋਹਾਰ (ਪੂਰਾ ਨਾਂ ਹਰਬੰਸ ਸਿੰਘ) ਵੇਖਣ ਨੂੰ ਮਾੜੂਏ ਜਿਹੇ ਸਰੀਰ ਦਾ ਅਮਲੀ ਜਿਹਾ ਲਗਦਾ ਹੁੰਦਾ ਸੀ ਪਰ 50 ਕਿਲੋ ਦੀ ਆਹਰਨ ਉਹ ਅਛੋਪਲੇ ਜਿਹੇ ਚੁੱਕ ਕੇ ਮੋਢੇ ਤੱ ਰੱਖ ਲੈਂਦਾ ਹੁੰਦਾ ਸੀ। ਆਹਰਨ ਦਾ ਭਾਰ ਭਾਵੇਂ 50 ਕਿਲੋ ਸੀ ਪਰ ਨਿੱਗਰ ਭਾਰ ਨੂੰ ਹੱਥ ਪਾਉਣਾ ਤੇ ਮੋਢੇ ਤੱਕ ਖੜਨਾ ਸੌਖਾ ਨਹੀਂ ਹੁੰਦਾ। ਕੋਈ ਭਾਰਾ ਵੱਡਾ ਪੱਥਰ ਜਾਂ ਮਿੱਟੀ ਦੀ ਬੋਰੀ ਚੁੱਕਣ ਨਾਲੋਂ ਆਹਰਨ ਚੁੱਕਣੀ ਬਹੁਤ ਔਖਾ ਕੰਮ ਹੁੰਦਾ ਹੈ ਕਿਉਂਕਿ ਬੋਰੀ ਜਾਂ ਪੱਥਰ ਦੀ ਬਜਾਏ ਆਹਰਨ ਹੱਥਾਂ ਚੋਂ ਜ਼ਿਆਦਾ ਤਿਲਕਦੀ ਹੈ। ਇਸ ਤਰ੍ਹਾਂ ਪੁਰਾਣੇ ਲੋਕਾਂ ਦੀਆਂ ਪਿੰਡੋਂ ਤੁਰ ਕੇ ਕੁਝ ਘੰਟਿਆਂ ਵਿੱਚ ਲਹੌਰ ਪਹੁੰਚਣ ਦੀਆਂ ਗੱਲਾਂ ਵੀ ਆਮ ਸੁਣੀਆਂ ਹਨ। ਮੰਨੋ ਭਾਵੇਂ ਨਾ ਪਰ ਇਹ ਸੱਚ ਹੈ ਕਿਉਂਕਿ ਪੁਰਾਣੇ ਵੇਲ਼ਿਆਂ 'ਚ ਲੋਕ ਚੰਗੀਆਂ ਖ਼ੁਰਾਕਾਂ ਖਾਂਦੇ ਤੇ ਸਾਰਾ ਦਿਨ ਸਰੀਰਿਕ ਮਿਹਨਤ ਕਰਦੇ ਸਨ। ਲੰਮਿਆਂ ਦੇ ਪਰਿਵਾਰ ਚੋਂ ਬਾਪੂ ਲਾਲ ਸਿੰਘ ਹੱਥੋਂ ਇਕ ਕਤਲ ਹੋ ਗਿਆ ਸੀ ਤੇ ਤਰੀਕਾਂ ਲਹੌਰ ਕਚਹਿਰੀ 'ਚ ਪੈਂਦੀਆਂ ਸਨ। ਕਹਿੰਦੇ ਹਨ ਕਿ ਉਹ ਸਵੇਰੇ ਸਾਝਰੇ ਘਰੋਂ ਤੁਰਦਾ ਸੀ ਤੇ ਪੈਦਲ ਹੀ ਲਹੌਰ ਪਹੁੰਚ ਕੇ, ਤਰੀਕ ਭੁਗਤ ਕੇ ਵਾਪਸ ਪਿੰਡ ਮੁੜ ਆਉਂਦਾ ਹੁੰਦਾ ਸੀ।



Scanned with OKEN Scanner

ਇੱਕ ਲੱਕੜ ਦਾ ਕਾਰੀਗਰ ਹੁੰਦਾ ਸੀ ਪਿੰਡ 'ਚ, ਬਹੁਤ ਪੁਰਾਣੀ ਗੱਲ ਹੈ, ਨਾਂ ਸ਼ਾਇਦ ਉਹਦਾ ਭਗਤ ਸਿੰਘ ਸੀ। ਤਰਖਾਣਾ ਕੰਮ ਕਰਨ ਦਾ ਮਾਹਰ ਉਹ ਕਿਸਾਨ ਘਰਾਂ ਦੀ ਸੇਪੀ ਕਰਦਾ ਹੁੰਦਾ ਸੀ। ਉਹਦੇ ਵੇਲੇ ਲੋਕ ਬਲਦਾਂ ਨਾਲ ਖੇਤੀ ਕਰਦੇ ਸਨ ਤੇ ਲੱਕੜ ਦੇ ਹਲ਼ ਹੁੰਦੇ ਸਨ। ਲੱਕੜ ਦੇ ਹਲ਼ਾਂ ਨੂੰ ਲੱਕੜ ਦਾ ਚੌਅ ਹੁੰਦਾ ਸੀ ਜੋ ਜ਼ਮੀਨ ਨੂੰ ਪਾੜਦਾ ਸੀ। ਜੇ ਕਿਧਰੇ ਚੌਅ ਜ਼ਮੀਨ ਵਿੱਚ ਡੂੰਘਾ ਧਸ ਜਾਂਦਾ ਤੇ ਹੇਠਾਂ ਕੋਈ ਦਰੱਖ਼ਤ ਦੀ ਜੜ੍ਹ ਵਿੱਚ ਜਾ ਵੱਜਦਾ ਤਾਂ ਹਲ਼ ਦਾ ਮੁੰਨਾ ਟੁੱਟ ਜਾਂਦਾ ਸੀ। ਫਿਰ ਭਗਤ ਸਿੰਹੁ ਹਲ਼ ਨੂੰ ਜੋੜ ਲਾਉਂਦਾ ਸੀ। ਉਹਨੂੰ ਆਪਣੇ ਲਾਏ ਜੋੜ ਤੇ ਏਨਾ ਭਰੋਸਾ ਹੁੰਦਾ ਸੀ ਕਿ ਉਹ ਹਲ਼-ਵਾਹਕ ਨੂੰ ਕਹਿੰਦਾ ਸੀ ਕਿ ਜਾ ਕੇ ਫਿਰ ਰੁੱਖ ਦੇ ਉੱਸੇ ਤਣੇ 'ਚ ਮਾਰ, ਜੇ ਟੁੱਟ ਜਾਊ ਤਾਂ ਭਗਤ ਸਿੰਘ ਫਿਰ ਬਣਾ ਦਊ। ਇਹੋ ਜਿਹੇ ਹੁੰਦੇ ਸਨ ਪੁਰਾਣੇ ਵੇਲ਼ਿਆਂ ਦੇ ਸਿਆਣੇ ਕਾਰੀਗਰ। ਉਹ ਨਾ ਕਾਹਲੇ ਪੈਂਦੇ ਸਨ ਤੇ ਨਾ ਕਿਸੇ ਨੂੰ ਕੰਮ ਤੋਂ ਜਵਾਬ ਦੇਂਦੇ ਸਨ। ਬੜੀ ਤੇਹ-ਮੁਹੱਬਤ ਤੇ ਸਲੀਕਾ ਵਰਤਣ ਵਾਲੇ ਸਨ। ਹੁਣ ਉਹ ਜ਼ਮਾਨਾ ਨਹੀਂ ਰਿਹਾ। ਨਾ ਹੁਣ ਕਿਸੇ ਦੇ ਕੰਮ ਦੀ ਕਦਰ ਹੈ ਤੇ ਨਾ ਉਹ ਅਪਣੱਤ। ਵਿਗਿਆਨਕ ਤਰੱਕੀ ਨੇ ਨੈਤਿਕ ਤੇ ਸਭਿਆਚਾਰਕ ਕੀਮਤਾਂ ਨੂੰ ਖ਼ੋਰ ਦਿੱਤਾ ਹੈ।

ਭੱਲੂਆਂ ਦੇ ਪਰਿਵਾਰ ਚੋਂ ਕਾ: ਬਲਕਾਰ ਸਿੰਘ ਨੇ ਦੱਸਿਆ ਕਿ ਉਹਨਾਂ ਦਾ ਵੱਡਾ-ਵਡੇਰਾ ਬਾਪੂ ਤੇਜਾ ਸਿੰਘ ਹਰ ਸਾਲ ਬਾਬਾ ਸੋਹਣ ਸਿੰਘ (ਬੰਸ ਬਾਬਾ ਬਿਧੀ ਚੰਦ ਜੀ) ਸੁਰ ਸਿੰਘ ਵਾਲਿਆਂ ਨਾਲ ਪੈਦਲ ਤੁਰ ਕੇ ਸੱਚ-ਖੰਡ ਸ਼੍ਰੀ ਹਜ਼ੂਰ ਸਾਹਿਬ (ਨੰਦੇੜ) ਦੇ ਦਰਸ਼ਨ ਕਰਨ ਜਾਇਆ ਕਰਦਾ ਸੀ। ਇਹ ਸਥਾਨ ਪਿੰਡ ਤੋਂ ਤਕਰੀਬਨ 1900 ਕਿਲੋਮੀਟਰ ਦੂਰ ਹੈ ਤੇ ਜੇ ਆਪਣੀ ਗੱਡੀ ਤੇ ਵੀ ਜਾਈਏ ਤਾਂ ਹੁਣ ਦੋ ਦਿਨ ਲਗਦੇ ਹਨ। ਇਹਨਾਂ ਬਜ਼ੁਰਗਾਂ ਨੇ ਹੀ ਸਭ ਤੋਂ ਪਹਿਲਾਂ ਪਿੰਡ ਦੇ ਬਾਬਾ ਜੋਗੀ ਪੀਰ ਦੇ ਮੇਲੇ ਤੇ ਬਾਬਾ ਸੋਹਣ ਸਿੰਘ ਨੂੰ ਦਲ ਸਮੇਤ ਆਉਣ ਦੀ ਬੇਨਤੀ ਕੀਤੀ ਸੀ ਜੋ ਉਹਨਾਂ ਨੇ ਸਿੰਘਾਂ ਤੇ ਘੋੜਿਆਂ ਦੀ ਸੇਵਾ ਕਰਨ ਦੀ ਸ਼ਰਤ ਤੇ ਮਨਜ਼ੂਰ ਕਰ ਲਈ। ਉਸ ਸਮੇਂ ਤੋਂ ਪਿੰਡ ਚੋਂ ਉਗਰਾਹੀ ਕਰਕੇ ਮੇਲੇ ਦੇ ਪ੍ਰਬੰਧ ਨਾਲ ਦਲ਼ ਦੇ ਸਿੰਘਾਂ ਨੂੰ ਰਸਦ-ਪਾਣੀ ਤੇ ਘੋੜਿਆਂ ਲਈ ਅੰਨ-ਦਾਣਾ ਆਦਿ ਦਿੱਤਾ ਜਾਂਦਾ ਹੈ ਤੇ ਹਰ ਸਾਲ ਦਲ਼ ਘੋੜਿਆਂ ਸਮੇਤ ਮੇਲੇ 'ਤੇ ਹਾਜ਼ਰ ਹੁੰਦਾ ਹੈ। ਹੁਣ ਵੀ ਪਿੰਡ ਦੇ ਦੋ ਨੌਜਵਾਨ ਨਿਰਮਲ ਸਿੰਘ ਮਿਸਤਰੀ ਤੇ ਸੰਮਾ ਇੱਕ ਦੋ ਵਾਰ ਤੁਰ ਕੇ ਬਾਬਿਆਂ ਦੇ ਜਥੇ ਨਾਲ ਹਜ਼ੂਰ ਸਾਹਿਬ ਦੇ ਦਰਸ਼ਨ ਕਰ ਆਏ ਹਨ ਅਤੇ ਪਿੰਡ ਦਾ ਇੱਕ ਹੋਰ ਨੌਜਵਾਨ ਦਿਲਬਾਗ ਸਿੰਘ ਸਾਈਕਲ ਤੇ ਹਜ਼ੂਰ ਸਾਹਿਬ ਦੀ ਯਾਤਰਾ ਕਰਕੇ ਆਇਆ ਹੈ।

❐



Scanned with OKEN Scanner

# ਪਿੰਡ ਦੇ ਤਿੱਥ-ਤਿਉਹਾਰ ਤੇ ਦਿਨ-ਦਿਹਾਰ

ਪੰਜਾਬੀ ਸਭਿਆਚਾਰ ਵਿੱਚ ਤਿੱਥ-ਤਿਉਹਾਰ ਤੇ ਦਿਨ-ਦਿਹਾਰ ਵਿਸ਼ੇਸ਼ ਥਾਂ ਰੱਖਦੇ ਹਨ। ਜੇ ਮਿਹਨਤ, ਦਲੇਰੀ ਅਤੇ ਬਹਾਦਰੀ ਪੰਜਾਬੀਆਂ ਦੇ ਸ਼ੁਭਾਅ ਦਾ ਹਿੱਸਾ ਹੈ ਤਾਂ ਤਿੱਥ-ਤਿਉਹਾਰ ਮਨਾਉਣਾ ਉਹਨਾਂ ਦੀ ਰੂਹ ਦੀ ਖ਼ੁਰਾਕ ਹੈ। ਹਰ ਸਾਲ ਮਹੀਨੇ ਦੋ ਮਹੀਨੇ ਬਾਅਦ ਪੰਜਾਬ ਵਿੱਚ ਕੋਈ ਨਾ ਕੋਈ ਤਿਉਹਾਰ ਜਾਂ ਮੇਲਾ ਆ ਜਾਂਦਾ ਹੈ ਜੋ ਲੋਕ ਬੜੇ ਚਾਅ ਤੇ ਹੁਲਾਸ ਨਾਲ ਮਨਾਉਂਦੇ ਹਨ। ਪਿੰਡ ਮਾਣੋਚਾਹਲ ਵੀ ਪੰਜਾਬੀਆਂ ਦੇ ਇਸ ਗੁਣ ਤੋਂ ਸੱਖਣਾ ਨਹੀਂ ਹੈ। ਪਿੰਡ ਦੇ ਲੋਕ ਸਦੀਆਂ ਤੋਂ ਰਲ ਮਿਲ਼ ਕੇ ਆਪਸੀ ਸਹਿਯੋਗ ਦੀ ਭਾਵਨਾ ਨਾਲ ਤਿਉਹਾਰ ਮਨਾਉਂਦੇ ਆਏ ਹਨ। ਪਿੰਡ-ਵਾਸੀਆਂ ਵੱਲੋਂ ਹਰ ਸਾਲ ਖ਼ੁਸ਼ੀਆਂ ਅਤੇ ਚਾਵਾਂ ਨਾਲ ਮਨਾਏ ਜਾਂਦੇ ਕੁਝ ਤਿਉਹਾਰਾਂ ਦਾ ਵਰਨਣ ਇਸ ਪ੍ਰਕਾਰ ਹੈ :-

**ਲੋਹੜੀ** :- ਲੋਹੜੀ ਦਾ ਤਿਉਹਾਰ ਸਭ ਲਈ ਖ਼ੁਸ਼ੀਆਂ ਲੈ ਕੇ ਆਉਂਦਾ ਹੈ। ਇਹ ਤਿਉਹਾਰ ਹਰ ਸਾਲ ਦੇਸੀ ਮਹੀਨੇ ਪੋਹ ਦੇ ਆਖ਼ਰੀ ਦਿਨ ਮਨਾਇਆ ਜਾਂਦਾ ਹੈ। ਲੋਹੜੀ ਵੰਡਣ ਵਾਲੇ ਪਰਿਵਾਰ ਇਕ ਦੋ ਦਿਨ ਪਹਿਲਾਂ ਹੀ ਤਿਆਰੀ ਕਰ ਲੈਂਦੇ ਹਨ। ਪਿੰਡ ਦੇ 5-15 ਸਾਲ ਤੱਕ ਦੀ ਉਮਰ ਦੇ ਮੁੰਡੇ-ਕੁੜੀਆਂ ਟੋਲੀਆਂ ਬਣਾ ਕੇ ਲੋਹੜੀ ਮੰਗਦੇ ਹਨ। ਕੁੜੀਆਂ ਤਾਂ ਵੱਡੀ ਉਮਰ ਦੀਆਂ ਵੀ ਸ਼ਾਮਲ ਹੋ ਜਾਂਦੀਆਂ ਹਨ। ਜਿਹੜੇ ਘਰਾਂ ਵਿੱਚ ਬੀਤੇ ਸਾਲ ਵਿੱਚ ਮੁੰਡਾ ਜੰਮਿਆ ਹੋਵੇ ਜਾਂ ਮੁੰਡੇ ਦਾ ਵਿਆਹ ਹੋਇਆ ਹੋਵੇ, ਉਹ ਲੋਹੜੀ ਵੰਡਦੇ ਹਨ ਤੇ ਮੁੰਡਿਆਂ ਕੁੜੀਆਂ ਦੀਆਂ ਟੋਲੀਆਂ ਉਹਨਾਂ ਦੇ ਵਿਹੜੇ ਜਾ ਕੇ ਲੋਹੜੀ ਦੇ ਗੀਤ ਗਾ ਕੇ ਲੋਹੜੀ ਮੰਗਦੀਆਂ ਹਨ। ਘਰ ਵਾਲ਼ੇ ਪਹਿਲਾਂ ਹੀ ਮੱਕੀ ਦੇ ਫੁੱਲੇ, ਮੂੰਗਫਲੀ, ਚਿਰਵੜੇ ਤੇ ਗੁੜ ਜਾਂ ਪਤਾਸੇ ਰਲ਼ਾ ਕੇ ਰੱਖ ਲੈਂਦੇ ਹਨ ਤੇ ਕੌਲਾ ਭਰ ਕੇ ਲੋਹੜੀ ਮੰਗਣ ਵਾਲ਼ਿਆਂ ਦੀ ਝੋਲ਼ੀ ਵਿੱਚ ਪਾਉਂਦੇ ਹਨ। ਅੱਜ ਕੱਲ੍ਹ ਫੁੱਲਿਆਂ ਨਾਲ ਰੁਪਏ-ਪੈਸੇ ਦੇਣ ਦਾ ਰੁਝਾਨ ਪੈਦਾ ਹੋ ਗਿਆ ਹੈ। ਇਹ ਤਿਉਹਾਰ ਪੰਜਾਬ ਦੇ ਬਾਗੀ ਯੋਧੇ ਦੁੱਲੇ ਭੱਟੀ ਰਾਜਪੂਤ ਦੀ ਯਾਦ ਦਿਵਾਉਂਦਾ ਹੈ। ਲੋਹੜੀ ਮੰਗਣ ਲਈ ਮੁੰਡੇ ਹੇਠ ਲਿਖੇ ਗੀਤ ਗਾਉਂਦੇ ਹਨ :-

1. ਹੰਡੋ ਹੰਡੋ ਹਾਣੀਆਂ, ਹੰਡੋ ਹੰਡੋ ਹਾਣੀਆਂ। ਹੰਡੋ ਮਾਰੀ ਟੱਕਰ, ਦੇ ਮਾਈ ਸ਼ੱਕਰ।
   ਸ਼ੱਕਰ ਤੇਰੀ ਕੌੜੀ, ਦੇ ਗੁੜ ਦੀ ਰੋੜੀ। ਗੁੜ ਤੇਰਾ ਮਿੱਠਾ, ਦੇ ਰੁਪਈਆ ਚਿੱਟਾ।



Scanned with OKEN Scanner

ਦੇ ਮਾਈ ਪਾਥੀ, ਤੇਰਾ ਪੁੱਤ ਚੜ੍ਹੇਗਾ ਹਾਥੀ।

2. ਆਖੋ ਮੁੰਡਿਓ ਕਾਰ - ਕਾਰ। ਕਾਰ ਦੇ ਪਹੀਏ ਚਾਰ - ਕਾਰ।
ਵਿਚ ਬੈਠਾ ਸਰਦਾਰ - ਕਾਰ। ਸਰਦਾਰ ਨੇ ਮਾਰੀ ਬਰੇਕ - ਕਾਰ।
ਅੱਗੇ ਆ ਗੀ ਧਰੇਕ - ਕਾਰ। ਧਰੇਕ ਤੋਂ ਡਿੱਗਾ ਧਿਕੋਨਾ - ਕਾਰ।
ਪਾ ਮਾਈ ਝੋਨਾ - ਕਾਰ। ਝੋਨੇ ਦਾ ਦਾਣਾ ਕੱਚਾ-ਕਾਰ। ਪਾ ਮਾਈ ਫੱਕਾ।

3. ਆਖੋ ਮੁੰਡਿਓ ਫਿਟ ਫਿਟੀਆ - ਫਿਟ ਫਿਟੀਆ।
ਫਿਟ ਫਿਟੀਏ ਤੇ ਜਾਵਾਂਗੇ - ਫਿਟਫਿਟੀਆ। ਦੋ ਸੌ ਤੀਰ ਲਿਆਵਾਂਗੇ - ਫਿਟਫਿਟੀਆ।
ਇਕ ਤੀਰ ਟੁੱਟ ਗਿਆ-ਫਿਟਫਿਟੀਆ। ਵੱਡਾ ਭਾਈ ਰੁੱਸ ਗਿਆ - ਫਿਟਫਿਟੀਆ।
ਵੱਡੇ ਭਾਈ ਦੇ ਦੋ ਕਬੂਤਰ-ਫਿਟਫਿਟੀਆ। ਉਡਦੇ ਉਡਦੇ ਟਾਹਲੀ ਬੈਠੇ- ਫਿਟਫਿਟੀਆ।
ਟਾਹਲੀ ਨੂੰ ਲੱਗਾ ਮੇਵਾ- ਫਿਟਫਿਟੀਆ। ਕਰੋ ਗੁਰੂ ਦੀ ਸੇਵਾ-ਫਿਟ ਫਿਟੀਆ।

4. ਸੁੰਦਰ ਮੁੰਦਰੀਏ - ਹੋ।
ਤੇਰਾ ਕੌਣ ਵਿਚਾਰਾ - ਹੋ। ਦੁੱਲਾ ਭੱਟੀ ਵਾਲ਼ਾ - ਹੋ।
ਦੁੱਲੇ ਧੀ ਵਿਆਹੀ ਹੋ। ਸੇਰ ਸ਼ੱਕਰ ਪਾਈ ਹੋ।
ਕੁੜੀ ਦਾ ਲਾਲ ਪਟਾਕਾ ਹੋ। ਕੁੜੀ ਦਾ ਸ਼ਾਲੂ ਪਾਟਾ ਹੋ।
ਸ਼ਾਲੂ ਕੌਣ ਸਮੇਟੇ ਹੋ। ਚਾਚਾ ਗਾਲ਼ੀ ਦੇਸੇ ਹੋ।
ਚਾਚੇ ਚੂਰੀ ਕੁੱਟੀ ਹੋ। ਜ਼ਿਮੀਂਦਾਰਾਂ ਲੁੱਟੀ ਹੋ।
ਜ਼ਿਮੀਂਦਾਰ ਸਦਾਏ ਹੋ। ਗਿਣ ਗਿਣ ਪੌਲੇ ਲਾਏ ਹੋ।
ਇਕ ਪੌਲਾ ਘਟ ਗਿਆ। ਜ਼ਿਮੀਂਦਾਰ ਨੱਸ ਗਿਆ।

5. ਢੇਰਨੀ ਜੀ ਢੇਰਨੀ - ਢੇਰਨੀ। ਚੁੱਲ੍ਹੇ ਮਗਰ ਫੇਰਨੀ - ਢੇਰਨੀ।
ਚੁੱਲ੍ਹਾ ਨਹੀਂਉਂ ਟੱਕਰਦਾ - ਢੇਰਨੀ। ਦੇ ਭੜੋਲਾ ਸ਼ੱਕਰ ਦਾ - ਢੇਰਨੀ।
ਸ਼ੱਕਰ ਤੇਰੀ ਕੌੜੀ - ਢੇਰਨੀ। ਦੇ ਗੁੜ ਦੀ ਰੋੜੀ - ਢੇਰਨੀ।
ਗੁੜ ਤੇਰਾ ਮਿੱਠਾ - ਢੇਰਨੀ। ਦੇ ਰੁਪਈਆ ਚਿੱਟਾ - ਢੇਰਨੀ।
ਰੁਪਈਆ ਤੇਰਾ ਖੋਟਾ - ਢੇਰਨੀ। ਦੇ ਬੂਰਾ ਝੋਟਾ - ਢੇਰਨੀ।
ਬੂਰਾ ਝੋਟਾ ਮਾਰਦਾ - ਢੇਰਨੀ। ਮੈਂ ਨਹੀਂ ਤੇਰੇ ਨਾਲ਼ ਦਾ - ਢੇਰਨੀ।

**ਕੁੜੀਆਂ ਮੁੰਡਿਆਂ ਤੋਂ ਵੱਖਰੇ ਗੀਤ ਗਾਉਂਦੀਆਂ ਹਨ ਜਿਵੇਂ :-**

1. ਗਿਗਾ ਮੌਲੀਏ ਨੀ, ਤਿਲ ਚੌਲੀਏ ਨੀ।
ਗਿਗਾ ਜੰਮਿਆ ਸੀ ਰਾਤ, ਗੁੜ ਵੰਡਿਆ ਪਰਾਤ।
ਗਿਗਾ ਜੰਮਿਆ ਸੀ ਓਹਲੇ, ਗੁੜ ਵੰਡਿਆ ਭੜੋਲੇ।
ਗਿਗਾ ਹਰੀ ਹਰੀ ਕਮਾਦੀ, ਵੇ ਲੜਾਕੀ ਤੇਰੀ ਦਾਦੀ।



Scanned with OKEN Scanner

ਗਿਗਾ ਸਿੱਪੀ ਵਿਚ ਘਿਓ, ਵੇ ਦਲੇਰ ਤੇਰਾ ਪਿਓ।
ਤੇਰੇ ਵਿਹੜੇ ਵਿਚ ਮਸ਼ੀਨ, ਤੇਰਾ ਪੁੱਤ ਬੜਾ ਸ਼ੁਕੀਨ।
ਤੇਰੇ ਚੌਂਕੇ ਵਿਚ ਛਾਬਾ, ਵੇ ਕੰਜੂਸ ਤੇਰਾ ਬਾਬਾ।

2. ਤਿਲੀ ਹਰੀਓ ਭਰੀ, ਤਿਲੀ ਮੋਤੀਆਂ ਜੜੀ।
ਤਿਲੀ ਓਸ ਘਰੇ ਜਾਹ, ਜਿੱਥੇ ਕਾਕੇ ਦਾ ਵਿਆਹ।
ਕਾਕਾ ਜੰਮਿਆ ਸੀ ਰਾਤ, ਗੁੜ ਵੰਡਿਆ ਪਰਾਤ।
ਗੁੜ ਦੀਆਂ ਰੋੜੀਆਂ ਜੀ, ਭਰਾਵਾਂ ਜੋੜੀਆਂ ਜੀ।

3. ਪਾ ਨੀ ਮਾਏਂ ਪਾ, ਕਾਲ਼ੇ ਕੁੱਤੇ ਨੂੰ ਵੀ ਪਾ।
ਕਾਲਾ ਕੁੱਤਾ ਦਏ ਵਧਾਈ, ਤੇਰੀ ਜੀਵੇ ਮੱਝੀਂ ਗਾਈਂ।
ਮੱਝੀਂ ਗਾਈਂ ਨੇ ਦਿੱਤਾ ਦੁੱਧ, ਤੇਰੇ ਜੀਵਣ ਸੱਤੇ ਪੁੱਤ।
ਸਾਨੂੰ ਸੇਰ ਸ਼ੱਕਰ ਪਾਈ, ਡੋਲ਼ੀ ਛਮ ਛਮ ਕਰਦੀ ਥਾਈ।

4. ਸਾਡੇ ਪੈਰਾਂ ਹੇਠਾਂ ਰੋੜ, ਸਾਨੂੰ ਛੇਤੀ ਛੇਤੀ ਤੋਰ।
ਸਾਡੇ ਪੈਰਾਂ ਹੇਠ ਸਲਾਈਆਂ, ਅਸੀਂ ਕੌਣ ਵੇਲ਼ੇ ਦੀਆਂ ਆਈਆਂ।
ਤੁਹਾਡੇ ਕੋਠੇ ਤੇ ਪਰਨਾਲ਼ਾ, ਸਾਨੂੰ ਉੱਤੋਂ ਪੈਂਦਾ ਪਾਲ਼ਾ।
ਤੁਹਾਡੇ ਕੋਠੇ ਤੇ ਪਰਾਤ, ਸਾਨੂੰ ਉੱਤੋਂ ਪੈਂਦੀ ਰਾਤ।
ਅੰਦਰ ਵੜਦੀ ਜਾਂਦੀ ਆਂ, ਦਲੀਲਾਂ ਕਰਦੀ ਜਾਂਦੀ ਆਂ।
ਅੰਦਰ ਵੱਟੇ ਨਾ ਖੜਕਾ, ਰੁਪਈਆ ਸਾਡੇ ਹੱਥ ਫੜਾ।

ਇਸ ਤਰ੍ਹਾਂ ਲੋਹੜੀ ਵੰਡਣ ਵਾਲੇ ਘਰਾਂ ਦੇ ਵਿਹੜਿਆਂ ਵਿੱਚ ਰੌਣਕ ਲੱਗੀ ਰਹਿੰਦੀ ਹੈ। ਇਕ ਟੋਲੀ ਜਾਂਦੀ ਹੈ ਤੇ ਦੂਸਰੀ ਆ ਜਾਂਦੀ ਹੈ। ਹਨੇਰਾ ਹੋਏ ਲੋਹੜੀ ਮੰਗਣ ਵਾਲੀਆਂ ਇਹਨਾਂ ਟੋਲੀਆਂ ਦੇ ਕੁੜੀਆਂ-ਮੁੰਡੇ ਇਕੱਠਾ ਕੀਤਾ ਸਮਾਨ ਆਪਸ ਵਿੱਚ ਵੰਡ ਕੇ ਆਪੋ ਆਪਣੇ ਘਰੀਂ ਜਾ ਵੜਦੇ ਹਨ। ਗਰੀਬ-ਗੁਰਬੇ, ਮੰਗਤੇ ਤੇ ਪਿੰਡ ਦੇ ਕੁਝ ਲਾਗੀ ਵੀ ਲੋਹੜੀ ਦੇ ਦਿਨ ਖ਼ੁਸ਼ੀਆਂ ਵਾਲ਼ੇ ਘਰੀਂ ਦਾਨ-ਪੁੰਨ ਲੈਣ ਪਹੁੰਚ ਜਾਂਦੇ ਹਨ। ਘਰਾਂ ਦੀਆਂ ਸਵਾਣੀਆਂ ਸਭ ਨੂੰ ਕੁਝ ਨਾ ਕੁਝ ਦੇ ਦਿਵਾ ਕੇ ਖ਼ੁਸ਼ੀ ਖ਼ੁਸ਼ੀ ਤੋਰਦੀਆਂ ਹਨ।

ਲੋਹੜੀ ਵਾਲ਼ੇ ਦਿਨ ਪਿੰਡ ਵਿੱਚ ਮੀਟ ਖਾਣ ਦੇ ਸ਼ੁਕੀਨਾਂ ਲਈ ਸਵੇਰ ਤੋਂ ਹੀ ਪੰਜੀਂ ਸੱਤੀਂ ਥਾਈਂ ਬੱਕਰੇ ਝਟਕਾਉਣ ਦੀ ਤਿਆਰੀ ਹੋ ਜਾਂਦੀ ਸੀ। ਬਹੁਤੇ ਲੋਕ ਦਿਨ ਦਿਹਾਰ ਤੇ ਦਾਲ਼-ਸਬਜ਼ੀ ਖਾਣ ਦੀ ਥਾਂ ਲੋੜ ਅਨੁਸਾਰ ਕਿੱਲੋ / ਅੱਧਾ ਕਿਲੋ ਮੀਟ ਖ਼ਰੀਦ ਕੇ ਤਰੀ-ਤਣੁੱਕੇ ਦਾ ਪ੍ਰਬੰਧ ਕਰ ਲੈਂਦੇ ਹਨ ਤੇ ਘਰ ਦੀ ਕੱਢੀ ਦੇਸੀ ਜਾਂ ਅੰਗਰੇਜ਼ੀ ਸ਼ਰਾਬ ਦਾ ਮਜ਼ਾ ਲੈਂਦੇ ਹਨ। ਕਈ ਤਾਂ ਪੀਤੀ ਖਾਧੀ ਦੇ ਲੋਰ 'ਚ ਬੁਲ੍ਹਬਲੀਆਂ ਵੀ ਮਾਰਦੇ ਹਨ। ਧਾਰਮਿਕ ਕੱਟੜਤਾ ਦੇ ਪ੍ਰਭਾਵ ਕਾਰਨ ਹੁਣ ਇਹ ਰੁਝਾਨ ਘਟਦਾ ਜਾ ਰਿਹਾ ਹੈ।

ਰਾਤ ਨੂੰ ਸਵਾਣੀਆਂ ਘਰਾਂ 'ਚ ਗੰਨੇ ਦੀ ਰਹੌ (ਰਸ) ਨਾਲ ਖੀਰ ਤੇ ਮੋਠਾਂ ਦੀ

ਖਿਚੜੀ ਬਣਾ ਕੇ ਰੱਖਦੀਆਂ ਹਨ ਜੋ ਅਗਲੇ ਦਿਨ 'ਪੋਹ ਰਿੱਧੀ, ਮਾਘ ਖਾਧੀ' ਕਹਿ ਕੇ ਟੱਬਰ ਦੇ ਜੀਆਂ ਨੂੰ ਵਰਤਾਈ ਜਾਂਦੀ ਹੈ ਤੇ ਸਵਾਦਾਂ ਨਾਲ਼ ਖਾਧੀ ਜਾਂਦੀ ਹੈ। ਲੋਹੜੀ ਤੋਂ ਅਗਲੇ ਦਿਨ ਮਾਘ ਦੀ ਸੰਗਰਾਂਦ ਹੁੰਦੀ ਹੈ। ਸ਼ਰਧਾਲੂ ਲੋਕ ਗੁਰਦੁਆਰਿਆਂ ਵਿੱਚ ਮੱਥਾ ਟੇਕਣ ਤੇ ਬਾਬੇ ਤੋਂ ਮਹੀਨਾ ਸੁਣਨ ਜਾਂਦੇ ਹਨ। ਇਹ ਦਿਨ ਚਾਲ਼ੀ ਮੁਕਤਿਆਂ ਦੀ ਯਾਦ ਨੂੰ ਵੀ ਤਾਜ਼ਾ ਕਰਦਾ ਹੈ। ਪਿੰਡ ਦੇ ਕੁਝ ਗੁਰਦੁਆਰਿਆਂ ਵਿੱਚ ਇਹਨਾਂ ਸ਼ਹੀਦਾਂ ਦੀ ਯਾਦ ਵਿੱਚ ਅਖੰਡਪਾਠਾਂ ਦੇ ਭੋਗ ਪਾਏ ਜਾਂਦੇ ਹਨ। ਰਾਗੀ ਢਾਡੀ ਕਥਾ ਕੀਰਤਨ ਕਰਦੇ ਹਨ ਤੇ ਸ਼ਹੀਦਾਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ। ਜਦੋਂ ਅਸੀਂ ਛੋਟੇ ਹੁੰਦੇ ਸਾਂ ਤਾਂ ਸਾਡੀ ਪੱਤੀ ਦੇ ਗੁਰਦੁਆਰੇ ਵਿੱਚ ਪਾਠ ਦਾ ਭੋਗ ਬਾਅਦ ਦੁਪਹਿਰ ਪਾਇਆ ਜਾਂਦਾ ਸੀ। ਸਾਰੀ ਪੱਤੀ ਦੇ ਬੱਚੇ, ਮਰਦ ਤੇ ਤੀਵੀਂਆਂ ਗੁਰਦੁਆਰੇ ਵਿੱਚ ਇਕੱਠੇ ਹੋ ਜਾਂਦੇ ਸਨ। ਪੱਤੀ ਚੋਂ ਉਗਰਾਹੀ ਕਰਕੇ ਸ਼ਹੀਦਾਂ ਦੀ ਯਾਦ 'ਚ ਤਿਆਰ ਕੀਤੀ ਦੇਗ ਦਾ ਪ੍ਰਸ਼ਾਦ ਬੁੱਕ ਭਰ ਭਰ ਕੇ ਵੰਡਿਆ ਜਾਂਦਾ ਸੀ।

ਪਿੰਡ ਦੀਆਂ ਸਵਾਣੀਆਂ ਚੁੱਲ੍ਹੇ-ਚੌਂਕੇ ਤੋਂ ਵਿਹਲੀਆਂ ਹੋ ਕੇ ਰਾਤ ਨੂੰ ਗਲੀ ਗਵਾਂਢ ਨੂੰ ਇਕੱਠਾ ਕਰਕੇ ਲੱਕੜਾਂ ਤੇ ਪਾਥੀਆਂ ਦੇ ਬਾਲਣ ਨਾਲ ਭੁੱਗਾ ਬਾਲਦੀਆਂ ਹਨ। ਆਲ਼ੇ-ਦੁਆਲ਼ੇ ਬਹਿ ਕੇ ਉਹ ਬਲਦੀ ਅੱਗ ਵਿੱਚ ਤਿਲ਼, ਚੌਲ਼, ਫੁੱਲੇ, ਮੁੰਗਫਲੀ, ਰਿਓੜੀਆਂ ਤੇ ਚਿਰਵੜੇ ਸੁੱਟ ਕੇ ਮੂੰਹੋਂ ਇਹ ਸਤਰਾਂ ਬੋਲਦੀਆਂ ਹਨ :

'ਈਸ਼ਰ ਆਏ ਦਲਿੱਦਰ ਜਾਏ, ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਏ'

'ਲੋਹੜੀਏ ਵਿਚਾਰੀਏ ! ਭਰੀ ਆਈਂ ਤੇ ਸੱਖਣੀ ਜਾਈਂ'

ਅੱਗ ਬੁਝਣ ਤੱਕ ਉਹਨਾਂ ਦੀ ਮਹਿਫ਼ਲ ਧੂਣੀ ਦੁਆਲ਼ੇ ਲੱਗੀ ਰਹਿੰਦੀ ਹੈ।

**ਬਸੰਤ** :- ਬਸੰਤ ਦੇ ਤਿਉਹਾਰ ਤੇ ਪਿੰਡ ਵਿੱਚ ਛੱਤਾਂ ਤੇ ਡੀ ਜੇ ਲਾ ਕੇ ਸ਼ਹਿਰਾਂ ਵਾਲ਼ੀ ਹੁੱਲੜਬਾਜ਼ੀ ਤਾਂ ਨਹੀਂ ਹੁੰਦੀ ਪਰ ਕੁਝ ਬੱਚੇ ਤੇ ਨੌਜਵਾਨ ਘਰਾਂ ਦੇ ਖੁੱਲ੍ਹੇ ਵਿਹੜਿਆਂ ਜਾਂ ਛੱਤਾਂ ਤੇ ਪਤੰਗ (ਗੁੱਡੀਆਂ) ਉਡਾ ਕੇ ਝੱਸ ਪੂਰਾ ਕਰ ਲੈਂਦੇ ਹਨ।

**ਹੋਲੀ** :-ਹੋਲੀ ਦਾ ਤਿਉਹਾਰ ਵੀ ਪੰਜਾਬ ਸਮੇਤ ਸਾਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ। ਇਹ ਰੰਗਾਂ ਦਾ ਤਿਉਹਾਰ ਹੈ। ਸ਼ਹਿਰਾਂ 'ਚ ਬਹੁਤੇ ਲੋਕ ਸ਼ਾਮਲ ਹੁੰਦੇ ਹਨ ਪਰ ਪਿੰਡਾਂ 'ਚ ਕੇਵਲ ਬੱਚੇ ਹੀ ਰੰਗਾਂ ਨਾਲ ਖੇਡਦੇ ਹਨ। ਉਹ ਇਕ ਦੂਜੇ ਤੇ ਰੰਗ ਸੁੱਟਦੇ ਤੇ ਰੰਗ ਵਾਲ਼ੇ ਪਾਣੀ ਦੀਆਂ ਪਿਚਕਾਰੀਆਂ ਚਲਾਉਂਦੇ ਹਨ। ਧਾਰਮਿਕ ਨੁਕਤੇ ਤੋਂ ਇਹ ਹਿੰਦੂਆਂ ਦਾ ਤਿਉਹਾਰ ਹੈ ਪਰ ਪਿੰਡ ਦੇ ਬੱਚੇ ਬਿਨਾਂ ਕਿਸੇ ਭਿੰਨ-ਭੇਦ ਰੰਗਾਂ ਨਾਲ਼ ਖੇਡਦੇ ਤੇ ਖ਼ੁਸ਼ੀ ਮਹਿਸੂਸ ਕਰਦੇ ਹਨ। ਪਿੰਡ ਦੇ ਲੋਕ ਕਿਉਂਕਿ ਸਿੱਖ ਧਰਮ ਨਾਲ ਸਬੰਧ ਰੱਖਦੇ ਹਨ ਇਸ ਲਈ ਬਹੁਤੇ ਲੋਕ ਖਾਸ ਤੌਰ ਤੇ ਨੌਜਵਾਨ ਹੋਲੇ-ਮਹੱਲੇ ਦੀਆਂ ਰੌਣਕਾਂ ਵੇਖਣ ਲਈ ਟਰੈਕਟਰ-ਟਰਾਲੀਆਂ ਜਾਂ ਬੱਸਾਂ-ਕਾਰਾਂ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਜਾ ਪਹੁੰਚਦੇ ਹਨ। ਜਿਹੜੇ ਪਿੱਛੇ ਘਰੀਂ ਰਹਿੰਦੇ ਹਨ ਉਹ ਸਥਾਨਕ ਗੁਰਦੁਆਰਿਆਂ 'ਚ ਹਾਜ਼ਰੀ ਭਰਦੇ



Scanned with OKEN Scanner

ਹਨ।

**ਵਿਸਾਖੀ** :- ਵਿਸਾਖ ਦਾ ਮਹੀਨਾ ਕਿਸਾਨੀ ਕਿੱਤੇ ਲਈ ਖ਼ੁਸ਼ੀਆਂ ਲੈ ਕੇ ਆਉਂਦਾ ਹੈ ਕਿਉਂਕਿ ਇਸ ਦੀ ਆਮਦ ਨਾਲ ਕਣਕ ਦੀ ਵਾਢੀ ਸ਼ੁਰੂ ਹੋ ਜਾਂਦੀ ਹੈ। ਪੱਕੀ ਹੋਈ ਫ਼ਸਲ ਜਿਸ ਨੂੰ ਵੇਖ ਕੇ ਕਿਸਾਨ ਦਾ ਸੀਨਾ ਗਰਵ ਨਾਲ ਚੌੜਾ ਹੋ ਜਾਂਦਾ ਹੈ, ਨੂੰ ਸਾਂਭਣ ਦਾ ਵਕਤ ਸ਼ੁਰੂ ਹੁੰਦਾ ਹੈ। ਵਿਸਾਖ ਦੇ ਪਹਿਲੇ ਦਿਨ (ਵਿਸਾਖੀ ਵਾਲ਼ੇ ਦਿਨ) ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੇ ਮਨ ਚੋਂ ਊਚ-ਨੀਚ ਦੀ ਭਾਵਨਾ ਖ਼ਤਮ ਕਰਕੇ ਉਹਨਾਂ ਨੂੰ ਏਕਤਾ ਦੀ ਲੜੀ ਵਿੱਚ ਪ੍ਰੋਣ ਲਈ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ 1699 ਵਿੱਚ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਇਸ ਕਾਰਨ ਸਾਰੇ ਸਿੱਖ ਇਸ ਦਿਨ ਨੂੰ ਖ਼ਾਲਸੇ ਦੇ ਜਨਮ-ਦਿਹਾੜੇ ਦੇ ਤੌਰ ਤੇ ਮਨਾਉਂਦੇ ਹਨ। ਮੇਰੇ ਪਿੰਡ ਦੇ ਲੋਕ ਵੀ ਵਿਸਾਖੀ ਵਾਲੇ ਦਿਨ ਗੁਰਦੁਆਰਿਆਂ ਵਿੱਚ ਜਾ ਕੇ ਗੁਰਬਾਣੀ ਕੀਰਤਨ ਤੇ ਢਾਡੀ-ਕਵੀਸ਼ਰਾਂ ਦੀਆਂ ਵਾਰਾਂ ਤੇ ਪ੍ਰਸੰਗ ਸੁਣਦੇ ਹਨ। ਕੋਈ ਅਨੰਦਪੁਰ ਸਾਹਿਬ ਨੂੰ ਚਾਲੇ ਪਾਉਂਦਾ ਹੈ, ਕੋਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ, ਕੋਈ ਅਗਾੜਾ-ਪਿਛਾੜਾ ਸਾਹਿਬ ਵੱਲ ਤੇ ਕੋਈ ਬਾਬਾ ਜੋਗੀ ਪੀਰ ਜਾ ਕੇ ਰੌਣਕਾਂ ਵਧਾਉਂਦਾ ਹੈ। ਘਰਾਂ 'ਚ ਖਾਣ ਲਈ ਵਧੀਆ ਪਕਵਾਨ ਬਣਦੇ ਹਨ ਤੇ ਗਰੀਬ-ਗੁਰਬੇ ਨੂੰ ਦਾਨ-ਪੁੰਨ ਵੀ ਕੀਤਾ ਜਾਂਦਾ ਹੈ।

**ਤੀਆਂ** :- ਸਾਉਣ ਦੇ ਮਹੀਨੇ ਤੀਆਂ ਦਾ ਤਿਉਹਾਰ ਪਿੰਡ ਦੀਆਂ ਕੁੜੀਆਂ ਤੇ ਬੱਚੇ ਮਿਲ ਕੇ ਮਨਾਉਂਦੇ ਹਨ। ਪਿੰਡ ਵਿੱਚ ਤਿੰਨ ਚਾਰ ਥਾਵਾਂ ਤੇ ਤੀਆਂ ਲਗਦੀਆਂ ਹਨ। ਵਿਆਹੀਆਂ ਹੋਈਆਂ ਕੁੜੀਆਂ ਵੀ ਇਹਨੀਂ ਦਿਨੀਂ ਤੀਆਂ ਵੇਖਣ ਪੇਕੇ ਘਰ ਆ ਜਾਂਦੀਆਂ ਹਨ। ਸ਼ਾਮ ਵੇਲੇ ਕੁੜੀਆਂ ਪਿੰਡ ਤੋਂ ਬਾਹਰ ਵਾਰ ਕਿਸੇ ਨਿਵੇਕਲੀ ਥਾਂ ਤੇ ਇਕੱਠੀਆਂ ਹੋ ਕੇ ਗਿੱਧਾ ਪਾਉਂਦੀਆਂ ਤੇ ਨੱਚਦੀਆਂ ਹਨ। ਗਿੱਧਾ ਭਾਵੇਂ ਅੱਜ ਵੀ ਕੁੜੀਆਂ ਦੇ ਮਨੋਰੰਜਨ ਦਾ ਸਾਧਨ ਹੈ ਪਰ ਪੁਰਾਣੇ ਵੇਲਿਆਂ ਵਾਲ਼ਾ ਧਮਾਲਾਂ ਪਾਉਣ ਵਾਲਾ ਗਿੱਧਾ ਹੁਣ ਘੱਟ ਹੀ ਨਜ਼ਰ ਆਉਂਦਾ ਹੈ। ਫਿਰ ਵੀ ਜਦੋਂ ਗਿੱਧੇ ਦਾ ਪਿੜ ਬੱਝਦਾ ਹੈ ਤਾਂ ਕੋਈ ਕੁੜੀ ਬੋਲੀ ਪਾਉਂਦੀ ਹੈ ਤੇ ਕੋਈ ਨੱਚਦੀ ਹੈ। ਇਸ ਤਰ੍ਹਾਂ ਦੋ ਢਾਈ ਘੰਟੇ ਮਨ-ਪ੍ਰਚਾਵਾ ਕਰਕੇ ਕੁੜੀਆਂ ਹਨੇਰੇ ਹੋਏ ਘਰੀਂ ਮੁੜਦੀਆਂ ਹਨ। ਬੱਚੇ ਕਿਤੇ ਨੇੜੇ ਤੇੜੇ ਕਬੱਡੀ ਖੇਡ ਕੇ ਖ਼ੁਸ਼ੀ ਮਨਾਉਂਦੇ ਹਨ। ਤੀਆਂ ਦੇ ਦਿਨਾਂ 'ਚ ਲੋਕ ਖ਼ੀਰ-ਪੂੜੇ ਪਕਾ ਕੇ ਖਾਂਦੇ ਹਨ। ਗਿੱਧੇ ਵਿੱਚ ਕੁੜੀਆਂ ਵੱਲੋਂ ਪਾਈਆਂ ਜਾਂਦੀਆਂ ਕੁਝ ਬੋਲੀਆਂ ਇਸ ਪ੍ਰਕਾਰ ਹਨ :-

1. ਉੱਚੇ ਟਿੱਬੇ ਮੈਂ ਭਾਂਡੇ ਮਾਂਜਦੀ, ਉੱਤੋਂ ਰਿੜ੍ਹ ਗਈ ਥਾਲ਼ੀ,
   ਕੈਦ ਕਰਾ ਦੂੰਗੀ, ਮੈਂ ਡਿਪਟੀ ਦੀ ਸਾਲ਼ੀ, ਕੈਦ ਕਰਾ ਦੂੰਗੀ.......
2. ਉਰਲੇ ਖੇਤ ਵਿੱਚ ਕਣਕ ਬਾਜਰਾ, ਪਰਲੇ ਖੇਤ ਵਿੱਚ ਗੰਨੇ,
   ਵੇ ਮੈਂ ਨੱਚਾਂ ਬਾਲਮਾ ਖੇਤਾਂ ਦੇ ਬੰਨੇ ਬੰਨੇ, ਵੇ ਮੈਂ ਨੱਚਾਂ.........
3. ਆ ਵੇ ਨਾਜਰਾ, ਬਹਿ ਵੇ ਨਾਜਰਾ, ਬੋਤਾ ਬੰਨ੍ਹ ਦਰਵਾਜ਼ੇ,



Scanned with OKEN Scanner

ਵੇ ਬੋਤੇ ਤੇਰੇ ਨੂੰ ਭੋਅ ਦਾ ਟੋਕਰਾ, ਤੈਨੂੰ ਦੋ ਪ੍ਰਸ਼ਾਦੇ,
ਗਿੱਧੇ ਵਿੱਚ ਨੱਚਦੀ ਦੀ, ਮੇਰੀ ਧਮਕ ਪਵੇ ਦਰਵਾਜ਼ੇ, ਵੇ ਗਿੱਧੇ ਵਿੱਚ.........

4. ਆਉਣ ਨੇਰ੍ਹੀਆਂ, ਵੇ ਜਾਣ ਨੇਰ੍ਹੀਆਂ,
ਮੁੰਡਿਆ ਸੱਥ ਦੇ ਵਿਚਾਲੇ ਗੱਲਾਂ ਹੋਣ ਤੇਰੀਆਂ, ਮੁੰਡਿਆ ......

5. ਆ ਵਣਜਾਰਿਆ, ਬਹਿ ਵਣਜਾਰਿਆ, ਕਿੱਥੇ ਨੇ ਤੇਰੇ ਘਰ ਵੇ,
ਭੀੜੀ ਵੰਗ ਬਚਾ ਕੇ ਚਾੜ੍ਹੀਂ, ਮੈਂ ਜਾਊਂਗੀ ਮਰ ਵੇ,
ਮੇਰਾ ਉੱਡੇ ਡੋਰੀਆ, ਮਹਿਲਾਂ ਵਾਲ਼ੇ ਘਰ ਵੇ, ਮੇਰਾ ਉੱਡੇ ਡੋਰੀਆ ....

6. ਆਉਣ ਜਾਣ ਨੂੰ ਨੌਂ ਦਰਵਾਜ਼ੇ, ਖਿਸਕ ਜਾਣ ਨੂੰ ਮੋਰੀ,
ਕੱਢ ਕਾਲਜਾ ਤੈਨੂੰ ਦਿੱਤਾ, ਮਾਂ ਬਾਪ ਤੋਂ ਚੋਰੀਂ,
ਲੈ ਜਾ ਹਾਣ ਦਿਆ, ਨਾ ਡਾਕਾ ਨਾ ਚੋਰੀ, ਲੈ ਜਾ .......

7. ਇੱਕੋ ਬੋਲ ਬੋਲਾਂ, ਬੋਲਾਂ ਨਾ ਕੋਈ ਹੋਰ ਵੇ,
ਸਾਉਣ ਦਾ ਮਹੀਨਾ, ਬਾਗਾਂ ਵਿੱਚ ਬੋਲਣ ਮੋਰ ਵੇ,
ਅਸੀਂ ਨ੍ਹੀਂ ਸਹੁਰੇ ਜਾਣਾ, ਗੱਡੀ ਨੂੰ ਖਾਲੀ ਤੋਰ ਵੇ, ਅਸੀਂ ........

8. ਸੁਣ ਵੇ ਮੁੰਡਿਆ ਕੈਂਠੇ ਵਾਲਿਆ, ਖੂਹ ਟੋਭੇ ਨਾ ਜਾਈਏ,
ਵੇ ਖੂਹ ਟੋਭੇ ਤੇ ਹੋਵੇ ਚਰਚਾ, ਚਰਚਾ ਨਾ ਕਰਵਾਈਏ,
ਵੇ ਜੀਹਦੀ ਬਾਂਹ ਫੜ੍ਹੀਏ, ਛੱਡ ਕੇ ਕਦੇ ਨਾ ਜਾਈਏ, ਵੇ ਜੀਹਦੀ ......

9. ਸੱਸ ਮੇਰੀ ਨੇ ਮੁੰਡਾ ਜੰਮਿਆ, ਨਾਂ ਧਰਿਆ ਗੁਰਦਿੱਤਾ,
ਪੰਜੀਰੀ ਖਾਵਾਂਗੇ, ਵਾਹਿਗੁਰੂ ਨੇ ਦਿੱਤਾ, ਪੰਜੀਰੀ .....

10. ਹਰੇ ਹਰੇ ਘਾਹ ਉੱਤੇ ਸੱਪ ਫੂਕਾਂ ਮਾਰਦਾ,
ਭੱਜੋ ਵੀਰੋ ਵੇ ਬਾਪੂ 'ਕੱਲ੍ਹਾ ਮੱਝਾਂ ਚਾਰਦਾ, ਭੱਜੋ ਵੀਰੋ .........

11. ਕਦੇ ਨਾ ਖਾਧੇ ਤੇਰੇ ਖੱਟੇ ਮਿੱਠੇ ਜਾਮਨੂੰ,
ਖਦੇ ਨਾ ਖਾਧਾ ਵੇ ਕੜਾਹ ਕਰਕੇ, ਛੱਡ ਗਿਉਂ ਜ਼ਾਲਮਾ ਵੇ ਵਿਆਹ ਕਰਕੇ, ਛੱਡ.....

12. ਘੋੜਾ ਆਰ ਨੂੰ ਵੇ, ਘੋੜਾ ਪਾਰ ਨੂੰ ਵੇ,
ਪੇਕੇ ਛੱਡੀਏ ਨਾ, ਨਾਰ ਮੁਟਿਆਰ ਨੂੰ ਵੇ, ਪੇਕੇ ਛੱਡੀਏ ਨਾ ......

13. ਤੇਰੇ ਜਿਹੇ ਨੂੰ ਵੇ ਮੈਂ ਟਿੱਚ ਨਾ ਜਾਣਦੀ,
ਤੇਰਾ ਮੇਰਾ ਨਾ ਕੋਈ ਮੇਚ ਮੁੰਡਿਆ,
ਤੈਨੂੰ ਮੋਗੇ ਦੀ ਮੰਡੀ 'ਚ ਆਵਾਂ ਵੇਚ ਮੁੰਡਿਆ, ਤੈਨੂੰ ਮੋਗੇ ਦੀ .......... ਆਦਿ।

**ਮੇਲਾ ਦਰਗਾਹ ਮਾਹੀ ਸ਼ਾਹ** :- ਸਾਉਣ ਮਹੀਨੇ ਦੇ ਦੂਸਰੇ ਵੀਰਵਾਰ ਪਿੰਡ ਦੀ ਪਹਾੜ ਬਾਹੀ ਕਿਸੇ ਮੁਸਲਮਾਨ ਫ਼ਕੀਰ ਦੀ ਜਗਾਹ ਤੇ ਸਥਾਨਕ ਲੋਕਾਂ ਵੱਲੋਂ ਮੇਲਾ ਲਾਇਆ ਜਾਂਦਾ ਹੈ। ਇਸ ਦਾ ਵਰਨਣ ਅਗਲੇ ਅਧਿਆਇ ਵਿੱਚ ਕੀਤਾ ਗਿਆ ਹੈ।



Scanned with OKEN Scanner

**ਮੇਲਾ ਜੋਗੀ ਪੀਰ** :- ਅੱਸੂ ਦੇ ਚੌਥੇ ਨਰਾਤੇ ਹਰ ਸਾਲ ਜੋਗੀ ਪੀਰ ਦਾ ਮੇਲਾ ਪਿੰਡ ਦੇ ਲੋਕ ਬੜੇ ਚਾਅ ਤੇ ਉਮਾਹ ਨਾਲ ਮਨਾਉਂਦੇ ਹਨ। ਇਸ ਦਾ ਵਿਸਥਾਰ-ਸਹਿਤ ਵਰਨਣ ਅਗਲੇ ਅਧਿਆਇ ਵਿੱਚ ਕੀਤਾ ਗਿਆ ਹੈ।

**ਦੀਵਾਲ਼ੀ** :- ਦੀਵਾਲੀ ਦਾ ਤਿਉਹਾਰ ਵੀ ਪਿੰਡ ਦੇ ਲੋਕ ਦੇਸ਼ ਦੇ ਹੋਰ ਲੋਕਾਂ ਵਾਂਗ ਬੜੇ ਉਤਸ਼ਾਹ ਤੇ ਹੁਲਾਸ ਨਾਲ ਮਨਾਉਂਦੇ ਹਨ। ਦੀਵਾਲ਼ੀ ਤੋਂ ਕਈ ਦਿਨ ਪਹਿਲਾਂ ਘਰਾਂ ਦੀਆਂ ਸਫ਼ਾਈਆਂ ਤੇ ਸਜਾਵਟ ਕਰਨੀ ਸ਼ੁਰੂ ਕਰ ਦੇਂਦੇ ਹਨ। ਪੁਰਾਣੇ ਵੇਲ਼ਿਆਂ 'ਚ ਕੱਚੀਆਂ ਕੰਧਾਂ ਤੇ ਪੋਲ਼ਾ ਫੇਰ ਕੇ ਫੁੱਲ-ਬੂਟੇ ਪਾਏ ਜਾਂਦੇ ਤੇ ਵਿਹੜੇ 'ਚ ਪੋਚਾ ਫੇਰਿਆ ਜਾਂਦਾ ਸੀ। ਹੁਣ ਬਹੁਤੇ ਘਰ ਪੱਕੇ ਹਨ ਇਸ ਲਈ ਕੰਧਾਂ ਨੂੰ ਸਫ਼ੈਦੀ ਤੇ ਰੰਗ-ਰੋਗਨ ਆਦਿ ਕੀਤਾ ਜਾਂਦਾ ਹੈ। ਘਰਾਂ 'ਚ ਪਏ ਬਰਤਨ ਤੇ ਕੱਪੜੇ ਧੋ ਕੇ ਸਾਫ਼ ਕੀਤੇ ਜਾਂਦੇ ਹਨ। ਪਹਿਲਾਂ ਲੋਕ ਰਾਤ ਨੂੰ ਮਿੱਟੀ ਦੇ ਦੀਵਿਆਂ 'ਚ ਤੇਲ ਪਾ ਕੇ ਦੀਵਾਰਾਂ, ਛੱਤਾਂ ਤੇ ਦਰਵਾਜ਼ਿਆਂ ਅੱਗੇ ਰੱਖ ਕੇ ਰੋਸ਼ਨੀ ਕਰਦੇ ਸਨ ਪਰ ਹੁਣ ਦੀਵੇ ਘੱਟ ਬਾਲ਼ਦੇ ਹਨ ਤੇ ਬਹੁਤਾ ਮੋਮ-ਬੱਤੀਆਂ ਜਾਂ ਬਿਜਲੀ ਨਾਲ ਰੰਗ-ਬਰੰਗੀਆਂ ਲੜੀਆਂ ਜਗਾ ਕੇ ਆਪਣੇ ਘਰਾਂ ਨੂੰ ਰੁਸ਼ਨਾਉਂਦੇ ਹਨ। ਕੁਝ ਲੋਕ ਗੁਰਦੁਆਰਿਆਂ ਤੇ ਕੁਝ ਮੜ੍ਹੀ-ਮਸਾਣਾਂ ਵਿੱਚ ਵੀ ਆਪਣੇ ਪਿੱਤਰਾਂ ਦੀ ਯਾਦ ਵਿੱਚ ਦੀਵੇ ਜਗਾਉਂਦੇ ਹਨ। ਰਾਤ ਨੂੰ ਬੱਚੇ ਆਤਿਸ਼ਬਾਜ਼ੀ (ਪਟਾਖ਼ੇ) ਚਲਾਉਂਦੇ ਹਨ। ਖਾਣ-ਪੀਣ ਦੇ ਸ਼ੁਕੀਨ ਭਾਵੇਂ ਰਾਤ ਨੂੰ ਮੀਟ-ਸ਼ਰਾਬ ਦੀ ਵਰਤੋਂ ਵੀ ਕਰਦੇ ਹਨ ਪਰ ਹੁਣ ਲੜਾਈ ਝਗੜੇ ਦਾ ਬਚਾਅ ਰਹਿੰਦਾ ਹੈ। ਧਾਰਮਿਕ ਸ਼ਰਧਾ ਰੱਖਣ ਵਾਲੇ ਗੁਰੂ ਘਰਾਂ ਵਿੱਚ ਹਾਜ਼ਰੀ ਲਵਾਉਂਦੇ ਹਨ ਤੇ ਕਥਾ-ਕੀਰਤਨ ਸੁਣ ਕੇ ਆਪਣਾ ਜੀਵਨ ਸਫਲਾ ਕਰਦੇ ਹਨ।

**ਗੁਰ-ਪੁਰਬ** :-ਮੇਰੇ ਪਿੰਡ ਦੇ ਲੋਕ ਸਿੱਖ ਧਰਮ ਵਿੱਚ ਡੂੰਘੀ ਸ਼ਰਧਾ ਰੱਖਦੇ ਹਨ ਤੇ ਆਪਣੇ ਘਰੇਲੂ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਗੁਰੂ ਸਾਹਿਬਾਨਾਂ ਦੇ ਗੁਰਪੁਰਬ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਉਂਦੇ ਹਨ। ਗੁਰਦੁਆਰਿਆਂ ਵਿੱਚ ਅਖੰਡਪਾਠਾਂ ਦੇ ਭੋਗ ਪਵਾ ਕੇ, ਇਤਿਹਾਸ ਸਰਵਣ ਕਰਦੇ ਤੇ ਲੰਗਰ ਛਕਦੇ ਛਕਾਉਂਦੇ ਹਨ। ਵਿਸ਼ੇਸ਼ ਤੌਰ 'ਤੇ ਕੱਤਕ ਦੇ ਮਹੀਨੇ ਗੁਰੂ ਨਾਨਕ ਦੇਵ ਜੀ ਤੇ ਪੋਹ ਦੇ ਮਹੀਨੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਨਗਰ-ਕੀਰਤਨ ਸਾਰੇ ਪਿੰਡ ਵਿੱਚ ਦੀਆਂ ਗਲ਼ੀਆਂ ਵਿੱਚੋਂ ਲੰਘਦਾ ਹੈ। ਕੁਝ ਦਿਨ ਪਹਿਲਾਂ ਹੀ ਪਿੰਡ ਦੇ ਗੱਭਰੂ ਪਿੰਡ ਦੀਆਂ ਗਲ਼ੀਆਂ ਦੀ ਸਫ਼ਾਈ ਸੇਵਾ ਸਮਝ ਕੇ ਕਰਦੇ ਹਨ। ਕੁਝ ਸਾਲ ਪਹਿਲਾਂ ਹਰ ਸਾਲ ਨਗਰ ਕੀਰਤਨ ਗੁਰਦੁਆਰਾ ਬਾਬਾ ਜੋਗੀ ਪੀਰ ਤੋਂ ਸ਼ੁਰੂ ਹੋ ਕੇ ਰਾਤ ਨੂੰ ਵਾਪਸ ਉੱਥੇ ਹੀ ਖ਼ਤਮ ਹੁੰਦਾ ਸੀ ਪਰ ਹੁਣ ਇਹ ਵਾਰੀ ਵਾਰੀ ਪੱਤੀਆਂ ਦੇ ਗਰਦੁਆਰਿਆਂ ਤੋਂ ਨਿੱਕਲਦਾ ਹੈ। ਸੱਜੇ-ਸੰਵਰੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਗੁਰੂ ਮਹਾਰਾਜ ਦੀ ਸਵਾਰੀ ਜਿਹੜੀ



Scanned with OKEN Scanner

ਪੱਤੀ ਵਿੱਚ ਵੀ ਪਹੁੰਚਦੀ ਹੈ, ਮਿਥੇ ਹੋਏ ਸਮੇਂ ਮੁਤਾਬਕ ਉਸ ਪੱਤੀ ਵਿੱਚ ਢਾਡੀਆਂ ਕਵੀਸ਼ਰਾਂ ਨੂੰ ਸਿੱਖ ਇਤਿਹਾਸ ਸਬੰਧੀ ਵਾਰਾਂ ਤੇ ਪ੍ਰਸੰਗ ਗਾਉਣ ਦਾ ਮੌਕਾ ਦਿੱਤਾ ਜਾਂਦਾ ਹੈ। ਉਸ ਪੱਤੀ ਦੇ ਲੱਗ-ਭੱਗ ਸਾਰੇ ਮਰਦ-ਔਰਤਾਂ ਤੇ ਬੱਚੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਤੇ ਢਾਡੀਆਂ ਕਵੀਸ਼ਰਾਂ ਦੇ ਪ੍ਰਸੰਗ ਸੁਣ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਹਨ। ਇਸ ਤਰ੍ਹਾਂ ਸਵੇਰ ਤੋਂ ਸ਼ਾਮ ਤੱਕ ਹਰ ਪੱਤੀ ਤੋਂ ਹੁੰਦਾ ਹੋਇਆ ਨਗਰ-ਕੀਰਤਨ ਰਾਤ ਨੂੰ ਸ਼ੁਰੂਆਤੀ ਸਥਾਨ ਤੇ ਪਹੁੰਚ ਕੇ ਖ਼ਤਮ ਹੋ ਜਾਂਦਾ ਹੈ।

**ਮੱਸਿਆ, ਚੌਦੇਂ ਤੇ ਸੰਗਰਾਂਦ** :- ਪਿੰਡ ਦੇ ਲੋਕ ਮੱਸਿਆ, ਚੌਦੇਂ ਤੇ ਸੰਗਰਾਂਦ ਦੇ ਦਿਹਾੜੇ ਵੀ ਪਵਿੱਤਰ ਸਮਝ ਕੇ ਬੜੀ ਸ਼ਰਧਾ ਨਾਲ ਮਨਾਉਂਦੇ ਹਨ। ਭਾਵੇਂ ਗੁਰਬਾਣੀ ਮੁਤਾਬਕ ਈਸ਼ਵਰ ਨੂੰ ਯਾਦ ਰੱਖਣ ਵਾਲਿਆਂ ਲਈ ਸਾਰੇ ਦਿਨ ਸ਼ੁੱਭ ਮਹੂਰਤ ਵਾਂਗ ਹਨ ਤੇ ਪ੍ਰਭੂ ਦੇ ਨਾਮ-ਸਿਮਰਨ ਨੂੰ ਹੀ ਤੀਰਥ ਆਖਿਆ ਗਿਆ ਹੈ ਪਰ ਪੁਰਾਤਨ ਸੰਸਕਾਰਾਂ ਨਾਲ ਜੁੜੇ ਸਿੱਖ ਸ਼ਰਧਾਲੂ ਚੌਦੇਂ- ਮੱਸਿਆ ਦੇ ਇਸ਼ਨਾਨ ਨੂੰ ਮਹੱਤਵਪੂਰਨ ਸਮਝ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ, ਤਰਨਤਾਰਨ ਸਥਿੱਤ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਨ ਤੇ ਗੁਰਦੁਆਰੇ ਨਤ-ਮਸਤਕ ਹੋਣ ਲਈ ਬੜੀ ਸ਼ਰਧਾ ਨਾਲ ਜਾਂਦੇ ਹਨ। ਚੇਤਰ ਤੇ ਭਾਦਰੋਂ ਦੀ ਮੱਸਿਆ ਤੇ ਬੜਾ ਭਾਰੀ ਇਕੱਠ ਹੁੰਦਾ ਹੈ। ਪੁਰਾਣੇ ਸਮਿਆਂ 'ਚ ਜਦੋਂ ਕਿਸਾਨ ਬਲਦਾਂ ਨਾਲ ਹਲ਼ ਜੋਤਦੇ ਸਨ, ਤਾਂ ਚੇਤ ਦੀ ਮੱਸਿਆ ਤੇ ਆਪਣੇ ਬਲਦਾਂ ਨੂੰ ਇਸ਼ਨਾਨ ਕਰਾਉਣ ਲਈ ਰੰਗ ਬਰੰਗੇ ਮਖ਼ੇਰਨੇ ਤੇ ਘੁੰਗਰੂਆਂ ਵਾਲੀਆਂ ਹਮੇਲਾਂ ਪਾ ਕੇ ਤੜ੍ਹਕੇ ਤਰਨਤਾਰਨ ਵੱਲ ਚਾਲੇ ਪਾ ਦੇਂਦੇ ਸਨ। ਬਲਦਾਂ ਗਲ਼ ਛਣਕਦੇ ਘੁੰਗਰੂਆਂ ਦਾ ਸੰਗੀਤ ਹਰ ਇੱਕ ਨੂੰ ਅਨੰਦਿਤ ਕਰ ਦੇਂਦਾ ਸੀ। ਸੰਗਰਾਂਦ ਵਾਲੇ ਦਿਨ ਕੁਝ ਸ਼ਰਧਾਲੂ ਪਿੰਡ ਦੇ ਲੋਕਲ ਗੁਰਦੁਆਰਿਆਂ ਵਿੱਚ ਤੇ ਕੁਝ ਬਾਬਾ ਬੁੱਢਾ ਜੀ ਦੇ ਗੁਰਦੁਆਰੇ ਹਾਜ਼ਰੀਆਂ ਭਰਦੇ ਹਨ। ਇਹਨਾਂ ਦਿਹਾੜਿਆਂ ਤੇ ਪਿੰਡ ਦੇ ਅੱਡੇ ਤੇ ਇੱਕ ਦੋ ਹੋਰ ਥਾਈਂ ਵਾਰੀ ਨਾਲ ਗੁਰੂ ਦਾ ਲੰਗਰ ਤਿਆਰ ਕਰਕੇ ਹਾਜ਼ਰ ਹਰ ਮਾਈ-ਭਾਈ ਨੂੰ ਪੰਗਤ ਵਿੱਚ ਬਿਠਾ ਕੇ ਛਕਾਇਆ ਜਾਂਦਾ ਹੈ।

❐



Scanned with OKEN Scanner

# ਪਿੰਡ ਦੇ ਲੋਕਾਂ ਦੇ ਰਸਮ- ਰਿਵਾਜ

ਸਦੀਆਂ ਤੋਂ ਹੀ ਕੁਝ ਰਸਮਾਂ-ਰਿਵਾਜ ਸਾਡੇ ਸਭਿਆਚਾਰ ਦਾ ਜ਼ਰੂਰੀ ਹਿੱਸਾ ਬਣੇ ਹੋਏ ਹਨ। ਇਹਨਾਂ ਤੋਂ ਬਿਨਾਂ ਕੋਈ ਗਮੀ ਜਾਂ ਖ਼ੁਸ਼ੀ ਵਾਲ਼ਾ ਕਾਰਜ ਪੂਰਾ ਨਹੀਂ ਹੁੰਦਾ। ਇਹਨਾਂ ਰਸਮਾਂ/ਰਿਵਾਜਾਂ ਦੇ ਹੋਂਦ ਵਿੱਚ ਆਉਣ ਦਾ ਕੋਈ ਨਾ ਕੋਈ ਕਾਰਨ ਜ਼ਰੂਰ ਹੋਵੇਗਾ ਪਰ ਹੁਣ ਇਹ ਵੇਲ਼ਾ ਵਿਹਾਅ ਚੁੱਕੇ ਹਨ। ਸਮਾਂ ਬੀਤਣ ਨਾਲ ਤੇ ਵਿਗਿਆਨਕ ਤਰੱਕੀ ਹੋਣ ਨਾਲ ਭਾਵੇਂ ਹਾਲਾਤ ਬਹੁਤ ਬਦਲ ਗਏ ਹਨ ਪਰ ਪੁਰਾਤਨ ਵੇਲ਼ੇ ਹੋਂਦ 'ਚ ਆਈਆਂ ਰਸਮਾਂ ਸਮਾਜ ਵਿੱਚ ਅਜੇ ਵੀ ਪ੍ਰਚੱਲਿਤ ਹਨ ਜਿਵੇਂ ਹਰ ਖ਼ੁਸ਼ੀ ਦੇ ਮੌਕੇ ਕੰਮ ਸ਼ੁਰੂ ਕਰਨ ਲੱਗੇ ਤੇਲ ਚੋਣ ਦੀ ਰਸਮ। ਪਿੰਡਾਂ ਵਿੱਚ ਲੋਕ ਸ਼ਹਿਰਾਂ ਨਾਲੋਂ ਵੱਧ ਰੀਤੀ-ਰਿਵਾਜਾਂ ਦਾ ਪਾਲਣ ਕਰਦੇ ਹਨ। ਸਾਡਾ ਪਿੰਡ ਵੀ ਇਹਨਾਂ ਤੋਂ ਛੁਟਕਾਰਾ ਨਹੀਂ ਪਾ ਸਕਿਆ।

ਪੰਜਾਬੀ ਪੇਂਡੂ ਭਾਈਚਾਰੇ ਵਿੱਚ ਵਿਅਕਤੀ ਦੇ ਜਨਮ ਤੋਂ ਮੌਤ ਤੱਕ ਖ਼ੁਸ਼ੀ/ਗਮੀ ਦਾ ਅਜਿਹਾ ਕੋਈ ਮੌਕਾ ਨਹੀਂ ਹੁੰਦਾ ਜਦੋਂ ਕੋਈ ਨਾ ਕੋਈ ਰਸਮ ਨਾ ਕੀਤੀ ਜਾਂਦੀ ਹੋਵੇ। ਕਿਸੇ ਸੱਗਾ-ਰੱਤੇ ਪ੍ਰਾਹੁਣੇ ਦੇ ਆਉਣ ਤੇ ਬੂਹੇ ਅੱਗੇ ਤੇਲ ਚੋਇਆ ਜਾਂਦਾ ਹੈ। ਬੱਚੇ ਦੇ ਜਨਮ ਤੋਂ ਪਹਿਲਾਂ ਵੀ ਕਈ ਰਸਮਾਂ ਕੀਤੀਆਂ ਜਾਂਦੀਆਂ ਹਨ। ਬੱਚੇ ਦੇ ਜਨਮ ਵੇਲੇ ਜੱਚਾ ਦੇ ਮੰਜੇ ਹੇਠ ਸਿਰ੍ਹਾਣੇ ਵੱਲ ਪਾਣੀ ਰੱਖਣਾ, ਸਰ੍ਹਾਣੇ ਹੇਠ ਲੋਹੇ ਦਾ ਖ਼ੁਰਚਣਾ ਜਾਂ ਦਾਤਰ ਆਦਿ ਰੱਖਣਾ, ਮਾਂ-ਬੱਚੇ ਦੇ ਗੁੱਟ ਤੇ ਹਿੰਗ ਬੰਨ੍ਹਣੀ, ਜੱਚਾ-ਬੱਚਾ ਵਾਲੇ ਕਮਰੇ ਦੇ ਬਾਹਰ ਅੰਬ ਜਾਂ ਸਰੀਂਹ ਦੇ ਪੱਤੇ ਬੰਨ੍ਹਣਾ, ਠੂਠੀ ਵਿੱਚ ਹਲਦੀ ਘੋਲ਼ ਕੇ ਹਰੇ ਘਾਹ ਦੀ ਗੁੱਥੀ ਨਾਲ ਜੱਚਾ ਦੀਆਂ ਦੁਧੀਆਂ ਧੋਣਾ, ਕੋਰੇ ਚੱਪਣ ਜਾਂ ਕੌਲੀ ਵਿੱਚ ਬੱਕਰੀ ਦਾ ਦੁੱਧ ਪਾ ਕੇ ਪਹਿਲੀ ਵਾਰ ਨਵ-ਜਨਮੇ ਬੱਚੇ ਨੂੰ ਰੂੰ ਦੀ ਬੱਤੀ ਨਾਲ ਪਿਆ ਕੇ ਜਾਂ ਸ਼ਹਿਦ ਚਟਾ ਕੇ ਗੁੜ੍ਹਤੀ ਦੇਣਾ, ਬੱਚੇ ਦੇ ਜਨਮ ਤੋਂ ਸਤਵੇਂ, ਦਸਵੇਂ ਜਾਂ ਸ਼ੁਭ ਦਿਨ ਤੇ ਮਾਂ ਨੂੰ ਬਾਹਰ ਵਧਾਉਣਾ ਤੇ ਉਹਦੀ ਗੁੱਤ ਨਾਲ ਖੰਮ੍ਹਣੀ ਬੰਨ੍ਹਣਾ, ਜੱਚਾ ਦੇ ਖਾਣ ਲਈ ਪੰਜੀਰੀ ਬਣਾਉਣਾ, ਨਾਨਕਿਆਂ ਵੱਲੋਂ ਲਿਆਂਦੀ ਸ਼ੂਸ਼ਕ ਦਾ ਵਿਖਾਲ਼ਾ ਪਾਉਣਾ, ਗੁਰਦੁਆਰੇ ਦੇ ਗ੍ਰੰਥੀ ਸਿੰਘ ਨੂੰ ਸੱਦ ਕੇ ਬੱਚੇ ਨੂੰ ਅੰਮ੍ਰਿਤ ਛਕਾਉਣਾ ਤੇ ਨਾਮ-ਕਰਨ ਕਰਨਾ, ਮੁੰਡਾ ਹੋਵੇ ਤਾਂ ਸ਼ਰੀਕੇ-ਭਾਈਚਾਰੇ ਤੇ ਰਿਸ਼ਤੇਦਾਰਾਂ ਨੂੰ ਸੱਦ ਕੇ ਤੇਰ੍ਹਵਾਂ ਜਾਂ ਧਮਾਨ ਕਰਨਾ ਆਦਿ ਬੱਚੇ ਦੇ ਜਨਮ ਵੇਲ਼ੇ ਨਿਭਾਉਣ ਵਾਲ਼ੀਆਂ ਰਸਮਾਂ ਹਨ।



Scanned with OKEN Scanner

ਵਿਆਹ-ਸ਼ਾਦੀ ਤੋਂ ਪਹਿਲਾਂ ਰੋਕੇ ਜਾਂ ਠਾਕੇ ਦੀ ਰਸਮ, ਸ਼ਗਨ ਵੇਲੇ ਛੁਆਰੇ ਦੀ ਰਸਮ, ਵਿਆਹ ਦਾ ਕਾਰਜ ਸ਼ੁਰੂ ਹੁੰਦਿਆਂ ਚੁਰ੍ਹਾਂ ਪੁੱਟਣ ਸਮੇਂ ਤੇਲ ਚੋਣਾ ਤੇ ਲਾਗੀ ਨੂੰ ਲਾਗ ਦੇਣਾ, ਸਾਉਣ ਦੇ ਮਹੀਨੇ ਕੁੜੀ ਨੂੰ ਤਿਉਹਾਰ ਭੇਜਣਾ, ਸਾਹਾ ਸੁਧਾਉਣਾ, ਸਾਹੇ ਚਿੱਠੀ ਭੇਜਣਾ, ਕੁੜੀ ਨੂੰ ਚੂੜੀਆਂ ਪਾਉਣ ਦੀ ਰਸਮ, ਵਰੀ ਬਣਾਉਣ ਜਾਣਾ, ਅੰਗਾਂ-ਸਾਕਾਂ ਨੂੰ ਗੰਢ (ਵਿਆਹ ਦਾ ਕਾਰਡ) ਭੇਜਣਾ, ਵਿਆਹ ਤੋਂ ਪਹਿਲਾਂ ਵਿਆਹ ਵਾਲ਼ੇ ਮੁੰਡੇ/ਕੁੜੀ ਨੂੰ ਮਾਂਈਏ ਪਾਉਣਾ, ਵੱਟਣਾ ਮਲਣ ਦੀ ਰਸਮ, ਕੁੜੀ ਨੂੰ ਚੂੜਾ ਚੜ੍ਹਾਉਣ ਦੀ ਰਸਮ, ਵਿਆਹ ਤੋਂ ਕੁਝ ਦਿਨ ਪਹਿਲਾਂ ਸੁਹਾਗ/ਘੋੜੀਆਂ ਗਾਉਣ ਲਈ ਬਿਠਾਉਣਾ, ਜਾਗੋ ਕੱਢਣੀ ਤੇ ਗਿੱਧੇ 'ਚ ਧਮਾਲ ਪਾਉਣੀ, ਵਿਆਹ ਵਾਲ਼ੇ ਦਿਨ ਮੁੰਡੇ/ਕੁੜੀ ਨੂੰ ਮਾਮੇ ਵੱਲੋਂ ਖ਼ਾਰਿਓਂ ਉਤਾਰਨਾ ਤੇ ਮੁੰਡੇ ਵੱਲੋਂ ਚੌਂਕੀ ਤੋਂ ਛਾਲ਼ ਮਾਰ ਕੇ ਸਾਹਮਣੇ ਰੱਖੀਆਂ ਚੱਪਣੀਆਂ ਤੋੜਨਾ, ਸਿਹਰਾ ਬੰਨ੍ਹਣ ਦੀ ਰਸਮ, ਵਿਆਹ ਵਾਲ਼ੇ ਮੁੰਡੇ ਦਾ ਘੋੜੀ ਚੜ੍ਹਨਾ, ਭੈਣਾਂ ਦਾ ਵਾਗ ਗੁੰਦਣਾ ਤੇ ਭਰਜਾਈਆਂ ਦਾ ਸੁਰਮਾ ਪਾਉਣਾ ਤੇ ਨਾਲ ਗੀਤ ਗਾਉਣਾ, ਘੋੜੀ ਨੂੰ ਦਾਲ਼ ਚਾਰਨੀ ਤੇ ਮੁੰਡੇ ਦੇ ਸਿਰ ਤੋਂ ਪੈਸੇ ਵਾਰਨਾ, ਜੰਞ ਦੇ ਅਗਲੇ ਘਰ ਢੁੱਕਣ ਤੇ ਤੇਲ ਚੁਆਈ, ਮਿਲਣੀ ਕਰਨੀ ਤੇ ਰਿਬਨ-ਕਟਾਈ, ਗੁਰੂ ਗ੍ਰੰਥ ਸਾਹਿਬ ਦੁਆਲੇ ਪਰਿਕਰਮਾ ਕਰਕੇ ਲਾਵਾਂ ਲੈਣੀਆਂ, ਪਲੰਘੇ ਬਹਿਣ ਦੀ ਰਸਮ ਪੈਲੇਸਾਂ ਵਿੱਚ ਕੁਰਸੀ ਤੇ ਬਹਿ ਕੇ ਪੂਰੀ ਕਰਨੀ, ਵਿਆਹ ਵਾਲ਼ੇ ਮੁੰਡੇ ਨੂੰ ਬੁਰਕੀਆਂ ਦੇਣੀਆਂ ਤੇ ਸਿਠਣੀਆਂ ਗਾ ਕੇ ਹਾਸਾ ਮਖੌਲ ਕਰਨਾ, (ਜੰਞ ਬੰਨ੍ਹਣੀ/ਛੁਡਾਉਣੀ, ਛੰਦ ਸੁਣਨੇ, ਜੁੱਤੀ ਚੁੱਕਣੀ ਆਦਿ ਰਿਵਾਜ ਹੁਣ ਦਮ ਤੋੜ ਗਏ ਹਨ), ਡੋਲੀ ਤੋਰਨਾ ਤੇ ਚਿੜੀਆਂ ਦਾ ਚੰਬਾ ਗਾਉਣਾ, ਵਿਆਹੀ ਜੋੜੀ ਦੇ ਘਰ ਪਹੁੰਚਣ ਤੇ ਫਿਰ ਤੇਲ ਚੁਆਈ, ਮਾਂ ਵੱਲੋਂ ਜੋੜੀ ਦੇ ਸਿਰ ਤੋਂ ਪਾਣੀ ਵਾਰਨਾ ਤੇ ਪਾਣੀ ਵਾਰ ਨੀ ਬੰਨੇ ਦੀਏ ਮਾਏਂ ਗਾਉਣਾ, ਅਗਲੇ ਦਿਨ ਗਾਨਾ ਖੋਲ੍ਹਣ ਦੀ ਰਸਮ, ਜਠੇਰਿਆਂ ਦੇ ਮੱਥਾ ਟੇਕਣਾ ਤੇ ਤੀਜੇ ਚੌਥੇ ਜਾਂ ਸ਼ੁਭ ਦਿਨ ਵੇਖ ਕੇ ਬਹੂ ਨੂੰ ਕੰਮੇ ਲਾਉਣਾ, ਖੂਹ ਪੁੱਟਣ, ਨਲਕੇ ਜਾਂ ਟਿਊਬਵੈੱਲ ਦਾ ਬੋਰ ਕਰਨ ਜਾਂ ਕਿਸੇ ਨਵੀਂ ਇਮਾਰਤ ਦੀ ਨੀਂਹ ਪੁੱਟਣ ਵੇਲ਼ੇ ਤੇਲ ਚੋ ਕੇ ਪ੍ਰਸ਼ਾਦ ਵੰਡਣਾ ਆਦਿ ਖ਼ੁਸ਼ੀ ਦੇ ਮੌਕੇ ਦੀਆਂ ਰਸਮਾਂ ਹਨ।

ਪੇਂਡੂ ਭਾਈਚਾਰਾ ਕੇਵਲ ਖ਼ੁਸ਼ੀ ਦੇ ਮੌਕੇ ਤੇ ਹੀ ਰੀਤੀ ਰਿਵਾਜ ਨਹੀਂ ਕਰਦਾ ਸਗੋਂ ਮਰਨੇ-ਪਰਨੇ ਤੇ ਵੀ ਕਈ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ। ਮੌਤ ਹੋਣ ਉਪ੍ਰੰਤ ਮ੍ਰਿਤਕ ਦੇ ਮੰਜੇ ਹੇਠ ਬੱਠਲ ਵਿਚ ਅਨਾਜ ਪਾ ਕੇ ਰੱਖਣਾ, ਸੰਸਕਾਰ ਤੋਂ ਪਹਿਲਾਂ ਇਸ਼ਨਾਨ ਕਰਾਉਣਾ ਤੇ ਕਫ਼ਨ ਪਹਿਨਾਉਣਾ, ਚਹੁੰ ਕਾਹਨੀਆਂ ਵੱਲੋਂ ਅਰਥੀ ਚੁੱਕ ਕੇ ਸ਼ਮਸ਼ਾਨ-ਘਾਟ ਜਾਣਾ, ਸ਼ਮਸ਼ਾਨ ਪਹੁੰਚ ਕੇ ਮ੍ਰਿਤਕ ਦੁਆਲੇ ਬਿਨਾਂ ਧਾਰ ਟੁੱਟੇ ਪਾਣੀ ਡੋਲ੍ਹ ਕੇ ਭਾਂਡਾ ਰੇੜ੍ਹਨਾ, ਅਰਥੀ ਸਿੜ੍ਹੀ ਤੇ ਰੱਖ ਕੇ ਜੇ ਵੱਡੀ ਉਮਰ ਦਾ ਹੋਵੇ ਤਾਂ ਨੂੰਹਾਂ ਵੱਲੋਂ ਮੱਥਾ ਟੇਕਣਾ, ਅਰਦਾਸ ਕਰਕੇ ਵੱਡੇ ਪੁੱਤ ਵੱਲੋਂ ਲਾਂਬੂ ਲਾਉਣਾ, (ਬਹੁਤਾ ਪਿੱਟ-ਸਿਆਪਾ



Scanned with OKEN Scanner

ਕਰਨ ਤੇ ਕੀਰਨੇ ਪਾਉਣ ਦੀ ਪ੍ਰਥਾ ਹੁਣ ਨਹੀਂ ਰਹੀ), ਬਾਬੇ ਵੱਲੋਂ ਸ਼ਮਸ਼ਾਨ ਵਿਚ ਕੀਰਤਨ ਸੋਹਿਲੇ ਦਾ ਤੇ ਗੁਰਦੁਆਰੇ ਜਾ ਕੇ ਅਲਾਹਣੀਆਂ ਦਾ ਪਾਠ ਕਰਨਾ, ਸਿਆਣੇ ਬੰਦਿਆਂ ਦਾ ਸੰਸਕਾਰ ਹੋਣ ਤੱਕ ਸ਼ਮਸ਼ਾਨ-ਘਾਟ 'ਚ ਹਾਜ਼ਰ ਰਹਿਣਾ, ਚੌਥੇ ਦਿਨ ਫੁੱਲ ਚੁਣਨੇ, ਪਹਿਲਾਂ ਕਾਹਨੀਆਂ ਨੂੰ ਪ੍ਰਸ਼ਾਦਾ ਛਕਾਉਣਾ ਤੇ ਫਿਰ ਬਾਕੀਆਂ ਨੇ ਛਕਣਾ, ਫੁੱਲ ਲੈ ਕੇ ਗੱਡੀ 'ਚ ਬਹਿਣ ਤੋਂ ਪਹਿਲਾਂ ਮ੍ਰਿਤਕ ਨੂੰ ਅਵਾਜ਼ ਮਾਰਨੀ, ਹਾਜ਼ਰ ਰਿਸ਼ਤੇਦਾਰਾਂ ਤੇ ਸਬੰਧੀਆਂ ਵੱਲੋਂ ਫੁੱਲ ਪਾਉਣ ਜਾਣ ਵਾਲੇ ਨੂੰ ਕਿਰਾਏ ਲਈ ਦਸ ਵੀਹ ਰੁਪਏ ਦੇਣਾ, ਫੁੱਲ ਸ੍ਰੀ ਗੋਇੰਦਵਾਲ਼ ਸਾਹਿਬ, ਹਰੀ ਕੇ ਜਾਂ ਦਰਿਆ ਕੰਢੇ ਕਿਸੇ ਹੋਰ ਸਥਾਨ ਤੇ ਜਾ ਕੇ ਪ੍ਰਵਾਹ ਕਰਨੇ, ਦਸਵੇਂ ਤੇ ਗੁਰਬਾਣੀ ਦੇ ਪਾਠ ਉਪ੍ਰੰਤ ਅੰਤਿਮ ਅਰਦਾਸ ਕਰਨੀ ਤੇ ਅਰਦਾਸ ਤੋਂ ਪਹਿਲਾਂ ਪਗੜੀ ਦੀ ਰਸਮ ਆਦਿ ਕਿਰਿਆਵਾਂ ਪਿੰਡ ਦੇ ਲੋਕ ਅਜੇ ਨਿਭਾਉਂਦੇ ਆ ਰਹੇ ਹਨ।

❐

# ਪਿੰਡ ਵਿੱਚ ਵਿਆਹ-ਸ਼ਾਦੀਆਂ ਤੇ ਗਾਏ ਜਾਂਦੇ ਕੁਝ ਸੁਹਾਗ ਤੇ ਘੋੜੀਆਂ

ਪਿੰਡ ਵਿੱਚ ਵਿਆਹ ਭਾਵੇਂ ਕੁੜੀ ਦਾ ਹੋਵੇ ਜਾਂ ਮੁੰਡੇ ਦਾ, ਵਿਆਹ ਤੋਂ ਚਾਰ ਕੁ ਦਿਨ ਪਹਿਲਾਂ ਵਿਆਹ ਵਾਲੇ ਘਰ ਆਂਢ-ਗਵਾਂਢ ਦੀਆਂ ਔਰਤਾਂ ਨੂੰ ਸੱਦ ਕੇ ਗਾਉਣ ਲਈ ਬਿਠਾਇਆ ਜਾਂਦਾ ਹੈ। ਰਾਤ ਦੇ ਰੋਟੀ-ਪਾਣੀ ਤੋਂ ਵਿਹਲੀਆਂ ਹੋ ਕੇ ਚਾਚੀਆਂ-ਤਾਈਆਂ, ਭੈਣਾਂ-ਭਰਜਾਈਆਂ ਤੇ ਦਾਦੀਆਂ-ਮਾਂਵਾਂ ਮੁੰਡੇ ਦੇ ਵਿਆਹ ਤੇ ਘੋੜੀਆਂ ਤੇ ਕੁੜੀ ਦੇ ਵਿਆਹ ਤੇ ਸੁਹਾਗ ਦੇ ਗੀਤ ਲੰਮੀ ਹੇਕ ਨਾਲ ਗਾਉਂਦੀਆਂ ਹਨ। ਕਈ ਵਾਰ ਇਹ ਰੌਣਕ ਅੱਧੀ ਰਾਤ ਤੱਕ ਲੱਗੀ ਰਹਿੰਦੀ ਹੈ। ਜਾਣ ਲੱਗਿਆਂ ਘਰ ਵਾਲ਼ੇ ਬਾਹਰੋਂ ਗਾਉਣ ਆਈਆਂ ਔਰਤਾਂ ਨੂੰ ਪਤਾਸੇ, ਗੁੜ ਜਾਂ ਕੁਝ ਹੋਰ ਮਿੱਠਾ ਪਦਾਰਥ ਸ਼ਗਨ ਵਜੋਂ ਦੇਂਦੇ ਹਨ। ਖ਼ੁਸ਼ੀ ਦੇ ਇਹਨਾਂ ਮੌਕਿਆਂ ਤੇ ਗਾਏ ਜਾਂਦੇ ਕੁਝ ਸੁਹਾਗ ਤੇ ਘੋੜੀਆਂ ਦੀਆਂ ਉਦਾਹਰਣਾਂ ਪੇਸ਼ ਕਰ ਰਿਹਾ ਹਾਂ :-

**ਸੁਹਾਗ -**

1. ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉੱਡ ਜਾਣਾ।
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ।
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ, ਬਾਬਾਲ ਖੇਡਾਂ ਕੌਣ ਖੇਡੂ?
ਮੇਰੀਆਂ ਖੇਡਣ ਪੋਤਰੀਆਂ, ਧੀਏ ਘਰ ਜਾ ਆਪਣੇ।
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ, ਬਾਬਲ ਗੁੱਡੀਆਂ ਕੌਣ ਖੇਡੂ?
ਮੇਰੀਆਂ ਖੇਡਣ ਪੋਤਰੀਆਂ, ਧੀਏ ਘਰ ਜਾ ਆਪਣੇ।
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ, ਬਾਬਲ ਚਰਖਾ ਕੌਣ ਕੱਤੂ?
ਮੇਰੀਆਂ ਕੱਤਣ ਪੋਤਰੀਆਂ, ਧੀਏ ਘਰ ਜਾ ਆਪਣੇ।
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ, ਬਾਬਲ ਡੋਲ਼ਾ ਨਹੀਂਉਂ ਲੰਘਦਾ।
ਇੱਕ ਇੱਟ ਪੁਟਾ ਦੇਵਾਂ ਧੀਏ ਘਰ ਜਾ ਆਪਣੇ।
ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉੱਡ ਜਾਣਾ।
ਸਾਵੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ।



Scanned with OKEN Scanner

2. ਮੈਂ ਤੈਨੂੰ ਆਖਦੀ ਬਾਬਲਾ ਵੇ ਮੇਰਾ ਅੱਸੂ ਦਾ ਕਾਜ ਰਚਾ।
ਅੰਨ ਨਾ ਤਰੱਕੇ ਕੋਠੜੀ, ਤੇਰਾ ਦਹੀਂ ਨਾ ਅਮਲਾ ਜਾ ਵੇ,
ਬਾਬਲ ਮੈਂ ਬੇਟੀ ਮੁਟਿਆਰ, ਵੇ ਬਾਬਲ ਧਰਮੀਆਂ।
ਅੰਦਰ ਛੜੀਏ, ਬਾਹਰ ਦਲ਼ੀਏ, ਦਿੱਤਾ ਸੂ ਕਾਜ ਰਚਾ।
ਬਾਬਲ ਮੈਂ ਬੇਟੀ ਮੁਟਿਆਰ .......
ਬਾਬਲ ਮੇਰੇ ਦਾਜ ਬਹੁਤ ਦਿੱਤਾ, ਮੋਤੀ ਦਿੱਤੇ ਅਨਮੋਲ,
ਬਾਬਲ ਮੈਂ ਬੇਟੀ ਮੁਟਿਆਰ ..........
ਦਾਜ ਤੇ ਦਾਨ ਬਹੁਤ ਦਿੱਤਾ, ਦਿੱਤੇ ਸੂ ਹਸਤ ਲਦਾ।
ਹਸਤਾਂ ਦੇ ਪੈਰੀਂ ਬਾਬਲ ਝਾਂਜਰਾਂ, ਛਣਕਾਰ ਪੈਂਦਾ ਜਾ।
ਬਾਬਲ ਮੈਂ ਬੇਟੀ ਮੁਟਿਆਰ ...........

3. ਨਿੱਕੀ ਨਿੱਕੀ ਸੂਈ ਵੱਟਵਾਂ ਧਾਗਾ, ਬੈਠ ਕਸੀਦੜਾ ਕੱਢ ਰਹੀ ਆਂ।
ਆਉਂਦੇ ਜਾਂਦੇ ਰਾਹੀ ਪੁੱਛਦੇ, ਤੂੰ ਕਿਉਂ ਬੀਬਾ ਰੋ ਰਹੀ ਆਂ?
ਬਾਬਲ ਮੇਰੇ ਸਾਹਾ ਸੁਧਾਇਆ ਮੈਂ ਪ੍ਰਦੇਸਣ ਹੋ ਰਹੀ ਆਂ।
ਨਿੱਕੀ ਨਿੱਕੀ ਸੂਈ ਵੱਟਵਾਂ ਧਾਗਾ, ਬੈਠੀ ਹਾਰ ਪਰੋ ਰਹੀ ਆਂ।
ਆਉਂਦੇ ਜਾਂਦੇ ਰਾਹੀ ਪੁੱਛਦੇ, ਤੂੰ ਕਿਉਂ ਬੀਬਾ ਰੋ ਰਹੀ ਆਂ?
ਵੀਰੇ ਮੇਰੇ ਕਾਜ ਰਚਾਇਆ ਮੈਂ ਪ੍ਰਦੇਸਣ ਹੋ ਰਹੀ ਆਂ।
ਨਿੱਕੀ ਨਿੱਕੀ ਸੂਈ ਵੱਟਵਾਂ ਧਾਗਾ, ਬੈਠ ਕਸੀਦੜਾ ਕੱਢ ਰਹੀ ਆਂ।
ਆਉਂਦੇ ਜਾਂਦੇ ਰਾਹੀ ਪੁੱਛਦੇ, ਤੂੰ ਕਿਉਂ ਬੀਬਾ ਰੋ ਰਹੀ ਆਂ?

4. ਬੇਟੀ ਚੰਦਨ ਦੇ ਓਹਲੇ ਕਿਉਂ ਖੜੀ?
ਮੈਂ ਤਾਂ ਖੜੀ ਸਾਂ ਬਾਬਲ ਦੇ ਪਾਸ, ਕਰਾਂ ਅਰਦਾਸ, ਬਾਬਲ ਵਰ ਲੋੜੀਏ।
ਜਾਈਏ ਕਿਹੋ ਜਿਹਾ ਵਰ ਲੋੜੀਏ?
ਬਾਬਲ ਜਿਉਂ ਤਾਰਿਆਂ ਚੋਂ ਚੰਨ, ਕਾਹਨ ਕਨ੍ਹਈਆ ਵਰ ਲੋੜੀਏ।
ਭੈਣੇਂ ਕਿਹੋ ਜਿਹਾ ਵਰ ਲੋੜੀਏ?
ਵੇ ਵੀਰਾ ਜਿਉਂ ਬੀਰਾਂ ਚੋਂ ਬੀਰ, ਰਾਮ ਚੰਦਰ ਵਰ ਲੋੜੀਏ।
ਧੀਏ ਚੰਦਨ ਦੇ ਓਹਲੇ ਕਿਉਂ ਖੜੀ?
ਮੈਂ ਤਾਂ ਖੜੀ ਸਾਂ ਮਾਮਾ ਜੀ ਦੇ ਪਾਸ, ਕਰਾਂ ਅਰਦਾਸ, ਬਾਬਲ ਵਰ ਲੋੜੀਏ।
ਨੀ ਧੀਏ ਕਿਹੋ ਜਿਹਾ ਵਰ ਲੋੜੀਏ?
ਮਾਮਾ ਜੀ ਜਿਉਂ ਦੁਨੀਆਂ ਵਿੱਚ ਦਾਨੀ, ਹਰੀਸ਼ ਚੰਦਰ ਵਰ ਲੋੜੀਏ।
ਬੇਟੀ ਚੰਦਨ ਦੇ ਓਹਲੇ ਕਿਉਂ ਖੜੀ? .........



Scanned with OKEN Scanner

5. ਦੇਵੀਂ ਵੇ ਬਾਬਲਾ ਓਸ ਘਰੇ,
ਜਿੱਥੇ ਸੱਸ ਭਲੀ ਪ੍ਰਧਾਨ, ਸਹੁਰਾ ਸਰਦਾਰ ਹੋਵੇ।
ਡਾਹ ਪੀੜ੍ਹਾ ਬਹਿੰਦਾ ਸਾਹਮਣੇ ਵੇ, ਮੱਥੇ ਕਦੇ ਨਾ ਪਾਂਦੀ ਵੱਟ।
ਬਾਬਲ ਤੇਰਾ ਪੁੰਨ ਹੋਵੇ।
ਤੇਰਾ ਹੋਵੇਗਾ ਵੱਡੜਾ ਜੱਸ, ਬਾਬਲ ਤੇਰਾ ਪੁੰਨ ਹੋਵੇ।
ਦੇਵੀਂ ਵੇ ਬਾਬਲਾ ਓਸ ਘਰੇ, ਜਿੱਥੇ ਸੱਸ ਦੇ ਬਾਹਲੜੇ ਪੁੱਤ।
ਇੱਕ ਮੰਗੀਏ ਇੱਕ ਵਿਆਹੀਏ ਵੇ, ਮੈਂ ਸ਼ਾਦੀਆਂ ਵੇਖਾਂ ਨਿੱਤ।
ਬਾਬਲ ਤੇਰਾ ਪੁੰਨ ਹੋਵੇ।
ਦੇਵੀਂ ਵੇ ਬਾਬਲਾ ਓਸ ਘਰੇ, ਜਿੱਥੇ ਬੂਰੀਆਂ ਮੱਝਾਂ ਸੱਠ।
ਇੱਕ ਰਿੜਕਾਂ ਇੱਕ ਜਮਾਵਾਂ ਵੇ, ਮੇਰਾ ਚਾਟੀਆਂ ਦੇ ਵਿੱਚ ਹੱਥ।
ਬਾਬਲ ਤੇਰਾ ਪੁੰਨ ਹੋਵੇ।
ਦੇਵੀਂ ਵੇ ਬਾਬਲਾ ਓਸ ਘਰੇ, ਜਿੱਥੇ ਦਰਜੀ ਸੀਂਵੇ ਪੱਟ।
ਇੱਕ ਪਾਵਾਂ ਇੱਕ ਟੰਗਣੇ ਵੇ, ਮੇਰਾ ਵਿੱਚ ਸੰਦੂਕਾਂ ਦੇ ਹੱਥ।
ਬਾਬਲ ਤੇਰਾ ਪੁੰਨ ਹੋਵੇ।
ਦੇਵੀਂ ਵੇ ਬਾਬਲਾ ਓਸ ਘਰੇ,  ਘਾੜ ਘੜੇ ਸੁਨਿਆਰ।
ਇੱਕ ਪਾਵਾਂ ਦੂਜਾ ਡੱਬੜੇ ਵੇ, ਮੇਰਾ ਵਿੱਚ ਡੱਬਿਆਂ ਦੇ ਹੱਥ।
ਬਾਬਲ ਤੇਰਾ ਪੁੰਨ ਹੋਵੇ।

**ਘੋੜੀਆਂ –**

1. ਹਰਿਆ ਨੀ ਮਾਏਂ, ਹਰਿਆ ਨੀ ਭੈਣੇ, ਹਰਿਆ ਤੇ ਭਾਗੀਂ ਭਰਿਆ।
ਜਿਸ ਦਿਹਾੜੇ ਮੇਰਾ ਹਰਿਆ ਨੀਂ ਜੰਮਿਆਂ, ਸੋਈ ਦਿਹਾੜਾ ਭਾਗੀਂ ਭਰਿਆ।
ਜੰਮਦਾ ਤਾਂ ਹਰਿਆ ਪੱਟ ਲਪੇਟਿਆ, ਕੁੱਛੜ ਦਿਓ ਨੀ ਇਹਨਾਂ ਦਾਈਆਂ।
ਨ੍ਹਾਤਾ ਤੇ ਧੋਤਾ ਹਰਿਆ ਪੱਟ ਲਪੇਟਿਆ, ਕੁੱਛੜ ਦਿਓ ਸਕੀਆਂ ਭੈਣਾਂ।
ਕੀ ਕੁਝ ਮਿਲਿਆ ਸਕੀਆਂ ਭੈਣਾਂ, ਪੰਜ ਰੁਪਏ ਇਹਨਾਂ ਦਾਈਆਂ ਤੇ ਮਾਈਆਂ।
ਪੱਟ ਦਾ ਤੇਵਰ ਸਕੀਆਂ ਭੈਣਾਂ, ਹਰਿਆ ਨੀ ਮਾਏਂ ........

2. ਰਾਜਾ ਤੇ ਪੁੱਛਦਾ ਰਾਣੀਏਂ, ਸੁਣ ਮੇਰੀ ਬਾਤ ਨੂੰ।
ਗਾਗਰ ਦੇ ਸੁੱਚੇ ਮੋਤੀ ਕਿਸ ਨੂੰ ਦੇਈਏ?
ਪਾਂਧੇ ਦੇ ਜਾਈਏ ਵੇ ਰਾਜਾ, ਸਾਹਾ ਸੁਧਈਏ
ਗਾਗਰ ਦੇ ਸੁੱਚੇ ਮੋਤੀ ਉਸ ਨੂੰ ਦੇਈਏ।
ਨਾਈ ਦੇ ਜਾਈਏ ਵੇ ਰਾਜਾ, ਗੰਢਾਂ ਘਲਾਈਏ।



Scanned with OKEN Scanner

ਗਾਗਰ ਦੇ ਸੁੱਚੇ ਮੋਤੀ ਉਸ ਨੂੰ ਦੇਈਏ।
ਪੁੱਤਰਾਂ ਦੇ ਜੰਮਣੇ ਵੇ ਰਾਜਾ, ਨੂੰਹਾਂ ਦੇ ਆਵਣੇ।
ਇੰਦਰ ਦੀ ਵਰਖਾ ਵੇ ਰਾਜਾ ਨਿੱਤ ਨਹੀਂਉਂ।
ਲਲਾਰੀ ਦੇ ਜਾਈਏ ਵੇ ਰਾਜਾ, ਚੀਰਾ ਰੰਗਾਈਏ।
ਗਾਗਰ ਦੇ ਸੁੱਚੇ ਮੋਤੀ ਉਸ ਨੂੰ ਦੇਈਏ।
ਸੁਨਿਆਰੇ ਦੇ ਜਾਈਏ ਵੇ ਰਾਜਾ, ਕੈਂਠਾ ਘੜਾਈਏ।
ਗਾਗਰ ਦੇ ਸੁੱਚੇ ਮੋਤੀ ਉਸ ਨੂੰ ਦੇਈਏ।
ਮਾਲਣ ਦੇ ਜਾਈਏ ਵੇ ਰਾਜਾ, ਸਿਹਰਾ ਗੁੰਦਾਈਏ।
ਗਾਗਰ ਦੇ ਸੁੱਚੇ ਮੋਤੀ ਉਸ ਨੂੰ ਦੇਈਏ।
ਦਰਜੀ ਦੇ ਜਾਈਏ ਵੇ ਰਾਜਾ, ਜੋੜਾ ਬਣਵਾਈਏ।
ਗਾਗਰ ਦੇ ਸੁੱਚੇ ਮੋਤੀ ਉਸ ਨੂੰ ਦੇਈਏ।

3. ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ, ਚਾਂਦੀ ਦੇ ਪੈਂਖੜ ਪਾਏ ਰਾਮਾ।
ਬਾਬਾ ਵਿਆਹਣ ਪੋਤੇ ਨੂੰ ਚੱਲਿਆ, ਲੱਠੇ ਨੇ ਖੜ ਖੜ ਲਾਈ ਰਾਮਾ।
ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ, ਚਾਂਦੀ ਦੇ ਪੈਂਖੜ ਪਾਏ ਰਾਮਾ।
ਬਾਬਲ ਵਿਆਹਣ ਪੁੱਤ ਨੂੰ ਚੱਲਿਆ, ਦੰਮਾਂ ਨੇ ਛਣਛਣ ਲਾਈ ਰਾਮਾ।
ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ, ਚਾਂਦੀ ਦੇ ਪੈਂਖੜ ਪਾਏ ਰਾਮਾ।
ਮਾਮਾ ਵਿਆਹਣ ਭਣੇਵੇਂ ਨੂੰ ਚੱਲਿਆ, ਛਾਪਾਂ ਨੇ ਲਿਸ ਲਿਸ ਲਾਈ ਰਾਮਾ।
ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ, ਚਾਂਦੀ ਦੇ ਪੈਂਖੜ ਪਾਏ ਰਾਮਾ।
ਚਾਚਾ ਵਿਆਹਣ ਭਤੀਜੇ ਨੂੰ ਚੱਲਿਆ, ਰੱਥਾਂ-ਗੱਡੀਆਂ ਨੇ ਖੜ ਖੜ ਲਾਈ ਰਾਮਾ।
ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ, ਚਾਂਦੀ ਦੇ ਪੈਂਖੜ ਪਾਏ ਰਾਮਾ।
ਵੱਡਾ ਵਿਆਹੁਣ ਛੋਟੇ ਨੂੰ ਚੱਲਿਆ, ਊਠਾਂ ਨੇ ਧੂੜ ਧਮਾਈ ਰਾਮਾ।
ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ, ਚਾਂਦੀ ਦੇ ਪੈਂਖੜ ਪਾਏ ਰਾਮਾ।

4. ਨਿੱਕੀ ਨਿੱਕੀ ਬੂੰਦੀਂ ਨਿੱਕਿਆ ਮੀਂਹ ਵੇ ਵਰ੍ਹੇ। ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।
ਨਿੱਕੀ ਨਿੱਕੀ ਬੂੰਦੀਂ ਨਿੱਕਿਆ ਮੀਂਹ ਵੇ ਵਰ੍ਹੇ। ਦੰਮਾਂ ਦੀ ਬੋਰੀ ਤੇਰਾ ਬਾਬਾ ਫੜੇ।
ਨਿੱਕੀ ਨਿੱਕੀ ਬੂੰਦੀਂ ਨਿੱਕਿਆ ਮੀਂਹ ਵੇ ਵਰ੍ਹੇ। ਹਾਥੀਆਂ ਦੇ ਸੰਗਲ ਤੇਰਾ ਬਾਪ ਫੜੇ।
ਨਿੱਕੀ ਨਿੱਕੀ ਬੂੰਦੀਂ ਨਿੱਕਿਆ ਮੀਂਹ ਵੇ ਵਰ੍ਹੇ। ਨੀਲੀ ਵੇ ਘੋੜੀ ਮੇਰਾ ਨਿੱਕੜਾ ਚੜ੍ਹੇ।
ਨਿੱਕੀ ਨਿੱਕੀ ਬੂੰਦੀਂ ਨਿੱਕਿਆ ਮੀਂਹ ਵੇ ਵਰ੍ਹੇ। ਭੈਣ ਵੇ ਸੁਹਾਗਣ ਤੇਰੀ ਵਾਗ ਫੜੇ।
ਨਿੱਕੀ ਨਿੱਕੀ ਬੂੰਦੀਂ ਨਿੱਕਿਆ ਮੀਂਹ ਵੇ ਵਰ੍ਹੇ। ਭਾਬੀ ਵੇ ਸੁਹਾਗਣ ਤੈਨੂੰ ਸੁਰਮਾ ਪਾਵੇ।



Scanned with OKEN Scanner

ਨਿੱਕੀ ਨਿੱਕੀ ਬੂੰਦੀਂ ਨਿੱਕਿਆ ਮੀਂਹ ਵੇ ਵਰ੍ਹੇ। ਰੱਤਾ ਰੱਤਾ ਡੋਲ਼ਾ ਮਹਿਲੀਂ ਆ ਵੇ ਵੜੇ।
ਮਾਂ ਵੇ ਸੁਹਾਗਣ ਪਾਣੀ ਵਾਰ ਪੀਵੇ।

5. ਜਦੋਂ ਲੱਗਿਆ ਵੀਰਾ ਤੈਨੂੰ ਮਾਈਆਂ ਵੇ, ਤੇਰੀ ਮਾਂ ਨੂੰ ਮਿਲਣ ਵਧਾਈਆਂ ਵੇ।
ਲਟਕੇਂਦੇ ਵਾਲ਼ ਸੁਹਣੇ ਦੇ, ਸੁਹਣਿਆ ਵੀਰਾ ਵੇ ਤੈਨੂੰ ਘੋੜੀ ਚੜ੍ਹੇਨੀ ਆਂ।
ਜਦ ਚੜ੍ਹਿਆ ਵੀਰਾ ਘੋੜੀ ਵੇ, ਤੇਰੇ ਨਾਲ਼ ਭਰਾਵਾਂ ਦੀ ਜੋੜੀ ਵੇ।
ਲਟਕੇਂਦੇ ਵਾਲ਼ ਸੁਹਣੇ ਦੇ, ਸੁਹਣਿਆ ਵੀਰਾ ਵੇ ਤੈਨੂੰ ਘੋੜੀ ਚੜ੍ਹੇਨੀ ਆਂ।
ਮੇਰੇ ਚੰਨ ਨਾਲੋਂ ਸੁਹਣਿਆ ਵੀਰਾ ਵੇ, ਤੇਰੇ ਸਿਰ ਤੇ ਸੱਜੇ ਸੁਹਣਾ ਚੀਰਾ ਵੇ।
ਲਟਕੇਂਦੇ ਵਾਲ਼ ਸੁਹਣੇ ਦੇ, ਸੁਹਣਿਆ ਵੀਰਾ ਵੇ ਤੈਨੂੰ ਘੋੜੀ ਚੜ੍ਹੇਨੀ ਆਂ।
ਜਦ ਚੜ੍ਹਿਆ ਵੀਰਾ ਖ਼ਾਰੇ ਵੇ, ਤੇਰਾ ਬਾਪ ਰੁਪਈਏ ਵਾਰੇ ਵੇ।
ਲਟਕੇਂਦੇ ਵਾਲ਼ ਸੁਹਣੇ ਦੇ, ਸੁਹਣਿਆ ਵੀਰਾ ਵੇ ਤੈਨੂੰ ਘੋੜੀ ਚੜ੍ਹੇਨੀ ਆਂ।
ਜਦ ਲਈਆਂ ਵੀਰੇ ਨੇ ਲਾਵਾਂ ਵੇ, ਤੇਰੇ ਕੋਲ਼ ਖਲੋਤੀਆਂ ਗਾਵਾਂ ਵੇ।
ਲਟਕੇਂਦੇ ਵਾਲ਼ ਸੁਹਣੇ ਦੇ, ਸੁਹਣਿਆ ਵੀਰਾ ਵੇ ਤੈਨੂੰ ਘੋੜੀ ਚੜ੍ਹੇਨੀ ਆਂ।
ਜਦ ਲਿਆਂਦੀ ਵੀਰਾ ਡੋਲ਼ੀ ਵੇ, ਤੇਰੀ ਡੋਲ਼ੀ ਵਿੱਚ ਮਮੋਲ਼ੀ ਵੇ। ਲਟਕੇਂਦੇ ਵਾਲ਼ ਸੁਹਣੇ ਦੇ, ਸੁਹਣਿਆ ਵੀਰਾ ਵੇ ਤੈਨੂੰ ਘੋੜੀ ਚੜ੍ਹੇਨੀ ਆਂ।

ਵਿਆਹ ਤੋਂ ਪਹਿਲੀ ਰਾਤ ਤੇ ਵਿਆਹ ਵਾਲੇ ਦਿਨ ਇਕੱਠੀਆਂ ਹੋਈਆਂ ਮੇਲਣਾਂ ਗਿੱਧੇ ਦਾ ਪਿੜ ਮੱਲਦੀਆਂ ਹਨ। ਪਿੰਡ ਵਾਲੇ ਵੀ ਹੁਣ ਵਿਆਹ-ਸ਼ਾਦੀਆਂ ਘਰਾਂ 'ਚ ਕਰਨ ਦੀ ਥਾਂ ਆਮ ਤੌਰ 'ਤੇ ਪੈਲਸਾਂ ਵਿੱਚ ਹੀ ਕਰਦੇ ਹਨ। ਸਾਰੇ ਰਸਮਾਂ-ਰਿਵਾਜ ਤੇ ਵਿਹਾਰ ਵੀ ਪੈਲਸਾਂ ਵਿੱਚ ਕੀਤੇ ਜਾਂਦੇ ਹਨ। ਹੁਣ ਕੁੜੀਆਂ ਨੂੰ ਬੋਲੀਆਂ ਯਾਦ ਕਰਨ ਦੀ ਲੋੜ ਨਹੀਂ ਰਹੀ। ਇਸ ਦੀ ਥਾਂ ਡੀ ਜੇ ਤੇ ਬੋਲੀਆਂ ਵਾਲੇ ਗੀਤ ਵੱਜਣ ਲੱਗ ਪਏ ਹਨ ਤੇ ਕੁੜੀਆਂ ਬੁੜ੍ਹੀਆਂ ਦਾ ਕੰਮ ਸਿਰਫ਼ ਗਿੱਧਾ ਪਾਉਣਾ ਹੀ ਰਹਿ ਗਿਆ ਹੈ। ਇਹੋ ਹਾਲ ਭੰਗੜੇ ਦਾ ਹੋ ਗਿਆ ਹੈ। ਭੰਗੜਾ ਜਾਂ ਤਾਂ ਕਿਰਾਏ ਤੇ ਲਿਆਂਦੇ ਕਲਾਕਾਰ ਪਾਉਂਦੇ ਹਨ ਤੇ ਜਾਂ ਡੀ ਜੇ ਵਾਲੇ ਭੰਗੜੇ ਵਾਲੇ ਗਾਣੇ ਵਜਾਉਂਦੇ ਹਨ ਤੇ ਮੁੰਡੇ ਕੁੜੀਆਂ ਲੱਤਾਂ-ਬਾਹਾਂ ਹਿਲਾ ਕੇ ਝੂਮਦੇ ਨਜ਼ਰ ਆਉਂਦੇ ਹਨ। ਇਸ ਸਮੇਂ ਕਈ ਮੇਰੇ ਵਰਗੇ ਪੰਜਾਹਾਂ ਤੋਂ ਟੱਪੇ ਵੀ ਮੁੜ ਜਵਾਨ ਬਣ ਬਹਿੰਦੇ ਹਨ। ਆਪਣੇ ਪੁਰਾਣੇ ਸਭਿਆਚਾਰ ਨੂੰ ਛੱਡ ਕੇ ਪਿੰਡ ਦੇ ਲੋਕ ਪੈਲਸਾਂ ਵਿੱਚ ਬੇਲੋੜਾ ਖ਼ਰਚਾ ਕਰਕੇ ਕਈ ਵਾਰ ਕਰਜ਼ਾਈ ਹੋ ਜਾਂਦੇ ਹਨ। ਕਾਸ਼! ਕਦੇ ਸਾਡੇ ਪਿੰਡਾਂ ਦੇ ਲੋਕ ਵਿਆਹ-ਸ਼ਾਦੀਆਂ ਜਾਂ ਹੋਰ ਰਸਮ-ਰਿਵਾਜਾਂ ਵਾਲੇ ਆਪਣੇ ਪੁਰਾਣੇ ਸਭਿਆਚਾਰ ਵੱਲ ਮੁੜ ਆਉਣ ਤੇ ਕਰਜ਼ਾਈ ਹੋਣ ਤੋਂ ਬਚ ਜਾਣ। ਇਸ ਕੰਮ ਲਈ ਪਿੰਡ ਦੇ ਸਿਆਣੇ ਆਗੂ ਫ਼ੈਸਲਾ ਕਰ ਸਕਦੇ ਹਨ ਤੇ ਥਾਂ ਦੀ ਘਾਟ ਲਈ ਗੁਰੂ-ਘਰਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਬੁਝਾਰਤਾਂ** :- ਕਈ ਸਾਲ ਪਹਿਲਾਂ ਜਦੋਂ ਅਜੇ ਟੈਲੀਵੀਜ਼ਨ ਜਾਂ ਮਨੋਰੰਜਨ ਦੇ ਹੋਰ



Scanned with OKEN Scanner

ਸਾਧਨ ਹੋਂਦ ਵਿੱਚ ਨਹੀਂ ਆਏ ਸਨ ਤਾਂ ਪੇਂਡੂ ਬੱਚਿਆਂ ਦੀ ਖੇਡ 'ਮੈਂ ਪਾਵਾਂ, ਤੂੰ ਬੁੱਝ' ਜਾਂ ਬੁਝਾਰਤਾਂ ਬੱਚਿਆਂ ਦੀ ਸੋਚਣ-ਸ਼ਕਤੀ ਤੇ ਮਾਨਸਿਕ ਵਿਕਾਸ ਦੇ ਨਾਲ ਨਾਲ ਮਨੋਰੰਜਨ ਦਾ ਵੀ ਵਧੀਆ ਸਾਧਨ ਹੁੰਦੀ ਸੀ। ਤਕਨੀਕੀ ਵਿਕਾਸ ਹੋਣ ਨਾਲ ਮੋਬਾਈਲ ਫ਼ੋਨਾਂ ਨੇ ਭਾਵੇਂ ਮਿਲ ਬੈਠ ਕੇ ਮਨ ਦੇ ਘੋੜੇ ਭਜਾਉਣ ਵਾਲੇ ਇਸ ਹੁਨਰ ਨੂੰ ਡਾਹਢੀ ਸੱਟ ਮਾਰੀ ਹੈ ਪਰ ਅਜੇ ਵੀ ਕਦੇ ਕਦਾਈਂ ਪੇਂਡੂ ਬਚਪਨ ਇਹਨਾਂ ਦਾ ਅਨੰਦ ਜ਼ਰੂਰ ਮਾਣਦਾ ਹੈ। ਆਪਣੇ ਬਚਪਨ ਵਿੱਚ ਅਸੀਂ ਰਾਤ ਨੂੰ ਖੁੱਲ੍ਹੇ ਅਸਮਾਨ ਹੇਠ ਡਾਹੇ ਮੰਜਿਆਂ ਤੇ ਬੈਠੇ ਇਕ-ਦੂਜੇ ਦੇ ਗਿਆਨ ਦੀ ਪ੍ਰੀਖਿਆ ਲੈਂਦੇ ਜੋ ਬੁਝਾਰਤਾਂ ਪਾਉਂਦੇ ਸਾਂ, ਉਹਨਾਂ 'ਚੋਂ ਕੁਝ ਇਸ ਪ੍ਰਕਾਰ ਹਨ :-

1. ਨੀਲੀ ਟਾਕੀ ਚੌਲ਼ ਬੱਧੇ, ਦਿਨੇ ਗਵਾਚੇ ਰਾਤੀਂ ਲੱਭੇ।
2. ਨਿੱਕੀ ਜਿਹੀ ਕੁੜੀ, ਲੈ ਪਰਾਂਦਾ ਤੁਰੀ।
3. ਤੂੰ ਚੱਲ, ਮੈਂ ਆਇਆ।
4. ਨਿੱਕੀ ਜਿਹੀ ਕੋਠੜੀ, ਦਰਵਾਜ਼ਾ ਹੈ ਨਾ।
5. ਦੋ ਸਿਪਾਹੀ ਲੜਦੇ ਜਾਂਦੇ, ਪੱਤ ਓਹਨਾਂ ਦੇ ਝੜਦੇ ਜਾਂਦੇ।
6. ਅੱਠ ਹੱਡ ਥੱਬਾ ਆਂਦਰਾਂ ਦਾ, ਜਿਹੜਾ ਮੇਰੀ ਬਾਤ ਨਾ ਬੁੱਝੇ ਪੁੱਤ ਬਾਂਦਰਾਂ ਦਾ।
7. ਕਾਲ਼ਾ ਸੀ ਕਲਿੱਤਰ ਸੀ, ਕਾਲ਼ੇ ਪਿਓ ਦਾ ਪੁੱਤਰ ਸੀ, ਆਡੋਂ ਪਾਣੀ ਪੀਂਦਾ ਸੀ, ਬਰੂਟੇ ਛਾਵੇਂ ਬਹਿੰਦਾ ਸੀ।
8. ਆਰ ਢਾਂਗਾ ਪਾਰ ਢਾਂਗਾ, ਵਿੱਚ ਟੱਲ-ਮਟੱਲੀਆਂ। ਆਉਣ ਕੂੰਜਾਂ ਦੇਣ ਬੱਚੇ ਨਦੀ ਨਾਹੁਣ ਚੱਲੀਆਂ।
9. ਨਿੱਕਾ ਜਿਹਾ ਸਿਪਾਹੀ, ਉਹਦੀ ਖਿੱਚ ਕੇ ਨਿੱਕਰ ਲਾਹੀ।
10. ਏਧਰ ਕਾਠ, ਓਧਰ ਕਾਠ, ਵਿੱਚ ਬੈਠਾ ਜਗਨ ਨਾਥ।
11. ਇੱਕ ਡੱਬੀ ਵਿੱਚ ਬੱਤੀ ਦਾਣੇ, ਬੁੱਝਣ ਵਾਲ਼ੇ ਬੜੇ ਸਿਆਣੇ।
12. ਨਿੱਕੇ ਨਿੱਕੇ ਮੇਮਣੇ ਪਹਾੜ ਚੁੱਕੀ ਜਾਂਦੇ ਨੇ, ਰਾਜਾ ਪੁੱਛੇ ਰਾਣੀ ਨੂੰ ਇਹ ਕੀ ਜਨੌਰ ਜਾਂਦੇ ਨੇ।
13. ਅੱਗੋਂ ਨੀਂਵਾਂ ਪਿੱਛੋਂ ਉੱਚਾ, ਘਰ ਘਰ ਫਿਰੇ ਹਰਾਮੀ ਲੁੱਚਾ
14. ਸੋਲ੍ਹਾਂ ਧੀਆਂ, ਚਾਰ ਜਵਾਈ।
15. ਸਭ ਤੋਂ ਪਹਿਲਾਂ ਮੈਂ ਜੰਮਿਆ ਫੇਰ ਮੇਰਾ ਭਾਈ। ਖਿੱਚ ਧੂਹ ਕੇ ਬਾਪੂ ਜੰਮਿਆ, ਸਭ ਤੋਂ ਪਿੱਛੋਂ ਮਾਈ।
16. ਮਿੱਟੀ ਦਾ ਘੋੜਾ ਲੋਹੇ ਦੀ ਲਗਾਮ, ਉੱਤੇ ਬੈਠਾ ਗੁਦਗੁਦਾ ਪਠਾਣ।
17. ਨਿੱਕੀ ਜਿਹੀ ਪਿੱਦਣੀ ਪਿੱਦ ਪਿੱਦ ਕਰਦੀ, ਸਾਰੇ ਜਹਾਨ ਦੀ ਲਿੱਦ 'ਕੱਠੀ ਕਰਦੀ।
18. ਦੋ ਗਲ਼ੀਆਂ ਇੱਕ ਬਜ਼ਾਰ, ਵਿੱਚੋਂ ਨਿਕਲਿਆ ਠਾਣੇਦਾਰ।



Scanned with OKEN Scanner

19. ਹਰੀ ਟੋਪੀ ਹਰਾ ਦੁਸ਼ਾਲਾ, ਪੱਕ ਕੇ ਹੋਇਆ ਲਾਲੋ ਲਾਲਾ, ਪੇਟ ਉਹਦੇ 'ਚ ਮੋਤੀਆਂ ਦੀ ਮਾਲ਼ਾ।
20. ਸ਼ੀਸ਼ੇ ਦਾ ਮੈਂ ਮਹਿਲ ਬਣਾਇਆ ਵਿੱਚ ਬਿਠਾਈ ਰਾਣੀ, ਉਹਦੇ ਸਿਰ ਤੇ ਅੱਗ ਢਿੱਡ 'ਚ ਪਾਣੀ।
21. ਇੱਕ ਰੁੱਖ ਦੇ ਬਾਰਾਂ ਡਾਲ, ਤੀਹ ਤੀਹ ਪੱਤਰ ਡਾਲੀ ਨਾਲ।
22. ਨਿੱਕਾ ਜਿਹਾ ਕਾਕਾ, ਘਰ ਦਾ ਰਾਖਾ।
23. ਬਾਪੂ ਦੇ ਕੰਨ 'ਚ ਬੇਬੇ ਵੜਗੀ।
24. ਚਿੱਟੀ ਕੁਕੜੀ ਚਿੱਟੇ ਪੈਰ, ਚੱਲ ਮੇਰੀ ਕੁਕੜੀ ਸ਼ਹਿਰੋ ਸ਼ਹਿਰ।
25. ਇੱਕ ਜਨੌਰ ਅਸਲੀ, ਨਾ ਹੱਡੀ ਨਾ ਪੱਸਲੀ।
26. ਬਾਹਰੋਂ ਆਇਆ ਬਾਬਾ ਲੋਧੀ, ਉਹਦੀਆਂ ਛੇ ਟੰਗਾਂ ਇੱਕ ਬੋਦੀ।
27. ਬੀਜੇ ਰੋੜ ਜੰਮੇ ਝਾੜ, ਲੱਗੇ ਨਿੰਬੂ ਖਿੜੇ ਅਨਾਰ।
28. ਹਰੀ ਸੀ ਮਨ ਭਰੀ ਸੀ, ਬਾਬਾ ਜੀ ਦੇ ਖੇਤ ਵਿੱਚ ਲੈ ਦੁਸ਼ਾਲਾ ਖੜੀ ਸੀ।
29. ਇੱਕ ਬਾਤ ਕਰਤਾਰੋ ਪਾਵੇ ਸੁਣ ਵੇ ਭਾਈ ਹਕੀਮਾਂ, ਲੱਕੜੀਆਂ ਚੋਂ ਪਾਣੀ ਕੱਢਾਂ ਚੁੱਕ ਬਣਾਵਾਂ ਢੀਮਾਂ।
30. ਗੋਲ ਮੋਲ ਝਕਰੀ ਉੱਤੇ ਪੀਲਾ ਰੰਗ, ਜਿਹੜਾ ਮੇਰੀ ਬਾਤ ਨਾ ਬੁੱਝੇ ਉਹਦਾ ਬਾਪ ਨੰਗ।
31. ਬਾਤ ਪਾਵਾਂ ਬਤੋਲੀ ਪਾਵਾਂ ਬਾਤ ਨੂੰ ਲਾਵਾਂ ਮੋਤੀ, ਮੋਤੀ ਮੋਤੀ ਝੜ ਗਏ ਤੇ ਬਾਤ ਰਹੀ ਖਲੋਤੀ।
32. ਕਟੋਰੇ ਵਿੱਚ ਕਟੋਰਾ, ਪਿਓ ਪੁੱਤ ਨਾਲੋਂ ਵੀ ਗੋਰਾ।
33. ਮਾਂ ਅਜੇ ਜੰਮੀ ਨਾ ਪੁੱਤ ਬਨੇਰੇ ਤੇ।
34. ਸ੍ਰੀ ਨਗਰ ਤੋਂ ਚੋਰ ਭੱਜਾ ਕਾਨ੍ਹਪੁਰ ਤੋਂ ਫੜਿਆ। ਹਥੇਲੀ ਨਗਰ ਮੁਕਦਮਾ ਚੱਲਿਆ ਨਹੁੰ ਨਗਰ 'ਚ ਮਰਿਆ।
35. ਥੜ੍ਹੇ ਉੱਤੇ ਥੜ੍ਹਾ, ਉੱਤੇ ਲਾਲ ਕਬੂਤਰ ਖੜ੍ਹਾ।
36. ਹਾਬੜ ਦਾਬੜ ਪਈ ਕੁੜੇ, ਪੜਥੱਲੋ ਕਿਥੇ ਗਈ ਕੁੜੇ।
37. ਨਿੱਕੀ ਜਿਹੀ ਘੜੀ, ਰਾਣੀ ਨਾਹਤੀ, ਰਾਜਾ ਵੀ ਨਾਹਤਾ, ਉਹ ਭਰੀ ਭਰੀ।
38. ਕਾਬਲ ਕੁੱਜਾ ਚਾੜ੍ਹਿਆ ਅੱਗ ਲੱਗੀ ਮੁਲਤਾਨ, ਦਿੱਲੀ ਕੂਕਾਂ ਮਾਰਦੀ ਸੜ ਗਿਆ ਪਾਕਿਸਤਾਨ।
39. ਮਾਂ ਪਤਲੀ ਪਤੰਗ ਪੁੱਤ ਸੁੱਬ ਜਿਹਾ, ਮਾਂ ਗਈ ਨਹਾਉਣ ਪੁੱਤ ਡੁੱਬ ਗਿਆ।
40. ਇੱਕ ਰੰਨ ਚਾਰ ਕੰਨ, ਘੁੰਮੇਂ ਲੱਕ ਬੰਨ੍ਹ।
41. ਤੇਰੀ ਮਾਂ ਦੀਆਂ ਖੂਹ 'ਚ ਲੱਤਾਂ।
42. ਚਾਰ ਉਂਗਲਾਂ ਦਾ ਕੋਠਾ, ਚਾਰ ਵਿੱਚ ਮੱਝਾਂ ਵੜੀਆਂ ਪੰਜਵਾਂ ਵੜ ਗਿਆ ਝੋਟਾ।



Scanned with OKEN Scanner

43. ਗਿੱਠ ਕੁ ਹਰਨੀ, ਸਾਰਾ ਖੇਤ ਚਰਨੀ।

44. ਚਾਰ ਘੋੜੇ ਦੋ ਅਸਵਾਰ, ਬੱਘੀ ਚੱਲੇ ਮਾਰੋ ਮਾਰ ।

45. ਨਿੱਕੀ ਜਿਹੀ ਹੱਟੀ, ਵਿੱਚ ਬੈਠੀ ਗੁਲਾਬੋ ਜੱਟੀ ।

ਉੱਤਰ :- 1. ਤਾਰੇ, 2. ਸੂਈ ਧਾਗਾ, 3. ਦਰਵਾਜ਼ਾ, 4. ਆਂਡਾ, 5. ਟੋਕਾ, 6. ਮੰਜਾ, 7. ਬਤਾਊਂ, 8. ਖੂਹ ਦੀਆਂ ਟਿੰਡਾਂ, 9. ਕੇਲਾ, 10. ਬਦਾਮ, 11. ਦੰਦ, 12. ਰੇਲ ਦੇ ਡੱਬੇ, 13. ਛੱਜ, 14. ਉਂਗਲਾਂ, ਅੰਗੂਠੇ, 15. ਦੁੱਧ, ਦਹੀਂ, ਮੱਖਣ ਤੇ ਲੱਸੀ, 16. ਚੁੱਲ੍ਹਾ, ਤਵਾ ਤੇ ਰੋਟੀ, 17. ਬਹੁਕਰ, 18. ਸੀਂਢ, 19. ਹਰੀ ਮਿਰਚ, 20. ਲਾਲਟੈਣ, 21. ਕੈਲੰਡਰ, 22. ਜਿੰਦਰਾ, 23 ਜਿੰਦਰਾ-ਕੁੰਜੀ, 24. ਰੁਪਈਆ, 25. ਜੋਕ, 26. ਤੱਕੜੀ, 27. ਕਪਾਹ, 28. ਮੱਕੀ ਦੀ ਛੱਲੀ, 29. ਗੁੜ, 30. ਖਰਬੂਜਾ, 31. ਬੇਰੀ, 32. ਨਾਰੀਅਲ ਦਾ ਖੋਪਾ, 33. ਧੂੰਆਂ, 34. ਜੂੰ, 35. ਦੀਵਾ, 36. ਕੜਛੀ, 37. ਸੁਰਮੇਦਾਨੀ, 38. ਹੁੱਕਾ, 39. ਲੱਜ ਤੇ ਡੋਲ, 40. ਮਧਾਣੀ, 41. ਘੱਗਰਾ, 42. ਜੁੱਤੀ, 43. ਦਾਤਰੀ, 44. ਬਲਦਾਂ ਵਾਲਾ ਸੁਹਾਗਾ, 45. ਜੀਭ



Scanned with OKEN Scanner

# ਪਿੰਡਾਂ ਵਿੱਚ ਦਹਿਸ਼ਤ ਦਾ ਕਾਲ਼ਾ ਦੌਰ ਤੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ

ਪੰਜਾਬ ਦੀ ਧਰਤੀ ਤੇ ਕਈ ਹਨੇਰੀਆਂ ਝੁੱਲੀਆਂ ਹਨ ਇਹਨਾਂ ਵਿੱਚ ਇਕ ਉਹ ਸਮਾਂ ਵੀ ਸ਼ਾਮਲ ਹੈ ਜਦੋਂ ਪੰਜਾਬ ਦੇ ਲੋਕਾਂ ਨੇ ਦੋਹਰਾ ਸੰਤਾਪ ਭੋਗਿਆ। ਇਕ ਪਾਸੇ ਪੰਜਾਬ ਪੁਲਿਸ ਜਾਂ ਸੀ ਆਰ ਪੀ ਦੇ ਹਥਿਆਰਬੰਦ ਦਸਤੇ ਤੇ ਦੂਜੇ ਪਾਸੇ ਖ਼ਾਲਿਸਤਾਨ ਦੇ ਨਾਂ ਤੇ ਵੱਖਰੇ ਦੇਸ਼ ਲਈ ਲੜਨ ਵਾਲੇ ਏ ਕੇ ਸੰਤਾਲੀਆਂ ਵਾਲੇ ਸਿੱਖ ਲੜਾਕੇ। ਆਮ ਪੰਜਾਬੀ ਲੋਕ ਚੱਕੀ ਦੇ ਇਹਨਾਂ ਦੋਹਾਂ ਪੁੜਾਂ ਵਿਚਕਾਰ ਪਿੱਸਦੇ ਰਹੇ ਹਨ। ਉਹ ਰਾਤ ਨੂੰ ਏ ਕੇ ਸੰਤਾਲ਼ੀ ਵਾਲਿਆਂ ਦੀ ਖ਼ਾਤਰ-ਸੇਵਾ ਕਰਦੇ ਤੇ ਦਿਨ ਵੇਲੇ ਸੁਰੱਖਿਆ ਫੋਰਸਾਂ ਦੀਆਂ ਵਧੀਕੀਆਂ ਤੇ ਬੇਇਜ਼ਤੀ ਸਹਿਣ ਕਰਦੇ ਸਨ। ਪੰਜਾਬ ਦੀਆਂ ਕੁਝ ਜਮਹੂਰੀ ਰਾਜਨੀਤਿਕ ਮੰਗਾਂ ਦੀ ਅਣਦੇਖੀ ਕਰਕੇ ਪੰਜਾਬ ਦੇ ਮਸਲੇ ਨੂੰ ਕੇਵਲ ਪ੍ਰਸ਼ਾਸਨਿਕ ਢੰਗਾਂ ਨਾਲ ਨਜਿੱਠਣ ਦੀ ਭਾਰਤੀ ਹਕੂਮਤ ਦੀ ਜ਼ਿਦ ਕਾਰਨ ਹਾਲਾਤ ਲਗਾਤਾਰ ਵਿਗੜਦੇ ਗਏ। ਸਿੱਟੇ ਵਜੋਂ ਸਾਕਾ ਨੀਲਾ ਤਾਰਾ ਵਰਗੀ ਮੰਦਭਾਗੀ ਘਟਨਾ ਵਾਪਰੀ। ਸਿੱਖਾਂ ਦੇ ਮੁਕੱਦਸ ਧਾਰਮਿਕ ਕੇਂਦਰ ਤੇ ਹੋਏ ਭਿਆਨਕ ਹਮਲੇ ਨੇ ਸਿੱਖਾਂ ਦੇ ਹਿਰਦੇ ਛਲਣੀ ਕਰ ਦਿੱਤੇ ਅਤੇ ਕੇਂਦਰ ਸਰਕਾਰ ਵਿਰੁੱਧ ਪੈਦਾ ਹੋਏ ਰੋਹ ਕਾਰਨ ਦੇਸ਼ ਤੋਂ ਵੱਖ ਹੋਣ ਦੇ ਰੁਝਾਨ ਨੂੰ ਹੋਰ ਬਲ ਮਿਲਿਆ।

ਨੀਲਾ ਤਾਰਾ ਕਾਰਵਾਈ ਨੂੰ ਅੰਜ਼ਾਮ ਦੇਣ ਵਾਲੀ ਪ੍ਰਧਾਨ ਮੰਤਰੀ ਦਾ ਸਿੱਖ ਸੁਰੱਖਿਆ ਗਾਰਡਾਂ ਹੱਥੋਂ ਕਤਲ ਹੋਣ ਤੋਂ ਬਾਅਦ, ਦਿੱਲੀ ਤੇ ਹੋਰ ਥਾਂਵਾਂ ਤੇ ਹੋਏ ਸਿੱਖ ਕਤਲਿਆਮ ਨੇ ਬਲ਼ਦੀ ਤੇ ਹੋਰ ਤੇਲ ਪਾਇਆ। ਸਿੱਟੇ ਵਜੋਂ ਸਿੱਖਾਂ ਵਿੱਚ ਬੇਗਾਨਗੀ ਦੀ ਭਾਵਨਾ ਘਰ ਕਰ ਗਈ ਜਿਸ ਦਾ ਲਾਭ ਉਠਾਉਂਦਿਆਂ ਕੁਝ ਸਿੱਖ ਸੰਗਠਨਾਂ ਨੇ ਸਿੱਖਾਂ ਲਈ ਵੱਖਰੇ ਦੇਸ਼ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇਹ ਜਾਣਦੇ ਹੋਏ ਵੀ ਕਿ ਲੱਖਾਂ ਦੀ ਗਿਣਤੀ ਵਿੱਚ ਸੁਰੱਖਿਆ ਦਲ ਦੇ ਹਥਿਆਰਬੰਦ ਭਾਰਤੀ ਜਵਾਨਾਂ, ਤੋਪਾਂ, ਟੈਂਕਾਂ, ਬਖ਼ਤਰਬੰਦ ਗੱਡੀਆਂ ਤੇ ਹਰ ਤਰ੍ਹਾਂ ਦੇ ਖ਼ਤਰਨਾਕ ਹਥਿਆਰਾਂ ਨਾਲ ਲੈਸ ਭਾਰਤੀ ਸਟੇਟ ਪਾਸੋਂ ਦੇਸ਼ ਦੇ ਕਿਸੇ ਹਿੱਸੇ ਨੂੰ ਅਜ਼ਾਦ ਕਰਾਉਣਾ ਸੌਖਾ ਕੰਮ ਨਹੀਂ ਹੈ, ਪੂਰੇ ਪੰਜਾਬ ਵਿੱਚ ਅਨੇਕਾਂ ਸਿੱਖ ਨੌਜਵਾਨਾਂ ਨੇ ਹਥਿਆਰਬੰਦ ਜਥੇਬੰਦੀਆਂ ਬਣਾ ਕੇ ਖ਼ਾਲਿਸਤਾਨ ਦੀ



Scanned with OKEN Scanner

ਪ੍ਰਾਪਤੀ ਲਈ ਸੰਘਰਸ਼ ਸ਼ੁਰੂ ਕਰ ਦਿੱਤਾ। ਸਰਕਾਰ ਨੇ ਉਹਨਾਂ ਨੂੰ ਅਤਿਵਾਦੀ, ਵੱਖਵਾਦੀ ਜਾਂ ਦਹਿਸ਼ਤਗਰਦ ਘੋਸ਼ਿਤ ਕਰ ਦਿੱਤਾ। ਇਹਨਾਂ ਵਿੱਚ ਇਕ ਜਥੇਬੰਦੀ ਭਿੰਡਰਾਂਵਾਲਾ ਟਾਈਗਰਜ਼ ਫੋਰਸ ਆਫ ਖ਼ਾਲਿਸਤਾਨ ਵੀ ਸੀ ਜਿਸ ਦਾ ਮੁਖੀ ਬਾਬਾ ਗੁਰਬਚਨ ਸਿੰਘ ਮਾਣੋਚਾਹਲ ਸੀ।

ਬਾਬਾ ਗੁਰਬਚਨ ਸਿੰਘ ਦਾ ਜਨਮ ਪਿੰਡ ਮਾਣੋਚਾਹਲ ਕਲਾਂ ਵਿਖੇ ਪਿਤਾ ਸ੍. ਆਤਮਾ ਸਿੰਘ ਤੇ ਮਾਤਾ ਗੁਰਮੇਜ ਕੌਰ ਦੇ ਘਰ 6 ਜੂਨ 1954 ਨੂੰ ਹੋਇਆ ਸੀ। ਉਹਦੇ ਨਾਨਕੇ ਵਿਦੇਸ਼ ਗਏ ਹੋਣ ਕਾਰਨ ਸਾਰਾ ਪਰਿਵਾਰ ਕਈ ਸਾਲ ਪਹਿਲਾਂ ਮਾਣੋ ਚਾਹਲ ਛੱਡ ਕੇ ਨਾਨਕੇ ਪਿੰਡ ਨੁਸ਼ਹਿਰਾ ਪੰਨੂੰਆਂ ਚਲੇ ਗਿਆ ਸੀ। ਇੱਥੋਂ ਹੀ ਦਸਵੀਂ ਤੱਕ ਪੜ੍ਹਾਈ ਕਰਕੇ ਉਹ ਭਾਰਤੀ ਫੌਜ ਵਿੱਚ ਭਰਤੀ ਹੋਇਆ। ਪਰ ਫੌਜ ਵਿੱਚ ਕਿਸੇ ਅਫਸਰ ਨਾਲ ਝਗੜਾ ਹੋਣ ਕਾਰਨ ਉਹਦਾ ਕੋਰਟ ਮਾਰਸ਼ਲ ਹੋ ਗਿਆ ਤੇ ਉਹ ਨੌਕਰੀ ਛਡ ਕੇ ਘਰ ਆ ਗਿਆ। ਧਾਰਮਿਕ ਵਿਚਾਰਾਂ ਅਤੇ ਗੁਰਬਾਣੀ ਨਾਲ ਜੁੜਿਆ ਹੋਣ ਕਾਰਨ ਉਹਦੇ ਨਾਂ ਨਾਲ 'ਬਾਬਾ' ਸ਼ਬਦ ਜੁੜ ਗਿਆ। ਸੰਤ ਕਰਤਾਰ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਸੰਪਰਦਾਇ ਦੇ ਸੰਪਰਕ ਵਿੱਚ ਆਉਣ ਪਿੱਛੋਂ ਉਹਨੇ ਗੁਰਬਾਣੀ ਨਾਲ ਜੁੜ ਕੇ ਕਥਾ ਕਰਨ ਦੀ ਸੰਥਾ ਪ੍ਰਾਪਤ ਕੀਤੀ। ਬਹੁਤ ਸਾਰੀਆਂ ਬਾਣੀਆਂ ਉਹਨੂੰ ਜ਼ਬਾਨੀ ਯਾਦ ਸਨ। ਦਰਬਾਰ ਸਾਹਿਬ ਤੇ ਹੋਏ ਫੌਜੀ ਹਮਲੇ ਤੋਂ ਪਹਿਲਾਂ ਹੀ ਉਹ ਦਰਬਾਰ ਸਾਹਿਬ ਦੁਆਲ਼ੇ ਪਾਏ ਫੌਜੀ ਘੇਰੇ ਚੋਂ ਬਚ ਕੇ ਬਾਹਰ ਨਿਕਲ ਗਿਆ ਸੀ। ਬਾਅਦ ਵਿੱਚ ਉਹਨੇ ਭਿੰਡਰਾਂਵਾਲਾ ਟਾਈਗਰਜ਼ ਫੋਰਸ ਆਫ ਖ਼ਾਲਿਸਤਾਨ ਨਾਂ ਦੀ ਹਥਿਆਰ-ਬੰਦ ਜਥੇਬੰਦੀ ਦੀ ਸਥਾਪਨਾ ਕੀਤੀ ਜਿਸ ਦਾ ਮੁਖੀ ਉਹ ਆਪ ਸੀ।

1985 ਦੇ ਅਖ਼ੀਰ ਵਿੱਚ ਉਹ ਪਿੰਡ ਮਾਣੋਚਾਹਲ ਦੇ ਬਾਹਰਵਾਰ, ਚੜ੍ਹਦੇ ਪਾਸੇ ਇਕ ਟਿਊਬਵੈੱਲ ਨੂੰ, ਸੀ ਆਰ ਪੀ ਦੇ 50-60 ਹਥਿਆਰ-ਬੰਦ ਸਿਪਾਹੀਆਂ ਵੱਲੋਂ ਪਾਏ ਘੇਰੇ ਨੂੰ ਤੋੜ ਕੇ ਤੇ 6-7 ਬੰਦਿਆਂ ਨੂੰ ਗੋਲ਼ੀਆਂ ਦਾ ਨਿਸ਼ਾਨਾ ਬਣਾ ਕੇ ਰਾਤ ਦੇ ਹਨੇਰੇ ਵਿੱਚ ਬਚ ਨਿਕਲਿਆ ਸੀ। ਨਿਡਰਤਾ ਅਤੇ ਦਲੇਰੀ ਭਰੇ ਇਸ ਕਾਰਨਾਮੇ ਤੋਂ ਬਾਅਦ ਉਹ ਅਖ਼ਬਾਰਾਂ ਦੀਆਂ ਸੁਰਖ਼ੀਆਂ ਦਾ ਸ਼ਿੰਗਾਰ ਬਣ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਹੁੰਦਿਆਂ ਉਹਨੇ 1986 ਵਿੱਚ ਅਜ਼ਾਦ ਸਿੱਖ ਰਾਜ (ਖ਼ਾਲਿਸਤਾਨ) ਦਾ ਐਲਾਨ ਕਰ ਦਿੱਤਾ। ਪਰ ਇਹ ਲਹਿਰ ਬੱਬਰ ਅਕਾਲੀ ਲਹਿਰ ਵਾਂਗ ਬਹੁਗਿਣਤੀ ਪੰਜਾਬੀਆਂ ਦੀ ਹਮਦਰਦੀ ਨਾ ਜਿੱਤ ਸਕੀ। ਆਖ਼ਰ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਚੱਲਦੇ ਇਸ ਹਥਿਆਰ-ਬੰਦ ਸੰਘਰਸ਼ ਦੌਰਾਨ 27 ਫਰਵਰੀ 1993 ਨੂੰ ਸੁਰੱਖਿਆ ਫੋਰਸਾਂ ਨੇ ਡੀ. ਐਸ. ਪੀ. (ਸਿਟੀ) ਦਿਲਬਾਗ ਸਿੰਘ ਦੀ ਅਗਵਾਈ ਹੇਠ ਪਿੰਡ ਰਟੌਲ ਵਿਖੇ ਇਕ ਕਿਸਾਨ ਦੀ ਬਹਿਕ ਤੇ ਬੈਠੇ ਬਾਬੇ ਮਾਣੋਚਾਹਲ ਨੂੰ ਘੇਰਾ ਪਾ ਲਿਆ। ਕਈ ਘੰਟੇ ਚੱਲੇ ਇਸ ਗਹਿਗੱਚ ਪੁਲਿਸ-ਮੁਕਾਬਲੇ ਵਿੱਚ ਬਾਬਾ ਗੁਰਬਚਨ ਸਿੰਘ ਮਾਰਿਆ ਗਿਆ। ਇਸ



Scanned with OKEN Scanner

ਤੋਂ ਪਹਿਲਾਂ ਉਸ ਦੇ ਸਕੇ ਭਰਾ ਨਿਰਵੈਰ ਸਿੰਘ, ਪਿਤਾ ਸ੍. ਆਤਮਾ ਸਿੰਘ, ਮਾਤਾ ਗੁਰਮੇਜ ਕੌਰ ਤੇ ਚਾਚਾ ਸ੍. ਕਾਰਜ ਸਿੰਘ ਨੂੰ ਪੁਲਿਸ ਨੇ ਘਰੋਂ ਫੜ੍ਹ ਕੇ, ਵੱਖ ਵੱਖ ਪੁਲਿਸ-ਥਾਣਿਆਂ ਵਿੱਚ ਰੱਖ ਕੇ, ਘੋਰ ਤਸ਼ਦਦ ਕਰਕੇ ਖ਼ਤਮ ਕਰ ਦਿੱਤਾ ਸੀ। ਚਚੇਰੇ ਭਰਾ ਮਹਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਵੀ ਇਸ ਲਹਿਰ ਦੇ ਲੇਖੇ ਲੱਗ ਗਏ ਸਨ। ਪਿੰਡ ਦੇ ਇੱਕ ਹੋਰ ਨੌਜਵਾਨ ਅਰੂੜ ਸਿੰਘ ਬੱਦੂ ਨੂੰ ਵੀ ਉਹਨਾਂ ਦਾ ਨਜ਼ਦੀਕੀ ਜਾਣ ਕੇ ਪੁਲਿਸ ਨੇ 1992 ਵਿੱਚ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰ ਦਿੱਤਾ। ਸਰਕਾਰ ਨਾਲ ਚੱਲਦੀ ਰਹੀ ਇਸ ਲੜਾਈ ਵਿੱਚ ਉਹਦੇ ਛੋਟੇ ਭਰਾ ਨਰਿੰਦਰ ਸਿੰਘ ਅਤੇ ਤ੍ਰਿਲੋਚਨ ਸਿੰਘ ਤੇ ਵੀ ਪੁਲਿਸ ਨੇ ਬੇਤਿਹਾਸ਼ਾ ਤਸ਼ੱਦਦ ਕੀਤਾ ਪਰ ਉਹ ਕਿਸੇ ਤਰ੍ਹਾਂ ਬਚ ਗਏ। ਇਸੇ ਤਰ੍ਹਾਂ ਪੰਜਾਬ ਦੇ ਹਜ਼ਾਰਾਂ ਨੌਜਵਾਨ ਅਧਖੜ ਅਤੇ ਬਜ਼ੁਰਗ ਇਸ ਲਹਿਰ ਦੇ ਲੇਖੇ ਲੱਗ ਗਏ ਪਰ ਖ਼ਾਲਿਸਤਾਨ ਦੀ ਪ੍ਰਾਪਤੀ ਨਾ ਹੋ ਸਕੀ।

ਇਹਨਾਂ ਦਹਿਸ਼ਤ ਦੇ ਦਿਨਾਂ ਵਿੱਚ ਆਮ ਲੋਕਾਂ ਨੂੰ ਵੀ ਬੜੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਸਾਡੇ ਪਿੰਡ ਦੇ ਇੱਕ ਬ੍ਰਾਹਮਣ ਪਰਿਵਾਰ ਨਾਲ ਸਬੰਧਿਤ ਮਾਸਟਰ ਜਗਦੀਸ਼ ਲਾਲ ਜੋ ਸਰਕਾਰੀ ਪ੍ਰਾਇਮਰੀ ਸਕੂਲ (ਸੈਂਟਰ ਸਕੂਲ) ਪੱਧਰੀ ਦਾ ਸੀ.ਐਚ.ਟੀ. ਹੋਣ ਕਰਕੇ ਅਧਿਆਪਕਾਂ ਦੀ ਤਨਖ਼ਾਹ ਲੈ ਕੇ ਜਾ ਰਿਹਾ ਸੀ, ਨੂੰ ਕੁਝ ਹਥਿਆਰ-ਬੰਦ ਲੁਟੇਰਿਆਂ ਨੇ ਗੋਲ਼ੀ ਮਾਰ ਕੇ ਢੇਰੀ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਪਿੰਡ 'ਚ ਰਹਿੰਦੇ ਇੱਕ ਦੋ ਬ੍ਰਾਹਮਣ ਪਰਿਵਾਰ ਪਿੰਡ ਛੱਡ ਕੇ ਸ਼ਹਿਰ ਚਲੇ ਗਏ। ਮਾਸਟਰ ਜਗਦੀਸ਼ ਲਾਲ ਦਾ ਪਰਿਵਾਰ ਵੀ ਅੰਮ੍ਰਿਤਸਰ ਜਾ ਵੱਸਿਆ। ਇਹਨਾਂ ਹੀ ਦਿਨਾਂ ਵਿੱਚ ਮਾਣੋਚਾਹਲ ਪਿੰਡ ਦੇ ਕੁਝ ਅਗਾਂਹ-ਵਧੂ ਨੌਜਵਾਨ ਆਪਣੀ ਜਥੇਬੰਦੀ ਜਨਵਾਦੀ ਨੌਜਵਾਨ ਸਭਾ ਜ਼ਿਲ੍ਹਾ ਅੰਮ੍ਰਿਤਸਰ ਦਾ ਅਜਲਾਸ ਕਰ ਰਹੇ ਸਨ ਤਾਂ ਕੁਝ ਕੱਟੜਵਾਦੀ ਹਥਿਆਰਬੰਦ ਸਿੱਖਾਂ ਨੇ ਉਹਨਾਂ ਦੇ ਚੱਲਦੇ ਪ੍ਰੋਗਰਾਮ ਵਿੱਚ ਵਿਘਨ ਪਾਇਆ, ਹਵਾਈ ਫ਼ਾਇਰ ਕਰਕੇ ਦਹਿਸ਼ਤ ਪੈਦਾ ਕਰਨ ਦਾ ਜਤਨ ਕੀਤਾ ਅਤੇ ਦੇਸ਼ ਦੀ ਏਕਤਾ ਦੇ ਹੱਕ ਵਿੱਚ ਕੰਧਾਂ ਤੇ ਲਿਖੇ ਨਾਹਰਿਆਂ ਨੂੰ ਮਿਟਾਉਣ ਦਾ ਹੁਕਮ ਸੁਣਾਇਆ ਅਤੇ ਅਜਿਹਾ ਨਾ ਕਰਨ ਤੇ ਨਤੀਜੇ ਭੁਗਤਣ ਦੀ ਧਮਕੀ ਵੀ ਦਿੱਤੀ।

ਇੱਕ ਹੋਰ ਮੌਕੇ ਤੇ ਜਦੋਂ ਕੁਝ ਖੱਬੇ-ਪੱਖੀ ਜਥੇਬੰਦੀਆਂ ਦੇ ਕਾਰਕੁੰਨਾਂ ਨੇ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਹੱਕ 'ਚ ਪਿੰਡਾਂ 'ਚ ਮਾਰਚ ਸ਼ੁਰੂ ਕੀਤਾ ਤਾਂ ਕੁਝ ਕੱਟੜਵਾਦੀਆਂ ਨੇ ਇਸ ਨੂੰ ਰੋਕ ਕੇ ਝਗੜਾ ਖੜਾ ਕਰਨ ਦੀ ਕੋਸ਼ਿਸ਼ ਕੀਤੀ ਪਰ ਮਰਹੂਮ ਕਾਮਰੇਡ ਸੁਰਜਨ ਸਿੰਘ ਨੇ ਦੋਹਾਂ ਧਿਰਾਂ ਨੂੰ ਸਮਝਾ-ਬੁਝਾ ਕੇ ਮਹੌਲ ਠੰਢਾ ਕੀਤਾ ਤੇ ਝਗੜਾ ਟਲ਼ ਗਿਆ। ਫਿਰ ਰਾਜਨੀਤਕ ਵਿਰੋਧੀਆਂ ਤੇ ਕਾਮਰੇਡਾਂ ਦੇ ਘਰਾਂ ਤੇ ਹਥਿਆਰ-ਬੰਦ ਹਮਲੇ ਕਰਨ ਦਾ ਦੌਰ ਚੱਲਿਆ। ਕੁਝ ਹਥਿਆਰ-ਬੰਦ ਦਹਿਸ਼ਤ-ਗਰਦਾਂ ਵੱਲੋਂ ਕਾਮਰੇਡ ਜੋਗਿੰਦਰ ਸਿੰਘ ਦੇ ਘਰ ਹਮਲਾ ਕਰਕੇ ਉਹਨੂੰ ਚੁੱਕ ਲਿਜਾਣ ਦੀ ਕੋਸ਼ਿਸ਼ ਕੀਤੀ ਗਈ ਜਿਸ ਨੂੰ ਉਹਦੇ ਪੁੱਤਾਂ-



Scanned with OKEN Scanner

ਧੀਆਂ ਨੇ ਹੱਥੋ-ਪਾਈ ਹੋ ਕੇ ਨਿਸਫਲ ਕਰ ਦਿੱਤਾ। ਬਾਅਦ 'ਚ ਉਹਨੇ ਆਪਣੇ ਘਰ ਦੀ ਛੱਤ ਤੇ ਮੋਰਚਾ ਬਣਾ ਕੇ ਰਾਖੀ ਕਰਨੀ ਸ਼ੁਰੂ ਕਰ ਦਿੱਤੀ। ਇਹੋ ਜਿਹੀਆਂ ਘਟਨਾਵਾਂ ਤੋਂ ਬਾਅਦ ਪਿੰਡ 'ਚ ਪੁਲਿਸ ਚੌਂਕੀ ਸਥਾਪਿਤ ਹੋਈ ਜੋ ਅਜੇ ਤੱਕ ਕਾਇਮ ਹੈ। ਇਹਨਾਂ ਦਿਨਾਂ ਵਿੱਚ ਹੀ ਪਿੰਡ ਦੇ ਸਾਬਕਾ ਸਰਪੰਚ ਕਾ. ਚੈਨ ਸਿੰਘ ਜੋ ਰਿਹਾਇਸ਼ ਬਦਲ ਕੇ ਤਰਨਤਾਰਨ ਰਹਿੰਦਾ ਸੀ, ਨੂੰ ਕੁਝ ਹਥਿਆਰ-ਬੰਦ ਅਤਿਵਾਦੀਆਂ ਨੇ ਉਹਦੇ ਘਰ ਦੇ ਮੂਹਰੇ ਗੋਲ਼ੀਆਂ ਮਾਰ ਕੇ ਮਾਰ ਦਿੱਤਾ।

ਮਾਸਟਰ ਦਰਸ਼ਨ ਸਿੰਘ ਵਾਲ਼ੀ ਘਟਨਾ ਦਾ ਸਾਲ ਤਾਂ ਮੈਨੂੰ ਯਾਦ ਨਹੀਂ, ਏਨਾ ਯਾਦ ਹੈ ਕਿ ਪਿੰਡ ਵਿੱਚ ਅਜੇ ਪੁਲਿਸ ਚੌਂਕੀ ਨਹੀਂ ਸੀ ਬਣੀ। ਇਸ ਘਟਨਾ ਦੀ ਤੰਦ ਵੀ ਅਤਿਵਾਦ ਨਾਲ ਹੀ ਜਾ ਜੁੜਦੀ ਹੈ। ਕਿਸੇ ਟਾਊਟ ਨੇ ਥਾਣਾ ਝਬਾਲ ਦੇ ਥਾਣੇਦਾਰ ਦੇ ਕੰਨ ਜਾ ਭਰੇ ਕਿ ਮਾਣੋਚਾਹਲ ਪਿੰਡ ਦਾ ਦਰਸ਼ਨ ਸਿੰਘ ਰਾਮਗੜ੍ਹੀਆ ਪਿਸਤੌਲ ਬਣਾ ਕੇ ਅਤਿਵਾਦੀਆਂ ਨੂੰ ਸਪਲਾਈ ਕਰਦਾ ਹੈ। ਥਾਣੇਦਾਰ ਨੇ ਦੋ ਸਿਪਾਹੀ ਭੇਜ ਕੇ ਦਰਸ਼ਨ ਸਿੰਘ ਨੂੰ ਥਾਣੇ ਬੁਲਾ ਲਿਆ। ਕਾਮਰੇਡ ਸੁਰਜਨ ਸਿੰਘ, ਕਾਮਰੇਡ ਜੋਗਿੰਦਰ ਸਿੰਘ ਤੇ ਮੈਂ ਉਹਦੇ ਨਾਲ ਗਏ। ਪਹਿਲਾਂ ਕਾਮਰੇਡ ਦਰਸ਼ਨ ਸਿੰਘ ਦੇ ਘਰ ਗਏ ਤਾਂ ਉਹਨਾਂ ਨੇ ਆਪਣੇ ਪਿੰਡ ਦੇ ਬਜ਼ੁਰਗ ਕਾਮਰੇਡ ਹਰਨਾਮ ਸਿੰਘ ਨੂੰ ਸਾਡੇ ਨਾਲ ਥਾਣੇ ਭੇਜਿਆ। ਜਾ ਕੇ ਥਾਣੇਦਾਰ ਨੂੰ ਮਿਲੇ ਤਾਂ ਗੱਲ ਕਾ: ਹਰਨਾਮ ਸਿੰਘ ਨੇ ਹੀ ਕੀਤੀ। ਥਾਣੇਦਾਰ ਕਹਿੰਦਾ ਕਿ ਦਰਸ਼ਨ ਸਿੰਘ ਦੀ ਹਥਿਆਰ ਬਣਾ ਕੇ ਸਪਲਾਈ ਕਰਨ ਦੀ ਮੁਖ਼ਬਰੀ ਹੋਈ ਹੈ। ਕਾਮਰੇਡ ਹਰਨਾਮ ਸਿੰਘ ਨੇ ਕਿਹਾ, "ਥਾਣੇਦਾਰ ਸਾਹਿਬ! ਮੁਖ਼ਬਰੀ ਝੂਠੀ ਹੈ, ਇਹ ਮੁੰਡਾ ਮਾਸਟਰ ਵੀ ਆ ਤੇ ਸਾਡਾ ਕਾਮਰੇਡ ਵੀ। ਅਸੀਂ ਕਦੇ ਕਿਸੇ ਸਮਾਜ-ਵਿਰੋਧੀ ਅਨਸਰ ਨੂੰ ਨੇੜੇ ਨਹੀਂ ਲੱਗਣ ਦੇਂਦੇ ਤੇ ਇਸੇ ਕਰਕੇ ਸਾਡੀ ਪਾਰਟੀ 'ਚ ਭੀੜ ਨਹੀਂ ਵਧਦੀ। ਜੇ ਤਹਾਨੂੰ ਸਾਡੇ ਤੇ ਇਤਬਾਰ ਆ ਤਾਂ ਯਕੀਨ ਕਰੋ ਕਿ ਇਹ ਮੁੰਡਾ ਇਹੋ ਜਿਹਾ ਨਹੀਂ," ਸੁਣ ਕੇ ਥਾਣੇਦਾਰ ਦੀ ਤਸੱਲੀ ਹੋ ਗਈ ਤੇ ਦਰਸ਼ਨ ਸਿੰਘ ਦਾ ਛੁਟਕਾਰਾ ਹੋ ਗਿਆ। ਉਹਨਾਂ ਦਿਨਾਂ ਵਿੱਚ ਪੁਲਿਸ ਅਫਸਰ ਵੀ ਕਾਮਰੇਡਾਂ ਤੇ ਯਕੀਨ ਕਰਦੇ ਸਨ ਕਿਉਂਕਿ ਕਾਮਰੇਡ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਲੜਾਈ ਲੜਦੇ ਹੋਏ ਆਪਣਾ ਜਾਨੀ-ਮਾਲੀ ਨੁਕਸਾਨ ਝੱਲ ਰਹੇ ਹਨ।

ਉਹਨੀਂ ਦਿਨੀਂ ਪਿੰਡਾਂ ਵਿੱਚ ਸੂਰਜ ਹੁੰਦਿਆਂ ਹੀ ਰਾਤ ਪੈ ਜਾਂਦੀ ਸੀ। ਪਿੰਡਾਂ ਵਿੱਚ ਦਿਨ ਵੇਲੇ ਸੀ ਆਰ ਪੀ ਦਾ ਤੇ ਰਾਤ ਵੇਲ਼ੇ ਏ ਕੇ ਸੰਤਾਲ਼ੀ ਵਾਲਿਆਂ ਦਾ ਰਾਜ ਹੁੰਦਾ ਸੀ। ਇਹਨਾਂ ਹਾਲਾਤਾਂ ਵਿੱਚ ਪਿੰਡਾਂ ਦੇ ਕੁਝ ਮੌਕਾ-ਪ੍ਰਸਤ ਲੋਕਾਂ ਨੇ ਪੁਲਿਸ ਜਾਂ ਸੀ ਆਰ ਪੀ ਦੇ ਟਾਊਟ ਬਣਕੇ ਪੁਲਿਸ ਤੋਂ ਆਧੁਨਿਕ ਹਥਿਆਰ ਪ੍ਰਾਪਤ ਕਰ ਲਏ ਸਨ। ਇਹਨਾਂ ਦਿਨਾਂ 'ਚ ਹੀ ਆਪਣੇ ਨਾਲ ਵਾਪਰੀ ਇੱਕ ਘਟਨਾ ਯਾਦ ਆ ਗਈ ਹੈ। ਮੈਂ ਉਦੋਂ ਪਿੰਡ ਆਪਣੀ ਖੇਤਾਂ ਵਿਚਲੀ ਬਹਿਕ ਤੇ ਰਹਿੰਦਾ ਹੁੰਦਾ ਸਾਂ ਤੇ ਸਰਕਾਰੀ ਮਿਡਲ ਸਕੂਲ ਸੁੱਗਾ



Scanned with OKEN Scanner

ਵਿਖੇ ਤਾਇਨਾਤ ਸਾਂ। ਗਰਮੀਆਂ ਦੇ ਦਿਨ ਸਨ, ਮਹੀਨਾ ਯਾਦ ਨਹੀਂ ਜੂਨ ਦਾ ਸੀ ਕਿ ਜੁਲਾਈ ਦਾ। ਲੁੱਟ-ਖੋਹ ਦੇ ਡਰੋਂ ਹੈਡ-ਮਾਸਟਰ ਆਪਣੇ ਸਟਾਫ਼ ਦੀਆਂ ਤਨਖ਼ਾਹਾਂ ਬੈਂਕ ਚੋਂ ਕਢਾ ਕੇ ਬੈਂਕ 'ਚ ਹੀ ਵੰਡ ਦੇਂਦੇ ਸਨ। ਘਟਨਾ ਵਾਲ਼ੇ ਦਿਨ ਤਨਖ਼ਾਹ ਲੈ ਕੇ, ਕੁਝ ਘਰ ਦਾ ਲੂਣ-ਤੇਲ ਖ਼ਰੀਦ ਕੇ ਥੈਲੇ 'ਚ ਪਾਈ ਮੈਂ ਬੱਸ ਅੱਡੇ ਪਹੁੰਚ ਗਿਆ। ਬੱਸਾਂ ਉਦੋਂ ਅੱਜ ਵਾਲੀ ਸਰਾਂ ਦੇ ਸਾਹਮਣੇ ਬਣੀ ਕਾਰ-ਪਾਰਕਿੰਗ ਵਾਲ਼ੀ ਥਾਂ ਤੋਂ ਚੱਲਦੀਆਂ ਹੁੰਦੀਆਂ ਸਨ। ਜਦੋਂ ਮੈਂ ਅੱਡੇ ਤੇ ਪਹੁੰਚਿਆ ਤਾ ਬੱਸ ਸਵਾਰੀਆਂ ਨਾਲ ਖ਼ਚਾ-ਖ਼ਚ ਭਰੀ ਮੇਨ ਸੜਕ ਤੇ ਬੋਹੜੀ ਚੌਂਕ ਵੱਲ ਮੂੰਹ ਕਰਕੇ ਖੜੀ ਸੀ। ਮਾਸਟਰ ਬਲਵਿੰਦਰ ਸਿੰਘ ਪੱਧਰੀ ਆਪਣੀ ਭਤੀਜੀ ਦੇ ਵਿਆਹ ਲਈ ਲੋਹੇ ਦੀ ਵੱਡੀ ਸਾਰੀ ਪੇਟੀ ਬੱਸ ਦੀ ਛੱਤ ਤੇ ਰੱਖ ਕੇ ਪੇਟੀ ਨੂੰ ਢੋਅ ਲਾਈ ਬੈਠਾ ਸੀ। ਬੱਸ ਵਿੱਚ ਭੀੜ ਵੇਖ ਕੇ ਮੈਂ ਵੀ ਉੱਪਰ ਚੜ੍ਹ ਕੇ ਉਹਦੇ ਬਰਾਬਰ ਬੈਠ ਗਿਆ। ਅਸੀਂ ਦੋਵੇਂ ਸਿਰ ਤੇ ਪੱਗ ਬੰਨ੍ਹਦੇ ਤੇ ਦਾੜ੍ਹੀ ਖੁੱਲ੍ਹੀ ਰੱਖਦੇ ਸਾਂ। ਬਲਵਿੰਦਰ ਸਿੰਘ ਦਾ ਮੁਹਾਂਦਰਾ ਬਿਲਕੁਲ ਬਾਬੇ ਮਾਣੋਚਾਹਲ ਦੇ ਚਚੇਰੇ ਭਰਾ ਬਲਵਿੰਦਰ ਸਿੰਘ ਨਾਲ ਮਿਲਦਾ ਸੀ।

ਬੱਸ ਤੁਰਨ ਲੱਗਿਆਂ ਮੈਂ ਵੇਖਿਆ ਕਿ ਸਾਡੇ ਪਿੰਡ ਦੇ ਕੁਝ ਸ਼ੱਕੀ ਆਦਮੀ (ਟਾਊਟ) ਬੜੀ ਤੇਜ਼ੀ ਨਾਲ ਜੀਪ ਭਜਾ ਕੇ ਅੱਗੇ ਨਿਕਲੇ। ਸਾਡੀ ਬੱਸ ਤਰਨਤਾਰਨ ਤੋਂ ਚੱਲ ਕੇ ਜਦੋਂ ਪਲਾਸੌਰ ਲੰਘੀ ਤਾਂ ਪੁਲਿਸ ਤੇ ਸੀ ਆਰ ਪੀ ਦੀਆਂ ਘੱਟੋ ਘੱਟ ਅੱਠ ਦਸ ਗੱਡੀਆਂ ਘੌਰੂ ਪਾਉਂਦੀਆਂ ਬੱਸ ਤੋਂ ਅੱਗੇ ਨਿੱਕਲ ਗਈਆਂ। ਬੱਸ ਡਾਲੇ ਕੇ ਮੋੜ ਤੇ ਪਹੁੰਚੀ ਤਾਂ ਸੀ ਆਰ ਪੀ ਨੇ ਰੋਕ ਲਈ। ਫੋਰਸ ਬੱਸ ਦੇ ਆਲ਼ੇ-ਦੁਆਲ਼ੇ ਇੰਜ ਪੁਜੀਸ਼ਨਾਂ ਲਈ ਖੜੀ ਸੀ ਜਿਵੇਂ ਕੋਈ ਬਹੁਤ ਵੱਡਾ ਅਤਿਵਾਦੀ ਘੇਰਿਆ ਹੋਵੇ। ਚਾਰ ਪੁਲਿਸ-ਕਰਮੀਆਂ ਨੇ ਬੱਸ ਦੇ ਪਿੱਛੇ ਖੜ੍ਹ ਕੇ ਸਾਨੂੰ ਦੋਹਾਂ ਨੂੰ ਹੇਠਾਂ ਉੱਤਰਨ ਲਈ ਦਬਕਾ ਮਾਰਿਆ। ਹੱਥ 'ਚ ਖੰਡ-ਚਾਹ ਵਾਲ਼ਾ ਥੈਲਾ ਫੜੀ ਜਦੋਂ ਮੈਂ ਬੱਸ ਤੋਂ ਉੱਤਰ ਰਿਹਾ ਸਾਂ ਤਾਂ ਇੱਕ ਸੀ ਆਰ ਪੀ ਵਾਲੇ ਨੇ ਆਪਣੀ ਬਾਂਹ ਲੰਬੀ ਕਰਕੇ ਅਸਾਲਟ ਮੇਰੇ ਹੱਥ ਤੇ ਮਾਰੀ। ਥੈਲਾ ਮੇਰੇ ਹੱਥੋਂ ਛੁੱਟ ਗਿਆ ਤੇ ਖੰਡ-ਚਾਹ-ਸਾਬਣ ਸਭ ਸੜਕ ਤੇ ਖਿੱਲਰ ਗਿਆ। ਸਾਨੂੰ ਦੋਹਾਂ ਨੂੰ ਸੜਕ ਤੇ ਬਿਠਾ ਲਿਆ ਤੇ ਦੋ ਦੋ ਅਸਾਲਟਾਂ ਵਾਲ਼ੇ ਸਾਡੇ ਦੋਹੀਂ ਪਾਸੀਂ ਮੋਢਿਆਂ ਤੇ ਅਸਾਲਟਾਂ ਰੱਖ ਕੇ ਖੜ੍ਹ ਗਏ। ਫੋਰਸ ਦਾ ਦਬਾਅ ਵੇਖ ਕੇ ਅਸੀਂ ਡਰ ਗਏ। ਉਹਨਾਂ ਨੂੰ ਸਾਡੇ ਦੋਹਾਂ ਤੇ ਖ਼ਤਰਨਾਕ ਅਤਿਵਾਦੀ ਹੋਣ ਦਾ ਸ਼ੱਕ ਸੀ। ਸਾਨੂੰ ਇੰਜ ਲਗਦਾ ਸੀ ਜਿਵੇਂ ਅੱਜ ਸਾਡਾ ਵੀ ਝੂਠਾ ਪੁਲਿਸ ਮੁਕਾਬਲਾ ਬਣ ਜਾਵੇਗਾ। ਬੱਸ ਦੀਆਂ ਸਵਾਰੀਆਂ ਉਤਾਰ ਕੇ ਉਹਨਾਂ ਦੀ ਵੀ ਤਲਾਸ਼ੀ ਲਈ ਗਈ। ਬੱਸ ਦੇ ਡਰਾਈਵਰ ਠਾਕਰ ਸਿੰਘ ਜੋ ਵੱਡੀ ਪੱਧਰੀ ਦਾ ਸੀ ਤੇ ਕੰਡਕਟਰ ਮਹਿੰਦਰ ਸਿੰਘ ਨੂਰ ਪੁਰ ਨੇ ਸੀਨੀਅਰ ਅਫਸਰਾਂ ਨੂੰ ਸਾਡੇ ਟੀਚਰ ਹੋਣ ਦੀ ਤਸਦੀਕ ਕੀਤੀ। ਬੱਸ ਵਿੱਚਲੇ ਕੁਝ ਹੋਰ ਵਾਕਫ਼ ਬੰਦਿਆਂ ਨੇ ਵੀ ਸਾਡੀ ਸ਼ਾਹਦੀ ਭਰੀ, ਅਸੀਂ ਆਪਣੇ ਆਈ.ਡੀ. ਕਾਰਡ ਦਿਖਾਉਣ ਲਈ ਵੀ ਬਾਰ ਬਾਰ ਕਹਿੰਦੇ ਰਹੇ ਪਰ



Scanned with OKEN Scanner

ਉਹਨਾਂ ਨੇ ਆਪਣੀ ਪੂਰੀ ਤਸੱਲੀ ਕਰਕੇ ਹੀ ਸਾਨੂੰ ਛੱਡਿਆ। ਅਗਲੇ ਦਿਨ ਪੁਲਿਸ ਅਧਿਕਾਰੀਆਂ ਨੂੰ ਮਿਲਣ ਤੇ ਉਹਨਾਂ ਨੇ ਮੰਨਿਆ ਕਿ ਕਿਸੇ ਮੁਖ਼ਬਰ ਵੱਲੋਂ ਦਿੱਤੀ ਗਲਤ ਸੂਚਨਾ ਕਾਰਨ ਇਹ ਘਟਨਾ ਵਾਪਰੀ ਸੀ। ਛੇ ਕੁ ਮਹੀਨੇ ਬਾਅਦ ਮੈਂ ਆਪਣੀ ਰਿਹਾਇਸ਼ ਬਦਲ ਕੇ ਪਿੰਡ ਤੋਂ ਤਰਨਤਾਰਨ ਸ਼ਹਿਰ ਲੈ ਗਿਆ।

ਉਹਨਾਂ ਦਿਨਾਂ ਦੀ ਹੀ ਇੱਕ ਹੋਰ ਹੱਡ-ਬੀਤੀ ਸੁਣਾਉਂਦਾ ਹਾਂ। ਦਹਿਸ਼ਤ ਦੇ ਉਸ ਦੌਰ ਵਿੱਚ ਹਥਿਆਰ-ਬੰਦ ਮੁੰਡਿਆਂ ਵੱਲੋਂ ਆਮ ਲੋਕਾਂ ਤੋਂ ਸਕੂਟਰ ਜਾਂ ਮੋਟਰ ਸਾਈਕਲ ਖੋਹ ਕੇ ਵਾਰਦਾਤਾਂ ਲਈ ਵਰਤੇ ਜਾਂਦੇ ਸਨ ਤਾਂ ਨਿਰਦੋਸ਼ ਲੋਕਾਂ ਨਾਲ ਪੁਲਿਸ ਥਾਨਿਆਂ ਵਿੱਚ ਜੋ ਬੀਤਦੀ ਸੀ, ਓਹੀ ਜਾਣਦੇ ਸਨ। ਇਸ ਬਿਪਤਾ ਤੋਂ ਡਰਦਿਆਂ ਸਾਡੇ ਮੁਲਾਜ਼ਮ ਵੀਰ ਸਾਈਕਲਾਂ ਤੇ ਡਿਊਟੀ ਜਾਣ ਲੱਗ ਪਏ ਸਨ। ਮੈਂ ਵੀ ਪਿੰਡੋਂ ਸਾਈਕਲ ਤੇ ਹੀ ਸੁੱਗੇ ਜਾਂਦਾ ਹੁੰਦਾ ਸਾਂ। ਪੱਧਰੀ ਕਲਾਂ ਵਾਲ਼ੇ ਪਾਸੇ ਤੋਂ ਤਤਲਿਆਂ ਲਾਗੋਂ ਰੋਹੀ ਵਿੱਚ ਦੀ ਲੰਘ ਕੇ ਅੱਗੋਂ ਇੱਕ ਰਸਤਾ ਖੇਤਾਂ ਵਿੱਚ ਦੀ ਸੁੱਗੇ ਵਾਲ਼ੇ ਸਕੂਲ ਲਾਗੋਂ ਹੋ ਕੇ ਪੱਕੀ ਸੜਕ ਤੇ ਜਾ ਚੜ੍ਹਦਾ ਹੈ ਜੋ ਅੱਗੇ ਬੈਂਕਾ-ਬਲ੍ਹੇਰ ਨੂੰ ਜਾਂਦੀ ਹੈ। ਹਨੇਰੇ-ਸਵੇਰੇ ਹਥਿਆਰ-ਬੰਦ ਟੋਲੇ ਇਸ ਰਸਤਿਉਂ ਲੰਘਦੇ ਹੁੰਦੇ ਸਨ। ਸਰਦੀਆਂ ਦੇ ਦਿਨ ਸਨ। ਇੱਕ ਦਿਨ ਸਵੇਰ ਦੀ ਬਾਲ-ਸਭਾ ਕਰਵਾ ਕੇ ਜਦੋਂ ਅਸੀਂ ਦਫ਼ਤਰ 'ਚ ਗਏ ਤਾਂ ਲੋਈ ਦੀ ਬੁੱਕਲ ਮਾਰੀ ਇੱਕ ਅਲੂੰਆਂ ਜਿਹਾ ਸਿੱਖ ਨੌਜਵਾਨ ਦਫ਼ਤਰ 'ਚ ਆ ਵੜਿਆ। ਉਹਦੇ ਮੋਢੇ ਤੇ ਲੋਈ ਹੇਠ ਥੈਲਾ ਲਟਕਦਾ ਜਾਪਦਾ ਸੀ, ਸ਼ਾਇਦ ਕੋਈ ਅਸਲਾ ਪਾਇਆ ਹੋਵੇ। ਕਹਿਣ ਤੇ ਵੀ ਉਹ ਕੁਰਸੀ ਤੇ ਨਾ ਬੈਠਾ। ਉਸ ਨੇ ਖੜੇ ਖੜੋਤੇ ਹੁਕਮ ਕੀਤਾ,

"ਮਾਸਟਰ ਜੀ ! ਸਾਈਕਲ-ਸਕੂਟਰ ਵਾਲਾ ਕੋਈ ਮੁੰਡਾ ਦਿਓ, ਮੈਨੂੰ ਬਲ੍ਹੇਰ ਛੱਡ ਕੇ ਆਵੇ", ਸੁਣ ਕੇ ਸਾਨੂੰ ਠੰਢ ਵਿੱਚ ਵੀ ਤ੍ਰੇਲ਼ੀਆਂ ਆਉਣ ਲੱਗੀਆਂ।

"ਖ਼ਾਲਸਾ ਜੀ, ਸਕੂਟਰ ਤਾਂ ਸਾਡੇ ਕੋਲ ਕੋਈ ਹੈ ਨਹੀਂ, ਸਾਈਕਲ ਵਾਲ਼ਾ ਕੋਈ ਮੁੰਡਾ ਲੈ ਜੋ", ਹੈਡ ਮਾਸਟਰ ਨੇ ਅਰਜ਼ ਕੀਤੀ। ਸੇਵਾਦਾਰ ਨੇ ਤਿੰਨ ਚਾਰ ਸਾਈਕਲਾਂ ਵਾਲੇ ਮੁੰਡੇ ਸੱਦ ਲਿਆਂਦੇ ਤੇ ਇੱਕ ਤਕੜਾ ਮੁੰਡਾ ਵੇਖ ਕੇ ਉਹ ਨਾਲ ਲੈ ਗਿਆ। ਜਿੰਨਾ ਚਿਰ ਮੁੰਡਾ ਵਾਪਸ ਨਾ ਪਰਤਿਆ, ਸਾਡੀ ਜਾਨ ਮੁੱਠ 'ਚ ਆਈ ਰਹੀ ਕਿ ਕਿਤੇ ਜਾਹ-ਜਾਂਦੀਏ ਨਾ ਹੋ ਜਾਏ। ਅੱਧੇ-ਪੌਣੇ ਘੰਟੇ ਬਾਅਦ ਮੁੰਡਾ ਮੁੜਿਆ ਤਾਂ ਸਾਡਾ ਸਾਹ ਵਿੱਚ ਸਾਹ ਆਇਆ। ਮੁੰਡਾ ਆਉਂਦਿਆਂ ਹੀ ਬੋਲਿਆ, "ਸਰ ! ਭਾਊ ਕਹਿੰਦਾ ਸੀ ਕਿ ਮਾਸਟਰਾਂ ਨੇ ਸਾਈਕਲ ਮਾੜਾ ਦਿੱਤਾ, ਅਗਲੀ ਵਾਰ ਆਇਆ ਤਾਂ ਕਰੂੰ ਉਹਨਾਂ ਨਾਲ ਗੱਲ।" ਪਰ ਉਹ ਮੁੜ ਕੇ ਫਿਰ ਕਦੇ ਏਧਰ ਨਾ ਆਇਆ, ਹੋ ਸਕਦਾ ਉਹਨੂੰ ਏਧਰ ਆਉਣ ਦਾ ਮੌਕਾ ਨਾ ਮਿਲਿਆ ਹੋਵੇ।

ਇਹਨਾਂ ਦਿਨਾਂ ਦੀ ਹੀ ਇੱਕ ਹੋਰ ਘਟਨਾ ਮੇਰੇ ਦੋਸਤ ਮਾਸਟਰ ਸੁਰਜੀਤ ਸਿੰਘ ਝਾਮਕਾ ਨਾਲ ਵਾਪਰੀ। ਮਾਣੋਚਾਹਲ ਚੌਂਕੀ ਵਿੱਚ ਇੱਕ ਏ.ਐਸ.ਆਈ. ਰਾਜ ਕੁਮਾਰ ਨੇ



Scanned with OKEN Scanner

ਬਤੌਰ ਇਨਚਾਰਜ ਚੌਂਕੀ ਨਵਾਂ 2 ਜਾਇਨ ਕੀਤਾ ਸੀ। ਰਾਜ ਕੁਮਾਰ ਨੇ ਮਾਸਟਰ ਸੁਰਜੀਤ ਸਿੰਘ ਨੂੰ ਜਸਵਿੰਦਰ ਸਿੰਘ ਮਨ੍ਹਿਆਲ਼ਾ ਨੂੰ ਪਨਾਹ ਦੇਣ ਦੇ ਦੋਸ਼ ਵਿੱਚ ਫੜ ਲਿਆਂਦਾ। ਜਸਵਿੰਦਰ ਸਿੰਘ ਮਨ੍ਹਿਆਲਾ ਸੁਰਜੀਤ ਸਿੰਘ ਦੇ ਮਾਮੇ ਦਾ ਪੁੱਤ ਭਰਾ ਸੀ। ਰਾਤ ਨੂੰ ਸ਼ਰਾਬ ਪੀ ਕੇ ਆਫ਼ਰੀ ਪੁਲੀੜ੍ਹ ਨੇ ਮਨ੍ਹਿਆਲੇ ਦਾ ਅਤਾ-ਪਤਾ ਪੁੱਛਣ ਲਈ ਸੁਰਜੀਤ ਸਿੰਘ ਨੂੰ ਚੰਗੀ ਸੌੜ੍ਹ ਲਾਈ ਤੇ ਕੁੱਟ ਕੁੱਟ ਕੇ ਬੇਹਾਲ ਕਰ ਦਿੱਤਾ। ਉਹਨੀਂ ਦਿਨੀਂ ਮੋਬਾਈਲ ਫ਼ੋਨ ਨਹੀਂ ਸਨ ਹੁੰਦੇ ਤੇ ਲੈਂਡ-ਲਾਈਨ ਵੀ ਕਿਸੇ ਅਮੀਰ ਦੇ ਘਰ ਹੀ ਹੁੰਦਾ ਸੀ। ਮੈਂ ਤਰਨਤਾਰਨ ਸ਼ਹਿਰ ਰਹਿੰਦਾ ਸਾਂ। ਮੈਨੂੰ ਅਗਲੇ ਦਿਨ ਸਵੇਰੇ ਪਤਾ ਲੱਗਾ। ਮੈਂ ਅੱਧਾ ਦਿਨ ਘੁੰਮ ਘੁਮਾ ਕੇ ਟੀਚਰ ਯੂਨੀਅਨ ਦੇ ਆਗੂਆਂ ਤੇ ਨਜ਼ਦੀਕੀ ਅਧਿਆਪਕਾਂ ਨੂੰ ਚੌਂਕੀ ਇਨਚਾਰਜ ਨੂੰ ਮਿਲ ਕੇ ਸੁਰਜੀਤ ਸਿੰਘ ਨੂੰ ਛਡਾਉਣ ਦਾ ਹੀਲਾ ਕੀਤਾ। ਬਾਅਦ ਦੁਪਹਿਰ ਤਿੰਨ ਕੁ ਵਜੇ 50 ਕੁ ਅਧਿਆਪਕਾਂ ਦਾ ਜਥਾ ਸੀ: ਮੀਤ ਪ੍ਰਧਾਨ ਅਰਸਾਲ ਸਿੰਘ ਸੰਧੂ ਤੇ ਦਲਜੀਤ ਸਿੰਘ ਦਿਆਲਪੁਰਾ ਦੀ ਅਗਵਾਈ ਹੇਠ ਨਾਅਰੇ ਮਾਰਦਾ ਪੁਲਿਸ ਚੌਂਕੀ ਵਿੱਚ ਦਾਖ਼ਲ ਹੋਇਆ। ਅਸੀਂ ਚੌਂਕੀ ਇਨਚਾਰਜ ਰਾਜ ਕੁਮਾਰ ਦਾ ਘਿਰਾਓ ਕੀਤਾ ਤੇ ਮਾਸਟਰ ਸੁਰਜੀਤ ਸਿੰਘ ਤੇ ਤਸ਼ੱਦਦ ਕਰਨ ਦਾ ਕਾਰਨ ਪੁੱਛਿਆ ਤਾਂ 50-60 ਬੰਦਿਆਂ 'ਚ ਘਿਰੇ ਰਾਜ ਕੁਮਾਰ ਨੂੰ ਕੋਈ ਗੱਲ ਨਾ ਆਵੇ। ਆਖ਼ਰ ਇੱਕ ਹੰਢੇ-ਵਰਤੇ ਹਵਾਲਦਾਰ ਨੇ ਗੱਲ ਤੋਰਦਿਆਂ ਕਿਹਾ,

"ਜਨਾਬ! ਜੇ ਆਗਿਆ ਹੋਵੇ ਤਾਂ ਮੈਂ ਗੱਲ ਕਰਾਂ।"

ਸਾਹਬ ਦਾ ਇਸ਼ਾਰਾ ਮਿਲਣ ਤੇ ਉਹ ਬੋਲਿਆ, "ਦਰ-ਅਸਲ ਮਾਸਟਰ ਜੀ ਸਾਡੇ ਤੋਂ ਗਲਤੀ ਹੋ ਗਈ, ਕਿਸੇ ਗਲਤਫ਼ਹਿਮੀ ਹੇਠ ਕਾਰਵਾਈ ਹੋ ਗੀ, ਇਹਨਾਂ ਦੀ ਤਰਫ਼ੋਂ ਮੈਂ ਮੁਆਫ਼ੀ ਮੰਗਦਾਂ।"

ਗੱਲ ਇਸ ਸ਼ਰਤ ਤੇ ਮੁੱਕੀ ਕਿ ਅੱਗੇ ਤੋਂ ਕਿਸੇ ਅਧਿਆਪਕ ਤੇ ਕੋਈ ਸ਼ੱਕ-ਸ਼ੁਬਾਹ ਹੋਵੇ ਤਾਂ ਗੌਰਮਿੰਟ ਟੀਚਰ ਯੂਨੀਅਨ ਨੂੰ ਭਰੋਸੇ ਵਿੱਚ ਲਿਆ ਜਾਵੇਗਾ।

ਇਹਨਾਂ ਹੀ ਦਿਨਾਂ ਦੌਰਾਨ ਮੈਨੂੰ ਵੀ ਰਮਦਾਸ ਥਾਣੇ ਦੀ ਹਵਾਲਾਤ ਵਿੱਚ ਇਕ ਰਾਤ ਕੱਟਣੀ ਪਈ। ਮੇਰੇ ਸਾਲ਼ੇ ਪਿੰਡ (ਗੌਰੇਨੰਗਲ ਤਹਿਸੀਲ ਅਜਨਾਲ਼ਾ) 'ਚੋਂ ਦੁੱਧ ਖ਼ਰੀਦ ਕੇ ਅੰਮ੍ਰਿਤਸਰ ਸ਼ਹਿਰ ਵੇਚਣ ਆਉਂਦੇ ਹੁੰਦੇ ਸਨ। ਜਦੋਂ ਕਦੇ ਵਿਹਲ ਮਿਲਦਾ ਤਾਂ ਉਹ ਦਰਬਾਰ ਸਾਹਿਬ ਚਲੇ ਜਾਂਦੇ ਤੇ ਸੰਤ ਭਿੰਡਰਾਂਵਾਲ਼ੇ ਦੀਆਂ ਤਕਰੀਰਾਂ ਸੁਣਦੇ। ਉਸ ਦੇ ਪ੍ਰਭਾਵ ਕਾਰਨ ਦੋਹਾਂ ਚੋਂ ਇੱਕ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਆਗੂ ਬਣ ਗਿਆ ਤੇ ਦੂਜੇ ਦਾ ਸਬੰਧ ਹੋਰ ਗਰਮਦਲ਼ੀਆਂ ਨਾਲ਼ ਜੁੜ ਗਿਆ। ਲੋਕਲ ਪੁਲਿਸ ਨੇ ਘਰ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਤਾਂ ਉਹ ਘਰੋਂ ਅਗਾਂਹ-ਪਿਛਾਂਹ ਹੋ ਗਏ। ਸ੍ਰੀ ਇਜ਼ਹਾਰ ਆਲਮ ਜਦੋਂ ਅੰਮ੍ਰਿਤਸਰ ਦਾ ਐਸ.ਐਸ.ਪੀ. ਬਣ ਕੇ ਆਇਆ ਤਾਂ ਉਹਨੇ ਭਗੌੜੇ ਮੁੰਡਿਆਂ ਦੇ ਨੇੜਲੇ ਰਿਸ਼ਤੇਦਾਰਾਂ ਨੂੰ ਥਾਣੇ ਸੱਦ ਕੇ ਮੁੰਡਿਆਂ ਨੂੰ ਪੇਸ਼ ਕਰਾਉਣ ਦੀ



Scanned with OKEN Scanner

ਰਣਨੀਤੀ ਵਰਤੀ। ਇਸ ਨੀਤੀ ਤਹਿਤ ਰਮਦਾਸ ਥਾਣੇ ਦੀ ਇਕ ਪੁਲਿਸ-ਟੁਕੜੀ ਮੇਰੇ ਕੋਲ਼ ਪਹੁੰਚੀ ਤੇ ਥਾਣੇ ਚੱਲਣ ਲਈ ਕਿਹਾ। ਚਾਚੇ ਹਰਨਾਮ ਸਿੰਹੁ ਨੇ ਕੁਝ ਦੇ-ਦਿਵਾ ਕੇ ਗੱਲ ਨਿਬੇੜਨ ਦੀ ਸਲਾਹ ਦਿੱਤੀ ਪਰ ਮੈਂ ਨਾਂਹ ਕਰ ਦਿੱਤੀ ਤੇ ਪੁਲਿਸ ਵਾਲਿਆਂ ਨਾਲ ਤੁਰ ਪਿਆ। ਦੇਰ ਸ਼ਾਮ ਨੂੰ ਥਾਣੇ ਪਹੁੰਚ ਕੇ ਥਾਣੇਦਾਰ ਸ਼ਰਮੇ ਨੂੰ ਸਪੱਸ਼ਟ ਕੀਤਾ ਕਿ ਉਹ ਮੇਰੇ ਰਿਸ਼ਤੇਦਾਰ ਹਨ ਪਰ ਮੇਰੇ ਉਹਨਾਂ ਨਾਲ਼ ਵਿਚਾਰਧਾਰਿਕ ਮੱਤਭੇਦ ਹਨ। ਇਸ ਕਾਰਨ ਉਹ ਮੇਰੇ ਕੋਲ ਹੁਣ ਨਹੀਂ ਆਉਂਦੇ। ਖ਼ੈਰ ਰਾਤ ਸੁੱਖ-ਸੁਖਾਂ ਦੀ ਲੰਘ ਗਈ ਤੇ ਪੁਲਿਸ ਨੇ ਮੈਨੂੰ ਤੇ ਮੇਰੇ ਸਾਂਢੂ ਨੂੰ ਜੋ ਮੇਰੇ ਨਾਲ ਸੀ, ਕੁਝ ਨਾ ਆਖਿਆ। ਅਗਲੀ ਸਵੇਰੇ ਨੌਂ ਸਾਢੇ ਨੌਂ ਵਜੇ ਗੌਰਮਿੰਟ ਟੀਚਰਜ਼ ਯੂਨੀਅਨ ਦਾ 10-15 ਮੈਂਬਰਾਂ ਦਾ ਜਥਾ ਸਾ: ਸੁੱਚਾ ਸਿੰਘ, ਦਲਜੀਤ ਸਿੰਘ ਦਿਆਲਪੁਰਾ ਤੇ ਧਰਮ ਸਿੰਘ ਪੱਟੀ ਦੀ ਅਗਵਾਈ ਹੇਠ ਥਾਣੇਦਾਰ ਨੂੰ ਮਿਲਿਆ ਤੇ ਸਾਡੀ ਖ਼ਲਾਸੀ ਹੋਈ। ਪਰ ਉਹਨਾਂ ਦੋਹਾਂ ਮੁੰਡਿਆਂ ਨੂੰ ਪੁਲਿਸ ਨੇ ਘਰ ਛੱਡਣ ਲਈ ਮਜ਼ਬੂਰ ਕਰ ਦਿੱਤਾ। ਉਹਨਾਂ ਦਾ ਥਹੁ-ਪਤਾ ਪੁੱਛਣ ਲਈ ਮੇਰੇ ਬਜ਼ੁਰਗ ਸਹੁਰਾ ਸਾਹਿਬ ਕਾਮਰੇਡ ਮੋਤਾ ਸਿੰਘ ਗੌਰੇਨੰਗਲ ਨੂੰ ਮਾਲ ਮੰਡੀ ਅੰਮ੍ਰਿਤਸਰ ਵਾਲ਼ੇ ਤਸੀਹਾ ਕੇਂਦਰ ਵਿੱਚ ਬੇਤਹਾਸ਼ਾ ਕੁੱਟ-ਮਾਰ ਅਤੇ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ। ਇਸ ਤਰ੍ਹਾਂ ਦੀਆਂ ਘਟਨਾਵਾਂ ਰਾਹੀਂ ਪਤਾ ਨਹੀਂ ਕਿੰਨੇ ਲੋਕਾਂ ਦਾ ਘਰ ਤੇ ਪੈਸਾ ਸੁਰੱਖਿਆ ਫੋਰਸਾਂ ਨੇ ਲੁੱਟਿਆ ਹੋਵੇ, ਜਿਹਨਾਂ ਕੋਲ ਉਸ ਵੇਲੇ ਕੋਈ ਜਮਹੂਰੀ ਜਥੇਬੰਦੀ ਨਹੀਂ ਸੀ।

ਲੰਮੇਂ ਸਮੇਂ ਦੇ ਗਵਰਨਰੀ ਰਾਜ ਤੋਂ ਬਾਅਦ ਚੋਣ ਕਮਿਸ਼ਨ ਨੇ 1992 ਵਿੱਚ ਕੇਂਦਰ ਦੀ ਪੀ. ਵੀ. ਨਰਸਿਮਹਾ ਰਾਓ ਦੀ ਸਰਕਾਰ ਦੀ ਸਲਾਹ ਤੇ ਸੂਬੇ ਵਿੱਚ ਚੋਣਾਂ ਦਾ ਐਲਾਨ ਕਰ ਦਿੱਤਾ। ਅਕਾਲੀ ਦਲ ਦੇ ਵੱਖ ਵੱਖ ਧੜਿਆਂ ਨੇ ਸਮੇਤ ਹਥਿਆਰ-ਬੰਦ ਸਿੱਖ ਜਥੇਬੰਦੀਆਂ ਦੇ ਚੋਣਾਂ ਦਾ ਬਾਈਕਾਟ ਕੀਤਾ। ਦਹਿਸ਼ਤ ਦੇ ਸਾਏ ਹੇਠ ਚੋਣ ਹੋਈ ਤਾਂ ਕੁੱਲ ਵੋਟਾਂ ਦਾ 15-20 ਕੁ ਫ਼ੀਸਦੀ ਵੋਟਾਂ ਲੈ ਕੇ ਕਾਂਗਰਸ ਦੀ ਸਰਕਾਰ ਬਣ ਗਈ। ਸ੍ਰ. ਬੇਅੰਤ ਸਿੰਘ ਨੂੰ ਮੁੱਖ ਮੰਤਰੀ ਬਣਾਇਆ ਗਿਆ। ਬੇਅੰਤ ਸਿੰਘ ਦੀ ਸਰਕਾਰ ਨੇ ਪੰਜਾਬ ਦੇ ਡੀ ਜੀ ਪੀ ਕੇ.ਪੀ.ਐੱਸ. ਗਿੱਲ ਰਾਹੀਂ ਗੋਲ਼ੀ ਦਾ ਜਵਾਬ ਗੋਲ਼ੀ ਵਾਲ਼ੀ ਨੀਤੀ ਅਪਨਾ ਕੇ ਇਸ ਵੱਖਵਾਦੀ ਲਹਿਰ ਤੇ 1995 ਤੱਕ ਕਾਫੀ ਹੱਦ ਤੱਕ ਕਾਬੂ ਪਾ ਲਿਆ। ਹਥਿਆਰ-ਬੰਦ ਨੌਜਵਾਨਾਂ ਵੱਲੋਂ ਕੀਤੀ ਗਈ ਬਦਲਾ-ਲਊ ਕਾਰਵਾਈ ਅਧੀਨ 31 ਅਗਸਤ 1995 ਨੂੰ ਇਕ ਬੰਬ ਧਮਾਕੇ ਵਿੱਚ ਬੇਅੰਤ ਸਿੰਘ ਦਾ ਕਤਲ ਹੋ ਗਿਆ। ਪਰ ਵਧ ਰਹੇ ਪੁਲਿਸ ਦੇ ਦਬਾਅ ਤੇ ਸਰਕਾਰੀ ਜਬਰ ਕਾਰਨ ਵੱਖਵਾਦੀਆਂ ਦੇ ਪੈਰ ਉੱਖੜ ਗਏ। ਉਹਨਾਂ ਚੋਂ ਕੁਝ ਰੂਪੋਸ਼ ਹੋ ਕੇ ਆਪੋ ਆਪਣੇ ਕਾਰੋਬਾਰ ਵਿੱਚ ਲੱਗ ਗਏ ਤੇ ਕੁਝ ਵਿਦੇਸ਼ਾਂ 'ਚ ਜਾ ਬੈਠੇ। ਵੱਖਰੇ ਸਿੱਖ ਰਾਜ ਦੀ ਲੜਾਈ ਵਿੱਚ ਪੰਜਾਬ ਦੇ ਹਜ਼ਾਰਾਂ ਬੇਦੋਸ਼ੇ ਨੌਜਵਾਨ, ਹਥਿਆਰਬੰਦ ਭਾਰਤੀ ਸੁਰੱਖਿਆ ਫੋਰਸਾਂ ਦੀ ਜ਼ਿਆਦਤੀ ਦਾ ਸ਼ਿਕਾਰ ਹੋ ਕੇ ਜਾਨ ਤੋਂ ਹੱਥ ਧੋ ਬੈਠੇ। ਹਥਿਆਰ-ਬੰਦ ਟੋਲਿਆਂ ਵੱਲੋਂ ਵੀ ਹਜ਼ਾਰਾਂ ਬੇਦੋਸ਼ੇ ਹਿੰਦੂ-ਸਿੱਖਾਂ, ਪੁਲਿਸ-ਕਰਮੀਆਂ ਤੇ



Scanned with OKEN Scanner

ਰਾਜਨੀਤਿਕ ਵਿਰੋਧੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਦਹਿਸ਼ਤ ਦੇ ਇਸ ਦੌਰ ਵਿੱਚ ਅਨੇਕਾਂ ਸਨਅਤਕਾਰ ਆਪਣਾ ਡੇਰਾ-ਡੰਡਾ ਚੁੱਕ ਕੇ, ਪੰਜਾਬ ਛੱਡ ਕੇ ਦਿੱਲੀ-ਦੱਖਣ ਨੂੰ ਤੁਰ ਗਏ।

ਇਸ ਕਾਲ਼ੇ ਦੌਰ ਵਿੱਚ ਪੰਜਾਬੀਆਂ ਨੇ ਜਿਵੇਂ ਗਿਣ ਗਿਣ ਕੇ ਦਿਨ ਲੰਘਾਏ, ਉਹਦਾ ਚੇਤਾ ਕਰਕੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਪੰਜਾਬੀ ਨੌਜਵਾਨਾਂ ਦੀ ਇੱਕ ਪੀੜ੍ਹੀ ਸਰਕਾਰੀ ਜਾਂ ਗੈਰ-ਸਰਕਾਰੀ ਦਹਿਸ਼ਤ ਦਾ ਸ਼ਿਕਾਰ ਹੋ ਗਈ ਤੇ ਦੂਸਰੀ ਪੀੜ੍ਹੀ ਨਸ਼ਿਆਂ ਦੇ ਸਮੁੰਦਰ ਵਿੱਚ ਗਰਕ ਗਈ ਹੈ ਤੇ ਤੀਸਰੀ ਪੀੜ੍ਹੀ ਹੁਣ ਵਿਦੇਸ਼ਾਂ ਵੱਲ ਮੂੰਹ ਕਰੀ ਬੈਠੀ ਹੈ। ਪੰਜਾਬ ਖਾਲੀ ਹੋਈ ਜਾ ਰਿਹਾ ਹੈ। ਜਿਹਨਾਂ ਨੇ ਉਹ ਦੌਰ ਨਹੀਂ ਵੇਖਿਆ ਉਹਨਾਂ ਨੂੰ ਸ਼ਾਇਦ ਵੱਖਰੇ ਦੇਸ਼ ਦੇ ਨਾਹਰੇ ਹੁਣ ਵੀ ਲੁਭਾਵਣੇ ਜਾਪਦੇ ਹੋਣਗੇ ਪਰ ਜਿਹਨਾਂ ਨੇ ਉਸ ਕਾਲ਼ੇ ਦੌਰ ਦੀ ਪੀੜ ਆਪਣੇ ਪਿੰਡੇ ਤੇ ਹੰਢਾਈ ਹੈ ਉਹ ਤਾਂ ਇਹੀ ਸੁੱਖ ਮੰਗਦੇ ਹਨ ਕਿ ਪੰਜਾਬ ਤੇ ਮੁੜ ਓਹੋ ਜਿਹਾ ਘਾਤਕ ਸਮਾਂ ਫਿਰ ਕਦੇ ਨਾ ਆਵੇ।

❐



Scanned with OKEN Scanner

# ਪਿੰਡ ਦੇ ਧਾਰਮਿਕ ਅਸਥਾਨ

ਪਿੰਡ ਵਿੱਚ ਜਾਂ ਪਿੰਡ ਦੀ ਜੂਹ ਵਿੱਚ ਜਿਹੜੇ ਧਾਰਮਿਕ ਸਥਾਨ ਸਥਿੱਤ ਹਨ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :-

### 1. ਗੁਰਦੁਆਰਾ ਬਾਬਾ ਜੋਗੀ ਪੀਰ ਜੀ

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਪਿੰਡ ਦੇ ਬਾਹਰ ਵਾਰ ਦੱਖਣ-ਪੱਛਮ ਵੱਲ ਬਾਬਾ ਜੋਗੀ ਪੀਰ ਦਾ ਗੁਰਦੁਆਰਾ ਬਣਿਆ ਹੋਇਆ ਹੈ। ਕਈ ਸਾਲ ਪਹਿਲਾਂ ਤਾਂ ਇਹ ਧਾਰਮਿਕ ਸਥਾਨ ਛੋਟਾ ਜਿਹਾ ਸੀ ਪਰ ਪਿਛਲੇ ਕੁਝ ਸਾਲਾਂ ਤੋਂ ਪ੍ਰਬੰਧਕੀ ਕਮੇਟੀ ਨੇ ਗੁਰਦੁਆਰੇ ਦੀ ਵਿਸ਼ਾਲ ਇਮਾਰਤ ਤੇ ਖੁੱਲ੍ਹਾ ਲੰਗਰ ਹਾਲ ਬਣਾ ਕੇ ਇਹਦੀ ਦਿੱਖ ਨੂੰ ਹੋਰ ਸ਼ਿੰਗਾਰਿਆ ਹੈ। ਇਸ ਧਾਰਮਿਕ ਸਥਾਨ ਦੇ ਨਾਂ ਤੇ ਕੁਝ ਜ਼ਮੀਨ ਵੀ ਹੈ ਜਿਸ ਦੀ ਆਮਦਨ ਪਹਿਲਾਂ ਗ੍ਰੰਥੀ ਸਿੰਘ ਆਪਣੀਆਂ ਪਰਿਵਾਰਿਕ ਲੋੜਾਂ ਲਈ ਕਰਦਾ ਸੀ। ਸਾਡੀ ਸੰਭਾਲ ਵਿੱਚ ਗੁਰਦੁਆਰੇ ਦੀ ਸੇਵਾ ਬਾਬਾ ਅੱਛਰ ਸਿੰਘ ਜੀ ਕਰਦੇ ਸਨ। ਉਹਨਾਂ ਦੇ ਅਕਾਲ ਚਲਾਣੇ ਤੋਂ ਬਾਅਦ ਗੁਰਦੁਆਰੇ ਦੀ ਸੇਵਾ ਦਾ ਕਾਰਜ ਉਹਨਾਂ ਦੇ ਬੇਟੇ ਬਾਬਾ ਬਲਵਿੰਦਰ ਸਿੰਘ ਨੇ ਸੰਭਾਲ ਲਿਆ। ਬਾਬਾ ਬਲਵਿੰਦਰ ਸਿੰਘ ਤੱਕ ਤਾਂ ਗੁਰਦੁਆਰੇ ਦਾ ਪ੍ਰਬੰਧ ਕੁਝ ਠੀਕ ਚੱਲਦਾ ਰਿਹਾ ਪਰ ਉਸ ਤੋਂ ਬਾਅਦ ਦੇ ਸੇਵਾਦਾਰਾਂ ਵਿੱਚ ਕੁਝ ਕਮੀਆਂ ਆ ਜਾਣ ਕਾਰਨ ਗੁਰਦੁਆਰੇ ਦਾ ਪ੍ਰਬੰਧ ਵਿਗੜਨ ਲੱਗਾ। ਵਿਗੜਦੀ ਦਸ਼ਾ ਨੂੰ ਵੇਖਦਿਆਂ ਪਿੰਡ ਦੇ ਕੁਝ ਸਿਆਣੇ ਲੋਕਾਂ ਨੇ ਗੁਰਦੁਆਰਾ ਬਾਬਾ ਜੋਗੀ ਪੀਰ ਪ੍ਰਬੰਧਕੀ ਕਮੇਟੀ ਬਣਾ ਕੇ ਸਾਰਾ ਪ੍ਰਬੰਧ ਇਸ ਕਮੇਟੀ ਨੂੰ ਸੌਂਪ ਦਿੱਤਾ ਹੈ। ਇਹ ਕਮੇਟੀ ਰਜਿਸਟਰਡ ਹੈ। ਇਸ ਕਮੇਟੀ ਨੇ ਗੁਰਦੁਆਰਾ ਪ੍ਰਬੰਧ ਵਿੱਚ ਬਹੁਤ ਸੁਧਾਰ ਕੀਤਾ ਹੈ। ਸਿੱਟੇ ਵਜੋਂ ਗੁਰਦੁਆਰੇ ਦੀ ਮਾਨਤਾ ਹੋਰ ਵਧ ਗਈ ਹੈ।

ਹਰ ਰੋਜ਼ ਸੈਂਕੜੇ ਸ਼ਰਧਾਲੂ ਤੜਕੇ ਤੋਂ ਗੁਰਦੁਆਰੇ ਜਾਣ ਲੱਗ ਪਏ ਹਨ। ਬਹੁਤੇ ਲੋਕ ਆਪਣੇ ਧਾਰਮਿਕ ਪ੍ਰੋਗਰਾਮ ਗੁਰਦੁਆਰੇ ਵਿਚ ਕਰਨ ਲੱਗ ਪਏ ਹਨ। ਪਿੰਡ ਦੇ ਲੋਕਾਂ ਵੱਲੋਂ ਜਨਮ, ਵਿਆਹ ਜਾਂ ਕਿਸੇ ਪਰਿਵਾਰਿਕ ਮੈਂਬਰ ਦੀ ਮੌਤ ਉਪ੍ਰੰਤ ਅਖੰਡਪਾਠ ਦੇ ਭੋਗ ਗੁਰਦੁਆਰੇ ਅੰਦਰ ਪਾਏ ਜਾਣ ਲੱਗ ਪਏ ਹਨ। ਇਸ ਨਾਲ ਪੈਲਸਾਂ ਵਿੱਚ ਮਰਗ ਦੇ ਭੋਗਾਂ ਤੇ ਵੀ ਵੰਨ-ਸੁਵੰਨੇ ਖਾਣੇ ਬਣਾਉਣ ਦੇ ਖ਼ਰਚੀਲੇ ਤੇ ਕਰਜ਼ਾਈ ਕਰਨ ਵਾਲੇ ਸਿਸਟਮ



Scanned with OKEN Scanner

ਤੋਂ ਛੁਟਕਾਰਾ ਮਿਲ ਜਾਵੇਗਾ। ਪ੍ਰਬੰਧਕ ਕਮੇਟੀ ਨੇ ਗੁਰਦੁਆਰੇ ਨਾਲ ਲੋੜੀਂਦੀਆਂ ਹੋਰ ਇਮਾਰਤਾਂ ਜਿਵੇਂ ਲੰਗਰ-ਹਾਲ, ਦੀਵਾਨ-ਹਾਲ, ਸਰੋਵਰ ਦੀ ਸੇਵਾ, ਪ੍ਰਦੱਖਣਾ ਤੇ ਦਰਸ਼ਨੀ ਡਿਓਢੀ ਦੀ ਉਸਾਰੀ ਕਰਕੇ ਵਧੀਆ ਦਿੱਖ ਪ੍ਰਦਾਨ ਕੀਤੀ ਹੈ। ਗੁਰਦੁਆਰੇ ਅੰਦਰ ਵਧੇਰੇ ਅਖੰਡਪਾਠਾਂ ਲਈ ਇੱਕ ਗੁਰੂ ਗ੍ਰੰਥ ਸਾਹਿਬ ਭਵਨ ਤੇ ਬਾਹਰ ਇੱਕ ਪਾਰਕ ਦੀ ਉਸਾਰੀ ਵੀ ਕੀਤੀ ਗਈ ਹੈ। ਸੰਗਤ ਦੇ ਵੱਡੇ ਇਕੱਠ ਲਈ ਪੰਡਾਲ ਵਾਸਤੇ 150 ਯ 80 ਫੁੱਟ ਦਾ ਇੱਕ ਨਵਾਂ ਵਿਸ਼ਾਲ ਸ਼ੈੱਡ ਬਣਾਇਆ ਜਾ ਰਿਹਾ ਹੈ। ਗੁਰਦੁਆਰੇ ਨਾਲ ਲਗਦੀ ਨੀਂਵੀਂ ਜ਼ਮੀਨ ਵਿੱਚ ਭਰਤੀ ਪਾ ਕੇ ਪੱਧਰ ਕੀਤਾ ਗਿਆ ਹੈ ਅਤੇ ਰਸਤਿਆਂ ਨੂੰ ਇੱਟਾਂ ਨਾਲ ਪੱਕਾ ਕੀਤਾ ਗਿਆ ਹੈ। ਗੋਲਕ ਦੀ ਮਾਇਆ ਕਮੇਟੀ ਮੈਂਬਰਾਂ ਦੀ ਹਾਜ਼ਰੀ ਵਿੱਚ ਗਿਣੀ ਜਾਂਦੀ ਹੈ ਅਤੇ ਗੁਰਦੁਆਰੇ ਦੀ ਆਮਦਨ-ਖ਼ਰਚ ਦਾ ਰਜਿਸਟਰ ਤੇ ਬਾਕਾਇਦਾ ਹਿਸਾਬ-ਕਿਤਾਬ ਰੱਖਿਆ ਜਾਂਦਾ ਹੈ। ਗੁਰਦੁਆਰਾ ਕਮੇਟੀ ਵੱਲੋਂ ਕੀਤੀ ਉਕਤ ਸੇਵਾ ਕਾਰਨ ਲੋਕਾਂ ਦਾ ਕਮੇਟੀ ਦੇ ਪ੍ਰਬੰਧ ਵਿੱਚ ਭਰੋਸਾ ਵਧਿਆ ਹੈ ਤੇ ਗੁਰਦੁਆਰੇ ਦੀ ਆਮਦਨ ਕਈ ਗੁਣਾ ਵਧ ਗਈ ਹੈ। ਪਿੰਡ ਦੇ ਬਾਹਰ ਵਿਦੇਸ਼ਾਂ 'ਚ ਰਹਿੰਦੇ ਨੌਜਵਾਨ ਤੇ ਸਥਾਨਕ ਪਿੰਡ ਵਾਸੀ ਦਿਲ ਖੋਲ੍ਹ ਕੇ ਕਮੇਟੀ ਨੂੰ ਮਾਇਕ ਯੋਗਦਾਨ ਦੇ ਰਹੇ ਹਨ। ਇਸ ਕਮੇਟੀ ਦੇ ਮੈਂਬਰ ਹੇਠ ਲਿਖੇ ਅਨੁਸਾਰ ਹਨ :-

1. ਸ੍ਰ. ਆਤਮਾ ਸਿੰਘ ਬਾਰ ਵਾਲ਼ਾ ਪ੍ਰਧਾਨ
2. ਸ੍ਰ. ਅਜਾਇਬ ਸਿੰਘ (ਬੌਰੀਆ) ਉੱਪ ਪ੍ਰਧਾਨ
3. ਸ੍ਰ. ਪਲਵਿੰਦਰ ਸਿੰਘ ਪਿੰਕਾ ਖ਼ਜ਼ਾਨਚੀ
4. ਸ੍ਰ. ਸਤਨਾਮ ਸਿੰਘ ਸ਼ਾਹ ਮੈਂਬਰ
5. ਸ੍ਰ. ਕੁਲਦੀਪ ਸਿੰਘ (ਦਸੀਂਹ) ਮੈਂਬਰ
6. ਭੁਪਿੰਦਰ ਸਿੰਘ (ਖ਼ੋਰੀਫੂਕਾਂ ਚੋਂ) ਮੈਂਬਰ
7. ਅਮਰਜੀਤ ਸਿੰਘ (ਕਨੂਰੀ) ਮੈਂਬਰ
8. ਸ੍ਰ. ਨਰਿੰਦਰ ਸਿੰਘ ਮੱਢੂ ਮੈਂਬਰ
9. ਸ੍ਰ. ਸਤਨਾਮ ਸਿੰਘ (ਜਲੌਅ) ਮੈਂਬਰ
10. ਸ੍ਰ. ਦਰਸ਼ਨ ਸਿੰਘ (ਰਾਜੇ) ਮੈਂਬਰ (ਸਵਰਗਵਾਸ ਹੋ ਗਿਆ)

ਗੁਰਦੁਆਰੇ ਦੀ ਜ਼ਮੀਨ ਵਿੱਚ ਹੀ ਪਹਿਲਾਂ ਇੱਕ ਸੰਘਣਾ ਜੰਗਲ ਹੁੰਦਾ ਸੀ ਜਿਸ ਦਾ ਰਕਬਾ ਹੁਣ ਕੁਝ ਘਟ ਗਿਆ ਲਗਦਾ ਹੈ। ਇਸ ਜੰਗਲ ਵਿੱਚ ਕਈ ਪ੍ਰਕਾਰ ਦੇ ਵਣ-ਜੀਵ ਤੇ ਪੰਛੀ ਹੁੰਦੇ ਸਨ। ਮੋਰ-ਮੋਰਨੀਆਂ ਤਾਂ ਆਮ ਹੀ ਵੇਖੇ ਜਾਂਦੇ ਸਨ ਜੋ ਅੱਸੂ-ਕੱਤਕ ਦੇ ਦਿਨੀਂ ਬਾਹਰ ਦੂਰ ਤੱਕ ਖੇਤਾਂ ਵਿੱਚ ਖੜੀਆਂ ਫ਼ਸਲਾਂ ਵਿੱਚ ਵੀ ਚਲੇ ਜਾਂਦੇ ਸਨ। ਬੱਚੇ ਮੋਰਾਂ ਨੂੰ ਪੈਲਾਂ ਪਾਉਂਦੇ ਵੇਖਣ ਤੇ ਮੋਰ-ਪੰਖ ਇਕੱਠੇ ਕਰਨ ਲਈ ਜੰਗਲ ਵੱਲ ਚਲੇ ਜਾਂਦੇ ਸਨ। ਹੁਣ ਵਣ/ਜੰਗਲ ਤਾਂ ਹੈ ਪਰ ਮੋਰ ਘੱਟ ਦਿਖਾਈ ਦੇਂਦੇ ਹਨ। ਗੁਰਦੁਆਰਾ ਕਮੇਟੀ



Scanned with OKEN Scanner

ਵੱਲੋਂ ਇਸ ਜੰਗਲ ਨੂੰ ਸੰਘਣਾ ਕਰਨ ਲਈ ਇਸ ਸਾਲ ਹੋਰ ਪੌਦੇ ਲਾਏ ਗਏ ਹਨ। ਪਿੰਡ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਜਿਹੜਾ ਇਸ ਜੰਗਲ ਚੋਂ ਲੱਕੜੀ ਕੱਟਦਾ ਹੈ ਉਸ ਦਾ ਲਾਜ਼ਮੀ ਤੌਰ ਤੇ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੁੰਦਾ ਹੈ। ਇਸ ਕਾਰਨ ਕੋਈ ਬੰਦਾ ਇੱਥੋਂ ਲੱਕੜ ਨਹੀਂ ਵੱਢਦਾ। ਪਿੰਡ ਦੇ ਲੋਕਾਂ ਵਿੱਚ ਕਈ ਸਾਲ ਪਹਿਲਾਂ ਇਹ ਮਨੌਤ ਵੀ ਰਹੀ ਹੈ ਕਿ ਜਿਹੜਾ ਗੁਰਦੁਆਰੇ ਦੇ ਗੁੰਬਦ ਤੋਂ ਉੱਚਾ ਚੁਬਾਰਾ ਪਾਉਂਦਾ ਹੈ, ਉਹਦਾ ਵਸੇਬਾ ਨਹੀਂ ਹੁੰਦਾ। ਪਰ ਹੁਣ ਇਸ ਮਨੌਤ ਨੂੰ ਤਰਕ-ਹੀਣ ਵਹਿਮ ਸਮਝ ਕੇ ਕੁਝ ਲੋਕਾਂ ਨੇ ਗੁਰਦੁਆਰੇ ਦੇ ਆਲ਼ੇ-ਦੁਆਲ਼ੇ ਖੇਤਾਂ ਵਿੱਚ ਦੋ-ਮੰਜ਼ਲੀਆਂ ਕੋਠੀਆਂ ਬਣਾ ਲਈਆਂ ਹਨ ਤੇ ਸੁੱਖੀ-ਸ਼ਾਂਦੀ ਵੱਸਦੇ ਹਨ।

ਸਦੀਆਂ ਤੋਂ ਲੋਕ ਬਾਬੇ ਜੋਗੀ ਪੀਰ ਨੂੰ ਆਪਣੇ ਜਠੇਰੇ ਵਜੋਂ ਪੂਜਦੇ ਆ ਰਹੇ ਹਨ। ਹਰ ਸਾਲ ਅੱਸੂ ਦੇ ਮਹੀਨੇ ਵਿੱਚ ਚੌਥੇ ਨਰਾਤੇ ਬਾਬਾ ਜੀ ਦੀ ਯਾਦ ਵਿੱਚ ਇੱਥੇ ਭਾਰੀ ਮੇਲਾ ਲਗਦਾ ਹੈ। ਇਸ ਮੇਲੇ ਦੀ ਤਿਆਰੀ ਕਈ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ। ਪੁਰਾਣੇ ਵੇਲਿਆਂ 'ਚ ਤਾਂ ਗੁਰਦੁਆਰੇ ਅੰਦਰ ਇੱਕ ਹੀ ਅਖੰਡਪਾਠ ਰੱਖਿਆ ਜਾਂਦਾ ਸੀ। ਪਰ ਹੁਣ ਸਮੇਂ ਦੇ ਗੇੜ ਨਾਲ ਇਹ ਗਿਣਤੀ ਵਧ ਗਈ ਹੈ। ਪਿੰਡ ਦੇ ਸ਼ਰਧਾਵਾਨ ਲੋਕ ਕਮੇਟੀ ਕੋਲ ਆਪੋ-ਆਪਣੀ ਸੁੱਖ ਪੂਰੀ ਕਰਾਉਣ ਜਾਂ ਪੂਰੀ ਹੋਣ ਤੇ ਸ਼ੁਕਰਾਨੇ ਵਜੋਂ ਕਈ ਦਿਨ ਪਹਿਲਾਂ ਹੀ ਅਖੰਡਪਾਠ ਬੁੱਕ ਕਰਵਾ ਦੇਂਦੇ ਹਨ। ਮੇਲੇ ਤੋਂ ਕੁਝ ਦਿਨ ਪਹਿਲਾਂ ਅਖੰਡਪਾਠਾਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਆਖ਼ਰੀ ਲੜੀ ਵਾਲੇ ਪਾਠਾਂ ਦਾ ਭੋਗ ਮੇਲੇ ਵਾਲੇ ਦਿਨ ਪਾਇਆ ਜਾਂਦਾ ਹੈ। ਸੰਪਰਦਾਇ ਬਾਬਾ ਬਿਧੀ ਚੰਦ ਜੀ ਦੇ ਮੌਜੂਦਾ ਗੱਦੀ-ਨਸ਼ੀਨ ਬਾਬਾ ਅਵਤਾਰ ਸਿੰਘ ਜੀ ਹਰ ਮੇਲੇ ਤੇ ਹਾਜ਼ਰੀ ਭਰਦੇ ਹਨ। ਉਹ ਗੁਰਦੁਆਰੇ ਵਿੱਚ ਰੱਖੇ ਅਖੰਡ ਪਾਠ ਤੋਂ ਵੱਖਰਾ ਅਖੰਡ ਪਾਠ ਆਪਣੀ ਪਾਲਕੀ ਸਾਹਿਬ ਵਾਲ਼ੀ ਗੱਡੀ ਵਿੱਚ ਰੱਖ ਕੇ ਮੇਲੇ ਦੇ ਦੂਸਰੇ ਦਿਨ ਭੋਗ ਉਪ੍ਰੰਤ ਕਥਾ-ਕੀਰਤਨ ਕਰਦੇ ਤੇ ਗਤਕੇ ਦੇ ਜੌਹਰ ਵਿਖਾਉਂਦੇ ਹਨ। ਭੋਗਾਂ ਤੋਂ ਬਾਅਦ ਦੀਵਾਨ ਸੱਜਦੇ ਹਨ ਤੇ ਢਾਡੀ ਤੇ ਕਵੀਸ਼ਰ ਸਿੱਖ ਇਤਿਹਾਸ ਬਾਰੇ ਪ੍ਰਸੰਗ ਗਾ ਕੇ ਚੰਗਾ ਰੰਗ ਬੰਨ੍ਹਦੇ ਹਨ। ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਦੀਵਾਨ ਸੁਣਦੇ ਹਨ। ਨੌਜਵਾਨ ਸਭਾ ਮਾਣੋਚਾਹਲ ਮੇਲੇ ਦੇ ਪ੍ਰਬੰਧਾਂ ਵਿੱਚ ਗੁਰਦੁਆਰਾ ਕਮੇਟੀ ਨੂੰ ਪੂਰਨ ਸਹਿਯੋਗ ਦੇਂਦੀ ਹੈ।

ਹਜ਼ਾਰਾਂ ਬੱਚੇ, ਬੁੱਢੇ, ਜਵਾਨ ਤੇ ਔਰਤਾਂ ਸ਼ਰਧਾ ਨਾਲ ਗੁਰਦੁਆਰੇ ਨਤ-ਮਸਤਕ ਹੋ ਕੇ ਗੁਰੂ-ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਹਨ। ਜਿਹੜੇ ਮਾਪਿਆਂ ਨੂੰ ਬੀਤੇ ਸਾਲ ਵਿੱਚ ਪੁੱਤਰ ਦੀ ਦਾਤ ਮਿਲੀ ਹੋਵੇ ਜਾਂ ਕਿਸੇ ਜਵਾਨ ਦੀ ਸ਼ਾਦੀ ਹੋਈ ਹੋਵੇ, ਉਹ ਗੁਰਦੁਆਰੇ ਸ਼ੱਕਰ, ਘਿਓ ਤੇ ਰੋਟੀ ਦਾ ਚੂਰਮਾ ਕੁੱਟ ਕੇ ਚੜ੍ਹਾਉਂਦੇ ਹਨ ਜਿਸ ਦਾ ਅੱਧਾ ਭਾਗ ਵਾਪਸ ਕਰਕੇ ਬਾਕੀ ਪ੍ਰਸ਼ਾਦ ਦੇ ਰੂਪ ਵਿੱਚ ਹਾਜ਼ਰ ਹੋਈ ਸੰਗਤ ਨੂੰ ਵੰਡਿਆ ਜਾਂਦਾ ਹੈ। ਗੁਰਦੁਆਰੇ ਦੇ ਨੇੜੇ ਹੀ 'ਮਾਈ ਬੁਲੰਦੀ' ਨਾਂ ਦਾ ਇੱਕ ਮਿੱਟੀ ਦਾ ਪਹਾੜੀ-ਨੁਮਾ ਢੇਰ ਹੈ।



Scanned with OKEN Scanner

ਸ਼ਰਧਾਲੂ ਇਸ ਦੇ ਨੇੜਲੇ ਟੋਭੇ ਚੋਂ ਹੱਥਾਂ ਨਾਲ ਮਿੱਟੀ ਪੁੱਟ ਕੇ ਇਸ ਪਹਾੜੀ ਤੇ ਚੜ੍ਹ ਕੇ ਇਸ ਨੂੰ ਹੋਰ ਉੱਚਾ ਕਰਦੇ ਹਨ। ਅੱਜ ਕੱਲ੍ਹ ਮੋਬਾਈਲ ਦੀ ਸਹੂਲਤ ਹੋਣ ਕਰਕੇ ਕਈ ਗੱਭਰੂ ਤੇ ਮੁਟਿਆਰਾਂ ਇਸ ਪਹਾੜੀ ਤੇ ਖੜ ਕੇ ਜਾਂ ਬੈਠ ਕੇ ਵੱਖ ਵੱਖ ਪੋਜ਼ ਬਣਾ ਕੇ ਫੋਟੋਆਂ ਵੀ ਲੈਂਦੇ ਹਨ। ਗੁਰਦੁਆਰੇ ਦੇ ਨਾਲ ਲੰਗਰ ਹਾਲ ਦੀ ਵਿਸ਼ਾਲ ਇਮਾਰਤ ਦੇ ਇਕ ਪਾਸੇ ਬਣਿਆ ਛੋਟਾ ਤਲਾਅ ਇਕ ਸੁੰਦਰ ਪਿਕਨਿਕ ਸਪੌਟ ਵਾਂਗ ਨਜ਼ਰ ਆਉਂਦਾ ਹੈ। ਥੋੜ੍ਹਾ ਹਟਵਾਂ ਦੀਵਾਨ ਅਸਥਾਨ ਹੈ ਜਿੱਥੇ ਰਾਗੀ, ਢਾਡੀ ਤੇ ਕਵੀਸ਼ਰ ਹਰਿ ਜਸ ਗਾਇਨ ਕਰਕੇ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ।

ਦੂਰੋਂ ਦੂਰੋਂ ਪਿੰਡ ਵਾਸੀਆਂ ਦੇ ਰਿਸ਼ਤੇਦਾਰ ਮੇਲਾ ਵੇਖਣ ਦੇ ਬਹਾਨੇ ਉਹਨਾਂ ਨੂੰ ਮਿਲਣ ਆਉਂਦੇ ਹਨ। ਮੇਲੇ ਤੇ ਗੁਰਦੁਆਰੇ ਦੇ ਨਾਲ ਇਕ ਪਾਸੇ ਲੰਗਰ ਹਾਲ ਦੀ ਵਿਸ਼ਾਲ ਇਮਾਰਤ ਹੈ ਅਤੇ ਦੂਜੇ ਪਾਸੇ ਬਣਿਆ ਛੋਟਾ ਜਿਹਾ ਤਲਾਅ ਇਕ ਸੁੰਦਰ ਪਿਕਨਿਕ ਸਪੌਟ ਵਾਂਗ ਨਜ਼ਰ ਆਉਂਦਾ ਹੈ। ਨੇੜੇ ਪ੍ਰਬੰਧਕਾਂ ਵੱਲੋਂ ਮੁਹੱਈਆ ਕੀਤੀ ਥਾਂ ਤੇ ਸੈਂਕੜਿਆਂ ਦੀ ਗਿਣਤੀ ਵਿੱਚ ਵੰਨ-ਸੁਵੰਨੀਆਂ ਦੁਕਾਨਾਂ ਸੱਜਦੀਆਂ ਹਨ। ਬੱਚੇ, ਗੱਭਰੂ ਤੇ ਮੁਟਿਆਰਾਂ ਇਹਨਾਂ ਦੁਕਾਨਾਂ ਤੋਂ ਆਪੋ-ਆਪਣੀ ਪਸੰਦ ਦੀਆਂ ਚੀਜ਼ਾਂ ਖ਼ਰੀਦਦੇ ਹਨ। ਬਾਰਾਂ ਵਜੇ ਤੱਕ ਮੇਲੇ ਵਿੱਚ ਏਨੀ ਭੀੜ ਹੋ ਜਾਂਦੀ ਹੈ ਕਿ ਤਿਲ ਸੁੱਟਿਆ ਭੁੰਜੇ ਨਹੀਂ ਪੈਂਦਾ। ਕੁੜੀਆਂ-ਮੁੰਡੇ ਤੇ ਬੱਚੇ ਕਈ ਕਿਸਮਾਂ ਦੇ ਪੰਘੂੜਿਆਂ ਤੇ ਝੂਟੇ ਲੈ ਕੇ ਅਨੰਦ ਮਾਣਦੇ ਹਨ। ਕਮੇਟੀ ਵੱਲੋਂ ਲੰਗਰ-ਘਰ ਵਿੱਚ ਚਾਹ-ਪਕੌੜੇ, ਦਾਲ-ਸਬਜ਼ੀ, ਖੀਰ ਤੇ ਪ੍ਰਸ਼ਾਦਿਆਂ ਨਾਲ ਜਲੇਬੀਆਂ ਦਾ ਲੰਗਰ ਵੀ ਲਾਇਆ ਜਾਂਦਾ ਹੈ। ਪੰਗਤ ਵਿੱਚ ਬੈਠ ਕੇ ਬਿਨਾਂ ਕਿਸੇ ਭਿੰਨ-ਭੇਦ ਦੇ ਸੈਂਕੜੇ ਲੋਕ ਲੰਗਰ ਦਾ ਪ੍ਰਸ਼ਾਦਾ ਛਕਦੇ ਹਨ। ਚਾਰ ਵਜੇ ਤੋਂ ਬਾਅਦ ਢੋਲ ਵੱਜਣ ਲਗਦਾ ਹੈ ਤੇ ਇੱਕ ਖੁੱਲ੍ਹੇ ਵੱਡੇ ਮੈਦਾਨ ਵਿੱਚ ਘੋਲ਼-ਕਬੱਡੀ ਦਾ ਅਖਾੜਾ ਮਘਦਾ ਹੈ। ਦੂਰ ਦੂਰ ਤੋਂ ਆਏ ਖਿਡਾਰੀ ਆਪਣੀ ਖੇਡ ਦਾ ਜ਼ੌਹਰ ਦਿਖਾਉਂਦੇ ਹਨ। ਕਮੇਟੀ ਵੱਲੋਂ ਜੇਤੂ ਖਿਡਾਰੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਪੁਰਾਣੇ ਵੇਲ਼ਿਆਂ 'ਚ ਇਨਾਮ ਦੇਣ ਦਾ ਕੰਮ ਗੁਰਦੁਆਰੇ ਦਾ ਗ੍ਰੰਥੀ ਸਿੰਘ ਹੀ ਕਰਦਾ ਸੀ ਪਰ ਹੁਣ ਇਹ ਸੇਵਾ ਗੁਰਦੁਆਰਾ ਕਮੇਟੀ ਕਰਦੀ ਹੈ। ਸੂਰਜ ਛਿਪਦੇ ਹੀ, ਘੋਲ਼-ਕਬੱਡੀ ਵੇਖ ਕੇ ਦਰਸ਼ਕ ਆਪਣੇ ਘਰਾਂ ਨੂੰ ਪਰਤ ਜਾਂਦੇ ਹਨ। ਕੁਝ ਲੋਕ ਆਪਣੇ ਘਰੀਂ ਜਾ ਕੇ ਦਾਰੂ-ਪਿਆਲਾ ਵੀ ਛਕਦੇ ਹਨ। ਅਗਲੇ ਦਿਨ ਦਾ ਮੇਲਾ ਕੇਵਲ ਬੱਚਿਆਂ ਤੇ ਔਰਤਾਂ ਲਈ ਹੁੰਦਾ ਹੈ।

## 2. ਗੁਰਦੁਆਰਾ ਸ੍ਰੀ ਅਗਾੜਾ-ਪਿਛਾੜਾ ਸਾਹਿਬ

ਪਿੰਡ ਦੀ ਪਹਾੜ ਵਾਲੀ ਬਾਹੀ, ਪਿੰਡ ਦੀ ਜੂਹ ਨੇੜੇ, ਮਾਣੋਚਾਹਲ ਤੇ ਜੀਓਬਾਲ਼ੇ ਦੇ ਵਿਚਕਾਰ ਪੈਂਦਾ ਇੱਕ ਗੁਰਦੁਆਰਾ ਅਗਾੜਾ-ਪਿਛਾੜਾ ਹੈ ਜਿੱਥੇ ਕਿਸੇ ਵੇਲੇ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਚਰਨ ਪਾਏ ਸਨ ਤੇ ਆਪਣੇ ਘੋੜੇ ਨੂੰ ਜੰਡ ਦੇ ਕਿੱਲੇ



Scanned with OKEN Scanner

ਗੱਡ ਕੇ, ਅਗਾੜੀ-ਪਿਛਾੜੀ ਰੱਸੇ ਪਾ ਕੇ ਬੰਨ੍ਹਿਆ ਸੀ। ਉਹਨਾਂ ਕਿੱਲਿਆਂ ਦੀ ਥਾਂ ਹੁਣ ਜੰਡ ਦੇ ਦਰਖ਼ਤ ਮੌਜੂਦ ਹਨ। ਗੁਰਦੁਆਰੇ ਦੇ ਪ੍ਰਬੰਧਕ ਬਾਬਾ ਬਲਬੀਰ ਸਿੰਘ ਜੀ 96 ਕਰੋੜੀ ਬੁੱਢਾ ਦਲ ਵੱਲੋਂ ਗੁਰਦੁਆਰੇ ਦੇ ਇਤਿਹਾਸ ਨੂੰ ਦਰਸਾਉਂਦਾ ਬੋਰਡ ਇਸ ਸਥਾਨ ਤੇ ਲਾਇਆ ਗਿਆ ਹੈ, ਜੋ ਦੱਸਦਾ ਹੈ ਕਿ ਇਸ ਅਸਥਾਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੱਸੇ ਚੌਧਰੀ ਨੂੰ 1 ਲੱਖ 57 ਹਜ਼ਾਰ ਰੁਪਏ ਤਰਨਤਾਰਨ ਵਾਲੀ ਜ਼ਮੀਨ ਦੇ ਅਦਾ ਕੀਤੇ। ਗੁਰੂ ਜੀ ਸੰਸਾਰਿਕ ਜੀਵਾਂ ਨੂੰ ਤਾਰਦੇ ਹੋਏ ਗੁਰੂ ਕੀ ਵਡਾਲ਼ੀ ਤੋਂ ਚੱਲ ਕੇ ਪਿੰਡ ਜੀਓਬਾਲ਼ਾ ਦੀ ਹੱਦ ਵਿੱਚ ਰੋਹੀ ਦੇ ਕੰਢੇ ਤੇ ਇੱਕ ਉੱਚੀ ਜਗਾਹ ਵੇਖ ਕੇ ਖੂਹ ਤੇ ਆ ਡੇਰਾ ਲਾਇਆ। ਖੂਹ ਤੇ ਸੰਘਣੇ ਰੁੱਖ ਦੀ ਛਾਂ ਹੇਠ ਆਪਣਾ ਘੋੜਾ ਬੰਨ੍ਹਣ ਵਾਸਤੇ ਜੰਡ ਦੇ ਕਿੱਲੇ ਗੱਡੇ ਤੇ ਘੋੜੇ ਦੇ ਪੈਰਾਂ ਨੂੰ ਅਗਾੜੀ ਪਿਛਾੜੀ ਰੱਸੇ ਪਾ ਕੇ ਬੰਨ੍ਹਿਆ। ਉਹ ਕਿੱਲੇ ਬਾਅਦ 'ਚ ਹਰੇ ਹੋ ਕੇ ਰੁੱਖ ਬਣ ਗਏ ਜੋ ਅੱਜ ਵੀ ਮੌਜੂਦ ਹਨ। ਉਸ ਵੇਲ਼ੇ ਬ੍ਰਹਮ-ਗਿਆਨੀ ਬਾਬਾ ਬੁੱਢਾ ਜੀ ਤੇ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਵੀ ਉਹਨਾਂ ਦੇ ਨਾਲ ਸਨ।

ਦੂਜੇ ਪਾਸੇ ਇਹ ਵੀ ਵੀਚਾਰਨ-ਯੋਗ ਹੈ ਕਿ ਤਰਨਤਾਰਨ ਨਗਰ ਵਾਸਤੇ ਜ਼ਮੀਨ ਖ਼ਰੀਦਣ ਬਾਰੇ ਇਤਿਹਾਸਕਾਰਾਂ ਦੇ ਵਿਚਾਰ ਵੱਖ ਵੱਖ ਹਨ। 'ਜੀਵਨ ਗਾਥਾ ਸ੍ਰੀ ਗੁਰੂ ਅਰਜਨ ਦੇਵ ਜੀ' ਪੁਸਤਕ ਦਾ ਲੇਖਕ ਚਰਨ ਸਿੰਘ ਐਮ.ਏ. (ਭੋਰਛੀ) ਲਿਖਦਾ ਹੈ ਕਿ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਰਾਹੀਂ ਪਤਾ ਕਰਕੇ ਇਹ ਜ਼ਮੀਨ ਜੋ ਤਿੰਨ ਪਿੰਡਾਂ ਪਲਾਸੌਰ, ਨੂਰਦੀ ਤੇ ਖਾਰਾ ਦੀ ਸ਼ਾਮਲਾਤ ਸੀ, ਦੇ ਚੌਧਰੀਆਂ ਤੋਂ ਮੁੱਲ ਖ਼ਰੀਦੀ। ਗਿ: ਗਿਆਨ ਸਿੰਘ ਅਨੁਸਾਰ ਇਸ ਜ਼ਮੀਨ ਦੀ ਵਿਰਾਸਤ ਜਾਂ ਮਸਨਦ ਅਕਬਰ ਬਾਦਸ਼ਾਹ ਨੇ ਗੁਰੂ ਜੀ ਦੇ ਨਾਂ ਲਿਖ ਦਿੱਤੀ ਸੀ ਪਰ ਗੁਰੂ ਜੀ ਨੇ ਜ਼ਮੀਨ ਮੁਫ਼ਤ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਇਸ ਦਾ ਮੁੱਲ 1,57,000 ਰੁ: ਤਾਰਿਆ। ਇਹ ਵੀ ਦਰਜ਼ ਹੈ ਕਿ ਇਸ ਜ਼ਮੀਨ ਦਾ ਸਰਕਾਰੀ ਪਟਾ ਫ਼ਤਿਆਂਬਾਦ ਦੇ ਹਾਕਮ ਦੀ ਮੌਜੂਦਗੀ ਵਿੱਚ ਲਿਖਿਆ ਗਿਆ। ਸਰੂਪ ਸਿੰਘ ਨਾਰੰਗ ਦੀ ਲਿਖੀ ਪੁਸਤਕ 'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਹੀਦੀ ਸਤਾਬਦੀ' ਵਿੱਚ ਲਿਖਿਆ ਹੈ ਕਿ ਇਸ ਕਾਰਜ ਲਈ ਲੋੜੀਂਦੀ ਭੋਂ ਭਾਈ ਲੰਗਾਹ ਢਿੱਲੋਂ ਨੇ ਪਲਾਸੌਰ ਦੇ ਚੌਧਰੀ ਮੱਸੇ ਰੰਘੜ ਤੋਂ ਮੁੱਲ ਲੈ ਕੇ ਗੁਰੂ ਜੀ ਨੂੰ ਭੇਟ ਕੀਤੀ। ਮੁੱਕਦੀ ਗੱਲ ਇਹ ਹੈ ਕਿ ਅੰਮ੍ਰਿਤਸਰ ਤੋਂ ਬਾਅਦ ਮਾਝੇ ਦੇ ਕੇਂਦਰੀ ਇਲਾਕੇ ਵਿੱਚ ਕਬਰਾਂ ਪੂਜਣ ਵਾਲ਼ੇ ਸਖੀ-ਸਰਵਰੀਆਂ ਦੀ ਮਾਣਤਾ ਨੂੰ ਰੋਕਣ ਤੇ ਸਿੱਖੀ ਦੇ ਪਰਚਾਰ ਲਈ ਥਾਂ ਦੀ ਚੋਣ ਕਰਕੇ ਗੁਰੂ ਅਰਜਨ ਦੇਵ ਜੀ ਨੇ ਤਰਨ-ਤਾਰਨ ਨਾਂ ਦਾ ਨਗਰ ਵਸਾਇਆ ਅਤੇ ਪਾਣੀ ਦੀ ਘਾਟ ਪੂਰੀ ਕਰਨ ਤੇ ਸਮਾਜਿਕ ਏਕਤਾ ਪੈਦਾ ਕਰਨ ਲਈ ਇੱਥੇ ਸਭ ਤੋਂ ਵੱਡਾ ਸਰੋਵਰ ਬਣਵਾਇਆ।

ਪਰ ਭਾਈ ਕਾਹਨ ਸਿੰਘ ਨਾਭਾ ਇਸ ਸਥਾਨ ਤੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਆਗਮਨ ਦੀ ਸ਼ਾਹਦੀ ਭਰਦੇ ਹੋਏ ਆਪਣੇ ਮਹਾਨ ਕੋਸ਼ ਵਿੱਚ ਲਿਖਦੇ ਹਨ ਕਿ



Scanned with OKEN Scanner

ਜੀਓਵਾਲਾ, ਜ਼ਿਲ੍ਹਾ ਅੰਮ੍ਰਿਤਸਰ, ਤਹਿਸੀਲ ਥਾਣਾ ਤਰਨਤਾਰਨ ਦਾ ਇੱਕ ਪਿੰਡ ਜੋ ਰੇਲਵੇ ਸਟੇਸ਼ਨ ਜੰਡੋ ਕੇ ਤੋਂ ਛੀ ਮੀਲ ਪੱਛਮ ਵਿੱਚ ਹੈ, ਇਸ ਪਿੰਡ ਤੋਂ ਇੱਕ ਮੀਲ ਦੱਖਣ ਵੱਲ ਗੁਰੂ ਹਰਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ। ਗੁਰੂ ਸਾਹਿਬ ਝਬਾਲ ਤੋਂ ਇੱਥੇ ਆਏ ਸਨ। ਜਿੰਨ੍ਹਾਂ ਕਰੀਰਾਂ ਨਾਲ ਘੋੜਾ ਬੱਧਾ ਸੀ, ਉਹ ਹੁਣ ਮੌਜੂਦ ਹਨ ਅਤੇ ਸੰਗਯਾ "ਅਗਾੜੀ ਪਿਛਾੜੀ ਸਾਹਿਬ" ਪੈ ਗਈ। ਗੁਰਦੁਆਰਾ ਤੇ ਰਹਿਣ ਦੇ ਮਕਾਨ ਬਣੇ ਹੋਏ ਹਨ, ਜਾਗੀਰ ਜ਼ਮੀਨ ਨਾਲ ਕੁਝ ਨਹੀਂ, ਛੇਵੇਂ ਸਤਿਗੁਰੂ ਦੇ ਜਨਮ ਦਿਨ ਤੇ ਮੇਲਾ ਲਗਦਾ ਹੈ।

ਕੁਝ ਵੀ ਹੋਵੇ ਸਥਾਨਕ ਲੋਕਾਂ ਦੇ ਮਨਾਂ 'ਚ ਇਸ ਗੁਰ-ਅਸਥਾਨ ਪ੍ਰਤੀ ਭਾਰੀ ਸ਼ਰਧਾ ਹੈ। ਹੁਣ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਅਗਾੜਾ-ਪਿਛਾੜਾ ਦੇ ਨਾਲ ਇੱਕ ਛੋਟਾ ਜਿਹਾ ਤਲਾਅ ਵੀ ਬਣ ਗਿਆ ਹੈ। ਕਈ ਪਿੰਡਾਂ ਦੇ ਲੋਕ ਇਸ ਇਤਿਹਾਸਿਕ ਸਥਾਨ ਤੇ ਸ਼ਰਧਾ ਨਾਲ ਸੀਸ ਨਿਵਾਉਂਦੇ ਹਨ। ਪਿੰਡਾਂ ਦੇ ਰਾਮ-ਰੌਲੇ ਤੋਂ ਦੂਰ ਵੱਸਿਆ ਇਹ ਬੜਾ ਰਮਣੀਕ ਸਥਾਨ ਹੈ। ਹਰ ਸ਼ਾਮ-ਸਵੇਰ ਬਾਣੀ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ। ਮੱਸਿਆ-ਸੰਗਰਾਂਦ ਤੇ ਸਿੱਖ ਧਰਮ ਨਾਲ ਸਬੰਧਿਤ ਹਰ ਗੁਰਪੁਰਬ ਇੱਥੇ ਮਨਾਇਆ ਜਾਂਦਾ ਹੈ। ਹਰ ਸਾਲ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਦੋ ਹਾੜ ਮੁਤਾਬਕ 16 ਜੂਨ ਨੂੰ ਬੜੀ ਧੂਮ-ਧਾਮ ਅਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਗੁਰਬਾਣੀ ਦੇ ਪਾਠ ਉਪ੍ਰੰਤ ਕਥਾ-ਕੀਰਤਨ ਕੀਤਾ ਜਾਂਦਾ ਹੈ, ਢਾਡੀਆਂ/ਕਵੀਸ਼ਰਾਂ ਵੱਲੋਂ ਸ਼ਹੀਦੀ ਵਾਰਾਂ ਦੇ ਪ੍ਰਸੰਗ ਗਾਏ ਜਾਂਦੇ ਹਨ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕਬੱਡੀ ਦੇ ਮੈਚ ਕਰਾਏ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਗੁਰਪੁਰਬ ਮੌਕੇ ਵਿਸ਼ਾਲ ਨਗਰ-ਕੀਰਤਨ ਸਜਾਇਆ ਜਾਂਦਾ ਹੈ ਜੋ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਕਰਕੇ ਪਿੰਡ ਮਾਣੋ ਚਾਹਲ, ਡਾਲੇ ਕੇ, ਤੇਜਾ ਸਿੰਘ ਵਾਲ਼ਾ ਤੇ ਜੀਓਬਾਲ਼ਾ ਆਦਿ ਕਈ ਪਿੰਡਾਂ ਚੋਂ ਗੁਜ਼ਰਦਾ ਹੈ। ਇਸ ਪਾਵਨ ਅਸਥਾਨ ਦੀ ਕਾਰ-ਸੇਵਾ ਬਾਬਾ ਗੁਰਪਿੰਦਰ ਸਿੰਘ ਵਡਾਲਾ ਸੰਪਰਦਾਇ ਗੁਰੂ ਸਰ ਸਤਲਾਣੀ ਸਾਹਿਬ ਵਾਲੇ ਕਰਵਾ ਰਹੇ ਹਨ। ਇਲਾਕੇ ਦੇ ਲੋਕ ਬਾਬਾ ਜੀ ਨੂੰ ਪੂਰਨ ਸਹਿਯੋਗ ਦੇ ਰਹੇ ਹਨ।

ਗੁਰਦੁਆਰੇ ਦੇ ਨਾਲ ਹੀ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਹਾਈ (ਹੁਣ ਸੀਨੀਅਰ ਸੈਕੰਡਰੀ) ਸਕੂਲ ਬਣਿਆ ਹੋਇਆ ਹੈ। ਕਿਸੇ ਸਮੇਂ ਇਹ 20-25 ਪਿੰਡਾਂ ਵਿੱਚ ਉੱਚ ਵਿਦਿਆ ਦਾ ਇੱਕੋ ਇੱਕ ਕੇਂਦਰ ਹੁੰਦਾ ਸੀ। ਇਸ ਸਕੂਲ ਤੋਂ ਪੜ੍ਹ ਕੇ ਸੈਂਕੜੇ ਨੌਜਵਾਨ ਅਧਿਆਪਕ, ਵਕੀਲ, ਆਰਮੀ ਤੇ ਹੋਰ ਵਿਭਾਗਾਂ ਵਿੱਚ ਨੌਕਰੀਆਂ ਹਾਸਲ ਕਰਨ ਦੇ ਯੋਗ ਹੋਏ ਹਨ। ਇਸ ਸਕੂਲ ਨੇ ਕਈ ਨਾਮਵਰ ਖਿਡਾਰੀ ਵੀ ਪੈਦਾ ਕੀਤੇ ਹਨ। ਮੈਂ ਤੇ ਮੇਰੇ ਕੁਝ ਹੋਰ ਸਾਥੀ ਵੀ ਇਸ ਸਕੂਲ ਤੋਂ ਪੜ੍ਹਾਈ ਕਰਕੇ ਅਧਿਆਪਕ ਦੀ ਨੌਕਰੀ ਕਰਕੇ ਰਿਟਾਇਰ ਹੋਏ ਹਨ। ਜਦੋਂ ਅਸੀਂ ਇਸ ਸਕੂਲ ਵਿੱਚ ਪੜ੍ਹਦੇ ਸਾਂ, ਸਕੂਲ ਦਾ ਅਨੁਸ਼ਾਸ਼ਨ



Scanned with OKEN Scanner

ਬੜਾ ਸਖ਼ਤ ਹੁੰਦਾ ਸੀ। ਸਾਡੇ ਪਿੰਡ ਉਦੋਂ ਸਰਕਾਰੀ ਸਕੂਲ ਪੰਜਵੀਂ ਤੱਕ ਹੀ ਸੀ ਤੇ ਪਿੰਡ ਦੇ ਬਹੁਤੇ ਮੁੰਡੇ ਜਿਹੜੇ ਦਸਵੀਂ ਤੱਕ ਪੜ੍ਹੇ, ਉਹ ਅਗਾੜੇ-ਪਿਛਾੜੇ ਹੀ ਪੜ੍ਹਦੇ ਰਹੇ ਹਨ। ਹੁਣ ਭਾਵੇਂ ਆਲ਼ੇ-ਦੁਆਲ਼ੇ ਅੱਠ ਦਸ ਹੋਰ ਸਕੂਲ ਬਣ ਗਏ ਹਨ ਪਰ ਅਗਾੜਾ-ਪਿਛਾੜਾ ਅਜੇ ਵੀ ਚੱਲ ਰਿਹਾ ਹੈ। ਪ੍ਰਬੰਧਕਾਂ ਨੇ ਇਸ ਸਕੂਲ ਨਾਲ ਇੱਕ ਇੰਗਲਿਸ਼ ਮੀਡੀਅਮ ਪਬਲਿਕ ਸਕੂਲ ਵੀ ਖੋਲ੍ਹ ਰੱਖਿਆ ਹੈ।

### 3. ਗੁਰਦੁਆਰਾ ਬਾਬਾ ਬੀਰ ਸਿੰਘ

ਪਿੰਡ ਦੇ ਚੜ੍ਹਦੇ ਪਾਸੇ ਮੇਨ ਗਲ਼ੀ ਵਿੱਚ ਬਾਬੇ ਬੀਰ ਸਿੰਘ ਦੀ ਯਾਦ ਵਿੱਚ ਇਕ ਗੁਰਦੁਆਰਾ ਬਹੁਤ ਪੁਰਾਣਾ ਬਣਿਆ ਹੋਇਆ ਹੈ ਜਿੱਥੇ ਸਵੇਰ-ਸ਼ਾਮ ਬਾਣੀ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ। ਸ਼ਰਧਾਲੂ ਸਵੇਰੇ ਸ਼ਾਮ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਗੁਰਦੁਆਰੇ ਮੱਥਾ ਟੇਕਣ ਜਾਂਦੇ ਹਨ। ਹਰ ਸਾਲ ਪੱਤੀ ਦੇ ਲੋਕ ਬਾਬਾ ਬੀਰ ਸਿੰਘ ਦਾ ਸ਼ਹੀਦੀ-ਦਿਹਾੜਾ 27 ਵਿਸਾਖ ਨੂੰ ਬੜੀ ਸ਼ਰਧਾ-ਭਾਵਨਾ ਨਾਲ ਮਨਾਉਂਦੇ ਹਨ। ਅਖੰਡ ਪਾਠ ਦੇ ਭੋਗ ਪਾ ਕੇ ਦੀਵਾਨ ਸੱਜਦੇ ਹਨ ਤੇ ਯੋਧਿਆਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ। ਬਾਬਾ ਬੀਰ ਸਿੰਘ ਜੀ ਦਾ ਜਨਮ 18 ਜੁਲਾਈ (3 ਸਾਵਣ) 1768 ਨੂੰ ਪਿੰਡ ਗੱਗੋਬੂਆ ਵਿਖੇ ਪਿਤਾ ਸ੍ਰ. ਸੇਵਾ ਸਿੰਘ ਤੇ ਮਾਤਾ ਧਰਮ ਕੌਰ ਦੇ ਘਰ ਹੋਇਆ ਸੀ। ਉਹਨਾਂ ਨੇ ਸਿੱਖ ਫੌਜ ਵਿੱਚ ਭਰਤੀ ਹੋ ਕੇ ਮਹਾਰਾਜਾ ਰਣਜੀਤ ਸਿੰਘ ਦੀਆਂ ਕਸ਼ਮੀਰ ਤੇ ਪਿਸ਼ਾਵਰ ਨੂੰ ਫ਼ਤਿਹ ਕਰਨ ਦੀਆਂ ਫੌਜੀ ਮੁਹਿੰਮਾਂ ਵਿੱਚ ਭਾਗ ਲਿਆ ਸੀ। ਬਾਅਦ ਵਿੱਚ ਉਹ ਨੌਕਰੀ ਛੱਡ ਕੇ ਸੰਤ ਭਾਗ ਸਿੰਘ ਕੁਰੀਆਂ ਅਤੇ ਬਾਬਾ ਸਾਹਿਬ ਸਿੰਘ ਬੇਦੀ ਦੀ ਸੰਗਤ ਕਰਕੇ ਸਿੱਖ ਧਰਮ ਦੇ ਪ੍ਰਚਾਰਕ ਬਣ ਗਏ। ਉਹਨਾਂ ਨੇ ਮਹਾਰਾਜਾ ਦੀ ਨੌਕਰੀ ਛੱਡ ਕੇ ਬਾਬਾ ਚੰਦਾ ਸਿੰਘ ਦੀ ਪ੍ਰੇਰਨਾ ਨਾਲ ਗੋਇੰਦਵਾਲ-ਰੋਡ ਤੇ ਵੱਸੇ ਹੋਏ ਪਿੰਡ ਨੌਰੰਗਾਬਾਦ ਵਿੱਚ ਆਪਣਾ ਡੇਰਾ ਬਣਾ ਲਿਆ ਜੋ ਅੱਜ ਵੀ ਮੌਜੂਦ ਹੈ।

ਉਹਨਾਂ ਦੇ ਉਪਦੇਸ਼ਾਂ ਕਾਰਨ ਮਾਝੇ ਦੇ ਪਿੰਡਾਂ 'ਚ ਉਹਨਾਂ ਦੀ ਮਾਣਤਾ ਏਨੀ ਵਧ ਗਈ ਕਿ ਡੇਰੇ ਵਿੱਚ ਰੋਜ਼ 4-5 ਹਜ਼ਾਰ ਸ਼ਰਧਾਲੂਆਂ ਦਾ ਲੰਗਰ ਪੱਕਦਾ ਸੀ। ਉਹਨਾਂ ਕੋਲ 1200 ਬੰਦੂਕਧਾਰੀ ਤੇ 3000 ਘੋੜ ਸਵਾਰ ਜਵਾਨ ਸਨ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਹਨਾਂ ਨੇ ਸਿੱਖ ਰਾਜ ਦੀ ਚੜ੍ਹਦੀ ਕਲਾ ਲਈ ਬੜੇ ਜਤਨ ਕੀਤੇ। ਮਹਾਰਾਜੇ ਦੇ ਦਰਬਾਰੀ ਸ੍ਰ. ਅਤਰ ਸਿੰਘ ਸੰਧਾਵਾਲੀਆ, ਕੰਵਰ ਕਸ਼ਮੀਰਾ ਸਿੰਘ, ਕੰਵਰ ਪਿਸ਼ੌਰਾ ਸਿੰਘ, ਜਵਾਹਰ ਸਿੰਘ ਨਲੂਆ (ਪੁੱਤਰ ਸ੍ਰ. ਹਰੀ ਸਿੰਘ ਨਲੂਆ) ਤੇ ਦੀਵਾਨ ਬਸਾਖਾ ਸਿੰਘ ਬਾਬਾ ਜੀ ਕੋਲ ਆਉਂਦੇ ਰਹਿੰਦੇ ਸਨ। ਜਿਸ ਕਾਰਨ ਲਹੌਰ ਦਰਬਾਰ ਦੇ ਵਜ਼ੀਰ ਹਰੀ ਸਿੰਘ ਡੋਗਰੇ ਨੂੰ ਬਾਬਾ ਜੀ ਦਾ ਡੇਰਾ (ਲਹੌਰ ਦਰਬਾਰ ਤੇ ਡੋਗਰਿਆਂ ਦੇ ਕਬਜ਼ੇ ਵਿਰੁੱਧ) ਬਗਾਵਤ ਦਾ ਕੇਂਦਰ ਜਾਪਣ ਲੱਗ ਪਿਆ। ਉਹ ਬਾਬਾ ਜੀ ਦੀਆਂ ਸਰਗਰਮੀਆਂ

ਨੂੰ ਆਪਣੀ ਹੋਂਦ ਲਈ ਖ਼ਤਰਾ ਸਮਝਣ ਲੱਗ ਪਿਆ ਸੀ। ਇਸ ਕਾਰਨ ਉਹਨੇ ਮਈ 1844 ਵਿੱਚ ਆਪਣੇ ਸਬੰਧੀ ਮੀਆਂ ਲਾਭ ਸਿੰਘ ਨੂੰ 20000 ਸਿੱਖ ਫੌਜੀ ਤੇ 50 ਤੋਪਾਂ ਦੇ ਕੇ ਬਾਬਾ ਜੀ ਦੇ ਸਭਰਾਵਾਂ ਕੋਲ ਪਿੰਡ ਮੁੱਠਿਆਂ ਵਾਲਾ (ਨੇੜੇ ਹਰੀ ਕੇ ਪੱਤਣ) ਦੇ ਡੇਰੇ ਨੂੰ ਘੇਰਾ ਪਾਉਣ ਲਈ ਭੇਜਿਆ। ਉਸ ਨੇ ਮਹਿਤਾਬ ਸਿੰਘ ਮਜੀਠੀਆ ਤੇ ਗੁਲਾਬ ਸਿੰਘ ਕਲਕੱਤੀਆ ਨੂੰ ਨਾਲ ਲੈ ਕੇ ਡੇਰੇ ਤੇ ਤੋਪਾਂ ਨਾਲ ਗੋਲ਼ਾਬਾਰੀ ਸ਼ੁਰੂ ਕਰ ਦਿੱਤੀ। ਬਾਬਾ ਜੀ ਕੋਲ ਇਸ ਸਮੇਂ 13000 ਫੌਜੀ ਜਵਾਨ ਹਾਜ਼ਰ ਸਨ। ਪਰ ਬਾਬਾ ਜੀ ਇਸ ਭਰਾ-ਮਾਰੂ ਜੰਗ ਤੋਂ ਬਚਣਾ ਚਹੁੰਦੇ ਸਨ। ਉਹਨਾਂ ਨੇ ਆਪਣੇ ਸਿੱਖ ਭਰਾਵਾਂ ਤੇ ਹਮਲਾ ਕਰਨ ਤੋਂ ਨਾਂਹ ਕਰ ਦਿੱਤੀ। ਇਸ ਗੋਲ਼ਾਬਾਰੀ ਵਿੱਚ ਬਾਬਾ ਜੀ ਦੇ ਬਹੁਤ ਸਾਰੇ ਸ਼ਰਧਾਲੂ ਮਾਰੇ ਗਏ। ਬਾਬਾ ਜੀ ਨੂੰ 18 ਗੋਲ਼ੀਆਂ ਲੱਗੀਆਂ, ਇੱਕ ਤੋਪ ਦਾ ਗੋਲ਼ਾ ਵੀ ਉਹਨਾਂ ਦੇ ਪੱਟ ਤੇ ਵੱਜਾ ਤੇ ਉਹ ਸ਼ਹੀਦ ਹੋ ਗਏ। 27 ਵਿਸਾਖ ਨੂੰ ਉਹਨਾਂ ਦਾ ਸੰਸਕਾਰ ਕੀਤਾ ਗਿਆ ਸੀ।

ਦੱਸਿਆ ਜਾਂਦਾ ਹੈ ਕਿ ਬਾਬਾ ਬੀਰ ਸਿੰਘ ਦੀ ਯਾਦ ਵਿੱਚ ਸਾਰੇ ਪੰਜਾਬ ਵਿੱਚ 360 ਗੁਰਦੁਆਰੇ ਮੌਜੂਦ ਹਨ। ਗੁਰਦੁਆਰਾ ਗੱਗੋਬੂਆ, ਨੌਰੰਗਾਬਾਦ ਤੇ ਰੱਤੋ ਕੇ ਸਾਡੇ ਨਜ਼ਦੀਕ ਤਰਨਤਾਰਨ ਜ਼ਿਲ੍ਹੇ ਵਿੱਚ ਹੀ ਹਨ। ਬਾਬਾ ਜੀ ਦਾ ਜੀਵਨ ਅਜੋਕੇ ਸਿੱਖਾਂ ਲਈ ਚਾਨਣ-ਮੁਨਾਰਾ ਹੋਣਾ ਚਾਹੀਦਾ ਹੈ ਜਿਹਨਾਂ ਨੇ ਹਥਿਆਰ, ਗੋਲ਼ਾ-ਬਰੂਦ ਤੇ ਜਾਨ ਵਾਰਨ ਵਾਲ਼ੇ ਹਜ਼ਾਰਾਂ ਸੈਨਕ ਕੋਲ ਹੋਣ ਦੇ ਬਾਵਜੂਦ ਆਪਣੇ ਬਚਾਉ ਲਈ ਸਿੱਖ ਭਰਾਵਾਂ ਤੇ ਮੋੜਵਾਂ ਹਮਲਾ ਨਾ ਕਰਕੇ ਆਪ ਸ਼ਹੀਦੀ ਪਾਈ ਪਰ ਗੁਰੂ ਸਾਹਿਬ ਦੇ ਬਚਨ ਕਿ 'ਸਿੱਖ ਸਿੱਖ ਨੂੰ ਨਾ ਮਾਰੇ' ਦੀ ਪਾਲਣਾ ਕਰਦੇ ਹੋਏ ਸਿੱਖੀ ਦੀ ਰੂਹ ਤੇ ਸਿਧਾਂਤ ਨੂੰ ਜ਼ਿੰਦਾ ਰੱਖਿਆ।

### 4. ਜਨਮ ਸਥਾਨ ਬਾਬਾ ਦੇਵਾ ਸਿੰਘ

ਅੱਡੇ ਤੋਂ ਬਾਹਰ ਨਿੱਕਲ ਕੇ ਨਾਲ ਲਗਵਾਂ ਹੀ ਡੇਰਾ ਬਾਬਾ ਦੇਵਾ ਸਿੰਘ ਦੇ ਨਾਂ ਤੇ ਇਕ ਧਾਰਮਿਕ ਸਥਾਨ ਹੈ। ਬਾਬਾ ਦੇਵਾ ਸਿੰਘ ਤੂਤਾਂ ਵਾਲਿਆਂ ਦੇ ਪਰਿਵਾਰ ਦਾ ਵੱਡਾ-ਵਡੇਰਾ ਸੀ ਜੋ ਸਾਧੂ ਸੁਭਾਅ ਦਾ ਮਾਲਕ ਸੀ। ਛੋਟੇ ਹੁੰਦੇ ਤੋਂ ਹੀ ਉਸ ਦਾ ਧਿਆਨ ਪ੍ਰਭੂ-ਚਰਨਾਂ ਨਾਲ ਜੁੜਿਆ ਰਹਿੰਦਾ ਸੀ। ਉਸ ਨੇ ਵਿਆਹ ਨਹੀਂ ਸੀ ਕਰਵਾਇਆ। ਬਾਅਦ ਵਿੱਚ ਉਹ ਡੇਰਾ ਬਾਬਾ ਬੱਗਾ ਸਿੰਘ ਰਾਧਾ ਸੁਆਮੀ ਤਰਨਤਾਰਨ ਦਾ ਸ਼ਰਧਾਲੂ ਬਣ ਗਿਆ। ਉਸ ਨੇ ਡੇਰੇ ਦੀ ਨਿਰ-ਸਵਾਰਥ ਸੇਵਾ ਕੀਤੀ। ਬਾਬਾ ਬੱਗਾ ਸਿੰਘ ਦੇ ਗੁਰ-ਪੁਰੀ ਸੁਧਾਰ ਜਾਣ ਪਿੱਛੋਂ ਡੇਰੇ ਦੀ ਸਾਂਭ-ਸੰਭਾਲ ਤੇ ਨਾਮ-ਸਿਮਰਨ ਲਈ ਸਤਿਸੰਗ ਕਰਾਉਣ ਦੀ ਸੇਵਾ ਬਾਬਾ ਦੇਵਾ ਸਿੰਘ ਨੂੰ ਸੌਂਪ ਦਿੱਤੀ ਗਈ ਜੋ ਉਸ ਨੇ ਆਪਣੇ ਚਲਾਣੇ ਤੱਕ ਨਿਭਾਈ। ਦੱਸਿਆ ਜਾਂਦਾ ਹੈ ਕਿ ਉਸ ਨੇ ਆਪਣੀ ਜ਼ੱਦੀ-ਪੁਸ਼ਤੀ ਜ਼ਮੀਨ ਤੋਂ ਪ੍ਰਾਪਤ



Scanned with OKEN Scanner

ਆਮਦਨ ਨਾਲ ਬੀਕਾਂਨੇਰ ਵਿਖੇ ਡੇਰਾ ਰਾਧਾ-ਸੁਆਮੀ ਦੇ ਨਾਂ ਤੇ ਸੈਂਕੜੇ ਏਕੜ ਜ਼ਮੀਨ ਖ਼ਰੀਦ ਕੇ ਦਿੱਤੀ। ਬਾਬਾ ਜੀ ਦੇ ਸ਼ਰਧਾਲੂ ਹਰ ਸਾਲ ਅੱਸੂ ਦੇ ਮਹੀਨੇ ਉਸ ਦੀ ਯਾਦ ਵਿੱਚ ਮੇਲਾ ਲਾਉਂਦੇ ਹਨ। ਦੂਰੋਂ ਨੇੜਿਉਂ ਲੋਕੀਂ ਹੁੰਮ-ਹੁਮਾ ਕੇ ਮੇਲਾ ਵੇਖਣ ਆਉਂਦੇ ਹਨ।

### 5. ਬਾਬਾ ਹਰਦਿੱਤ ਸਿੰਘ ਯਾਦਗਾਰੀ ਸਥਾਨ ਸੰਗਤ ਪੁਰੀ

ਪਿੰਡ ਦੇ ਲਹਿੰਦੇ ਪਾਸੇ ਫਿਰਨੀ ਦੇ ਨਾਲ ਸੰਗਤਪੁਰੀ ਨਾਂ ਦਾ ਧਾਰਮਿਕ ਸਥਾਨ ਹੈ ਇਸ ਨੂੰ ਕੁਟੀਆ ਵੀ ਕਿਹਾ ਜਾਂਦਾ ਹੈ। ਦਹਾਕੇ ਪਹਿਲਾਂ ਇਸ ਕੁਟੀਆ 'ਚ ਇੱਕ ਬਾਬਾ ਹਰਦਿੱਤ ਸਿੰਘ ਰਹਿੰਦਾ ਹੁੰਦਾ ਸੀ ਜੋ ਆਮ ਤੌਰ ਤੇ ਨਾਮ-ਬਾਣੀ 'ਚ ਮਗਨ ਰਹਿੰਦਾ ਸੀ। ਉਹਨੇ ਕੁਟੀਆ ਦੁਆਲ਼ੇ ਬਣੀ ਬਗੀਚੀ ਵਿੱਚ ਫਲਦਾਰ ਬੂਟੇ ਲਾਏ ਹੋਏ ਸਨ। ਜਦੋਂ ਫਲ਼ ਪੱਕਦੇ ਸਨ ਤਾਂ ਉਹ ਕੁਟੀਆ ਮੂਹਰੇ ਸੜਕ ਤੇ ਛਾਬਾ ਰੱਖ ਕੇ ਵੇਚਦਾ ਹੁੰਦਾ ਸੀ। ਨੇੜਲੇ ਸਕੂਲ ਦੇ ਬੱਚੇ ਅੱਧੀ ਛੁੱਟੀ ਵੇਲ਼ੇ ਤੇ ਰਾਹ ਤੋਂ ਲੰਘਦੇ ਰਾਹੀ ਜਾਂਦੇ ਜਾਂਦੇ ਬਾਬੇ ਤੋਂ ਫਲ਼ ਖ਼ਰੀਦਦੇ ਹੁੰਦੇ ਸਨ। ਬਾਬੇ ਦੀ ਮੌਤ ਤੋਂ ਬਾਅਦ ਉਹਦੀ ਕੀਤੀ ਹੋਈ ਕਮਾਈ ਨਾਲ ਜੁੜੀ ਰਕਮ 45000 ਰੁਪਏ (50 ਸਾਲ ਪਹਿਲਾਂ) ਦੇ ਕਰੀਬ ਰਕਮ ਬਣਾਏ ਗਏ ਟਰਸਟੀਆਂ ਦੀ ਮੌਤ ਹੋ ਜਾਣ ਕਾਰਨ ਬੈਂਕ ਵਿੱਚ ਹੀ ਰਹਿ ਗਈ ਹੈ। ਕੁਟੀਆ ਦੀ ਡੇਢ ਕਨਾਲ ਥਾਂ ਆਪਣੀ ਤੇ ਇੱਕ ਏਕੜ ਦੇ ਲੱਗ ਭੱਗ ਪੱਤੀ ਵੱਲੋਂ ਦਾਨ ਕੀਤੀ ਹੋਈ ਹੈ। ਬਾਅਦ 'ਚ ਪੱਤੀ ਦੇ ਲੋਕਾਂ ਨੇ ਉਗਰਾਹੀ ਕਰਕੇ ਬਾਬੇ ਦੀ ਯਾਦਗਾਰ ਬਣਾ ਦਿੱਤੀ ਹੈ। ਪ੍ਰਬੰਧਕੀ ਕਮੇਟੀ ਬਣੀ ਹੋਈ ਹੈ। ਸ੍ਰ. ਜਰਨੈਲ ਸਿੰਘ ਫੌਜੀ ਇਸ ਦੇ ਪਰਧਾਨ ਹਨ। ਹਰ ਸਾਲ 5 ਪੋਹ ਨੂੰ ਮੇਲਾ ਮਨਾਇਆ ਜਾਂਦਾ ਹੈ। ਅਖੰਡ ਪਾਠ ਦੇ ਭੋਗ ਉਪ੍ਰੰਤ ਕਥਾ-ਕੀਰਤਨ ਤੇ ਗੁਰੂ ਦਾ ਅਤੁੱਟ ਲੰਗਰ ਵਰਤਦਾ ਹੈ।

### 6. ਦਰਗਾਹ ਮਾਹੀ ਸ਼ਾਹ

ਪੱਤੀ ਹੱਸਣ ਕੀ ਤੋਂ ਅਗਾਂਹ ਭੀੜੀ ਗਲੀ ਸ਼ੁਰੂ ਹੋਣ ਤੋਂ ਪਹਿਲਾਂ ਸੱਜੇ ਹੱਥ, ਪ੍ਰਧਾਨ ਤੇਜਾ ਸਿੰਘ ਹੋਰਾਂ ਦੇ ਘਰ ਦੇ ਸਾਹਮਣੇ ਇਕ ਤਖ਼ੀਆ ਜਾਂ ਕਿਸੇ ਫ਼ਕੀਰ ਦਾ ਹੁਜ਼ਰਾ ਹੈ ਜਿਸ ਨੂੰ ਦਰਗਾਹ ਮਾਹੀ ਸ਼ਾਹ ਕਿਹਾ ਜਾਂਦਾ ਹੈ। ਪਿੰਡ ਦੇ ਲੋਕ ਇੱਥੇ ਹਰ ਵੀਰਵਾਰ ਨੂੰ ਚਿਰਾਗਾਂ ਵਿੱਚ ਤੇਲ ਪਾਉਂਦੇ ਤੇ ਮੰਨਤਾਂ ਮੰਗਦੇ ਹਨ। ਹਰ ਸਾਲ ਸਾਉਣ ਮਹੀਨੇ ਦੇ ਦੂਸਰੇ ਵੀਰਵਾਰ ਨੂੰ ਇੱਥੇ ਭਾਰੀ ਮੇਲਾ ਲਗਦਾ ਹੈ। ਭਗਤ ਕਵਾਲੀਆਂ ਗਾਉਂਦੇ ਤੇ ਕਲਾਕਾਰ ਸਟੇਜ ਲਾਉਂਦੇ ਹਨ। ਵੰਨ-ਸੁਵੰਨੀਆਂ ਦੁਕਾਨਾਂ ਸੱਜਦੀਆਂ ਹਨ। ਬਾਲ-ਬੱਚੇ ਤੇ ਗੱਭਰੂ-ਮੁਟਿਆਰਾਂ ਮੇਲੇ ਦਾ ਅਨੰਦ ਮਾਣਦੇ ਹਨ। ਇਸ ਦਰਗਾਹ ਦੀ ਸਾਂਭ-ਸੰਭਾਲ ਲਈ ਵੀ ਇਕ ਪ੍ਰਬੰਧਕੀ ਕਮੇਟੀ ਬਣੀ ਹੋਈ ਹੈ ਜੋ ਪਿੰਡ ਦੇ ਲੋਕਾਂ ਤੋਂ ਉਗਰਾਹੀ ਕਰਕੇ ਸੇਵਾ-ਸੰਭਾਲ ਤੇ ਮੇਲੇ ਦਾ ਪ੍ਰਬੰਧ ਕਰਦੀ ਹੈ। ਸ੍ਰ. ਹਰਜੀਤ ਸਿੰਘ ਪੁੱਤਰ ਸ੍ਰ. ਅਜਾਇਬ ਸਿੰਘ ਇਸ ਕਮੇਟੀ ਦੇ ਪ੍ਰਧਾਨ ਹਨ। ਇਸ ਮਜ਼ਾਰ ਬਾਰੇ ਪਿੰਡ ਦੇ ਲੋਕਾਂ ਦੇ ਮਨ 'ਚ ਇਹ



Scanned with OKEN Scanner

ਵਹਿਮ ਪਾਇਆ ਜਾਂਦਾ ਹੈ ਕਿ ਦਰਗਾਹ ਦੇ ਅੱਗੇ ਰੋਹੀ ਵੱਲ ਕੋਈ ਘਰ ਨਹੀਂ ਵੱਸਦਾ, ਉੱਜੜ ਜਾਂਦਾ ਹੈ। ਇਸ ਕਾਰਨ ਉਧਰ ਰੋਹੀ ਤੱਕ ਸਾਰਾ ਮੈਦਾਨ ਖਾਲੀ ਪਿਆ ਹੈ। ਪਿੰਡ ਦੀ ਲਹਿੰਦੀ ਬਾਹੀ ਕੁਝ ਅੰਧ-ਵਿਸ਼ਵਾਸੀ ਲੋਕਾਂ ਨੇ ਮਾਤਾ ਰਾਣੀ ਦੀ ਮਾੜੀ ਬਣਾਈ ਹੋਈ ਹੈ ਤੇ ਕਦੇ ਕਦਾਈਂ ਉਹਦੀ ਪੂਜਾ ਕਰਦੇ ਹਨ।

## 7. ਸੰਤ ਸੁੰਦਰ ਦਾਸ ਦੀ ਧਰਮਸ਼ਾਲਾ

ਦੱਸਿਆ ਜਾਂਦਾ ਹੈ ਕਿ ਗੁਰਦੁਆਰਾ ਬਾਬਾ ਬੀਰ ਸਿੰਘ ਦੇ ਲਹਿੰਦੇ ਪਾਸੇ ਮੱਢੂਆਂ ਦੇ ਘਰਾਂ ਦੇ ਸਾਹਮਣੇ ਕਰਕੇ ਇੱਕ ਨਾਨਕਸ਼ਾਹੀ ਇੱਟਾਂ ਦੀ ਬਣੀ ਧਰਮਸ਼ਾਲਾ ਹੁੰਦੀ ਸੀ। ਇਹ ਸੌ ਸਾਲ ਤੋਂ ਵੀ ਵੱਧ ਪੁਰਾਣੀ ਹੈ। ਉਸ ਵੇਲ਼ੇ ਦੀ ਬਣੀ ਬਾਰਾਂਦਰੀ ਦੇ ਖੰਡਰ ਅਜੇ ਵੀ ਇੱਥੇ ਮੌਜੂਦ ਹਨ। ਇਸ ਧਰਮਸ਼ਾਲਾ ਦੇ ਨਾਂ ਤੇ ਦਸ-ਬਾਰਾਂ ਏਕੜ ਜ਼ਮੀਨ ਵੀ ਬੋਲਦੀ ਹੈ। ਪਹਿਲਾਂ ਇਹ ਡੇਰਾ ਨਿਰਮਲੇ ਸੰਤਾਂ ਦੀ ਪਨਾਹਗਾਹ ਸੀ ਤੇ ਇਸ ਦਾ ਕਰਤਾ-ਧਰਤਾ ਬਾਬਾ ਬੁੱਧ ਪ੍ਰਕਾਸ਼ ਸੀ। ਦੂਰੋਂ-ਨੇੜਿਉਂ ਨਿਰਮਲੇ ਸੰਤ ਇੱਥੇ ਆ ਕੇ ਪ੍ਰਮਾਰਥ ਬਾਰੇ ਚਰਚਾ ਅਤੇ ਬਿਸ਼ਰਾਮ ਕਰਦੇ ਸਨ। ਇਸ ਥਾਂ ਤੇ ਇੱਕ ਪਾਣੀ ਪੀਣ ਲਈ ਖੂਹੀ ਤੇ ਖਰਾਸ ਵੀ ਚੱਲਦਾ ਸੁਣਿਆ ਹੈ। ਕਿਹਾ ਜਾਂਦਾ ਹੈ ਕਿ ਸੰਤ ਬੁੱਧ ਪ੍ਰਕਾਸ਼ ਨੇ ਸੁੰਦਰ ਦਾਸ ਨੂੰ ਗ੍ਰਹਿਸਥ ਧਾਰਨ ਕਰਕੇ ਧਰਮਸ਼ਾਲਾ ਵਿੱਚ ਰਹਿਣ ਤੋਂ ਵਰਜਿਆ ਸੀ ਪਰ ਉਹ ਆਪਣੇ ਗੁਰੂ ਦੇ ਇਸ ਵਚਨ ਨੂੰ ਪਾਲ਼ ਨਾ ਸਕਿਆ ਤੇ ਉਸ ਨੇ ਇੱਕ ਬੱਚੇ ਸਮੇਤ ਔਰਤ ਨਾਲ ਸ਼ਾਦੀ ਕਰ ਲਈ। ਬੁੱਧ ਪ੍ਰਕਾਸ਼ ਤੋਂ ਬਾਅਦ ਸੰਤ ਸੁੰਦਰ ਦਾਸ ਧਰਮਸ਼ਾਲਾ ਦਾ ਸੇਵਾਦਾਰ ਬਣਿਆ ਜਿਸ ਦਾ ਬਾਅਦ ਵਿੱਚ ਕਿਸੇ ਕਾਰਨ ਕਤਲ ਹੋ ਗਿਆ ਸੀ। ਸੁੰਦਰ ਦਾਸ ਦੀ ਮੌਤ ਤੋਂ ਬਾਅਦ ਸੇਵਾ ਦੀ ਜ਼ਿੰਮੇਵਾਰੀ ਉਸ ਦੇ ਪੁੱਤਰ ਸਵਾਮੀ ਦਰਸ਼ਨ ਦਾਸ ਕੋਲ ਆ ਗਈ। ਪੁਰਾਣੇ ਵੇਲ਼ੇ ਤੋਂ ਇਸ ਥਾਂ ਤੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਮੌਜੂਦਗੀ ਨਹੀਂ ਸੀ ਪਰ ਸਵਾਮੀ ਦਰਸ਼ਨ ਦਾਸ ਦੇ ਵੇਲ਼ੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਸੰਤ ਸੁੰਦਰ ਦਾਸ ਤਾਂ ਪਿੰਡ ਰਹਿੰਦਾ ਸੁਣਿਆ ਹੈ ਪਰ ਸਵਾਮੀ ਦਰਸ਼ਨ ਦਾਸ ਪਰਿਵਾਰ ਸਮੇਤ ਤਰਨਤਾਰਨ ਰਹਿੰਦਾ ਸੀ। ਉਹ ਤਰਨਤਾਰਨ ਤੋਂ ਧਰਮਸ਼ਾਲਾ ਦੀ ਸੇਵਾ ਲਈ ਆਉਂਦਾ ਸੀ ਤੇ ਸੇਵਾ ਕਰਕੇ ਸ਼ਾਮ ਨੂੰ ਵਾਪਸ ਸ਼ਹਿਰ ਚਲਾ ਜਾਂਦਾ ਸੀ। ਉਹ ਕਾਂਗਰਸ ਪਾਰਟੀ ਦਾ ਵਰਕਰ ਵੀ ਸੀ। ਕਈ ਸਾਲ ਪਹਿਲਾਂ ਧਰਮਸ਼ਾਲਾ ਦੀ ਮਾਲਕੀ ਵਾਲ਼ੀ ਜ਼ਮੀਨ ਦਾ ਝਗੜਾ ਵਧ ਜਾਣ ਉਪ੍ਰੰਤ ਸਵਾਮੀ ਦਰਸ਼ਨ ਦਾਸ ਵੀ ਅਣਿਆਈ ਮੌਤੇ ਮਾਰਿਆ ਗਿਆ। ਹੁਣ ਸ੍ਰ ਨਿਰਮਲ ਸਿੰਘ ਸ਼ਾਹ ਦਾ ਬੇਟਾ ਕਾਲ਼ਾ ਨੌਜਵਾਨ ਸਭਾ ਦੇ ਸਹਿਯੋਗ ਨਾਲ਼ ਇਸ ਧਰਮਸ਼ਾਲਾ ਦੀ ਵਿਰਾਸਤ ਨੂੰ ਸਾਂਭਣ ਲਈ ਯਤਨਸ਼ੀਲ ਹੈ। ਨੌਜਵਾਨਾਂ ਦਾ ਇਹ ਉਪਰਾਲਾ ਸਲਾਹੁਣਯੋਗ ਹੈ।

❐



Scanned with OKEN Scanner

# ਪਿੰਡ ਵਿੱਚ ਸਰਕਾਰੀ ਤੇ ਪ੍ਰਾਈਵੇਟ ਸੰਸਥਾਵਾਂ

ਪਿੰਡ ਦੇ ਲੋਕਾਂ ਦੀ ਸਹਾਇਤਾ ਤੇ ਸਹੂਲਤ ਲਈ ਵੱਖ ਵੱਖ ਸਰਕਾਰੀ, ਅਰਧ-ਸਰਕਾਰੀ ਤੇ ਪ੍ਰਾਈਵੇਟ ਸੰਸਥਾਵਾਂ ਕੰਮ ਕਰ ਰਹੀਆਂ ਹਨ ਜਿਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :-

### 1. ਆਂਗਣਵਾੜੀ ਕੇਂਦਰ

1975-76 ਵਿੱਚ ਕੇਂਦਰ ਸਰਕਾਰ ਦੀ ਸਹਾਇਤਾ ਨਾਲ ਪੰਜਾਬ ਸਰਕਾਰ ਵੱਲੋਂ ਸਮਾਜਿਕ ਸੁਰੱਖਿਆ, ਔਰਤਾਂ ਤੇ ਬਾਲ ਵਿਕਾਸ ਵਿਭਾਗ ਰਾਹੀਂ ਸੀ.ਡੀ.ਪੀ.ਓ. ਦੀ ਨਿਗਰਾਨੀ ਹੇਠ ਆਂਗਣਵਾੜੀ ਸਕੀਮ ਨੂੰ ਅਮਲੀ ਰੂਪ ਦਿੱਤਾ ਗਿਆ ਹੈ। ਇਸ ਸਮੇਂ 155 ਸੰਗਠਿਤ ਬਾਲ ਵਿਕਾਸ ਬਲਾਕਾਂ ਵਿੱਚ 26656 ਆਂਗਣਵਾੜੀ ਵਰਕਰ ਤੇ ਹੈਲਪਰ ਕੰਮ ਕਰ ਰਹੀਆਂ ਹਨ। ਹਰ ਵਰਕਰ ਨੂੰ ਇਸ ਵੇਲੇ ਹਰ ਮਹੀਨੇ 5500 ਤੇ ਹੈਲਪਰ ਨੂੰ 2750 ਰੁਪਏ ਦਾ ਆਨਰੇਰੀਅਮ (ਮਿਹਨਤਾਨਾ) ਦਿੱਤਾ ਜਾ ਰਿਹਾ ਹੈ। ਵਰਕਰਾਂ ਵਿੱਚ ਕਈ ਕੁੜੀਆਂ ਬੀ.ਏ., ਐਮ. ਏ. ਤੇ ਕਈ ਈ.ਟੀ.ਟੀ. ਜਾਂ ਬੀ.ਐੱਡ. ਪਾਸ ਹਨ। ਇਹਨਾਂ ਵਰਕਰਾਂ ਤੋਂ ਸਰਕਾਰ ਮੁਢਲੀ ਡਿਊਟੀ ਤੋਂ ਬਿਨਾਂ ਕਈ ਹੋਰ ਡਿਊਟੀਆਂ ਵੀ ਲੈਂਦੀ ਹੈ। ਪ੍ਰਾਪਤ ਹੋਇਆ ਰਾਸ਼ਣ ਸੈਂਟਰ ਤੱਕ ਲਿਆਉਣ ਦਾ ਖ਼ਰਚ ਤੇ ਸਟੇਸ਼ਨਰੀ ਦਾ ਬਹੁਤਾ ਖ਼ਰਚਾ ਵਰਕਰਾਂ ਨੂੰ ਆਪਣੀ ਜੇਬ ਚੋਂ ਕਰਨਾ ਪੈਂਦਾ ਹੈ। ਮੇਰੇ ਪਿੰਡ ਵਿੱਚ ਵੀ 5 ਆਂਗਣਵਾੜੀ ਸੈਂਟਰਾਂ ਵਿੱਚ 5 ਵਰਕਰਾਂ ਤੇ 5 ਹੈਲਪਰਾਂ ਕੰਮ ਕਰ ਰਹੀਆਂ ਹਨ। ਗਰਭਵਤੀ ਮਾਂਵਾਂ ਤੋਂ ਬਿਨਾਂ ਇਸ ਸਮੇਂ 60 ਦੇ ਕਰੀਬ 0-3 ਸਾਲ ਦੇ ਲਾਭ-ਪਾਤਰੀ ਬੱਚੇ ਰਜਿਸਟ੍ਰਡ ਹਨ। ਬੱਚਿਆਂ, ਵਰਕਰਾਂ-ਹੈਲਪਰਾਂ ਤੇ ਸਮਾਨ ਲਈ ਕੇਵਲ ਇੱਕ ਕਮਰਾ ਹੈ ਜੋ ਸਰਕਾਰੀ ਐਲੀਮੈਂਟਰੀ ਸਕੂਲ ਦੇ ਅੰਦਰ ਹੈ।

ਇਸ ਸਕੀਮ ਹੇਠ ਲਾਭ-ਪਾਤਰੀਆਂ ਨੂੰ ਮਿੱਠਾ ਦਲ਼ੀਆ, ਖ਼ੀਰ, ਹਲਵਾ ਜਾਂ ਪੰਜੀਰੀ ਆਦਿ ਸਰਵ ਕੀਤੀ ਜਾਂਦੀ ਹੈ। ਆਂਗਣਵਾੜੀ ਸਕੀਮ ਦਾ ਲਾਭ ਲੈਣ ਲਈ ਜਨਮ-ਸਰਟੀਫਿਕੇਟ ਤੇ ਅਧਾਰ ਕਾਰਡ ਦੀ ਲੋੜ ਹੁੰਦੀ ਹੈ। ਪਿੰਡ ਦੇ ਸਾਰੇ ਲੋੜਵੰਦ ਲੋਕਾਂ ਨੂੰ ਇਸ ਸਕੀਮ ਦਾ ਲਾਭ ਲੈਣ ਲਈ ਨੇੜੇ ਦੇ ਆਂਗਣਵਾੜੀ ਸੈਂਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਛੇ ਮਹੀਨੇ ਤੋਂ ਛੇ ਸਾਲ ਦੀ ਉਮਰ ਗਰੁੱਪ ਵਾਲੇ ਬੱਚਿਆਂ ਨੂੰ ਛੇ ਪ੍ਰਕਾਰ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਵੇਰਵਾ ਇਸ ਪ੍ਰਕਾਰ ਹੈ :-



Scanned with OKEN Scanner

1. ਬੱਚਿਆਂ ਨੂੰ ਸਪਲੀਮੈਂਟਰੀ ਨਿਊਟਰੀਸ਼ਨ
2. ਛੋਟੇ ਬੱਚਿਆਂ ਵਿਚ ਰੋਗ-ਰੋਕੂ ਟੀਕਾ-ਕਰਨ
3. ਹੈਲਥ ਚੈੱਕ ਅੱਪ
4. ਲੋੜ ਪੈਣ ਤੇ ਬੱਚੇ ਲਈ ਰੈਫ਼ਰਲ ਸੇਵਾ
5. ਖਾਣੇ ਅਤੇ ਸਿਹਤ ਸਬੰਧੀ ਸਿੱਖਿਆ, ਪ੍ਰੀ-ਸਕੂਲ ਸਿੱਖਿਆ
6. ਬੱਚਿਆਂ ਨੂੰ ਪ੍ਰੀ-ਸਕੂਲ ਸਿੱਖਿਆ ਤੇ ਸੰਭਾਲ

ਵਿਭਾਗ ਦੀ ਵੈੱਬਸਾਈਟ ਤੋਂ ਉੱਪਲਬਧ ਜਾਣਕਾਰੀ ਮੁਤਾਬਕ ਆਂਗਣਵਾੜੀਆਂ ਰਾਹੀਂ ਸਪਲੀਮੈਂਟਰੀ ਨਿਊਟ੍ਰੀਸ਼ਨ ਪ੍ਰੋਗਰਾਮ ਲਾਗੂ ਕਰਨ ਲਈ ਕੇਂਦਰ ਤੇ ਪੰਜਾਬ ਸਰਕਾਰ 50:50 ਦੀ ਅਨੁਪਾਤ ਨਾਲ ਖ਼ਰਚ ਕਰ ਰਹੀ ਹੈ। ਨਵੀਂ ਜਾਣਕਾਰੀ ਮੁਤਾਬਕ ਪੰਜਾਬ ਸਰਕਾਰ ਨੇ ਹੁਣ ਇਹਨਾਂ ਕੇਂਦਰਾਂ ਵਿਚਲੇ 3-6 ਸਾਲ ਦੀ ਉਮਰ ਦੇ ਬੱਚਿਆਂ ਨੂੰ ਪ੍ਰੀ ਪ੍ਰਾਇਮਰੀ ਜਮਾਤਾਂ ਦੇ ਤੌਰ ਤੇ ਸਰਕਾਰੀ ਐਲੀਮੈਂਟਰੀ ਸਕੂਲਾਂ ਹਵਾਲੇ ਕਰ ਦਿੱਤਾ ਹੈ। ਸਰਕਾਰ ਦਾ ਇਹ ਫ਼ੈਸਲਾ ਹਜ਼ਾਰਾਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੇ ਭਵਿੱਖ ਤੇ ਸਵਾਲੀਆ ਨਿਸ਼ਾਨ ਲਾਉਣ ਵਾਲਾ ਫ਼ੈਸਲਾ ਹੈ।

## 2. ਸਰਕਾਰੀ ਐਲੀਮੈਂਟਰੀ ਸਕੂਲ

ਪਿੰਡ ਦੇ ਵਿਚਕਾਰ ਉੱਚੀ ਥਾਂ ਤੇ ਸਰਕਾਰੀ ਐਲੀਮੈਂਟਰੀ ਸਕੂਲ ਦੀ ਸ਼ਾਨਦਾਰ ਤੇ ਹਵਾਦਾਰ ਇਮਾਰਤ ਹੈ। ਸਕੂਲ ਵਿੱਚ ਇਕ ਦਫ਼ਤਰ, 5 ਜਮਾਤ-ਕਮਰੇ, ਕੰਪਿਊਟਰ ਰੂਮ, ਲਾਇਬ੍ਰੇਰੀ, ਮਿਡ ਡੇ ਮੀਲ ਲਈ ਕਿਚਨ ਆਦਿ ਤੇ ਅੱਗੇ ਬਰਾਂਡਾ ਬਣਿਆ ਹੋਇਆ ਹੈ। ਸੈਂਟਰ ਸਕੂਲ ਹੋਣ ਕਰਕੇ ਇਸ ਸਕੂਲ ਵਿੱਚ ਮੁੱਖ ਅਧਿਆਪਕ ਦੀ ਥਾਂ ਸੀ.ਐਚ.ਟੀ. (ਕੇਂਦਰ-ਮੁੱਖ-ਅਧਿਆਪਕ) ਦੀ ਪੋਸਟ ਹੈ ਤੇ 7 ਹੋਰ ਸਕੂਲ ਇਸ ਨਾਲ ਜੁੜੇ ਹੋਏ ਹਨ। ਸਕੂਲ ਦੀਆਂ ਅੰਦਰਲੀਆਂ ਕੰਧਾਂ ਤੇ ਵਿਦਿਅਕ ਨਾਹਰੇ ਤੇ ਹੋਰ ਸਮਗਰੀ ਦਾ ਚਿਤਰਣ ਕਰਕੇ ਸਜਾਵਟ ਕੀਤੀ ਹੋਈ ਹੈ ਤੇ ਸਕੂਲ ਵਿੱਚ ਹਰੇ ਭਰੇ ਸਜਾਵਟੀ ਤੇ ਫੁੱਲਦਾਰ ਬੂਟੇ ਲੱਗੇ ਹੋਏ ਹਨ। ਸਕੂਲ ਵਿੱਚ ਲੋੜੀਂਦੇ ਕੰਪਿਊਟਰ, ਐਲ.ਈ.ਡੀ. ਤੇ ਪ੍ਰੋਜੈਕਟਰ ਮੌਜੂਦ ਹਨ ਤੇ ਸਪੋਰਟਸ ਦਾ ਸਮਾਨ ਵੀ ਮੌਜੂਦ ਹੈ। ਸ੍ਰੀ ਮਨਿੰਦਰ ਸਿੰਘ ਇਸ ਵੇਲ਼ੇ ਸਕੂਲ ਦੇ ਇੰਚਾਰਜ ਹਨ। ਉਹਨਾਂ ਨਾਲ 7 ਹੋਰ ਅਧਿਆਪਕ ਬੱਚਿਆਂ ਨੂੰ ਗਿਆਨ ਵੰਡਣ ਦੀ ਡਿਊਟੀ ਨਿਭਾ ਰਹੇ ਹਨ। ਇਸ ਵੇਲੇ ਸਕੂਲ ਵਿੱਚ ਕੁੱਲ 277 ਬੱਚੇ ਪੜ੍ਹਦੇ ਹਨ ਜਿਹਨਾਂ ਵਿੱਚ 184 ਮੁੰਡੇ ਤੇ 93 ਕੁੜੀਆਂ ਹਨ। ਵਿਭਾਗ ਵੱਲੋਂ ਇਸ ਸਾਲ (2023-24) ਬੱਚਿਆਂ ਨੂੰ ਸਿਲੇਬਸ ਨਾਲ ਸਬੰਧਿਤ ਮੁਫ਼ਤ ਕਿਤਾਬਾਂ ਅਤੇ ਬੱਚਿਆਂ ਨੂੰ ਮੁਫ਼ਤ ਵਰਦੀ ਦਿੱਤੀ ਗਈ ਹੈ। ਬੱਚਿਆਂ ਨੂੰ ਮਿਡ-ਡੇ-ਮੀਲ ਬਣਾ ਕੇ ਦੇਣ ਲਈ ਵਰਕਰ ਕੰਮ ਕਰਦੇ ਹਨ। ਮੁੱਖ ਅਧਿਆਪਕ ਸ੍ਰ. ਮਨਿੰਦਰ ਸਿੰਘ ਦੀ ਸੁਚੱਜੀ ਰਹਿਨੁਮਾਈ ਹੇਠ ਹਰ ਸਾਲ ਸਕੂਲ



Scanned with OKEN Scanner

ਦੇ ਨਤੀਜੇ ਚੰਗੇ ਹੁੰਦੇ ਹਨ। ਬੱਚੇ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਖੇਡਾਂ ਵਿੱਚ ਵੀ ਭਾਗ ਲੈਂਦੇ ਹਨ। ਪੁਰਾਣੇ ਅਧਿਆਪਕ ਸ੍. ਸਰਵਣ ਸਿੰਘ ਅਤੇ ਇਕਬਾਲ ਸਿੰਘ ਸੋਢੀ ਇਸ ਸਕੂਲ ਤੋਂ ਹੀ ਰਿਟਾਇਰ ਹੋਏ ਸਨ।

### 3. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ

ਪਿੰਡ ਦੇ ਲਹਿੰਦੇ ਪਾਸੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੈ। ਪਹਿਲਾਂ ਇੱਥੇ ਪ੍ਰਾਇਮਰੀ ਸਕੂਲ ਹੁੰਦਾ ਸੀ, 20.12.1974 ਨੂੰ ਸਕੂਲ ਪ੍ਰਾਇਮਰੀ ਤੋਂ ਮਿਡਲ, 11.04.1980 ਨੂੰ ਮਿਡਲ ਤੋਂ ਹਾਈ ਤੇ 1.01.2001 ਤੋਂ ਹਾਈ ਤੋਂ ਅੱਪ-ਗ੍ਰੇਡ ਕਰਕੇ ਸੀਨੀਅਰ ਸੈਕੰਡਰੀ ਕਰ ਦਿੱਤਾ ਗਿਆ। ਜਦੋਂ ਇਹ ਸਕੂਲ ਪ੍ਰਾਇਮਰੀ ਤੋਂ ਮਿਡਲ ਹੋਇਆ ਤਾਂ ਬਿਲਡਿੰਗ ਦੀ ਅਣਹੋਂਦ ਕਾਰ ਨਵੀਂ ਇਮਾਰਤ ਬਣਨ ਤੱਕ ਤਿੰਨ ਜਮਾਤਾਂ ਗੁਰਦੁਆਰਾ ਬਾਬਾ ਜੋਗੀ ਪੀਰ ਲਗਦੀਆਂ ਰਹੀਆਂ ਸਨ। ਹੁਣ ਇਸ ਸਕੂਲ ਦੀ ਸ਼ਾਨਦਾਰ ਖੁੱਲ੍ਹੀ ਤੇ ਹਵਾਦਾਰ ਇਮਾਰਤ ਹੈ ਜਿਸ ਵਿੱਚ 12 ਜਮਾਤ-ਕਮਰੇ, ਇੱਕ ਸਾਇੰਸ ਲੈਬ, ਇੱਕ ਕੰਪਿਊਟਰ ਲੈਬ, ਇਕ ਸਪੋਰਟਸ ਰੂਮ, ਇਕ ਸਟਾਫ਼-ਰੂਮ, ਇਕ ਦਫ਼ਤਰ ਪ੍ਰਿੰਸੀਪਲ, ਇਕ ਦਫ਼ਤਰ ਕਲਰਕ ਤੇ ਇਕ ਲਾਇਬ੍ਰੇਰੀ ਹੈ। ਪੰਜ ਕਮਰਿਆਂ ਵਿਚ ਪ੍ਰੋਜੈਕਟਰ ਲੱਗੇ ਹੋਏ ਹਨ।

ਸਕੂਲ ਵਿੱਚ 24 ਕੰਪਿਊਟਰ ਪ੍ਰਿੰਟਰ ਅਤੇ ਨੈੱਟ ਦੀ ਸਹੂਲਤ ਮੌਜੂਦ ਹੈ। ਸਕੂਲ ਦਾ ਆਪਣਾ ਬ੍ਰਾਡਕਾਸਟਿੰਗ ਸਿਸਟਮ ਹੈ। ਲਾਇਬ੍ਰੇਰੀ ਵਿਚ ਬੱਚਿਆਂ ਦੇ ਪੜ੍ਹਨ ਲਈ 1000 ਤੋਂ ਵੱਧ ਪੁਸਤਕਾਂ ਹਨ। ਕਮਰੇ ਭਾਵੇਂ ਹਵਾਦਾਰ ਹਨ ਪਰ ਬਿਜਲੀ ਦੇ ਪੱਖੇ ਸਾਰੇ ਕਮਰਿਆਂ ਵਿਚ ਲੱਗੇ ਹੋਏ ਹਨ। ਛੇਵੀਂ ਜਮਾਤ ਤੋਂ ਅੱਠਵੀਂ ਤੱਕ ਬੱਚਿਆਂ ਨੂੰ ਹਫ਼ਤਾਵਰੀ ਮੀਨੂ ਅਨੁਸਾਰ ਮੁਫ਼ਤ ਖਾਣਾ ਦਿੱਤਾ ਜਾਂਦਾ ਹੈ ਤੇ ਖਾਣਾ ਬਣਾਉਣ ਲਈ ਰਸੋਈ ਦਾ ਪ੍ਰਬੰਧ ਹੈ। ਨਿਗਰਾਨੀ ਹਿਤ ਸਕੂਲ ਵਿਚ 10 ਸੀ ਸੀ ਟੀ ਵੀ ਕੈਮਰੇ ਲੱਗੇ ਹੋਏ ਹਨ।

ਸਕੂਲ ਵਿੱਚ ਇੱਕ ਪ੍ਰਿੰਸੀਪਲ, 2 ਲੈਕਚਰਾਰਾਂ, 4 ਮਾਸਟਰਾਂ, 1 ਡਰਾਇੰਗ ਟੀਚਰ, 1 ਸੇਵਾਦਾਰ ਤੇ 1 ਮਾਲੀ ਦੀਆਂ ਪੋਸਟਾਂ ਇਸ ਵੇਲੇ ਖਾਲੀ ਹਨ। ਬਾਕੀ 2 ਲੈਕਚਰਾਰ, 11 ਮਾਸਟਰ, 2 ਕੰਪਿਊਟਰ ਟੀਚਰ, 1 ਜੂਨੀਅਰ ਸਹਾਇਕ, 1 ਚੌਂਕੀਦਾਰ ਸਕੂਲ ਵਿੱਚ ਬੱਚਿਆਂ ਨੂੰ ਪੂਰੀ ਤਨਦੇਹੀ ਨਾਲ ਵਿਦਿਆ ਦਾ ਚਾਨਣ ਵੰਡ ਰਹੇ ਹਨ। ਸ੍. ਗੁਰਵਰਿਆਮ ਸਿੰਘ ਲੈਕਚਰਾਰ ਪੰਜਾਬੀ ਇਸ ਸਕੂਲ ਵਿੱਚ ਬਾਕੀ ਸਭ ਤੋਂ ਸੀਨੀਅਰ ਅਧਿਆਪਕ ਹਨ। ਉਹਨਾਂ ਨੇ ਇਸ ਸਕੂਲ ਵਿੱਚ 11.02.97 ਤੋਂ 28.09.2021 ਤੱਕ ਬਤੌਰ ਪੰਜਾਬੀ ਮਾਸਟਰ ਕੰਮ ਕੀਤਾ ਹੈ ਤੇ 29.09.21 ਤੋਂ ਪਦ-ਉਨਤੀ ਉਪ੍ਰੰਤ ਪੰਜਾਬੀ ਲੈਕਚਰਾਰ ਵਜੋਂ ਸੇਵਾਵਾਂ ਨਿਭਾ ਰਹੇ ਹਨ। ਉਹਨਾਂ ਤੋਂ ਬਾਅਦ ਸ੍. ਰੇਸ਼ਮ ਸਿੰਘ ਸ. ਸ. ਮਾਸਟਰ ਵੀ ਲੰਮੇ ਸਮੇਂ ਤੋਂ ਇਸ ਸਕੂਲ ਵਿੱਚ ਸੇਵਾ ਕਰ ਰਹੇ ਹਨ। ਸ੍. ਪ੍ਰਮਿੰਦਰ ਸਿੰਘ ਸੂਦ, ਸਵਃ ਕੁਲਵੰਤ ਸਿੰਘ ਢਿੱਲੋਂ ਸਾਇੰਸ ਮਾਸਟਰ 15 ਕੁ ਸਾਲ ਪਹਿਲਾਂ ਇਸ ਸਕੂਲ



Scanned with OKEN Scanner

ਤੋਂ ਰਿਟਾਇਰ ਹੋਏ ਸਨ। ਭੈਣ ਜੀ ਹਰਜੀਤ ਕੌਰ ਲੈਕਚਰਾਰ ਸਰੀਰਿਕ ਸਿੱਖਿਆ ਅਤੇ ਸ੍ਰ. ਕੁਲਵੰਤ ਸਿੰਘ ਲੈਕਚਰਾਰ ਇਤਿਹਾਸ ਵੀ ਪਿਛਲੇ ਅਰਸੇ ਵਿੱਚ ਇਸ ਸਕੂਲ ਵਿੱਚ ਸ਼ਾਨਦਾਰ ਸੇਵਾਵਾਂ ਨਿਭਾ ਕੇ ਸੇਵਾ-ਮੁਕਤ ਹੋਏ ਹਨ। ਦੋਵੇਂ ਕੁਝ ਸਮਾਂ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਵਜੋਂ ਕੰਮ ਕਰਦੇ ਰਹੇ ਹਨ। ਸ੍ਰ. ਨਛੱਤਰ ਸਿੰਘ ਕੁਝ ਸਾਲ ਇਸ ਸਕੂਲ ਵਿੱਚ ਬਤੌਰ ਲੈਕਚਰਾਰ ਅੰਗਰੇਜ਼ੀ ਬੇਦਾਗ ਸੇਵਾ ਕਰਨ ਉਪ੍ਰੰਤ ਲੰਘੀ 31 ਮਾਰਚ ਨੂੰ ਸੇਵਾ-ਮੁਕਤ ਹੋਏ ਹਨ। ਸ੍ਰ. ਗੁਰਦੀਪ ਸਿੰਘ ਮੈਥ-ਮਾਸਟਰ ਵੀ ਸ਼ਾਨਦਾਰ ਸੇਵਾ ਕਰਨ ਉਪ੍ਰੰਤ ਇਸ ਸਕੂਲ ਤੋਂ ਹੀ ਸੇਵਾ-ਮੁਕਤ ਹੋਏ ਹਨ।

ਪੰਜਾਬ ਸਿੱਖਿਆ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਠਵੀਂ ਤੱਕ ਬੱਚਿਆਂ ਨੂੰ ਦੁਪਹਿਰ ਦਾ ਭੋਜਨ ਦੇਣ ਲਈ ਤਿੰਨ ਮਿਡ ਡੇ ਮੀਲ ਵਰਕਰ ਤੇ ਇਕ ਸਫ਼ਾਈ ਸੇਵਕ ਮੌਜੂਦ ਹੈ। ਮੁਫ਼ਤ ਭੋਜਨ ਤੋਂ ਬਿਨਾਂ ਸਾਰੇ ਬੱਚਿਆਂ ਨੂੰ ਮੁਫ਼ਤ ਪਾਠ-ਪੁਸਤਕਾਂ, ਅੱਠਵੀਂ ਤੱਕ ਮੁਫ਼ਤ ਵਰਦੀ ਤੇ ਮੁਫ਼ਤ ਪੜ੍ਹਾਈ ਤੋਂ ਛੁੱਟ ਅਨੁਸ਼ੂਚਿਤ ਜਾਤੀ ਤੇ ਪਛੜੀ ਸ਼ੇਣੀ ਦੇ ਬੱਚਿਆਂ ਨੂੰ ਵਜੀਫ਼ੇ ਦਿੱਤੇ ਜਾਂਦੇ ਹਨ। ਸਕੂਲ ਵਿੱਚ ਲਿਸਨਿੰਗ ਲੈਬ, ਇੰਗਲਿਸ਼ ਬੂਸਟਰ ਕਲੱਬ, ਵੱਖ ਵੱਖ ਸ਼ਹੀਦਾਂ ਦੇ ਨਾਂ ਤੇ ਬੱਚਿਆਂ ਦੇ 4 ਹਾਊਸ, ਪ੍ਰਭਾਵਸ਼ਾਲੀ ਸਵੇਰ ਦੀ ਸਭਾ ਇਸ ਸਕੂਲ ਦੇ ਹੋਰ ਹਾਂਦਰੂ ਪੱਖ ਹਨ। ਸਕੂਲ ਸਟਾਫ਼ ਵੱਲੋਂ ਬੱਚਿਆਂ ਦੀ ਪੜ੍ਹਾਈ ਤੇ ਵਿਭਾਗੀ ਲੋੜ ਮੁਤਾਬਕ ਆਧੁਨਿਕ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਆਨ ਲਾਈਨ ਐਜੂਕੇਸ਼ਨ, ਵਟਸ-ਐਪ ਗਰੁੱਪ ਤੇ ਫੇਸ-ਬੁੱਕ ਪੇਜ ਦੀ ਵਰਤੋਂ ਕੀਤੀ ਜਾਂਦੀ ਹੈ। ਮੌਜੂਦਾ ਸਮਾਜਿਕ ਪ੍ਰਸਥਿੱਤੀਆਂ ਦਾ ਮੁਕਾਬਲਾ ਕਰਨ ਤੇ ਸਵੈ-ਰੱਖਿਆ ਲਈ ਸਾਰੀਆਂ ਕੁੜੀਆਂ ਨੂੰ ਕਰਾਟੇ-ਟ੍ਰੇਨਿੰਗ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਸਕੂਲ ਵਿੱਚ ਐਜੂਕੇਸ਼ਨ-ਪਾਰਕ, ਬੈਡਮਿੰਟਨ ਕੋਰਟ ਤੇ ਖਿਡਾਰੀਆਂ ਲਈ ਖੇਡ ਦਾ ਮੈਦਾਨ ਹੈ ਜੋ ਅਜੇ ਪੰਚਾਇਤ ਦੀ ਮਾਲਕੀ ਹੈ। ਇਸ ਵੇਲ਼ੇ ਸਕੂਲ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਬੱਚਿਆਂ ਦੀ ਗਿਣਤੀ ਇਸ ਪ੍ਰਕਾਰ ਹੈ :-

| | | | |
|---|---|---|---|
| ਜਨਰਲ ਬੱਚੇ | - 24+18=42 | ਪੱਛੜੀ ਸ਼ੇਣੀ | - 30+18=48 |
| ਅਨੁਸੂਚਿਤ ਜਾਤੀ | - 168+90=258 | ਕੁੱਲ ਜੋੜ | 222+126=348 |

(ਇਨਰੋਲਮੈਂਟ- ਅਪ੍ਰੈਲ-ਮਈ, 2023)

ਗੇਟ ਤੋਂ ਅੰਦਰ ਦਾਖ਼ਲ ਹੁੰਦਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਸਕੂਲ ਦਾ ਪ੍ਰਬੰਧ ਸੁਚੱਜੇ ਹੱਥਾਂ ਵਿੱਚ ਹੈ। ਗੇਟ ਤੋਂ ਸਕੂਲ ਕੈਂਪਸ ਦੇ ਵਿਚਕਾਰ ਦੀ ਅੰਦਰਲੇ ਆਖ਼ਰੀ ਭਾਗ ਤੱਕ ਸੁੰਦਰ ਰਸਤਾ ਹੈ ਜਿਸ ਦੇ ਦੋਹੀਂ ਪਾਸੀਂ ਫੁੱਲਾਂ ਦੀਆਂ ਕਿਆਰੀਆਂ ਤੇ ਛਾਂ-ਦਾਰ ਬੂਟੇ ਲੱਗੇ ਹੋਏ ਹਨ। ਗੇਟੋਂ ਅੰਦਰ ਇਕ ਪਾਸੇ ਕੁੜੀਆਂ ਮੁੰਡਿਆਂ ਲਈ ਅੱਡੋ ਅੱਡ ਬਾਥ-ਰੂਮ ਬਣੇ ਹੋਏ ਹਨ। ਅੱਗੇ ਖੱਬੇ ਪਾਸੇ ਵੱਡੀਆਂ ਜਮਾਤਾਂ ਲਈ ਜਮਾਤ ਕਮਰੇ ਹਨ। ਸੱਜੇ ਪਾਸੇ ਪੀਣ ਲਈ ਸਾਫ਼ ਪਾਣੀ ਦੇ ਦੋ ਟੈਂਕ ਤੇ ਆਰ ਓ ਸਿਸਟਮ ਮੌਜੂਦ ਹੈ। ਬਿਜਲੀ ਦੀ ਬਚਤ



Scanned with OKEN Scanner

ਲਈ ਸੋਲਰ ਸਿਸਟਮ ਯੂਨਿਟ ਵੀ ਹੈ। ਬਿਜਲੀ ਦੀ ਸਪਲਾਈ 24 ਘੰਟੇ ਰਹਿੰਦੀ ਹੈ। ਇਸ ਸਕੂਲ ਦੇ ਵਿਦਿਆਰਥੀਆਂ ਵੱਲੋਂ 'ਮੇਰੇ ਮਾਪੇ ਮੇਰਾ ਇਸ਼ਟ' ਨਾਂ ਦੀ ਸਮਾਜ-ਸੇਵੀ ਸੰਸ਼ਥਾ ਵੱਲੋਂ ਪੇਂਡੂ ਹੁਸ਼ਿਆਰ ਬੱਚਿਆਂ ਦੀ ਮਦਦ ਲਈ ਹਰ ਸਾਲ ਲਏ ਜਾਂਦੇ ਮੁਕਾਬਲਾ ਟੈਸਟਾਂ ਚੋਂ ਹੇਠ ਲਿਖੇ ਅਨੁਸਾਰ ਪ੍ਰਾਪਤੀਆਂ ਕੀਤੀਆਂ ਹਨ :-

| ਸਾਲ | ਲੜੀ ਨੰ | ਨਾਮ | ਪਿਤਾ ਦਾ ਨਾਮ | ਜਮਾਤ | ਪ੍ਰਾਪਤ ਸਥਾਨ | ਜਿੱਤੀ ਗਈ ਇਨਾਮੀ ਰਾਸ਼ੀ |
|---|---|---|---|---|---|---|
| 2019 | 1 | ਪਲਵਿਦਰ ਕੌਰ | ਸਾਹਬ ਸਿੰਘ | ਦਸਵੀਂ | ਪਹਿਲਾ | 2000 ਰੁਪਏ |
| | 2 | ਗੁਰਜੀਤ ਸਿੰਘ | ਗੁਲਜ਼ਾਰ ਸਿੰਘ | ਦਸਵੀਂ | ਦੂਜਾ | 1500 ਰੁਪਏ |
| | 3 | ਹਰਪ੍ਰੀਤ ਸਿੰਘ | ਕੁਲਦੀਪ ਸਿੰਘ | ਦਸਵੀਂ | ਤੀਜਾ | 1000 ਰੁਪਏ |
| 2021 | 1 | ਇੰਦਰਜੀਤ ਸਿੰਘ | ਗੁਰਵੇਲ ਸਿੰਘ | ਦਸਵੀਂ | ਦੂਜਾ | 4500 ਰੁਪਏ |
| | 2 | ਜਸ਼ਨਦੀਪ ਕੌਰ | ਹੀਰਾ ਸਿੰਘ | ਦਸਵੀਂ | ਨੌਂਵਾਂ | 1500 ਰੁਪਏ |
| 2022 | 1 | ਪਰਮਿੰਦਰ ਕੌਰ | ਸੁਰਜੀਤ ਸਿੰਘ | ਅਠਵੀਂ | ਪੰਜਵਾਂ | 1000 ਰੁਪਏ |
| | 2 | ਮੁਸਕਾਨਪ੍ਰੀਤ ਕੌਰ | ਹੀਰਾ ਸਿੰਘ | ਅਠਵੀਂ | ਦਸਵਾਂ | 500 ਰੁਪਏ |
| | 3 | ਜਸਕਰਨ ਸਿੰਘ | ਮੱਸਾ ਸਿੰਘ | ਦਸਵੀਂ | ਛੇਵਾਂ | 1500 ਰੁਪਏ |
| | 4 | ਕਵਲਜੀਤ ਕੌਰ | ਸੁਖਦੇਵ ਸਿੰਘ | ਦਸਵੀਂ | ਸਤਵਾਂ | 1000 ਰੁਪਏ |
| 2023 | 1 | ਰਮਨਦੀਪ ਕੌਰ | ਸਤਨਾਮ ਸਿੰਘ | ਦਸਵੀਂ | ਤੀਜਾ | 5000 ਰੁਪਏ |

ਨਵੰਬਰ 2023 ਦੌਰਾਨ ਇਸ ਸਕੂਲ ਤੋਂ ਪੜ੍ਹ ਕੇ ਉੱਚ-ਵਿਦਿਆ ਲਈ ਕੈਨੇਡਾ ਗਏ ਕਿਰਨਦੀਪ ਕੌਰ ਪੁਤਰੀ ਸ੍. ਕੁਲਦੀਪ ਸਿੰਘ ਅਤੇ ਹਰਮਨਦੀਪ ਸਿੰਘ ਪੁੱਤਰ ਸ੍. ਕੁਲਦੀਪ ਸਿੰਘ ਦੋਹਾਂ ਭੈਣ-ਭਰਾਵਾਂ ਨੇ ਕੈਨੇਡਾ ਦੀ ਪੀ.ਆਰ. ਮਿਲ ਜਾਣ ਉਪ੍ਰੰਤ ਸਕੂਲ ਹਾਜ਼ਰ ਹੋ ਕੇ ਸਕੂਲ ਦੇ ਗਰੀਬ ਲੋੜਵੰਦ ਬੱਚਿਆਂ ਨੂੰ ਵਰਦੀਆਂ ਅਤੇ ਸਾਰੇ ਬੱਚਿਆਂ ਨੂੰ ਲੱਡੂ ਵੰਡੇ। ਬੱਚਿਆਂ ਦੀ ਇਸ ਪ੍ਰਾਪਤੀ ਤੇ ਸਕੂਲ ਸਟਾਫ਼ ਨੇ ਅਥਾਹ ਖ਼ੁਸ਼ੀ ਮਹਿਸੂਸ ਕਰਦੇ ਹੋਏ ਬੱਚਿਆਂ ਦੇ ਮਾਤਾ-ਪਿਤਾ ਨੂੰ ਸਨਮਾਨਿਤ ਕੀਤਾ।

ਸ੍. ਗੁਰਵਰਿਆਮ ਸਿੰਘ ਤੋਂ ਇਹ ਜਾਣਕਾਰੀ ਪ੍ਰਾਪਤ ਕਰਨ ਉਪ੍ਰੰਤ ਮੈਂ ਇਸ ਸਿੱਟੇ ਤੇ ਪਹੁੰਚਿਆ ਹਾਂ ਕਿ ਅਜ਼ਾਦੀ ਤੋਂ ਬਾਅਦ ਸੂਬੇ ਵੱਲੋਂ ਕੀਤੀ ਤਰੱਕੀ ਦੇ ਨਤੀਜੇ ਵਜੋਂ ਹੁਣ ਸਰਕਾਰੀ ਸਕੂਲਾਂ ਵਿੱਚ ਜਿੰਨੀਆਂ ਸਹੂਲਤਾਂ ਉਪਲੱਬਧ ਹਨ, ਸਾਡੇ ਵੇਲ਼ੇ ਇਹਨਾਂ ਦਾ 10% ਵੀ ਨਹੀਂ ਸਨ। ਇਸ ਕਾਰਨ ਮੈਂ ਪਿੰਡ ਦੇ ਪਾੜ੍ਹਿਆਂ ਨੂੰ ਸੁਨਿਮਰ ਬੇਨਤੀ-ਨੁਮਾ ਸਲਾਹ ਦੇਂਦਾ ਹਾਂ ਕਿ ਉਹ ਪੂਰੀ ਤਨਦੇਹੀ ਨਾਲ ਸਖ਼ਤ ਮਿਹਨਤ ਕਰਕੇ ਪੜ੍ਹਾਈ ਕਰਨ ਤੇ ਉੱਚੇ ਮੁਕਾਮ ਹਾਸਲ ਕਰਕੇ ਆਪਣੇ ਮਾਂ-ਬਾਪ ਦਾ ਨਾਂ ਰੋਸ਼ਨ ਕਰਨ। ਬਾਰ੍ਹਵੀਂ ਜਮਾਤ ਪਾਸ ਕਰਕੇ ਆਪਣੇ ਅਧਿਆਪਕਾਂ ਦੀ ਸਲਾਹ ਨਾਲ ਆਪਣੀ ਭਵਿੱਖ ਦੀ ਲਾਈਨ



Scanned with OKEN Scanner

ਚੁਣਨ। ਜ਼ਿਲ੍ਹੇ ਵਿੱਚ ਮੈਡੀਕਲ ਟ੍ਰੇਨਿੰਗ ਸੰਸਥਾਵਾਂ, ਕੋਚਿੰਗ ਸੈਂਟਰ ਨਿਸ਼ਾਨ-ਏ-ਸਿੱਖੀ ਖਡੂਰ ਸਾਹਿਬ, ਮਾਈ ਭਾਗੋ ਨਰਸਿੰਗ ਕਾਲਜ, ਸ੍ਰੀ ਗੁ.ਅੰ.ਦੇ.ਕਾਲਜ ਫਾਰ ਬੀ.ਐੱਡ, ਸ਼ਹੀਦ ਭਗਤ ਸਿੰਘ ਪੌਲੀ-ਟੈਕਨਿਕ ਤੇ ਬੀ.ਐੱਡ. ਕਾਲਜ ਪੱਟੀ ਤੇ ਸ੍ਰੀ ਗੁਰੂ ਤੇਗ ਬਹਾਦਰ ਲਾਅ-ਯੂਨੀਵਰਸਿਟੀ ਕੈਰੋਂ ਮੌਜੂਦ ਹਨ। ਜ਼ਮੀਨਾਂ-ਜਾਇਦਾਦਾਂ ਵੇਚ ਕੇ ਵਿਦੇਸ਼ਾਂ ਵੱਲ ਜਾਣ ਦੀ ਥਾਂ ਆਪਣੇ ਦੇਸ਼ ਵਿੱਚ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਕੇ ਸਰਕਾਰੀ ਦਫ਼ਤਰਾਂ 'ਚ ਥਾਂ ਮੱਲਣ ਵਰਨਾ ਪੰਜਾਬ ਦੇ ਸਰਕਾਰੀ ਦਫ਼ਤਰਾਂ, ਬੈਂਕਾਂ, ਡਾਕਖ਼ਾਨਿਆਂ, ਸਿਵਲ ਤੇ ਸੁਰੱਖਿਆ ਵਿਭਾਗਾਂ ਵਿੱਚ ਗੈਰ-ਪੰਜਾਬੀਆਂ ਦਾ ਬੋਲ-ਬਾਲਾ ਹੋ ਜਾਵੇਗਾ।

## 4. ਗੁਰੂ ਨਾਨਕ ਦੇਵ ਅਕੈਡਮੀ

ਮਾਸਟਰ ਜਗੀਰ ਸਿੰਘ ਪੁੱਤਰ ਸ੍ਰ. ਸੁਰਜਨ ਸਿੰਘ ਦੋਧੀ ਨੇ ਆ.ਕ੍ਰਾ.ਟੀ. ਵਜੋਂ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਸੀ: ਸੈ: ਸਕੂਲ ਅਗਾੜਾ ਪਿਛਾੜਾ ਵਿੱਚ ਲੰਬੀ ਸੇਵਾ ਕਰਕੇ ਰਿਟਾਇਰ ਹੋਣ ਤੋਂ ਬਾਅਦ 2014 ਵਿੱਚ ਉਹਨੇ ਸਿੱਖਿਆ ਵਿਭਾਗ ਨਾਲ ਜੁੜੇ ਰਹਿਣ ਤੇ ਇਲਾਕੇ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਨਾਲ ਪਿੰਡ ਤੋਂ ਦੱਖਣ-ਪੂਰਬ ਵੱਲ ਆਪਣੇ ਖੇਤਾਂ ਵਿੱਚ ਗੁਰੂ ਨਾਨਕ ਅਕੈਡਮੀ ਮਾਣੋਚਾਹਲ ਦੀ ਸਥਾਪਨਾ ਕੀਤੀ। ਅਕੈਡਮੀ ਦੀ ਸ਼ਾਨਦਾਰ, ਖੁੱਲ੍ਹੀ ਤੇ ਹਵਾਦਾਰ ਦੋ-ਮੰਜ਼ਲੀ ਇਮਾਰਤ ਤੇ ਖੁੱਲ੍ਹਾ ਵਿਹੜਾ ਹੈ। ਇਮਾਰਤ ਵਿੱਚ ਇਕ ਦਫ਼ਤਰ ਪਿੰਸੀਪਲ ਤੇ 25 ਜਮਾਤ-ਕਮਰੇ ਹਨ। ਬਕਾਇਦਾ ਕੰਪਿਊਟਰ ਲੈਬ ਹੈ। ਬੱਚਿਆਂ ਦੇ ਖੇਡਣ ਲਈ ਝੂਲੇ ਤੇ ਹੋਰ ਸਾਧਨ ਵੀ ਹਨ। ਅਕੈਡਮੀ ਵਿੱਚ ਬੱਚਿਆਂ ਨੂੰ ਸਿੱਖਿਆ ਦੇਣ ਲਈ 22 ਅਧਿਆਪਕ ਹਨ। ਮੈਡਮ ਗੁਰਲੀਨ ਕੌਰ ਐਮ.ਐਸ.ਸ਼ੀ. ਬੀ.ਐਡ. ਪ੍ਰਿੰਸੀਪਲ ਹਨ। ਸੰਸਥਾ ਵਿੱਚ ਇਸ ਸਮੇਂ 466 ਬੱਚੇ ਪੜ੍ਹਦੇ ਹਨ ਜਿਹਨਾਂ ਚੋਂ 245 ਲੜਕੇ ਤੇ 221 ਲੜਕੀਆਂ ਹਨ। ਅਕੈਡਮੀ ਦੇ ਸੰਸਥਾਪਕ ਮੇਰੇ ਜਮਾਤੀ ਸ੍ਰ. ਜਗੀਰ ਸਿੰਘ ਦੋ ਕੁ ਸਾਲ ਪਹਿਲਾਂ ਗੁਰ-ਚਰਨਾਂ ਵਿੱਚ ਜਾ ਬਿਰਾਜੇ ਸਨ।

## 5. ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ

ਇਹ ਸਕੂਲ ਹੁਣ ਕੇਵਲ ਓਪਨ ਲਰਨਿੰਗ ਪ੍ਰਣਾਲੀ ਰਾਹੀਂ ਵਿਦਿਆਰਥੀਆਂ ਨੂੰ ਵਿਦਿਆ ਪ੍ਰਦਾਨ ਕਰਦਾ ਹੈ। ਸ੍ਰ. ਅਵਤਾਰ ਸਿੰਘ ਇਸ ਦੇ ਇਨਚਾਰਜ ਹਨ।

## 6. ਸਰਕਾਰੀ ਆਯੁਰਵੈਦਿਕ ਡਿਸਪੈਂਸਰੀ

ਪਿੰਡ ਵਿੱਚ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਮੇਰੀ ਸੰਭਾਲ ਤੋਂ ਪਹਿਲਾਂ ਦੀ ਚੱਲ ਰਹੀ ਹੈ। ਜਦੋਂ ਅਸੀਂ ਸੁਰਤ ਸੰਭਲੀ ਉਦੋਂ ਇੱਥੇ ਸ੍ਰੀ ਬਾਲਾ ਨੰਦ ਟੰਡਨ ਵੈਦ (ਆਯੁਰਵੈਦਿਕ ਅਫਸਰ) ਵਜੋਂ ਨਗਰ ਦੀ ਸੇਵਾ ਕਰਦਾ ਸੀ। ਉਹ ਬੜਾ ਸਿਆਣਾ ਤੇ ਆਪਣੇ ਪੇਸ਼ੇ ਦਾ ਮਾਹਰ ਸੀ ਕਿ ਨਬਜ਼ ਵੇਖ ਕੇ ਰੋਗ ਲੱਭ ਲੈਂਦਾ ਸੀ ਤੇ ਦੇਸੀ ਦਵਾਈਆਂ ਮੁਫ਼ਤ ਜਾਂ ਨਾ-ਮਾਤਰ ਪੈਸੇ ਲੈ ਕੇ ਦੇਂਦਾ ਸੀ। ਸਮੇਂ ਚੰਗੇ ਸਨ ਤੇ ਉਹ ਪਰਿਵਾਰ ਸਮੇਤ



Scanned with OKEN Scanner

ਮਾਸਟਰ ਦਰਸ਼ਨ ਸਿੰਘ ਹੋਰਾਂ ਦੇ ਘਰ ਇੱਕ ਪਾਸੇ ਰਹਿੰਦਾ ਸੀ। ਲੋਕ ਰਾਤ ਬਰਾਤੇ ਜਦੋਂ ਲੋੜ ਪੈਂਦੀ ਉਹਦੇ ਘਰੋਂ ਵੀ ਦਵਾਈ ਲੈ ਲੈਂਦੇ ਸਨ। ਰਿਟਾਇਰਮੈਂਟ ਤੋਂ ਪਹਿਲਾਂ ਉਹਦੀ ਜ਼ਿਲ੍ਹਾ ਆਯਰਵੈਦਿਕ ਅਫਸਰ ਵਜੋਂ ਤਰੱਕੀ ਹੋ ਗਈ ਤੇ ਉਹ ਪਰਿਵਾਰ ਸਮੇਤ ਪਿੰਡ ਛੱਡ ਕੇ ਅੰਮ੍ਰਿਤਸਰ ਚਲਾ ਗਿਆ। ਬਾਅਦ ਵਿੱਚ ਉਹਦੇ ਲੜਕੇ ਡਾ: ਉਂਕਾਰਾ ਨੰਦ ਟੰਡਨ ਨੇ ਕਈ ਸਾਲ ਸਾਡੇ ਪਿੰਡ ਦੀ ਸੇਵਾ ਕੀਤੀ ਤੇ ਬਦ-ਕਿਸਮਤੀ ਨਾਲ ਉਹ ਇੱਕ ਸੜਕ-ਹਾਦਸੇ ਵਿੱਚ ਜਾਨ ਤੋਂ ਹੱਥ ਧੋ ਬੈਠਾ। ਕੁਝ ਚਿਰ ਡਾਕਟਰ ਮਨਿੰਦਰ ਸਿੰਘ ਨੇ ਵੀ ਆਯਰਵੈਦਿਕ ਅਫਸਰ ਵਜੋਂ ਸੇਵਾ ਨਿਭਾਈ ਹੈ।

ਡਾਕਟਰ ਦੀ ਸਹਾਇਤਾ ਤੇ ਔਰਤ ਰੋਗੀਆਂ ਦੀ ਚੈੱਕ-ਅੱਪ ਤੇ ਸਿਹਤ ਸੰਭਾਲ ਹਿਤ ਇਸ ਡਿਸਪੈਂਸਰੀ ਵਿੱਚ ਟਰੇਂਡ ਦਾਈ ਦੀ ਪੋਸਟ ਤੇ ਤਾਇਨਾਤ ਬੀਬੀ ਬਲਜੀਤ ਕੌਰ 14 ਸਾਲ ਤੋਂ ਵੱਧ ਸਮਾਂ ਆਪਣੀਆਂ ਸੇਵਾਵਾਂ ਨਿਭਾ ਕੇ ਰਿਟਾਇਰ ਹੋ ਗਈ ਹੈ। ਇਸ ਵੇਲ਼ੇ ਡਿਸਪੈਂਸਰੀ ਵਿੱਚ ਆਯੁਰਵੈਦਿਕ ਡਾਕਟਰ ਦੀ ਪੋਸਟ ਖਾਲੀ ਹੈ ਤੇ ਸ੍ਰ. ਅਮਨਪ੍ਰੀਤ ਸਿੰਘ 'ਚਾਹਲ' ਉੱਪ-ਵੈਦ ਵਜੋਂ ਡਿਸਪੈਂਸਰੀ 'ਚ ਨਗਰ ਦੀ ਸੇਵਾ ਕਰ ਰਿਹਾ ਹੈ। ਉਹਦੀ ਡਿਊਟੀ ਵਿਭਾਗ ਵੱਲੋਂ ਹਫ਼ਤੇ 'ਚ ਤਿੰਨ ਦਿਨ ਆਰਜ਼ੀ ਤੌਰ ਤੇ ਸ਼ੇਖਾਂ ਵਾਲ਼ੀ ਡਿਸਪੈਂਸਰੀ ਵਿੱਚ ਲਾਈ ਗਈ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੇਂਡੂ ਡਿਸਪੈਂਸਰੀਆਂ ਤੇ ਸਿਹਤ ਕੇਂਦਰਾਂ ਵਿੱਚ ਖਾਲੀ ਪਈਆਂ ਪੋਸਟਾਂ ਭਰ ਕੇ ਲੋਕਾਂ ਨੂੰ ਤਸੱਲੀਬਖ਼ਸ਼ ਸਿਹਤ ਸਹੂਲਤਾਂ ਪ੍ਰਦਾਨ ਕਰੇ। ਵਰਨਣਯੋਗ ਹੈ ਕਿ ਪੰਜਾਬ ਆਯਰਵੈਦਿਕ ਵਿਭਾਗ ਵੱਲੋਂ ਹਰ ਸਾਲ ਕੁਝ ਦੇਸੀ ਦਵਾਈਆਂ ਇਹਨਾਂ ਡਿਸਪੈਂਸਰੀਆਂ ਨੂੰ ਮੁਫ਼ਤ ਸਪਲਾਈ ਕੀਤੀਆਂ ਜਾਂਦੀਆਂ ਹਨ ਜੋ ਮਰੀਜ਼ਾਂ ਨੂੰ ਵੀ ਫ਼ਰੀ ਦਿੱਤੀਆਂ ਜਾਂਦੀਆਂ ਹਨ ਪਰ ਲੋਕਾਂ ਦਾ ਰੁਝਾਨ ਵਧੇਰੇ ਅੰਗਰੇਜ਼ੀ ਦਵਾਈਆਂ ਵੱਲ ਹੋਣ ਕਾਰਨ ਬਹੁਤ ਘੱਟ ਲੋਕ ਇਹਨਾਂ ਡਿਸਪੈਂਸਰੀਆਂ 'ਚ ਜਾਂਦੇ ਹਨ। ਹੁਣ ਪੰਜਾਬ ਸਰਕਾਰ ਵੱਲੋਂ ਡਿਸਪੈਂਸਰੀ ਨੂੰ ਅੱਪਗਰੇਡ ਕਰਕੇ ਇਸ ਡਿਸਪੈਂਸਰੀ ਦਾ ਨਾਂ ਬਦਲ ਕੇ ਆਯੂਸ਼ ਹੈਲਥ ਐਂਡ ਵੈੱਲਨੈੱਸ ਸੈਂਟਰ (ਆਯੂਸ਼ ਸਿਹਤ ਅਤੇ ਤੰਦਰੁਸਤੀ ਕੇਂਦਰ) ਰੱਖ ਦਿੱਤਾ ਹੈ।

ਇਹ ਵੀ ਮੇਰੇ ਪਿੰਡ ਦਾ ਹਾਂਦਰੂ ਹਾਸਲ ਹੈ ਕਿ ਪਿੰਡ ਦੀ ਬਾਬਾ ਜੋਗੀ ਪੀਰ ਗੁਰਦੁਆਰਾ ਪ੍ਰਬੰਧਕ ਕਮੇਟੀ, ਮਾਣੋਚਾਹਲ ਦੇ ਉਦਮੀ ਤੇ ਸੂਝਵਾਨ ਨੌਜਵਾਨਾਂ ਨੇ ਸੰਗਤ ਅਤੇ ਗਰਾਮ ਪੰਚਾਇਤ ਦੀ ਸਹਾਇਤਾ ਨਾਲ ਡਿਸਪੈਂਸਰੀ ਤੇ ਸਬ ਸੈਂਟਰ ਦੀ ਪੁਰਾਣੀ ਖਸਤਾ ਹੋਈ ਇਮਾਰਤ ਨੂੰ ਢਾਹ ਕੇ ਆਧੁਨਿਕ ਤਕਨੀਕ ਨਾਲ ਨਵੀਂ ਬਿਲਡਿੰਗ ਬਣਾ ਕੇ ਦਿੱਤੀ ਹੈ ਜਿਸ ਦਾ ਮਹੂਰਤ ਬਾਬਾ ਅਵਤਾਰ ਸਿੰਘ ਮੁਖੀ ਸੰਪਰਦਾਇ ਬਾਬਾ ਬਿਧੀਚੰਦ ਸੁਰ ਸਿੰਘ ਨੇ ਆਪਣੇ ਕਰ-ਕਮਲਾਂ ਨਾਲ ਕੀਤਾ ਹੈ। ਪਿੰਡ ਦੇ ਇਹ ਉਤਸ਼ਾਹੀ ਨੌਜਵਾਨ ਤੇ ਕਮੇਟੀ ਵਧਾਈ ਦੇ ਹੱਕਦਾਰ ਹਨ, ਵਾਹਿਗੁਰੂ ਇਹਨਾਂ ਨੂੰ ਆਪਣੇ ਨਗਰ ਦੇ ਲੋਕਾਂ ਦੀ ਹੋਰ ਸੇਵਾ ਕਰਨ ਦਾ ਬਲ ਬਖ਼ਸ਼ੇ।



Scanned with OKEN Scanner

### 7. ਸਬ-ਸੈਂਟਰ (ਸਿਹਤ ਵਿਭਾਗ) :-

ਸਿਹਤ ਵਿਭਾਗ ਪੰਜਾਬ ਅਧੀਨ ਕੰਮ ਕਰਦੇ ਢਾਂਚੇ ਵਿੱਚ ਪਿੰਡ ਪੱਧਰ ਤੇ ਸਭ ਤੋਂ ਹੇਠਲੀ ਇਕਾਈ ਸਬ-ਸੈਂਟਰ ਹੈ। ਇਸ ਤੋਂ ਬਾਅਦ ਕਮਿਊਨਿਟੀ ਹਸਪਤਾਲ ਡਾਲੇ ਕੇ, ਪ੍ਰਾਇਮਰੀ ਹੈਲਥ ਸੈਂਟਰ ਝਬਾਲ ਤੇ ਡਵੀਜ਼ਨ ਪੱਧਰ ਦਾ ਹਸਪਤਾਲ ਤੇ ਟਰੌਮਾ ਸੈਂਟਰ ਤਰਨ-ਤਾਰਨ ਸਥਿੱਤ ਹਨ। ਸਬ-ਸੈਂਟਰ ਮਾਣੋਚਾਹਲ ਕਲਾਂ ਵਿੱਚ ਬਹੁ-ਮੰਤਵੀ ਸਿਹਤ ਵਰਕਰ ਵਜੋਂ ਸਤਨਾਮ ਸਿੰਘ, ਸ੍ਰੀ ਮਤੀ ਰਣਜੀਤ ਕੌਰ ਏ.ਐਨ.ਐਮ. ਤੇ ਕੁਝ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਕੰਮ ਕਰ ਰਹੀਆਂ ਹਨ। ਸੈਂਟਰ ਵਿੱਚ ਪਿੰਡ ਦੇ ਲੋਕਾਂ ਨੂੰ ਰੋਗ-ਰੋਕੂ ਟੀਕੇ (ਵੈਕਸੀਨੇਸ਼ਨ), ਜਨਮ-ਮੌਤ ਰਜਿਸਟਰ ਕਰਾਉਣ ਤੇ ਸਰਟੀਫਿਕੇਟ ਲੈਣ, ਮਲੇਰੀਆ, ਟੀ ਬੀ ਆਦਿ ਰੋਗਾਂ ਦੀ ਜਾਂਚ ਲਈ ਸਿਲਾਈਡਾਂ ਬਣਾ ਕੇ ਟੈਸਟ ਰਿਪੋਰਟ ਸਬੰਧਿਤ ਮਰੀਜ਼ ਨੂੰ ਦੇਣ ਲਈ ਇੱਕ ਹੈਲਥ ਵਰਕਰ ਮੇਲ ਤੇ ਇੱਕ ਫੀਮੇਲ ਵਰਕਰ ਦੀ ਪੋਸਟ ਹੈ। ਸ੍. ਸਤਨਾਮ ਸਿੰਘ ਪਿਛਲੇ 15 ਸਾਲਾਂ ਤੋਂ ਇਸ ਸੈਂਟਰ ਵਿੱਚ ਬਤੌਰ ਬਹੁ-ਮੰਤਵੀ ਸਿਹਤ ਵਰਕਰ (ਮੇਲ) ਵਜੋਂ ਬੜੀ ਸੁਹਿਰਦਤਾ ਤੇ ਇਮਾਨਦਾਰੀ ਨਾਲ ਕੰਮ ਕਰ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਮਰੀਜ਼ਾਂ ਦੀ ਚੈੱਕ-ਅੱਪ ਅਤੇ ਦਵਾਈ ਦੇਣ ਲਈ ਡਿਸਪੈਂਸਰੀ ਵਿੱਚ ਕਮਿਊਨਿਟੀ ਹੈਲਥ ਅਫਸਰ ਵਜੋਂ ਮੈਡਮ ਰਮਨਦੀਪ ਕੌਰ ਸੇਵਾਵਾਂ ਨਿਭਾ ਰਹੇ ਹਨ। ਪਿੰਡ ਵਿੱਚ ਗਰਭਵਤੀ ਮਾਂਵਾਂ ਦਾ ਰਿਕਾਰਡ ਰੱਖਣ, ਉਹਨਾਂ ਦਾ ਲੋੜੀਂਦਾ ਟੀਕਾਕਰਨ ਕਰਾਉਣ, ਜਣੇਪਾ ਸੁਰੱਖਿਅਤ ਤੇ ਸਰਕਾਰੀ ਜਾਂ ਮਨਜ਼ੂਰ-ਸ਼ੁਦਾ ਹਸਪਤਾਲ ਤੋਂ ਕਰਵਾਉਣ, ਖ਼ੂਨ ਦੀ ਘਾਟ ਵਾਲੇ ਮਰੀਜ਼ਾਂ ਦੀ ਜਾਣਕਾਰੀ ਰੱਖਣ ਤੇ ਲੋੜੀਂਦਾ ਉੱਪਚਾਰ ਕਰਨ, ਛੋਟੇ ਬੱਚਿਆਂ ਨੂੰ ਰੋਗ-ਰੋਕੂ ਟੀਕੇ ਲਗਵਾਉਣ, ਲੋੜ ਅਨੁਸਾਰ ਕਿਰਮ-ਰਹਿਤ ਕਰਨ ਅਤੇ ਪੇਂਡੂ ਲੋਕਾਂ ਨੂੰ ਸਿਹਤ ਸਬੰਧੀ ਜਾਗਰੂਕ ਕਰਨ ਹਿੱਤ ਸਰਕਾਰ ਵੱਲੋਂ 6 ਆਸ਼ਾ ਵਰਕਰਾਂ ਤਾਇਨਾਤ ਹਨ।

### 8. ਸਿਵਲ ਪਸ਼ੂ (ਵੈਟਰੀਨੇਰੀ) ਹਸਪਤਾਲ :-

ਪਾਲ਼ਤੂ ਤੇ ਘਰੇਲੂ ਪਸ਼ੂਆਂ ਦੀਆਂ ਸਿਹਤ ਸੇਵਾਵਾਂ ਮੁਹੱਈਆ ਕਰਾਉਣ, ਮੱਝਾਂ-ਗਾਂਵਾਂ ਦੀ ਨਸਲ ਸੁਧਾਰ ਲਈ ਮਸਨੂਈ (ਬਣਾਉਟੀ) ਗਰਭਦਾਨ ਦੀ ਸਹੂਲਤ ਦੇਣ, ਰੋਗ-ਮੁਕਤੀ ਲਈ ਪਸ਼ੂਆਂ ਦੀ ਵੈਕਸੀਨੇਸ਼ਨ ਕਰਨ, ਸੂਬੇ ਵਿੱਚ ਦੁੱਧ ਦੀ ਪੈਦਾਵਾਰ ਵਧਾਉਣ ਅਤੇ ਡੇਹਰੀ ਵਿਕਾਸ, ਮੁਰਗੀ-ਪਾਲਣ, ਬੱਕਰੀ ਤੇ ਸੂਰ-ਪਾਲਣ ਵਰਗੇ ਸਹਾਇਕ ਧੰਦਿਆਂ ਨੂੰ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ 1367 ਸਿਵਲ ਪਸ਼ੂ ਹਸਪਤਾਲ ਅਤੇ 1485 ਸਿਵਲ ਪਸ਼ੂ ਡਿਸਪੈਂਸਰੀਆਂ ਸਥਾਪਤ ਕੀਤੀਆਂ ਗਈਆਂ ਹਨ। ਸਾਡੇ ਪਿੰਡ ਵਿੱਚ ਵੀ ਕਈ ਸਾਲ ਪਹਿਲਾਂ ਤੋਂ ਸਿਵਲ ਪਸ਼ੂ ਡਿਸਪੈਂਸਰੀ ਚੱਲ ਰਹੀ ਹੈ। ਡਿਸਪੈਂਸਰੀ ਵਿੱਚ ਇੱਕ ਵੈਟਰੀਨੇਰੀ ਇੰਸਪੈਕਟਰ ਤੇ ਇੱਕ ਹੈਲਪਰ ਦੀ



Scanned with OKEN Scanner

ਪੋਸਟ ਹੈ।

## 9. ਕੋ-ਆਪ੍ਰੇਟਿਵ ਸੁਸਾਇਟੀ ਮਾਣੋਚਾਹਲ

ਪੰਜਾਬ ਸਰਕਾਰ ਵੱਲੋਂ ਸਹਿਕਾਰੀ ਲਹਿਰ ਨੂੰ ਹੁਲਾਰਾ ਦੇਣ ਅਤੇ ਛੋਟੇ ਕਿਸਾਨਾਂ ਜਾਂ ਦਸਤਕਾਰਾਂ ਨੂੰ ਫ਼ਸਲੀ ਕਰਜ਼ੇ, ਖਾਦਾਂ, ਕੀੜੇਮਾਰ ਦਵਾਈਆਂ ਤੇ ਲੋੜੀਂਦਾ ਵਿੱਤ ਮੁਹੱਈਆਂ ਕਰਨ ਲਈ ਪਿੰਡਾਂ ਵਿੱਚ ਸਹਿਕਾਰੀ ਸਭਾਵਾਂ ਦਾ ਜਾਲ਼ ਬੁਣਿਆ ਗਿਆ। ਇਸ ਕਾਰਜ ਨੂੰ ਅੰਜ਼ਾਮ ਦੇਣ ਲਈ ਵੱਖ ਵੱਖ ਸੁਸਾਇਟੀਆਂ ਨੂੰ ਰਜਿਸਟਰ ਕਰਨ ਹਿਤ ਪੰਜਾਬ ਸਰਕਾਰ ਵੱਲੋਂ 'ਦੀ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ -1961' ਪਾਸ ਕੀਤਾ ਗਿਆ। ਇਸ ਐਕਟ ਤਹਿਤ 'ਦੀ ਮਾਣੋਚਾਹਲ ਕਲਾਂ ਬਹੁ-ਮੰਤਵੀ ਸਹਿਕਾਰੀ ਸਭਾ ਲਿਮਟਿਡ ਮਾਣੋਚਾਹਲ ਕਲਾਂ (ਤਰਨਤਾਰਨ) ਦੀ ਰਚਨਾ ਕਰਕੇ 16.10.1987 ਨੂੰ ਰਜਿਸਟਰ ਕਰਵਾਈ ਗਈ। ਇਸ ਸੁਸਾਇਟੀ ਦੇ ਇਸ ਸਮੇਂ ਲੱਗ-ਭੱਗ 600 ਮੈਂਬਰ ਹਨ ਅਤੇ ਸੁਸਾਇਟੀ ਦੇ ਤਿੰਨ ਫੀਡਰ ਪਿੰਡ ਮਾਣੋਚਾਹਲ ਕਲਾਂ, ਮਾਣੋਚਾਹਲ ਖ਼ੁਰਦ ਤੇ ਨੂਰ ਪੁਰ ਹਨ।

ਸੁਸਾਇਟੀ ਆਪਣੇ ਮੈਂਬਰਾਂ ਨੂੰ ਹਾੜੀ ਜਾਂ ਸਉਣੀ ਦੀ ਫ਼ਸਲ ਲਈ ਨਕਦ ਕਰਜ਼ਾ, ਖਾਦਾਂ, ਕੀੜੇਮਾਰ ਜਾਂ ਨਦੀਨ-ਨਾਸ਼ਕ ਦਵਾਈਆਂ, ਕੈਟਲ ਫੀਡ, ਖੰਡ, ਤੇਲ, ਘਿਓ, ਰਿਫਾਂਈਂਡ ਤੇਲ ਤੇ ਚਾਹ-ਪੱਤੀ ਵਰਗੀਆਂ ਜ਼ਰੂਰੀ ਘਰੇਲੂ ਚੀਜ਼ਾਂ, ਸਰਕਾਰ ਵੱਲੋਂ ਸਹਿਕਾਰੀ ਵਿਭਾਗ ਰਾਹੀਂ ਸਪਲਾਈ ਕੀਤੇ ਵੱਖ ਵੱਖ ਫ਼ਸਲਾਂ ਦੇ ਬੀਜ ਸਪਲਾਈ ਕਰਦੀ ਹੈ ਅਤੇ ਖੇਤੀਬਾਵੀ ਲਈ ਲੋੜੀਂਦੇ ਸੰਦ ਜਿਵੇਂ ਰੋਟਾਵੇਟਰ, ਹੱਲਾਂ (ਪਲੌਅ), ਤੂੜੀ ਤੇ ਪਰਾਲ਼ੀ ਸਾਂਭਣ ਲਈ ਮਲ਼ਚਰ ਆਦਿ ਮਸ਼ੀਨਰੀ ਕਿਰਾਏ ਤੇ ਉਪਲੱਬਧ ਕਰਾਉਂਦੀ ਹੈ। ਇਸ ਸੁਸਾਇਟੀ ਦੀ ਪੁਰਾਣੀ ਸਾਲਾਨਾ ਟਰਨ ਓਵਰ 80-90 ਲੱਖ ਦੇ ਵਿਚਕਾਰ ਰਹੀ ਹੈ ਜੋ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੀ ਗਈ ਨੋਟਬੰਦੀ ਤੇ ਕਰਜ਼ਾ-ਮੁਆਫ਼ੀ ਸਕੀਮ ਦੇ ਨਾਂਹ-ਪੱਖੀ ਪ੍ਰਭਾਵਾਂ ਕਾਰਨ ਘਟ ਕੇ 35-40 ਲੱਖ ਸਾਲਾਨਾ ਤੱਕ ਸੁੰਗੜ ਗਈ ਹੈ। ਹੈਰਾਨੀ ਵਾਲ਼ੀ ਗੱਲ ਹੈ ਕਿ ਸਰਕਾਰ ਜਾਂ ਸਹਿਕਾਰੀ ਵਿਭਾਗ ਵੱਲੋਂ ਇਹਨਾਂ ਸੁਸਾਇਟੀਆਂ ਨੂੰ ਕੰਮ ਚਲਾਉਣ ਲਈ ਨਾ ਕੋਈ ਇਮਾਰਤ ਤੇ ਗੋਦਾਮ ਆਦਿ ਦਿੱਤਾ ਗਿਆ ਹੈ ਤੇ ਨਾ ਕੋਈ ਕਿਰਾਇਆ ਦਿੱਤਾ ਜਾਂਦਾ ਹੈ। ਹੋਰ ਵੀ ਤੁਅੱਜਬ ਦੀ ਗੱਲ ਇਹ ਹੈ ਕਿ ਸੁਸਾਇਟੀਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਤੇ ਸੇਵਾ ਨਿਯਮ ਤੇ ਸਕੇਲ ਪੰਜਾਬ ਸਰਕਾਰ ਦੇ ਲਾਗੂ ਹਨ ਪਰ ਤਨਖ਼ਾਹ ਸਰਕਾਰੀ ਖ਼ਜ਼ਾਨੇ ਵਿੱਚੋਂ ਨਹੀਂ ਮਿਲਦੀ। ਤਨਖ਼ਾਹਾਂ ਤੇ ਭੱਤਿਆਂ ਦਾ ਇੰਤਜ਼ਾਮ ਸੁਸਾਇਟੀ ਨੂੰ ਆਪਣੇ ਸਾਧਨਾਂ ਤੋਂ ਕਰਨਾ ਪੈਂਦਾ ਹੈ ਤੇ ਇਸ ਤਰ੍ਹਾਂ ਇਹਨਾਂ ਮੁਲਾਂਜ਼ਮਾਂ ਨੂੰ ਕਈ ਮਹੀਨੇ ਬਿਨਾਂ ਤਨਖ਼ਾਹ ਤੋਂ ਸਾਰਨਾ ਪੈਂਦਾ ਹੈ। ਸੁਸਾਇਟੀ ਦੀ ਆਮਦਨ ਕੇਵਲ ਸਹਿਕਾਰੀ ਬੈਂਕਾਂ ਤੋਂ ਲਏ ਕੈਪੀਟਲ ਦੇ ਵਿਆਜ਼ ਤੋਂ ਹੁੰਦੀ ਹੈ ਜੋ



Scanned with OKEN Scanner

ਸੁਸਾਇਟੀ 5.5 ਫੀ ਸਦੀ ਦੇ ਹਿਸਾਬ ਬੈਂਕ ਤੋਂ ਲੈ ਕੇ ਆਪਣੇ ਮੈਂਬਰਾਂ ਨੂੰ ਅੱਗੇ 7 ਫੀ ਸਦੀ ਦੀ ਦਰ ਨਾਲ ਕਰਜ਼ਾ ਦੇਂਦੀ ਹੈ। ਜੇ ਕਰਜ਼ੇ ਦੀ ਰਿਕਵਰੀ ਸਮੇਂ ਸਿਰ ਹੁੰਦੀ ਰਹੇ ਤਾਂ ਸੁਸਾਇਟੀ ਕਾਮਯਾਬ ਨਹੀਂ ਤਾਂ ਬਿਮਾਰ।

ਸੁਸਾਇਟੀ ਤੋਂ ਉਕਤ ਸਹੂਲਤਾਂ ਲੈਣ ਲਈ ਫੀਡਰ ਪਿੰਡਾਂ ਦੇ ਲੋੜਵੰਦਾਂ/ਕਿਸਾਨਾਂ ਆਪਣੀ ਜ਼ਮੀਨ ਦੀ ਜ਼ਮ੍ਹਾਂਬੰਦੀ ਤੇ ਫ਼ਰਦ ਜ਼ਮ੍ਹਾਂ ਕਰਵਾ ਕੇ 100 ਰੁਪਏ ਮੈਂਬਰਸ਼ਿਪ ਫੀਸ ਤੇ 500 ਰੁਪਏ ਸ਼ੇਅਰ ਕੁੱਲ 600 ਰੁਪਏ ਦੇ ਕੇ ਇਸ ਦੇ ਮੈਂਬਰ ਬਣ ਸਕਦੇ ਹਨ। ਸਪਸ਼ਟ ਹੈ ਕਿ ਬਿਨਾਂ ਮੈਂਬਰ ਬਣੇ ਕੋਈ ਸਹੂਲਤ ਨਹੀਂ ਲੈ ਸਕਦਾ। ਇਸ ਸਮੇਂ ਸੁਸਾਇਟੀ ਵੱਲੋਂ ਮੈਬਰਾਂ ਨੂੰ ਹਾੜੀ ਦੀ ਫ਼ਸਲ ਲਈ 14000 ਨਕਦ ਅਤੇ 9000 ਦੀ ਖਾਦ ਜਾਂ ਦਵਾਈਆਂ ਆਦਿ ਲਈ ਕੁੱਲ 23000 ਰੁ ਦਾ ਤੇ ਸਾਉਣੀ ਦੀ ਫ਼ਸਲ ਲਈ 15000 ਨਕਦ ਤੇ 9000 ਖਾਦ-ਦਵਾਈ ਲਈ ਕੁੱਲ 24000 ਰੁ ਦਾ ਕਰਜ਼ਾ ਦਿੱਤਾ ਜਾਂਦਾ ਹੈ ਜਿਸ ਦੀ ਵਾਪਸੀ ਸਬੰਧਿਤ ਸਾਲ ਦੀ 31 ਮਾਰਚ ਤੱਕ ਕਰਨੀ ਹੁੰਦੀ ਹੈ। ਹਾੜੀ ਦੀ ਫ਼ਸਲ ਲਈ ਅਕਤੂਬਰ ਤੋਂ ਮਾਰਚ ਤੱਕ ਤੇ ਸਾਉਣੀ ਲਈ ਅਪ੍ਰੈਲ ਤੋਂ ਸਤੰਬਰ ਤੱਕ ਅਦਾਇਗੀ ਕੀਤੀ ਜਾਂਦੀ ਹੈ। ਲੋਕਾਂ ਨੂੰ ਇਹ ਸਹੂਲਤਾਂ ਘਰ ਦੇ ਨੇੜੇ ਮੁਹੱਈਆ ਕਰਾਉਣ ਲਈ ਇਸ ਸੁਸਾਇਟੀ ਦੇ ਸੈਕਟਰੀ ਕਾਮਰੇਡ ਤਾਰਾ ਚੰਦ ਨੇ ਸਟਾਕ ਰੱਖਣ ਲਈ ਅੱਡਾ ਮਾਣੋਚਾਹਲ ਵਿਖੇ ਦੁਕਾਨਾਂ ਕਿਰਾਏ ਤੇ ਲੈ ਰੱਖੀਆਂ ਹਨ।

ਕਾਮਰੇਡ ਤਾਰਾ ਚੰਦ ਜੀ ਸਾਡੇ ਪਿੰਡ ਦੀ ਸੁਸਾਇਟੀ ਦੇ ਸੈਕਟਰੀ ਹਨ ਜੋ ਆਪਣੀ ਮੁਢਲੀ ਨਿਯੁਕਤੀ ਦੀ ਮਿਤੀ 24.09.1987 ਤੋਂ ਹੀ ਇਸ ਦੀ ਸੇਵਾ ਕਰ ਰਹੇ ਹਨ। ਉਹ ਬੜੇ ਮਿਲਾਪੜੇ ਤੇ ਨਿਮਰਤਾ ਵਾਲੇ ਸ਼ੁਭਾਅ ਦਾ ਮਾਲਕ ਹੈ ਤੇ ਉਹਦਾ ਸੁਸਾਇਟੀ ਦੇ ਮੈਂਬਰਾਂ ਪ੍ਰਤੀ ਰਵੱਈਆ ਬੜਾ ਵਧੀਆ ਤੇ ਹਮਦਰਦੀ-ਪੂਰਨ ਹੈ। ਉਹ ਆਪਣੇ ਵਿਭਾਗ ਦੇ ਮੁਲਾਜ਼ਮਾਂ ਦੀ ਜਥੇਬੰਦੀ ਦਾ ਆਗੂ ਅਤੇ ਕਰਮਚਾਰੀ ਭਲਾਈ ਬੋਰਡ ਦਾ ਪ੍ਰਧਾਨ ਹੈ। ਜਥੇਬੰਦੀ ਦੀ ਅਗਵਾਈ ਵਿੱਚ ਉਹ ਮੁਲਾਜ਼ਮਾਂ ਦੀਆਂ ਮੰਗਾਂ ਲਈ ਸੰਘਰਸ਼-ਸ਼ੀਲ ਹੈ ਤੇ ਭਲਾਈ ਬੋਰਡ ਰਾਹੀਂ ਉਹ ਸਹਿਕਾਰੀ ਮੁਲਾਜ਼ਮਾਂ ਦੇ ਪਰਿਵਾਰਾਂ ਦੀ ਸੰਕਟ ਵੇਲੇ ਮਾਇਕ ਸਹਾਇਤਾ ਕਰਨ ਦੀ ਜ਼ਿੰਮੇਵਾਰੀ ਨਿਭਾਉਂਦਾ ਹੈ। ਕੋਆਪ੍ਰੇਟਿਵ ਵਿਭਾਗ ਬਾਰੇ ਜਾਣਕਾਰੀ ਦੇਂਦਿਆ ਉਹਨੇ ਦੱਸਿਆ ਕਿ ਸਰਕਾਰਾਂ ਦੀਆਂ ਨੀਤੀਆਂ ਕਾਰਨ ਕਿਸਾਨਾਂ ਦੀ ਆਮਦਨ ਲਗਾਤਾਰ ਘਟ ਰਹੀ ਹੈ। ਛੋਟੇ ਕਿਸਾਨਾਂ ਨੂੰ ਉਹਨਾਂ ਦੇ ਬੂਹੇ ਅੱਗੇ ਖੇਤੀ ਸਬੰਧੀ ਸਹੂਲਤਾਂ ਦੇ ਕੇ ਕਿਸਾਨਾਂ ਦੇ ਜੀਵਨ ਸਤਰ੍ਹ ਨੂੰ ਉੱਚਾ ਚੁੱਕਣ ਦਾ ਸਹਿਕਾਰਤਾ ਲਹਿਰ ਦਾ ਸੁਪਨਾ ਪੂਰਾ ਹੁੰਦਾ ਨਹੀਂ ਦਿਸਦਾ। ਉਹਨੇ ਖਦਸ਼ਾ ਜ਼ਾਹਰ ਕੀਤਾ ਕਿ ਇਹ ਵਿਭਾਗ ਵੀ ਸਿੱਖਿਆ ਵਿਭਾਗ ਵਾਂਗ ਕੇਂਦਰ ਸਰਕਾਰ ਦੇ ਅਧੀਨ ਚਲੇ ਜਾਣ ਦੀ ਸੰਭਾਵਨਾ ਹੈ।



Scanned with OKEN Scanner

### 10. ਡਾਕ-ਘਰ :-

ਲੋਕਾਂ ਨੂੰ ਚਿੱਠੀ-ਪੱਤਰ ਤੇ ਡਾਕ ਰਾਹੀਂ ਹੋਰ ਸਮਗਰੀ ਭੇਜਣ ਤੇ ਪ੍ਰਾਪਤ ਕਰਨ ਲਈ ਦਹਾਕੇ ਪਹਿਲਾਂ ਤੋਂ ਹੀ ਪਿੰਡ ਵਿੱਚ ਡਾਕ-ਖ਼ਾਨੇ ਦੀ ਵਿਵਸਥਾ ਹੈ। ਤਕਨੀਕੀ ਤਰੱਕੀ ਹੋਣ ਨਾਲ ਭਾਵੇਂ ਚਿੱਠੀਆਂ ਲਿਖਣ ਤੇ ਮਨੀ ਆਰਡਰ ਭੇਜਣ ਦੀ ਲੋੜ ਨਹੀਂ ਰਹੀ ਪਰ ਫਿਰ ਵੀ ਡਾਕ-ਖ਼ਾਨੇ ਦੀ ਆਪਣੀ ਮਹੱਤਤਾ ਅਜੇ ਕਾਇਮ ਹੈ। ਸਾਰੀਆਂ ਸਰਕਾਰੀ ਚਿੱਠੀਆਂ ਤੇ ਪਾਰਸਲ ਆਦਿ ਡਾਕ ਰਾਹੀਂ ਹੀ ਲੋਕਾਂ ਤੱਕ ਪਹੁੰਚਦੇ ਹਨ। ਡਾਕ ਘਰ ਵਿੱਚ ਛੋਟੀਆਂ ਬਚਤਾਂ ਲਈ ਖ਼ਾਤਾ ਖੋਲ੍ਹ ਕੇ ਪੈਸੇ ਜਮ੍ਹਾਂ ਕਰਾਉਣ ਤੇ ਰਜਿਸਟਰਡ ਡਾਕ ਭੇਜਣ ਦੀ ਵਿਵਸਥਾ ਵੀ ਹੈ। ਪਹਿਲਾਂ ਡਾਕ ਦਾ ਕੰਮ ਕਰਨ ਦੀ ਡਿਊਟੀ ਪਿੰਡ ਦੇ ਹੀ ਕਿਸੇ ਪੜ੍ਹੇ-ਲਿਖੇ ਬੰਦੇ ਦੀ ਹੁੰਦੀ ਸੀ ਪਰ ਹੁਣ ਡਾਕ ਵਿਭਾਗ ਵੱਲੋਂ ਨਿਯੁਕਤ ਡਾਕ-ਸੇਵਕ ਇਹ ਕੰਮ ਕਰਦਾ ਹੈ।

### 11. ਪੰਜਾਬ ਐਂਡ ਸਿੰਧ ਬੈਂਕ ਬ੍ਰਾਂਚ

ਪਿੰਡ ਦੇ ਚੜ੍ਹਦੇ ਪਾਸੇ ਅੱਡੇ ਤੇ ਮੇਨ ਸੜਕ ਦੇ ਉੱਤੇ ਪੇਂਡੂ ਲੋਕਾਂ ਦੀ ਸਹੂਲਤ ਲਈ ਪੰਜਾਬ ਐਂਡ ਸਿੰਧ ਬੈਂਕ ਦੀ ਬ੍ਰਾਂਚ ਹੈ। ਪਿੰਡ ਤੇ ਆਸ-ਪਾਸ ਦੇ ਲੋਕਾਂ ਨੂੰ ਬੈਂਕ ਵਿੱਚ ਪੈਸੇ ਜ਼ਮ੍ਹਾਂ ਕਰਾਉਣ, ਕਢਾਉਣ, ਬਚਤਾਂ ਦੇ ਖ਼ਾਤੇ ਖੋਲ੍ਹਣ, ਆਪਣੇ ਕੰਮ-ਧੰਦਿਆਂ ਤੇ ਖੇਤੀ ਲਈ ਲੋੜੀਂਦੇ ਕਰਜ਼ੇ ਲੈਣ ਤੇ ਪੈਨਸ਼ਨ ਪ੍ਰਾਪਤੀ ਲਈ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ।

### 12. ਬਿਜਲੀ ਘਰ

ਪਿੰਡ ਦੇ ਲਹਿੰਦੇ ਪਾਸੇ 66 ਕੇ.ਵੀ. ਸਬ-ਸਟੇਸ਼ਨ ਮੌਜੂਦ ਹੈ। ਲੋਕ ਇਹਨੂੰ ਬਿਜਲੀ-ਘਰ ਵੀ ਕਹਿੰਦੇ ਹਨ। ਇੱਥੇ ਐਸ.ਡੀ.ਓ. ਸਮੇਤ ਦਫ਼ਤਰੀ ਅਮਲਾ ਕੰਮ ਕਰਦਾ ਹੈ। ਇਲਾਕੇ ਦੇ ਲੋਕਾਂ ਦੀਆਂ ਬਿਜਲੀ ਸਬੰਧੀ ਸ਼ਿਕਾਇਤਾਂ ਦਾ ਨਿਪਟਾਰਾ ਤੇ ਬਿਜਲੀ ਸਪਲਾਈ ਸਬੰਧੀ ਦਫ਼ਤਰੀ ਕੰਮ ਕੀਤੇ ਜਾਂਦੇ ਹਨ। ਬਿਜਲੀ ਦੇ ਬਿੱਲ ਤਾਰਨ ਦਾ ਵੀ ਪ੍ਰਾਵਧਾਨ ਹੈ।

### 13. ਗੈਸ ਏਜੰਸੀ

ਸਮੇਂ ਦੇ ਹੇਰ-ਫੇਰ ਨਾਲ ਤੇ ਰਿਵਾਇਤੀ ਫ਼ਸਲਾਂ ਦੀ ਬਿਜਾਈ ਵਿੱਚ ਤਬਦੀਲੀ ਹੋਣ ਨਾਲ ਘਰੇਲੂ ਖਾਣਾ ਬਣਾਉਣ ਲਈ ਪਾਥੀਆਂ, ਗੋਹੇ, ਲੱਕੜੀ, ਮਨਸਿਟੀਆਂ, ਹਰ ਹਰ, ਢਿੰਜਣ ਤੇ ਦਰੱਖਤਾਂ ਦਾ ਛਾਂਗ ਆਦਿ ਰਿਵਾਇਤੀ ਬਾਲਣ ਹੁਣ ਬੀਤੇ ਦੀ ਗੱਲ ਬਣਦਾ ਜਾ ਰਿਹਾ ਹੈ। ਫਲਸਰੂਪ ਪਿੰਡ ਵਿੱਚ ਕੁਝ ਲੋਕ ਹੁਣ ਰਸੋਈ ਗੈਸ ਦੀ ਵਰਤੋਂ ਕਰਨ ਲੱਗ ਪਏ ਹਨ। ਲੋਕਾਂ ਦੀ ਇਸ ਸਹੂਲਤ ਨੂੰ ਸਾਹਮਣੇ ਰੱਖਦਿਆਂ ਗੈਸ-ਕੰਪਨੀਆਂ ਵੱਲੋਂ ਰਸੋਈ



Scanned with OKEN Scanner

ਗੈਸ ਦੀ ਸਪਲਾਈ ਲਈ ਪਿੰਡਾਂ ਵਿੱਚ ਵੀ ਗੈਸ-ਵਿਤਰਣ ਕੇਂਦਰ ਅਲਾਟ ਕੀਤੇ ਗਏ ਹਨ। ਮਾਣੋਚਾਹਲ ਕਲਾਂ ਦੇ ਬੱਸ-ਅੱਡੇ ਤੋਂ ਅੱਗੇ ਮੋੜ ਮੁੜ ਕੇ, ਮੇਨ ਰੋਡ ਤੇ ਹੀ, ਸ੍ਰ. ਹਰਪਾਲ ਸਿੰਘ ਫੌਜੀ ਦੀ ਗੈਸ-ਏਜੰਸੀ ਹੈ ਜੋ ਆਲ਼ੇ-ਦੁਆਲ਼ੇ ਦੇ ਪੇਂਡੂ ਖ਼ਪਤਕਾਰਾਂ ਨੂੰ ਲੋੜ ਅਨੁਸਾਰ ਗੈਸ ਸਿਲੰਡਰ ਸਪਲਾਈ ਕਰਦੀ ਹੈ।

## 14. ਸਸਤੇ ਮੁੱਲ ਦੇ ਰਾਸ਼ਣ-ਡੀਪੂ

ਭਾਰਤ ਸਰਕਾਰ ਦੀ ਭੋਜਨ ਸੁਰੱਖਿਆ ਸਕੀਮ ਨੂੰ ਲਾਗੂ ਕਰਦਿਆਂ ਪੰਜਾਬ ਸਰਕਾਰ ਦੇ ਫੂਡ ਐਂਡ ਸਿਵਲ ਸਪਲਾਈ ਵਿਭਾਗ ਵੱਲੋਂ ਪਿੰਡਾਂ ਦੇ ਗਰੀਬ ਪਰਿਵਾਰਾਂ ਨੂੰ ਘੱਟ ਕੀਮਤ ਤੇ ਅਨਾਜ ਦੇਣ ਲਈ ਸਰਕਾਰੀ ਡੀਪੂ ਖੋਲ੍ਹੇ ਗਏ ਹਨ। ਅੰਤੋਦਿਆ ਅੰਨ ਯੋਜਨਾ ਅਧੀਨ 35 ਕਿਲੋ ਕਣਕ ਪ੍ਰਤੀ ਪਰਿਵਾਰ ਕੇਵਲ ਗਰੀਬੀ ਰੇਖਾਂ ਤੋਂ ਹੇਠਾਂ ਵਾਲ਼ੇ ਪਰਿਵਾਰਾਂ ਨੂੰ ਮਿਲਦੀ ਹੈ। ਇਹ ਲਾਭ ਲੈਣ ਵਾਲ਼ਿਆਂ ਦੇ ਕਾਰਡ ਵੱਖਰੇ ਬਣੇ ਹੋਏ ਹਨ ਜੋ ਬੀ.ਪੀ.ਐਲ. ਵਾਲ਼ੇ, ਜਾਂ ਕੈਂਸਰ/ਏਡਸ ਪੀੜ੍ਹਤਾਂ ਨੂੰ ਅਲਾਟ ਹੋਏ ਹਨ। ਆਟਾ ਦਾਲ਼ ਸਕੀਮ ਅਧੀਨ ਬਣੇ ਵੱਖਰੇ ਕਾਰਡ ਹੋਲਡਰਾਂ ਨੂੰ ਇਸ ਵੇਲ਼ੇ 5 ਕਿਲੋ ਕਣਕ ਪ੍ਰਤੀ ਜੀਅ (ਮੈਂਬਰ) ਦੇ ਹਿਸਾਬ ਹਰ ਪਰਿਵਾਰ ਨੂੰ ਛੇ ਮਹੀਨੇ ਦੀ ਇਕੱਠੀ ਦਿੱਤੀ ਜਾਂਦੀ ਹੈ। ਸਸਤਾ ਅਨਾਜ ਦੇਣ ਦੀ ਸਹੂਲਤ ਉਹਨਾਂ ਲੋਕਾਂ ਨੂੰ ਦਿੱਤੀ ਗਈ ਹੈ ਜੋ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਪਰਿਵਾਰ ਹਨ ਜਾਂ ਬੇਘਰ ਜਾਂ ਕੱਚੇ ਘਰਾਂ 'ਚ ਰਹਿੰਦੇ ਹਨ ਜਾਂ ਪਰਿਵਾਰ ਦਾ ਮੁਖੀ ਅੰਗਣੀਣ ਹੈ ਜਾਂ ਭੂਮੀਹੀਣ ਖੇਤ-ਮਜ਼ਦੂਰ ਹਨ ਜਾਂ ਢਾਈ ਏਕੜ (ਵਾਹੀ-ਯੋਗ) ਤੋਂ ਘੱਟ ਤੇ ਬੰਜਰ/ਬਰਾਨ 5 ਏਕੜ ਤੋਂ ਘੱਟ ਮਾਲਕੀ ਵਾਲੇ ਕਿਸਾਨ ਹਨ ਜਾਂ ਜਿਸ ਪਰਿਵਾਰ ਦੀ ਮੁਖੀ ਵਿਧਵਾ ਜਾਂ ਤਲਾਕ-ਸ਼ੁਦਾ ਔਰਤ ਹੋਵੇ ਜਾਂ 60,000 ਰੁਪਏ ਤੱਕ ਸਾਲਾਨਾ ਆਮਦਨ ਵਾਲ਼ੇ ਬਜ਼ੁਰਗ ਪੈਨਸ਼ਨਰ ਹੋਣ। ਪਰ ਇਹ ਸਹੂਲਤ ਸਰਕਾਰੀ ਨਿਯਮਾਂ ਅਨੁਸਾਰ ਆਮਦਨ ਕਰ ਦੇਣ ਵਾਲਿਆਂ, ਵੈਟ ਕਰ ਦੇਣ ਵਾਲਿਆਂ, ਢਾਈ ਏਕੜ ਤੋਂ ਵੱਧ ਵਾਹੀ-ਯੋਗ ਤੇ ਪੰਜ ਏਕੜ ਤੋਂ ਵੱਧ ਬਰਾਨੀ ਜ਼ਮੀਨ ਦੇ ਮਾਲਕਾਂ, ਘਰ 'ਚ ਏ.ਸੀ. ਲਾ ਕੇ ਠੰਢੀ ਹਵਾ ਲੈਣ ਵਾਲਿਆਂ, ਚਾਰ-ਪਹੀਆ ਗੱਡੀ ਦੇ ਮਾਲਕਾਂ, ਸਰਕਾਰੀ ਜਾਂ ਗੈਰ-ਸਰਕਾਰੀ ਇੰਡਸਟਰੀ ਦੇ ਮਾਲਕਾਂ, ਸਰਕਾਰੀ ਜਾਂ ਗੈਰ-ਸਰਕਾਰੀ ਨੌਂਕਰੀ ਕਰਨ ਵਾਲਿਆਂ (ਕੱਚੇ ਤੇ ਦਿਹਾੜੀਦਦਾਰ ਮੁਲਾਜ਼ਮਾਂ ਨੂੰ ਛੱਡ ਕੇ), ਸਾਰੇ ਸਾਧਨਾਂ ਤੋਂ 60,000 ਤੋਂ ਵੱਧ ਸਾਲਾਨਾ ਆਮਦਨ ਵਾਲਿਆਂ ਤੇ ਕਿਸੇ ਸ਼ਹਿਰੀ ਖੇਤਰ ਵਿੱਚ 100 ਗਜ਼ ਤੋਂ ਵੱਡਾ ਪਲਾਟ ਜਾਂ 750 ਵਰਗ ਫੁੱਟ ਦਾ ਫਲੈਟ ਰੱਖਣ ਵਾਲਿਆਂ ਨੂੰ ਨਹੀਂ ਮਿਲਦੀ। ਪੰਜਾਬ ਵਿੱਚ ਆਟਾ ਦਾਲ ਸਕੀਮ ਹੇਠ ਬਹੁਤ ਸਾਰੇ ਸਮਰੱਥ ਲੋਕਾਂ ਦੇ ਕਾਰਡ ਬਣੇ ਹੋਣ ਦਾ ਸ਼ੱਕ ਹੈ। ਇਸ ਲਈ ਪੰਜਾਬ ਦੀ ਭਗਵੰਤ ਮਾਨ ਸਰਕਾਰ ਉਕਤ ਸ਼ਰਤਾਂ ਨੂੰ ਮੁੱਖ ਰੱਖ ਕੇ ਦੁਬਾਰਾ ਸਰਵੇ ਕਰਾਉਣ ਜਾ ਰਹੀ ਹੈ। ਹੋ ਸਕਦਾ ਹੈ ਕਿ ਮੌਜੂਦਾ ਕਾਰਡ-ਹੋਲਡਰਾਂ ਚੋਂ ਕੁਝ ਨਾਂ ਕੱਟ



Scanned with OKEN Scanner

ਦਿੱਤੇ ਜਾਣ। ਸਾਡੇ ਪਿੰਡ ਵਿੱਚ ਲੋਕਾਂ ਦੀ ਸਹੂਲਤ ਲਈ ਹੇਠ ਲਿਖੇ ਡੀਪੂ-ਹੋਲਡਰ ਹਨ ਜੋ ਸਰਕਾਰੀ ਯੋਜਨਾਵਾਂ ਦਾ ਲਾਭ ਲੋਕਾਂ ਤੱਕ ਪਹੁੰਚਾ ਰਹੇ ਹਨ :-

1. ਸ੍ਰ. ਜਗੀਰ ਸਿੰਘ ਪੁੱਤਰ ਸ੍ਰ. ਪ੍ਰੀਤਮ ਸਿੰਘ (ਪ੍ਰਜਾਪਤ)-ਲੱਗ ਭੱਗ 370 ਲਾਭ-ਪਾਤਰੀ
2. ਸ੍ਰ. ਸੁਰਿੰਦਰ ਸਿੰਘ ਪੁੱਤਰ ਸ੍ਰ. ਸੇਵਾ ਸਿੰਘ (ਸੁਨਿਆਰਾ) -ਲੱਗ ਭੱਗ 375 ਲਾਭ-ਪਾਤਰੀ

## 15. ਪੇਂਡੂ ਜਲ-ਸਪਲਾਈ

ਪੇਂਡੂ ਲੋਕਾਂ ਨੂੰ ਪੀਣ ਵਾਲੇ ਸਾਫ਼ ਪਾਣੀ ਦੀ ਸਹੂਲਤ ਦੇਣ ਲਈ ਪੰਜਾਬ ਸਰਕਾਰ ਵੱਲੋਂ 1956 ਤੋਂ ਲੋਕ ਨਿਰਮਾਣ ਵਿਭਾਗ (ਪੀ.ਡਬਲਿਊ.ਡੀ.) ਅਧੀਨ ਪਬਲਿਕ ਹੈਲਥ ਬ੍ਰਾਂਚ ਰਾਹੀਂ ਵਿਵਸਥਾ ਕੀਤੀ ਗਈ ਹੈ। 2004 ਤੋਂ ਇਸ ਬ੍ਰਾਂਚ ਨੂੰ ਜਲ-ਸਪਲਾਈ ਤੇ ਸੈਨੀਟੇਸ਼ਨ ਨਾਂ ਦੇ ਵੱਖਰੇ ਵਿਭਾਗ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਵਿਭਾਗ ਦੇ ਪ੍ਰਬੰਧ ਅਧੀਨ ਪਿੰਡ ਮਾਣੋਚਾਹਲ ਕਲਾਂ ਵਿੱਚ ਬਣੇ ਇੱਕ ਜਲ-ਘਰ (ਪਾਣੀ ਦੀ ਟੈਂਕੀ) ਰਾਹੀਂ ਲੋਕਾਂ ਨੂੰ ਜਲ ਸਪਲਾਈ ਕੀਤਾ ਜਾਂਦਾ ਹੈ। ਵਾਟਰ-ਵਰਕਸ ਤੇ ਪੰਪ-ਅਪ੍ਰੇਟਰ ਵੱਲੋਂ ਮੋਟਰ ਚਲਾ ਕੇ ਟੈਂਕੀ ਰਾਹੀਂ ਸਪਲਾਈ ਜਾਰੀ ਰੱਖੀ ਜਾਂਦੀ ਹੈ। ਜਲ-ਘਰ ਵਿੱਚ ਇਕ ਮਾਲੀ ਵੀ ਕੰਮ ਕਰਦਾ ਹੈ ਜਿਸ ਨੇ ਜਲ-ਘਰ ਵਾਲ਼ੀ ਥਾਂ ਨੂੰ ਫੁੱਲ-ਬੂਟਿਆਂ ਨਾਲ ਸਜਾ ਰੱਖਿਆ ਹੈ।

## 16. ਪੁਲਿਸ ਚੌਂਕੀ

1984 ਤੋਂ ਬਾਅਦ ਜਦੋਂ ਪੰਜਾਬ ਵਿੱਚ ਫੈਲੇ ਅਤਿਵਾਦ ਤੇ ਦਹਿਸ਼ਤ ਦੇ ਦੌਰ ਵਿੱਚ ਲੋਕਾਂ ਦੇ ਜਾਨ-ਮਾਲ ਦੀ ਰਾਖੀ ਯਕੀਨੀ ਬਣਾਉਣ ਦੀ ਰਣਨੀਤੀ ਵਜੋਂ ਪਿੰਡਾਂ-ਕਸਬਿਆਂ ਵਿੱਚ ਪੁਲਿਸ ਦੀਆਂ ਚੌਂਕੀਆਂ ਸਥਾਪਤ ਕੀਤੀ ਗਈਆਂ ਸਨ ਤਾਂ ਪਿੰਡ ਮਾਣੋਚਾਹਲ ਦੇ ਅੱਡੇ ਤੇ ਵੀ ਇੱਕ ਚੌਂਕੀ ਬਣ ਗਈ। ਪੁਲਿਸ ਦੇ ਡਰ ਤੋਂ ਪਿੰਡ ਵਿੱਚ ਲੋਕਾਂ ਦੇ ਲੜਾਈ-ਝਗੜੇ ਤਾਂ ਭਾਵੇਂ ਘਟ ਗਏ ਹੋਣਗੇ ਪਰ ਇਲਾਕੇ ਦੇ ਨੌਜਵਾਨ ਮੁੰਡਿਆਂ ਵਿੱਚ ਨਸ਼ਿਆਂ ਦੀ ਬੀਮਾਰੀ ਤੇ ਅਜੇ ਪੂਰਨ ਰੂਪ ਵਿੱਚ ਕਾਬੂ ਨਹੀਂ ਪਾਇਆ ਜਾ ਸਕਿਆ।

## 17. ਬਾਬਾ ਜੋਗੀ ਪੀਰ ਜੀ ਨੌਜਵਾਨ ਸਭਾ ਮਾਣੋਚਾਹਲ ਕਲਾਂ :-

ਪਿੰਡ ਵਿੱਚ ਸਮਾਜ ਸੇਵਾ ਦੇ ਕਾਰਜ ਕਰਨ ਲਈ ਨੌਜਵਾਨ ਸਭਾ ਮਾਣੋਚਾਹਲ ਨਾਂ ਦੀ ਸੇਵਾ-ਸੰਸਥਾ ਮੌਜੂਦ ਹੈ। ਇਸ ਸੰਸਥਾ ਦੇ 25-30 ਨੌਜਵਾਨ ਮੈਂਬਰ ਲੋੜਵੰਦ ਗਰੀਬਾਂ ਤੇ ਮਨੁੱਖਤਾ ਦੀ ਭਲਾਈ ਲਈ ਲੋੜੀਂਦੇ ਸੇਵਾ-ਕਾਰਜਾਂ ਲਈ ਹਰ ਸਮੇਂ ਤਿਆਰ ਰਹਿੰਦੇ ਹਨ। ਸ੍ਰ. ਸੁਖਰਾਜ ਸਿੰਘ ਪੁੱਤਰ ਸ੍ਰ. ਬਲਦੇਵ ਸਿੰਘ (ਮਿਸਤਰੀ) ਨੂੰ ਪ੍ਰਧਾਨਗੀ ਦੀ



Scanned with OKEN Scanner

ਸੇਵਾ ਸੌਂਪੀ ਗਈ ਹੈ। ਉਹ ਬੀ.ਏ. ਪਾਸ ਤੇ ਆਰਟ ਕ੍ਰਾਫਟ ਟੀਚਰ ਦਾ ਡਿਪਲੋਮਾ ਹੋਲਡਰ ਪੜ੍ਹਿਆ-ਲਿਖਿਆ ਨੌਜਵਾਨ ਹੈ। ਉਹ ਗੁਰੂ ਨਾਨਕ ਦਾ ਕਿਰਤੀ ਸਿੱਖ ਹੈ ਤੇ ਮਨੁੱਖਤਾ ਦੀ ਸੇਵਾ ਕਰਨ ਦੇ ਨਾਲ ਨਾਲ ਰੋਜ਼ੀ-ਰੋਟੀ ਲਈ ਆਪਣੀ ਵਰਕਸ਼ਾਪ ਤੇ ਮਕੈਨੀਕਲ ਕੰਮ ਵੀ ਕਰਦਾ ਹੈ। ਉਹਨੇ 2010 ਵਿੱਚ ਨੌਜਵਾਨ ਸਭਾ ਦੀ ਜ਼ਿੰਮੇਵਾਰੀ ਸੰਭਾਲੀ ਸੀ ਜੋ ਪਿੰਡ ਦੇ ਨੌਜਵਾਨਾਂ ਨੂੰ ਉਹਦੇ ਤੇ ਭਰੋਸਾ ਹੋਣ ਕਾਰਨ ਅੱਜ ਵੀ ਜਾਰੀ ਹੈ।

ਸੰਗਤ ਦੇ ਸਹਿਯੋਗ ਨਾਲ ਸਮਾਜ-ਸੇਵਾ ਦੇ ਖੇਤਰ ਵਿੱਚ ਸਭਾ ਵੱਲੋਂ ਕੀਤੇ ਗਏ ਕਾਰਜਾਂ ਦਾ ਵੇਰਵਾ ਜੋ ਉਹਨੇ ਮੈਨੂੰ ਦਿੱਤਾ ਹੈ ਸ਼ਾਇਦ ਪੂਰਾ ਵਰਨਣ ਨਾ ਹੋ ਸਕੇ। ਇਹਨਾਂ ਕੰਮਾਂ ਵਿੱਚ- ਸੰਗਤ ਤੋਂ ਉਗਰਾਹੀ ਕਰਕੇ ਗੁਰਦੁਆਰਾ ਬਾਬਾ ਜੋਗੀ ਪੀਰ ਦੇ ਅੰਦਰ ਸੁਖ-ਆਸਣ ਵਾਲੀ ਥਾਂ ਤੇ ਏ.ਸੀ. ਦਾ ਪ੍ਰਬੰਧ, ਫ਼ਰਸ਼ ਤੇ ਵਿਛਾਈਆਂ, ਫ਼ਾਈਬਰ ਸ਼ੈੱਡ, ਵਾਸ਼-ਬੇਸਨ, ਚਰਨ-ਗੰਗਾ, ਬਰਤਨ ਸਾਫ਼ ਕਰਨ ਵਾਲ਼ਾ ਸਿੰਕ, ਬੋਹੜ ਹੇਠ ਸ਼ੈੱਡ, ਇਤਿਹਾਸਿਕ ਬੋਰਡ, ਕਮੇਟੀ ਦੇ ਸਹਿਯੋਗ ਨਾਲ ਜੋੜਾ ਘਰ, ਛਬੀਲ ਦਾ ਸ਼ੈੱਡ, ਪਾਰਕ, ਗੁਰਦੁਆਰੇ ਨੂੰ ਪਿੰਡ ਵੱਲੋਂ ਜਾਂਦੀ ਸੜਕ ਤੇ ਸਟਰੀਟ-ਲਾਈਟਾਂ, ਬੱਚਿਆਂ ਲਈ ਧਾਰਮਿਕ ਸਿੱਖਿਆ ਤੇ ਕੀਰਤਨ ਸਿਖਲਾਈ ਦਾ ਪ੍ਰਬੰਧ, ਪਿੰਡ ਦੀਆਂ ਗਲ਼ੀਆਂ-ਨਾਲ਼ੀਆਂ ਤੇ ਸ਼ਮਸ਼ਾਨ-ਘਾਟਾਂ ਦੀ ਲੋੜ ਮੁਤਾਬਕ ਸਫ਼ਾਈ, ਚੰਗੇ ਕੰਮ ਕਰਨ ਵਾਲਿਆਂ ਤੇ ਪੜ੍ਹਾਈ-ਖੇਡਾਂ ਵਿੱਚ ਮੱਲਾਂ ਮਾਰਨ ਵਾਲਿਆਂ ਦਾ ਸਨਮਾਨ, ਹਰ ਸਾਲ ਦਰੱਖਤ ਲਾਉਣਾ, ਲੋੜਵੰਦਾਂ ਲਈ ਖ਼ੂਨ-ਦਾਨ ਦਾ ਪ੍ਰਬੰਧ ਕਰਨਾ, ਮੈਡੀਕਲ ਕੈਂਪ ਲਾਉਣਾ, ਰੋਹੀ ਕੰਢੇ ਛੱਪੜ ਪੂਰ ਕੇ ਖੇਡਣ ਲਈ ਗਰਾਊਂਡ ਬਣਾਉਣਾ, ਪੰਜਾਬ ਸਰਕਾਰ ਦੀ ਅਗਵਾਈ ਹੇਠ ਖੇਡ-ਮੇਲਾ-2022 ਦਾ ਆਯੋਜਨ, ਗਰੀਬ ਬੱਚਿਆਂ ਦੀ ਮਦਦ ਤੇ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਤੇ ਸ਼ਗਨ ਦੇਣ, ਬਹੁਤੇ ਗਰੀਬ ਪਰਿਵਾਰਾਂ ਲਈ ਸਿਰ-ਲੁਕਾਵੇ ਦਾ ਪ੍ਰਬੰਧ ਕਰਨਾ, ਗਰੀਬ ਮਰੀਜ਼ਾਂ ਦੇ ਇਲਾਜ ਲਈ ਮਦਦ ਕਰਨਾ ਆਦਿ ਸਮਾਜ-ਸੇਵਾ ਦੇ ਕੰਮ ਸੰਗਤ ਅਤੇ ਗੁਰਦੁਆਰਾ ਕਮੇਟੀ ਬਾਬਾ ਜੋਗੀਪੀਰ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਨਾ ਸ਼ਾਮਲ ਹੈ।

ਇਸ ਸੰਸਥਾ ਦੀ ਇੱਕ ਟੀਮ ਵੱਲੋਂ ਜੁਲਾਈ-ਅਗਸਤ 2023 ਵਿੱਚ ਪੰਜਾਬ ਦੇ ਦਰਿਆਈ ਕੰਢਿਆਂ ਨੇੜੇ ਰਹਿੰਦੇ ਹੜ੍ਹ-ਪੀੜ੍ਹਤ ਲੋਕਾਂ ਦੀ ਮਦਦ ਕਰਕੇ ਵੀ ਆਪਣਾ ਬਣਦਾ ਯੋਗਦਾਨ ਪਾਇਆ ਗਿਆ ਹੈ। ਇਹਨਾਂ ਬਰਸਾਤਾਂ ਵਿੱਚ ਹੀ ਪਿੰਡ ਦੇ ਚਾਰ ਗਰੀਬ ਪਰਿਵਾਰਾਂ ਦੇ ਮਕਾਨ ਵੀ ਢਹਿ ਗਏ ਸਨ ਜੋ ਨੌਜਵਾਨ ਸਭਾ ਦੇ ਜੁਝਾਰੂ ਨੌਜਵਾਨਾਂ ਨੇ ਹਿੰਮਤ ਕਰਕੇ ਨਵੇਂ ਸਿਰੇ ਤੋਂ ਪੱਕੀਆਂ ਇੱਟਾਂ ਨਾਲ ਲੈਂਟਰ ਪਾ ਕੇ ਉਸਾਰ ਕੇ ਦਿੱਤੇ ਹਨ। ਮੁੱਕਦੀ ਗੱਲ ਇਹ ਹੈ ਕਿ ਭਾਵੇਂ ਆਪਣਾ ਪਿੰਡ ਹੋਵੇ ਜਾਂ ਪੰਜਾਬ ਦਾ ਕੋਈ ਹੋਰ ਪਿੰਡ, ਨੌਜਵਾਨ ਸਭਾ ਮਾਣੋ ਚਾਹਲ ਕਿਸੇ ਵੀ ਕੁਦਰਤੀ ਆਫ਼ਤ ਵੇਲ਼ੇ ਪੀੜ੍ਹਤ ਲੋਕਾਂ ਦੀ ਸੇਵਾ ਕਰਨ ਲਈ ਹਮੇਸ਼ਾਂ ਤਤਪਰ ਰਹਿੰਦੀ ਹੈ।



Scanned with OKEN Scanner

ਨੌਜਵਾਨ ਸਭਾ ਵੱਲੋਂ ਇਕ ਹੋਰ ਸ਼ਲਾਘਾਯੋਗ ਕੰਮ ਸਾਡਾ ਧਿਆਨ ਮੰਗਦਾ ਹੈ ਜੋ ਉਹਨਾਂ ਨੇ ਗੁ: ਅਗਾੜਾ-ਪਿਛਾੜਾ ਗੇਟ ਦੇ ਨੇੜੇ, ਮੇਨਰੋਡ ਦੇ ਦੋਹੀਂ ਪਾਸੀਂ ਬਣੀਆਂ ਦੁਕਾਨਾਂ ਦੇ ਬੋਰਡ ਪੰਜਾਬੀ ਭਾਸ਼ਾ ਵਿੱਚ ਇੱਕ ਹੀ ਰੰਗ ਤੇ ਇੱਕ ਹੀ ਨਮੂਨੇ ਦੇ ਲਿਖਾਉਣੇ ਸ਼ੁਰੂ ਕੀਤੇ ਹਨ। ਸਮਾਜ-ਸੇਵਾ ਦੇ ਇਹ ਮਹਾਨ ਕਾਰਜ ਕੋਈ ਇਕੱਲਾ ਬੰਦਾ ਤਾਂ ਕਰ ਨਹੀਂ ਸਕਦਾ। ਸੋ ਨੌਜਵਾਨ ਸਭਾ ਵੱਲੋਂ ਬਹੁਤ ਸਾਰੇ ਐਨ ਆਰ ਆਈ ਭਰਾਵਾਂ ਤੇ ਫੌਜੀ ਵੀਰਾਂ ਤੇ ਹੋਰ ਨੌਂਕਰੀ-ਪੇਸ਼ਾ ਭਰਾਵਾਂ ਨੂੰ ਸਹਿਯੋਗ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸਿੱਟੇ ਵਜੋਂ ਪਿੰਡ ਚੋਂ ਵਿਦੇਸ਼ਾਂ ਵਿੱਚ ਗਏ ਨੌਜਵਾਨਾਂ ਚੋਂ ਬਹੁਤ ਸਾਰੇ ਨੌਜਵਾਨ ਤੇ ਹੋਰ ਪਿੰਡ-ਵਾਸੀ ਸਭਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਵਿੱਚ ਯੋਗਦਾਨ ਪਾ ਰਹੇ ਹਨ। ਨੌਜਵਾਨ ਸਭਾ ਵੱਲੋਂ ਇਹਨਾਂ ਸਹਿਯੋਗੀਆਂ ਦੇ ਜਿਹੜੇ ਨਾਂ ਮੇਰੇ ਕੋਲ ਪਹੁੰਚੇ ਹਨ ਉਹਨਾਂ ਦਾ ਵੇਰਵਾ ਅਖ਼ੀਰ ਵਿੱਚ ਵੱਖਰਾ ਦਰਜ ਕੀਤਾ ਗਿਆ ਹੈ। ਮੈਨੂੰ ਆਸ ਹੈ ਕਿ ਰੋਜ਼ੀ-ਰੋਟੀ ਤੇ ਸੁਖ-ਸਹੂਲਤਾਂ ਵਾਲ਼ੇ ਚੰਗੇਰੇ ਜੀਵਨ ਦੀ ਆਸ ਨਾਲ ਵਿਦੇਸ਼ਾਂ ਨੂੰ ਗਏ ਸਾਡੇ ਪਿੰਡ ਦੇ ਹੋਣਹਾਰ ਬੱਚੇ ਆਪਣੇ ਪਿੰਡ ਤੇ ਆਪਣੀ ਜਨਮ-ਭੂਮੀ ਨਾਲ ਜੁੜੇ ਰਹਿਣਗੇ ਤੇ ਆਪਣੀ ਕਿਰਤ-ਕਮਾਈ ਚੋਂ ਦਸਵੰਧ ਵਜੋਂ ਕੁਝ ਰਾਸ਼ੀ ਧਰਮ-ਅਰਥ ਤੇ ਸਮਾਜ-ਸੇਵਾ ਦੇ ਕਾਰਜਾਂ ਲਈ ਦਾਨ ਕਰਦੇ ਰਹਿਣਗੇ।

ਇਸ ਸੰਸਥਾ ਵੱਲੋਂ ਇਸੇ ਸਾਲ ਅਕਤੂਬਰ 2023 ਵਿੱਚ ਹੋਈਆਂ ਮਾਸਟਰਜ਼ ਐਸੋਸੀਏਸ਼ਨ ਚੰਡੀਗੜ੍ਹ ਵੱਲੋਂ ਕਰਵਾਈਆਂ ਖੇਡਾਂ ਵਿੱਚ ਆਪਣੇ ਪਿੰਡ ਦੇ ਨੌਜਵਾਨ ਸਰਬਜੀਤ ਸਿੰਘ ਪੁੱਤਰ ਸ੍ਰ. ਸੁਖਦੇਵ ਸਿੰਘ ਨੂੰ 3000 ਮੀਟਰ ਦੌੜ ਤੇ 3000 ਮੀਟਰ ਤੇਜ਼-ਚਾਲ ਵਿੱਚ ਪਹਿਲਾ ਸਥਾਨ ਹਾਸਲ ਕਰਨ ਤੇ ਸਨਮਾਨਿਤ ਕੀਤਾ ਗਿਆ ਹੈ। ਪਿੰਡ ਦੀਆਂ ਹੱਦਾਂ ਟੱਪ ਕੇ ਇਲਾਕੇ ਦੇ ਹੋਰ ਵੀ ਕਈ ਹੋਣਹਾਰ ਤੇ ਅਣਕਿਆਸੀ ਪ੍ਰਾਪਤੀ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਹੈ।

## 18. ਦੀ ਮਿਲਕ ਪ੍ਰੋਡਿਊਸਰਜ਼ ਸੁਸਾਇਟੀ ਮਾਣੋਚਾਹਲ ਕਲਾਂ

1973 ਵਿੱਚ ਦੁੱਧ ਦੀ ਪੈਦਾਵਾਰ ਵਧਾਉਣ, ਦੁੱਧ ਉਤਪਾਦਕਾਂ ਨੂੰ ਘਰ ਦੇ ਨੇੜੇ ਵਿਕਰੀ ਕੇਂਦਰ ਦੀ ਵਿਵਸਥਾ ਕਰਕੇ ਉਹਨਾਂ ਦੀ ਆਮਦਨ ਵਿੱਚ ਵਾਧਾ ਕਰਨ ਅਤੇ ਗਾਹਕਾਂ ਨੂੰ ਵਾਜਬ ਕੀਮਤਾਂ ਤੇ ਦੁੱਧ ਤੇ ਦੁੱਧ ਤੋਂ ਬਣੇ ਹੋਰ ਪਦਾਰਥ ਉਪਲੱਬਧ ਕਰਾਉਣ ਦੇ ਉਦੇਸ਼ਾਂ ਨੂੰ ਸਾਹਮਣੇ ਰੱਖ ਕੇ ਪੰਜਾਬ ਵਿੱਚ ਦੀ ਪੰਜਾਬ ਸਟੇਟ ਕੋ-ਆਪ੍ਰੇਟਿਵ ਮਿਲਕ ਪ੍ਰੋਡਿਊਸਰਜ਼ ਫੈਡਰੇਸ਼ਨ ਲਿਮਟਿਡ ਦੀ ਸਥਾਪਨਾ ਬਾਰੇ ਸ਼ੁਰੂਆਤ ਹੋਈ ਪਰ ਸੂਬਾ ਪੱਧਰ ਤੇ ਇਸ ਸੰਗਠਨ ਨੇ 1978 ਵਿੱਚ ਕੰਮ ਕਰਨਾ ਸ਼ੁਰੂ ਕੀਤਾ। 1983 ਵਿੱਚ ਸਾਰੇ ਦੁੱਧ ਕੇਂਦਰ ਪੰਜਾਬ ਡੇਅਰੀ ਡਿਵੈਲਪਮੈਂਟ ਤੋਂ ਤਿੰਨ-ਪੜਾਵੀ ਸੰਗਠਨ ਦੇ ਹਵਾਲੇ ਕੀਤੇ ਗਏ।

1) ਪਿੰਡ ਪੱਧਰ ਤੇ ਮਿਲਕ ਪ੍ਰੋਡਿਊਸਰਜ਼ ਸੁਸਾਇਟੀ



Scanned with OKEN Scanner

2) ਜ਼ਿਲ੍ਹਾ ਪੱਧਰ ਤੇ ਮਿਲਕ ਯੂਨੀਅਨ

3) ਸੂਬਾ ਪੱਧਰੀ ਮਿਲਕ ਫੈਡਰੇਸ਼ਨ

ਵੇਰਕਾ ਮਿਲਕ ਪਲਾਂਟ ਇਸ ਅਦਾਰੇ ਦੀ ਮੁੱਖ ਸੰਸਥਾ ਹੈ ਜੋ ਆਪਣੇ ਕਾਰੋਬਾਰ ਲਈ ਸੰਸਾਰ ਭਰ ਵਿੱਚ ਪ੍ਰਸਿੱਧ ਹੈ। ਇਸ ਦੇ ਪੰਜਾਬ ਵਿੱਚ 12 ਸੇਲਜ਼ ਆਫਿਸ ਕੰਮ ਕਰ ਰਹੇ ਹਨ। ਦੁੱਧ-ਕੇਂਦਰਾਂ ਰਾਹੀਂ ਰੋਜ਼ਾਨਾ ਲੱਗ-ਭੱਗ 30 ਲੱਖ ਲਿਟਰ ਦੁੱਧ ਇਕੱਠਾ ਹੁੰਦਾ ਹੈ। ਅਦਾਰੇ ਵੱਲੋਂ ਆਪਣੇ ਮੈਂਬਰਾਂ ਨੂੰ ਕੈਟਲ ਫੀਡ ਮੁਹੱਈਆ ਕੀਤੀ ਜਾਂਦੀ ਹੈ ਅਤੇ ਦੁੱਧ ਤੋਂ 22 ਪ੍ਰੋਡਕਟ ਤਿਆਰ ਕਰਕੇ ਗਾਹਕਾਂ ਤੱਕ ਪਹੁੰਚਾਏ ਜਾਂਦੇ ਹਨ। ਅਦਾਰੇ ਦੀ 2021-22 ਦੀ ਸਾਲਾਨਾ ਟਰਨ-ਓਵਰ 4800 ਕਰੋੜ ਦੀ ਹੈ। ਪਿੰਡ ਮਾਣੋਚਾਹਲ ਵਿੱਚ ਪਹਿਲੀ ਦੁੱਧ ਉਤਪਾਦਕ ਸੁਸਾਇਟੀ 1979 ਵਿੱਚ ਬਣੀ ਜਿਸ ਦਾ ਸੈਕਟਰੀ ਦਰਸ਼ਨ ਸਿੰਘ ਪੁੱਤਰ ਬਖ਼ਸ਼ੀਸ਼ ਸਿੰਘ ਸੀ। ਮਿਲਕ ਪਲਾਂਟ ਵੇਰਕਾ ਵੱਲੋਂ 40,000 ਰੁਪਏ ਖ਼ਰਚ ਕੇ ਪੰਚਾਇਤ ਵੱਲੋਂ ਦਿੱਤੀ ਗਈ ਜ਼ਮੀਨ ਤੇ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਦੇ ਨੇੜੇ ਪੱਕੀ ਇਮਾਰਤ ਵੀ ਬਣਾਈ ਗਈ ਸੀ। ਪਿੰਡ ਵਾਸੀਆਂ ਲਈ ਇਹ ਸੁਸਾਇਟੀ 2007-08 ਤੱਕ ਵਰਦਾਨ ਬਣੀ ਰਹੀ ਕਿਉਂਕਿ ਉਸ ਸਮੇਂ ਪੇਂਡੂ ਲੋਕਾਂ ਤੋਂ ਵਾਜਬ ਕੀਮਤ ਤੇ ਦੁੱਧ ਖ਼ਰੀਦਣ ਵਾਲੀ ਹੋਰ ਕੋਈ ਡੇਅਰੀ ਨਹੀਂ ਹੁੰਦੀ ਸੀ। ਬਾਅਦ 'ਚ ਕਿਸੇ ਕਾਰਨ ਇਹ ਸਹਿਕਾਰੀ ਦੁੱਧ-ਡੇਅਰੀ ਬੰਦ ਹੋ ਗਈ ਹੈ।

## 19. ਅਮੁਲ ਡੇਅਰੀ ਦੁੱਧ ਖ਼ਰੀਦ ਕੇਂਦਰ ਮਾਣੋਚਾਹਲ

ਪੰਜਾਬ ਮਿਲਕ-ਫ਼ੈੱਡ ਨੂੰ ਅਨੰਦ ਮਿਲਕ ਯੂਨੀਅਨ ਲਿਮਟਿਡ (ਅਮੁਲ) ਨੇ ਸਖ਼ਤ ਮੁਕਾਬਲਾ ਦਿੱਤਾ ਹੈ। ਇਹ ਸਹਿਕਾਰੀ ਅਦਾਰਾ ਗੁਜਰਾਤ ਕੋਆਪ੍ਰੇਟਿਵ ਮਿਲਕ ਮਾਰਕੀਟਿੰਗ ਫੈਡਰੇਸ਼ਨ ਲਿਮਟਿਡ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ। ਗੁਜਰਾਤ ਦੇ 3.6 ਲੱਖ ਦੁੱਧ ਉਤਪਾਦਕ ਇਸ ਦੇ ਮੈਂਬਰ ਹਨ ਅਤੇ 13 ਜ਼ਿਲ੍ਹਾ ਯੂਨੀਅਨਾਂ ਰਾਹੀਂ ਇਹ ਨਾ ਕੇਵਲ ਗੁਜਰਾਤ ਦੇ 13500 ਤੋਂ ਵੱਧ ਪਿੰਡਾਂ ਤੱਕ ਪਹੁੰਚੀ ਹੈ ਸਗੋਂ ਪੰਜਾਬ ਦੇ ਕਈ ਪਿੰਡਾਂ ਵਿੱਚ ਵੀ ਪਹੁੰਚ ਗਈ ਹੈ। ਸਾਡੇ ਪਿੰਡ ਵਿੱਚ ਵੀ ਇਸ ਅਦਾਰੇ ਦਾ ਇੱਕ ਦੁੱਧ-ਕੇਂਦਰ ਗੋਂਦ ਕੀ ਪੱਤੀ ਦਰਗਾਹ ਵਾਲੇ ਖੂਹ ਨੇੜੇ ਹੈ ਜਿਸ ਦਾ ਇਨਚਾਰਜ ਅੰਗਰੇਜ਼ ਸਿੰਘ ਪੁੱਤਰ ਸ੍ਰ. ਇੰਦਰ ਸਿੰਘ ਹੈ। ਇਹ ਕੇਂਦਰ ਫੁਲੀ-ਆਟੋਮੈਟਿਕ ਅਤੇ ਕੰਪਿਊਟਰਾਈਜ਼ਡ ਹੈ। ਦਿਨ 'ਚ ਦੋ ਵਾਰ ਸਵੇਰ-ਸ਼ਾਮ ਦੁੱਧ ਇਕੱਠਾ ਕੀਤਾ ਜਾਂਦਾ ਹੈ। ਸਾਰੇ ਦੁੱਧ-ਉਤਪਾਦਕ ਫ਼ੋਨ ਰਾਹੀਂ ਅਦਾਰੇ ਨਾਲ ਜੁੜੇ ਹੋਏ ਹਨ। ਜਿਉਂ ਹੀ ਕੋਈ ਦੁੱਧ ਲੈ ਕੇ ਕੇਂਦਰ ਤੇ ਜਾਂਦਾ ਹੈ ਤੇ ਮਸ਼ੀਨ ਰਾਹੀਂ ਉਸ ਦੀ ਫੈਟ ਕੱਢੀ ਜਾਂਦੀ ਹੈ, ਉਸੇ ਵੇਲ਼ੇ ਉਤਪਾਦਕ ਨੂੰ ਫ਼ੋਨ ਤੇ ਮੈਸਜ ਮਿਲ ਜਾਂਦਾ ਹੈ ਜਿਸ ਵਿੱਚ ਫੈਟ ਦੀ ਦਰ, ਦੁੱਧ ਦੀ ਮਾਤਰਾ ਤੇ ਬਣਦੀ ਰਕਮ ਸ਼ਾਮਲ ਹੁੰਦੀ ਹੈ।

ਦੱਸਦੇ ਹਨ ਕਿ ਉਸੇ ਵੇਲੇ ਆਟੋਮੈਟੀਕਲੀ ਉਤਪਾਦਕ ਦੇ ਖ਼ਾਤੇ ਵਿੱਚ ਬਣਦੀ ਰਕਮ



Scanned with OKEN Scanner

ਵੀ ਜਮ੍ਹਾਂ ਹੋ ਜਾਂਦੀ ਹੈ। ਇਸ ਕਾਰਨ ਉਤਪਾਦਕ ਨੂੰ ਅਦਾਇਗੀ ਸਬੰਧੀ ਕੋਈ ਮੁਸ਼ਕਿਲ ਨਹੀਂ ਆਉਂਦੀ। ਦੁੱਧ ਦਾ ਰੇਟ ਫੈਟ ਦੇ ਹਿਸਾਬ ਨਾਲ 8.5 ਪ੍ਰਤੀ ਨੁਕਤਾ ਹੈ ਭਾਵ 10 ਫੈਟ ਵਾਲ਼ਾ ਦੁੱਧ 85 ਰੁਪਏ ਲਿਟਰ ਦੇ ਹਿਸਾਬ ਖ਼ਰੀਦਿਆ ਜਾਂਦਾ ਹੈ। ਕੇਂਦਰ ਨੂੰ ਇਕੱਠੇ ਹੋਣ ਵਾਲੇ ਦੁੱਧ ਦੀ ਮਾਤਰਾ ਤੋਂ ਢਾਈ ਗੁਣਾ ਵੱਧ ਕਪੈਸਿਟੀ ਵਾਲ਼ੀ ਦੁੱਧ-ਸੀਤਲ ਮਸ਼ੀਨ ਮਿਲੀ ਹੋਈ ਹੈ ਜਿਸ ਨੂੰ ਚਲਾਉਣ ਲਈ ਕੇਂਦਰ ਦਾ ਆਪਣਾ ਟਰਾਂਸਫਾਰਮਰ ਤੇ ਜਨਰੇਟਰ ਮੌਜੂਦ ਹੈ। ਜੇ ਕੰਪਨੀ ਦੀ ਦੁੱਧ ਚੁੱਕਣ ਵਾਲ਼ੀ ਗੱਡੀ ਇਕ ਦਿਨ ਨਾ ਵੀ ਪਹੁੰਚ ਸਕੇ ਤਾਂ ਵੀ ਦੁੱਧ ਖ਼ਰਾਬ ਨਹੀਂ ਹੁੰਦਾ। ਇਸ ਕੇਂਦਰ ਤੇ ਹਰ ਰੋਜ਼ ਤਕਰੀਬਨ 10-11 ਸੌ ਲਿਟਰ ਦੁੱਧ ਇਕੱਠਾ ਹੋ ਜਾਂਦਾ ਹੈ ਜੋ ਸਰਦੀਆਂ ਵਿੱਚ ਵਧ ਜਾਂਦਾ ਹੈ। ਅੰਗਰੇਜ਼ ਸਿੰਘ ਨੂੰ ਕੰਪਨੀ ਵੱਲੋਂ ਪੱਕੀ ਤਨਖ਼ਾਹ ਦੀ ਥਾਂ ਹਰ ਮਹੀਨੇ ਇਕੱਠੇ ਹੋਏ ਦੁੱਧ ਦੇ ਹਿਸਾਬ ਨਾਲ ਕਮਿਸ਼ਨ ਦਿੱਤਾ ਜਾਂਦਾ ਹੈ।

## 20. ਨਿੱਜੀ ਡੇਅਰੀਆਂ

ਇਕ ਦੁੱਧ-ਡੇਹਰੀ ਕਸ਼ਮੀਰ ਸਿੰਘ ਫੌਜੀ ਦੀ ਅੱਡੇ ਤੇ ਹੈ। ਫੌਜੀ ਨੇ 15 ਸਾਲ ਭਾਰਤੀ ਫੌਜ ਵਿੱਚ ਨੌਕਰੀ ਕਰਕੇ 1996 ਵਿੱਚ ਪੈਨਸ਼ਨ ਲੈ ਲਈ ਤੇ ਪਿੰਡ ਆ ਕੇ ਦੁੱਧ ਵਾਲ਼ੀ ਡੇਹਰੀ ਖੋਲ੍ਹ ਲਈ। ਉਹਦੀ ਡੇਹਰੀ ਤੇ ਰੋਜ਼ਾਨਾਂ 20 ਕਵਿੰਟਲ ਦੇ ਲੱਗ-ਭੱਗ ਦੁੱਧ ਆਉਂਦਾ ਹੈ। ਉਹ ਦੁੱਧ ਤੋਂ ਦਹੀਂ, ਪਨੀਰ, ਦੇਸੀ ਘਿਓ ਬਣਾ ਕੇ ਸਥਾਨਕ ਗਾਹਕਾਂ ਨੂੰ ਵੇਚਦਾ ਹੈ ਤੇ ਬਾਕੀ ਸਾਰਾ ਦੁੱਧ ਤਰਨਤਾਰਨ ਕਿਸੇ ਪ੍ਰਾਈਵੇਟ ਡੇਹਰੀ ਤੇ ਭੇਜਦਾ ਹੈ। ਡੇਹਰੀ ਦੇ ਨਾਲ ਉਹਨੇ ਆਪਣੇ ਬੇਟੇ ਨੂੰ ਕਰਿਆਨੇ ਦੀ ਦੁਕਾਨ ਵੀ ਪਾ ਕੇ ਦਿੱਤੀ ਹੈ। ਇੱਕ ਹੋਰ ਦੁੱਧ ਦੀ ਡੇਹਰੀ ਰਣਜੀਤ ਸਿੰਘ ਰਾਣਾ ਪੁੱਤਰ ਸ੍ਰ. ਪ੍ਰਤਾਪ ਸਿੰਘ ਡਿਓੜੀ ਵਾਲੇ ਦੀ ਹੈ। ਇਸ ਵੇਲ਼ੇ ਹਰ ਰੋਜ਼ ਅੰਦਾਜ਼ਨ 250 ਲਿਟਰ ਦੁੱਧ ਦੀ ਖ਼ਰੀਦ-ਵੇਚ ਕਰਦਾ ਹੈ। ਉਹ ਇਕ ਵਾਰ ਪਿੰਡ ਦੀ ਪੰਚਾਇਤ ਦਾ ਮੈਂਬਰ ਵੀ ਰਹਿ ਚੁੱਕਾ ਹੈ। ਉਹ 1997 ਤੋਂ ਵਾਹੀ-ਖੇਤੀ ਦੇ ਧੰਦੇ ਨਾਲ ਡੇਹਰੀ ਦਾ ਕੰਮ ਕਰ ਰਿਹਾ ਹੈ। ਇਹਨਾਂ ਹਿੰਮਤੀ ਨੌਜਵਾਨਾਂ ਨੇ ਖੇਤੀ-ਬਾੜੀ ਦੇ ਧੰਦੇ ਨਾਲ ਸਹਾਇਕ ਧੰਦੇ ਵਜੋਂ ਡੇਅਰੀ ਦਾ ਕੰਮ ਕਰਕੇ ਜਿੱਥੇ ਆਪਣੇ ਪਰਿਵਾਰ ਦੀ ਆਰਥਿਕਤਾ ਨੂੰ ਮਜਬੂਤ ਕੀਤਾ ਹੈ ਉੱਥੇ ਆਪਣੇ ਪਿੰਡ, ਪ੍ਰਾਂਤ ਤੇ ਦੇਸ਼ ਦੀ ਤਰੱਕੀ ਵਿੱਚ ਵੀ ਹਿੱਸਾ ਪਾਇਆ ਹੈ। ਸ਼ਾਲਾ ਮੇਰਾ ਪਿੰਡ ਹੋਰ ਤਰੱਕੀਆਂ ਕਰੇ।

❒



Scanned with OKEN Scanner

# ਪਿੰਡ ਦੇ ਛੱਪੜ-ਟੋਭੇ ਤੇ ਸ਼ਮਸ਼ਾਨ-ਘਾਟ

## ਛੱਪੜ

ਪੁਰਾਣੇ ਵੇਲ਼ਿਆਂ 'ਚ ਜਿਵੇਂ ਖੂਹ ਜਾਂ ਖੂਹੀਆਂ ਦੀ ਲੋਕਾਂ ਨੂੰ ਲੋੜ ਸੀ ਇਸੇ ਤਰ੍ਹਾਂ ਛੱਪੜ ਵੀ ਪਿੰਡ ਲਈ ਜ਼ਰੂਰੀ ਹੁੰਦੇ ਸਨ। ਇੱਕ ਤਾਂ ਮੀਂਹ-ਕਣੀ ਦਾ ਵਾਧੂ ਪਾਣੀ ਘਰਾਂ ਤੋਂ ਗਲ਼ੀਆਂ ਰਾਹੀਂ ਹੁੰਦਾ ਛੱਪੜਾਂ ਵਿੱਚ ਚਲਾ ਜਾਂਦਾ ਸੀ ਜੋ ਨੀਂਵੇਂ ਥਾਂ ਤੇ ਹੁੰਦੇ ਸਨ। ਦੂਜਾ ਛੱਪੜਾਂ ਵਿੱਚ ਇਕੱਠਾ ਹੋਇਆ ਇਹ ਪਾਣੀ ਪਸ਼ੂਆਂ ਦੇ ਪੀਣ ਤੇ ਨਹਾਉਣ ਦੇ ਕੰਮ ਆਉਂਦਾ ਸੀ। ਤੀਜਾ ਮਕਾਨ ਕੱਚੇ ਹੋਣ ਕਾਰਨ ਲੋਕ ਬਰਸਾਤਾਂ ਤੋਂ ਪਹਿਲਾਂ ਇਹਨਾਂ ਛੱਪੜਾਂ ਚੋਂ ਚੀਕਣੀ ਮਿੱਟੀ ਕੱਢ ਕੇ ਆਪਣੇ ਕੰਧਾਂ-ਕੋਠੇ ਲਿੰਬ ਪੋਚ ਲੈਂਦੇ ਸਨ। ਇਸ ਤਰ੍ਹਾਂ ਹਰ ਪਿੰਡ ਵਿੱਚ ਛੱਪੜਾਂ ਦੀ ਮੌਜੂਦਗੀ ਵੀ ਰਾਹ-ਰਸਤਿਆਂ ਜਿੰਨੀ ਹੀ ਜ਼ਰੂਰੀ ਸੀ। ਪਿੰਡ ਮਾਣੋਚਾਹਲ ਵਿਚਲੇ ਛੱਪੜਾਂ ਦਾ ਵੇਰਵਾ ਇਸ ਪ੍ਰਕਾਰ ਹੈ :-

1. ਪਿੰਡ ਦੇ ਚੜ੍ਹਦੇ ਪਾਸੇ ਗੁਰਦੁਆਰਾ ਬਾਬਾ ਬੀਰ ਸਿੰਘ ਦੇ ਨੇੜੇ ਗਲ਼ੀ ਦੇ ਇਕ ਪਾਸੇ ਵੱਡਾ ਡੂੰਘਾ ਛੱਪੜ ਅਜੇ ਵੀ ਮੌਜੂਦ ਹੈ। ਇਸ ਛੱਪੜ ਵਿੱਚ ਦੋ ਤਿੰਨ ਪੱਤੀਆਂ ਵਿਚਲੇ ਘਰਾਂ ਦਾ ਫ਼ਾਲ਼ਤੂ ਪਾਣੀ ਪੈਂਦਾ ਹੈ। ਇਸ ਛੱਪੜ ਦੇ ਚੜ੍ਹਦੇ ਵੱਲ ਬਾਬੇ ਬੀਰ ਸਿੰਘ ਦਾ ਗੁਰਦੁਆਰਾ ਹੈ, ਪਹਾੜ ਬਾਹੀ ਪੱਤੀ ਹੱਸਣ ਕੀ ਤੇ ਦੱਖਣ ਬਾਹੀ ਰਸਤਾ ਆਮ ਤੇ ਦੱਖਣ ਵੱਲ ਮਾਮੂ ਕੀ ਪੱਤੀ ਦੇ ਘਰ ਹਨ। ਰਸਤੇ ਦੇ ਨਾਲ ਛੱਪੜ ਦੇ ਕੰਢੇ ਪੱਕੀਆਂ ਇੱਟਾਂ ਨਾਲ ਰਸਤੇ ਜਿੰਨੀ ਉੱਚੀ ਕੰਧ ਕੀਤੀ ਹੋਈ ਹੈ। ਲਹਿੰਦੇ ਵੱਲ ਰਸਤਾ ਹੱਸਣ ਕੀ ਪੱਤੀ ਵਿਚ ਦੀ ਲੰਘ ਕੇ ਅੱਗੇ ਦਰਗਾਹ ਮਾਹੀ ਸ਼ਾਹ ਵੱਲ ਜਾ ਨਿੱਕਲਦਾ ਹੈ। ਲੰਬੇ ਸਮੇਂ ਤੋਂ ਇਸ ਛੱਪੜ ਦੀ ਸਫ਼ਾਈ ਨਾ ਹੋਣ ਕਾਰਨ ਇਹ ਗਾਰ ਨਾਲ ਭਰਿਆ ਹੋਇਆ ਹੈ ਤੇ ਭਾਰੀ ਮੀਂਹ ਪੈਣ ਤੇ ਆਫ਼ਰ ਜਾਂਦਾ ਹੈ। ਜੇ ਪੰਚਾਇਤਾਂ ਰਾਹੀਂ ਇਹਨਾਂ ਛੱਪੜਾਂ ਦੀ ਹਰ ਸਾਲ ਸਫ਼ਾਈ ਹੁੰਦੀ ਰਹੇ ਤਾਂ ਮੀਂਹ ਦਾ ਪਾਣੀ ਧਰਤੀ ਵਿੱਚ ਚਾਰਜ ਹੋ ਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਜਾਣ ਤੋਂ ਘਟਾ ਸਕਦਾ ਹੈ। ਅਜਿਹੇ ਛੱਪੜਾਂ ਵਿੱਚ ਜੇ ਮੱਛੀ ਦੇ ਪੂੰਗ ਜਾਂ ਬਤਖ਼ਾਂ ਪਾਲ਼ੀਆਂ ਜਾਣ ਤਾਂ ਮੱਛਰ ਦੇ ਲਾਰਵੇ ਖ਼ਤਮ ਹੋਣ ਨਾਲ ਮਲੇਰੀਏ ਵਰਗੇ ਰੋਗਾਂ ਤੋਂ ਵੀ ਲੋਕਾਂ ਦਾ ਬਚਾਅ ਹੋ ਸਕਦਾ ਹੈ।



Scanned with OKEN Scanner

2. ਘਣੀਏ ਕੀ ਪੱਤੀ ਵਾਲ਼ਾ ਵੱਡਾ ਛੱਪੜ ਵੀ ਅਜੇ ਮੌਜੂਦ ਹੈ ਪਰ ਇਸ ਦਾ ਆਕਾਰ ਪਹਿਲਾਂ ਨਾਲੋਂ ਕਾਫੀ ਸੁੰਗੜ ਗਿਆ ਹੈ। ਇਸ ਛੱਪੜ ਦੇ ਇਕ ਪਾਸੇ ਘਣੀਏ ਕੀ ਪੱਤੀ ਦੇ ਘਰ ਹਨ ਤੇ ਦੂਜੇ ਪਾਸੇ ਗੋਦੂ ਕੀ ਪੱਤੀ ਦੇ। ਛੱਪੜ ਦੇ ਉੱਤਰ-ਪੂਰਬ ਵਾਲੀ ਨੁੱਕਰ ਵਿੱਚ ਬੋਹੜ ਹੇਠਾਂ ਖੂਹੀ ਹੈ। ਇਸ ਖੂਹੀ ਦੀ ਮੌਣ ਨਾਲ ਬਣੇ ਪੱਕੇ ਥੜ੍ਹੇ ਤੇ ਪੱਤੀ ਦੇ ਲੋਕ ਬੋਹੜ ਦੀ ਛਾਂ ਹੇਠ ਦੁਪਹਿਰੇ ਕੱਟਦੇ, ਗੱਪ-ਸ਼ੱਪ ਮਾਰਦੇ ਤੇ ਤਾਸ਼ ਖੇਡਦੇ ਹੁੰਦੇ ਸਨ। ਇਸ ਦੇ ਚੜ੍ਹਦੇ ਵੱਲ ਗੋਂਦ ਕੀ ਪੱਤੀ ਤੋਂ ਸਕੂਲ ਵੱਲ ਜਾਂਦਾ ਰਸਤਾ ਹੈ ਤੇ ਦੱਖਣ ਵੱਲ ਗੋਦੂ ਕੀ ਪੱਤੀ ਵੱਲੋਂ ਆਉਂਦਾ ਰਸਤਾ ਮਹਿਲਾਂ ਵਾਲਿਆਂ ਦੇ ਘਰ ਮੂਹਰਿਓਂ ਹੋ ਕੇ ਅੱਗੇ ਨਿੱਕਲ ਜਾਂਦਾ ਹੈ। ਲਹਿੰਦੇ ਪਾਸੇ ਖੇਤ ਹਨ ਤੇ ਪਹਾੜ ਬਾਹੀ ਵਾਲ਼ਾ ਰਾਹ ਅਗਾਂਹ ਪਿੰਡੋਂ ਬਾਹਰਲੀ ਫਿਰਨੀ ਤੇ ਜਾ ਚੜ੍ਹਦਾ ਹੈ। ਦਹਾਕੇ ਪਹਿਲਾਂ ਲੋਕ ਛੱਪੜ ਵਿੱਚ ਸਵੇਰ ਸ਼ਾਮ ਮਾਲ-ਡੰਗਰ ਨੂੰ ਪਾਣੀ ਪਿਆਉਣ ਜਾਂ ਨਹਾਉਣ ਲਈ ਲਿਆ ਵਾੜਦੇ ਸਨ ਪਰ ਹੁਣ ਇਹ ਰੁਝਾਨ ਘਟ ਗਿਆ ਹੈ। ਗਰਮੀਆਂ ਵਿੱਚ ਕੱਚੇ ਘਰਾਂ ਵਾਲੇ ਲੋਕ ਛੱਪੜ 'ਚੋਂ ਮਿੱਟੀ ਕੱਢ ਕੇ ਕੋਠੇ ਲਿੰਬ-ਪੋਚ ਲੈਂਦੇ ਸਨ। ਕਈ ਜੱਟ ਸਣ ਦੇ ਗਰ੍ਹਨੇ ਛੱਪੜ 'ਚ ਲਿਆ ਦੱਬਦੇ ਸਨ ਜਿਹਨਾਂ ਨਾਲ ਛੱਪੜ 'ਚੋਂ ਅਜੀਬ ਜਿਹੀ ਗੰਧ ਆਉਣ ਲੱਗ ਪੈਂਦੀ ਸੀ। ਸਮੇਂ ਦੇ ਗੇੜ ਨਾਲ ਸਾਣੇ ਵਾਣ ਤੇ ਰੱਸਿਆਂ ਦੀ ਥਾਂ ਪਲਾਸਟਿਕ ਦੀ ਵਰਤੋਂ ਹੋਣ ਕਾਰਨ ਸਣ ਬੀਜਣ ਤੇ ਵੱਢ ਕੇ ਛੱਪੜ 'ਚ ਦੱਬਣ ਵਾਲ਼ਾ ਕੰਮ ਬੰਦ ਹੋ ਗਿਆ ਹੈ।
3. ਇਕ ਪੋਚੇ ਵਾਲ਼ਾ ਛੱਪੜ ਬਾਬਾ ਜੋਗੀ ਪੀਰ ਵੱਲ ਸੌਂਢਿਆਂ ਦੇ ਖੇਤਾਂ ਵਿੱਚ ਹੁੰਦਾ ਸੀ ਜਿੱਥੋਂ ਲੋਕ ਘਰਾਂ ਦੀਆਂ ਕੰਧਾਂ ਤੇ ਵਿਹੜੇ ਵਿੱਚ ਪੋਚਾ ਫੇਰਨ ਲਈ ਮਿੱਟੀ ਲਿਆਉਂਦੇ ਸਨ। ਹੁਣ ਇਹਨੂੰ ਪੱਧਰਾ ਕਰ ਕੇ ਖੇਤ ਬਣਾ ਲਿਆ ਹੈ।
4. ਚੌਥਾ ਛੱਪੜ ਬਿਜਲੀ-ਘਰ ਦੀ ਗੁੱਠ ਤੇ ਹੁੰਦਾ ਸੀ ਇਸ ਨੂੰ ਆਵੇ ਵਾਲ਼ਾ ਛੱਪੜ ਕਹਿੰਦੇ ਸਨ। ਆਵੇ ਦੀ ਥਾਂ ਇਥੇ ਹੁਣ ਇਕ ਥੇਹ ਮੌਜੂਦ ਹੈ। ਪਹਿਲਾਂ ਇੱਥੇ ਇੱਟਾਂ ਪਕਾਉਣ ਦਾ ਆਵਾ ਹੁੰਦਾ ਸੀ। ਇਸ ਛੱਪੜ ਚੋਂ ਮਿਟੀ ਕੱਢ ਕੇ ਪਥੇਰੇ ਨਿੱਕੀਆਂ ਇੱਟਾਂ ਪੱਥਦੇ ਸਨ ਜੋ ਆਵੇ ਵਿੱਚ ਪਕਾਈਆਂ ਜਾਂਦੀਆਂ ਸਨ। ਹੁਣ ਆਵੇ ਵਾਲ਼ਾ ਛੱਪੜ ਪੂਰ ਕੇ ਗੁਰਦੁਆਰਾ ਕਮੇਟੀ ਨੇ ਪੱਧਰੀ ਪੈਲ਼ੀ ਬਣਾ ਦਿੱਤੀ ਹੈ ਜਿਸ ਵਿੱਚ ਹਰ ਸਾਲ ਮੇਲੇ ਤੇ ਦੁਕਾਨਾਂ ਲਗਦੀਆਂ ਹਨ। ਲਾਗੋਂ ਦੀ ਲੰਘਦਾ ਰਸਤਾ ਵੀ ਪੱਕਾ ਕਰਵਾ ਦਿੱਤਾ ਗਿਆ ਹੈ।
5. ਇੱਕ ਛੱਪੜ ਸੈਕੰਡਰੀ ਸਕੂਲ ਦੇ ਨਾਲ ਜੁੜਵਾਂ ਇਸ ਦੇ ਚੜ੍ਹਦੇ ਪਾਸੇ ਹੁੰਦਾ ਸੀ। ਇਕ ਹੋਰ ਛੱਪੜ ਜੋਗੀ ਪੀਰ ਵਾਲ਼ੇ ਰਾਹ ਤੇ ਸ਼ਮਸ਼ਾਨ ਘਾਟ ਨੇੜੇ ਹੁੰਦਾ ਸੀ। ਇਹ ਦੋਵ੍ਹੇਂ ਛੱਪੜ ਵੀ ਹੁਣ ਮੌਜੂਦ ਨਹੀਂ ਹਨ।



Scanned with OKEN Scanner

## ਸ਼ਮਸ਼ਾਨ-ਘਾਟ

ਪਿੰਡ ਵੱਡਾ ਹੋਣ ਕਰਕੇ ਪਿੰਡ 'ਚ 6 ਸ਼ਮਸ਼ਾਨ-ਘਾਟ ਹਨ। ਇਹ ਹੈਰਾਨੀ ਵਾਲ਼ੀ ਗੱਲ ਹੈ ਕਿ ਪਿੰਡ ਦੀ ਵਸੋਂ ਸਿੱਖ ਹੋਣ ਅਤੇ ਸਿੱਖੀ ਦਾ ਏਨਾ ਪ੍ਰਚਾਰ ਹੋਣ ਦੇ ਬਾਵਜੂਦ ਵੀ ਪਿੰਡ ਵਿੱਚ ਜੱਟਾਂ ਤੇ ਮਜ਼ਬੀਆਂ ਦੇ ਸ਼ਮਸ਼ਾਨ-ਘਾਟ ਵੱਖਰੇ ਵੱਖਰੇ ਹਨ। ਗੁਰੂ ਸਾਹਿਬਾਨ ਨੇ ਜਾਤ-ਪਾਤ ਦੇ ਖ਼ਿਲਾਫ਼ 'ਏਕ ਪਿਤਾ ਏਕਸ ਕੇ ਹਮ ਬਾਰਿਕ' ਤੇ 'ਮਾਨਸ ਕੀ ਜਾਤਿ ਸਭ ਏਕੇ ਪਹਿਚਾਨਬੋ' ਦਾ ਹੋਕਾ ਦਿੱਤਾ ਸੀ ਪਰ ਦੁੱਖ ਦੀ ਗੱਲ ਹੈ ਕਿ ਅਸੀਂ ਅਜੇ ਵੀ ਉੱਥੇ ਹੀ ਖੜ੍ਹੇ ਹਾਂ। ਆਸ-ਪਾਸ ਹੋਰਨਾਂ ਪਿੰਡਾਂ ਵਿੱਚ ਵੀ ਇਹ ਵਰਤਾਰਾ ਚੱਲ ਰਿਹਾ ਹੈ। ਇਸ ਦਾ ਇੱਕ ਕਾਰਨ ਤਾਂ ਵੋਟਾਂ ਦੀ ਸਿਆਸਤ ਹੈ। ਪਿਛਲੇ ਸਾਲਾਂ 'ਚ ਸਰਕਾਰਾਂ ਨੇ ਪਿੰਡਾਂ ਵਿੱਚ ਮਜ਼੍ਹਬੀ-ਸਿੱਖ ਭਾਈਚਾਰੇ ਦੀਆਂ ਵੋਟਾਂ ਪੱਕੀਆਂ ਕਰਨ ਲਈ ਉਹਨਾਂ ਨੂੰ ਧਰਮ-ਸ਼ਾਲਾਵਾਂ ਤੇ ਸ਼ਮਸ਼ਾਨ-ਘਾਟ ਵੱਖਰੇ ਬਣਾਉਣ ਲਈ ਦਿਲ ਖੋਲ੍ਹ ਕੇ ਗਰਾਂਟਾਂ ਵੰਡੀਆਂ ਹਨ। ਸਾਡੇ ਪਿੰਡ ਦੀ ਨੌਜਵਾਨ ਸਭਾ ਦੇ ਨੌਜਵਾਨ ਆਗੂਆਂ ਨੇ ਪੰਚਾਇਤ ਤੇ ਪਿੰਡ ਦੇ ਹੋਰ ਮੁਹਤਬਰ ਲੋਕਾਂ ਨੂੰ ਸਾਰੇ ਪਿੰਡ 'ਚ ਇੱਕ ਸ਼ਮਸ਼ਾਨ-ਘਾਟ ਬਣਾਉਣ ਲਈ ਰਜ਼ਾਮੰਦ ਕਰਨ ਲਈ ਪੂਰਾ ਟਿੱਲ ਲਾਇਆ ਹੈ ਪਰ ਕੁਝ ਸੰਕੀਰਨ ਸੋਚ ਦੇ ਲੋਕਾਂ ਦੇ ਵਿਰੋਧ ਕਾਰਨ ਉਹਨਾਂ ਦੀ ਗੱਲ ਸਿਰੇ ਨਹੀਂ ਚੜ੍ਹੀ। ਪਿੰਡ ਦੇ ਲੋਕਾਂ ਦੀ ਇਸ ਕਮਜ਼ੋਰੀ ਨੂੰ ਜ਼ਾਹਰ ਕਰਦੇ ਹੇਠ ਲਿਖੇ ਸ਼ਮਸ਼ਾਨ-ਘਾਟ ਨਜ਼ਰ ਆਉਂਦੇ ਹਨ :-

1. ਰੋਹੀ ਕੰਢੇ ਸੁਰ ਸਿੰਘੀਆਂ ਦੀ ਪੱਤੀ ਵਾਲਾ ਸ਼ਮਸ਼ਾਨ-ਘਾਟ, 2. ਗੋਂਦ ਕੀ ਪੱਤੀ ਦਾ ਫਿਰਨੀ ਤੇ ਬਣਿਆ ਸ਼ਮਸ਼ਾਨ-ਘਾਟ, 3. ਨਾਹਰਾਂ ਦੀ ਪੱਤੀ ਦਾ ਫਿਰਨੀ ਤੇ ਬਣਿਆ ਸ਼ਮਸ਼ਾਨ-ਘਾਟ, 4. ਬਾਬੇ ਜੋਗੀ ਪੀਰ ਵਾਲ਼ੇ ਰਾਹ ਤੇ ਬਣਿਆ ਸ਼ਮਸ਼ਾਨ-ਘਾਟ, 5. ਗੋਦੂ ਕੀ ਪੱਤੀ ਦਾ ਮਜ਼੍ਹਬੀ ਸਿੰਘਾਂ ਦਾ ਸ਼ਮਸ਼ਾਨ-ਘਾਟ, 6. ਸਖੀਰਿਆਂ ਵਾਲੇ ਰਾਹ ਤੇ ਬਣਿਆ ਸ਼ਮਸ਼ਾਨ-ਘਾਟ।

ਪਹਿਲਾਂ ਇਹਨਾਂ ਸ਼ਮਸ਼ਾਨ-ਘਾਟਾਂ ਦੀ ਹਾਲ਼ਤ ਬੜੀ ਮਾੜੀ ਹੁੰਦੀ ਸੀ। ਥਾਂ ਥਾਂ ਦੱਬ ਜਾਂ ਅੱਕ-ਬੂਟ ਉੱਗਿਆ ਹੁੰਦਾ ਸੀ ਤੇ ਛਾਂ ਜਾਂ ਮੀਂਹ-ਕਣੀ ਤੋਂ ਬਚਾਅ ਲਈ ਕੋਈ ਰੁੱਖ ਜਾਂ ਵਰਾਂਡਾ ਆਦਿ ਘੱਟ ਈ ਹੁੰਦਾ ਸੀ। ਪਿਛਲੇ ਕੁਝ ਸਾਲਾਂ ਤੋਂ ਪਿੰਡ ਦੇ ਗੱਭਰੂ ਮੁੰਡਿਆਂ ਨੇ ਲੋਕਲ ਪ੍ਰਬੰਧਿਕ ਕਮੇਟੀਆਂ ਬਣਾ ਕੇ ਲੱਗ-ਭੱਗ ਹਰ ਪੱਤੀ ਦੇ ਸ਼ਮਸ਼ਾਨ-ਘਾਟ ਤੇ ਧਰਮਸ਼ਾਲਾਵਾਂ ਦੀ ਹਾਲਤ ਵਿੱਚ ਸੁਧਾਰ ਕੀਤਾ ਹੈ। ਬੈਠਣ ਲਈ ਸੀਮੈਂਟ ਦੇ ਬੈਂਚ, ਮੀਂਹ-ਕਣੀ ਤੋਂ ਬਚਾਅ ਲਈ ਛੱਤ ਵਾਲੇ ਸ਼ੈੱਡ, ਪਾਣੀ ਦਾ ਪ੍ਰਬੰਧ, ਟਾਈਲਾਂ ਵਾਲੇ ਫ਼ਰਸ਼ ਤੇ ਫੁੱਲ-ਬੂਟੇ ਤੇ ਛਾਂ-ਦਾਰ ਦਰਖਤ ਆਦਿ ਲਾਏ ਹਨ। ਪਰ ਹੁਣ ਇਹਨਾਂ ਨੌਜਵਾਨਾਂ ਨੂੰ ਨਿਰ-ਉਤਸ਼ਾਹਿਤ ਕਰਨ ਵਾਲ਼ੀ ਮੰਦਭਾਗੀ ਜਾਣਕਾਰੀ ਮਿਲੀ ਹੈ ਕਿ ਕੁਝ ਪਿਛਾਂਹ-ਖਿੱਚੂ ਸੋਚ ਰੱਖਦੇ ਵਹਿਮੀ ਲੋਕਾਂ ਨੇ ਨੌਜਵਾਨਾਂ ਨੂੰ ਸਫ਼ਾਈ ਕਾਰਨ ਬਹੁਤੀਆਂ ਮੌਤਾਂ ਹੋਣ ਦਾ ਗੈਰ-ਵਿਗਿਆਨਕ ਤਰਕ ਪੇਸ਼ ਕਰਕੇ, ਸ਼ਮਸ਼ਾਨਾਂ ਦੀ ਸਫ਼ਾਈ ਕਰਨ ਤੋਂ ਰੋਕ ਦਿੱਤਾ ਹੈ। ਪਿੰਡ ਦੇ ਲੋਕਾਂ ਨੂੰ ਗੁਰਬਾਣੀ ਤੋਂ ਸੇਧ ਲੈਣੀ ਚਾਹੀਦੀ ਹੈ ਕਿ ਜੋ ਉਪਜਿਆ ਹੈ ਸੋ



Scanned with OKEN Scanner

ਬਿਨਸਨਹਾਰ ਹੈ ਤੇ ਬਹਿਣ-ਖਲੋਣ ਵਾਲੀ ਜਗਾਹ ਦੀ ਸਫ਼ਾਈ ਕਰਨ ਨਾਲ ਕਿਸੇ ਜੀਵ ਦੇ ਚਲੇ ਜਾਣ ਨਾਲ ਕੋਈ ਸਬੰਧ ਨਹੀਂ ਹੁੰਦਾ। ਗੁਰਬਾਣੀ ਵਿੱਚ ਪਵਨ (ਹਵਾ) ਨੂੰ ਗੁਰੂ ਕਿਹਾ ਗਿਆ ਹੈ ਤੇ ਗੁਰੂ-ਰੂਪ ਪਵਨ (ਹਵਾ) ਨੂੰ ਸ਼ੁੱਧ ਕਰਨ ਲਈ ਵੱਧ ਤੋਂ ਵੱਧ ਪੌਦੇ (ਦਰਖਤ) ਲਾਉਣ ਦੀ ਲੋੜ ਹੈ। ਸ਼ਾਲਾ !ਮੇਰੇ ਪਿੰਡ ਦੇ ਗੱਭਰੂ ਸਾਂਝੇ ਕੰਮਾਂ ਤੇ ਸਮਾਜ-ਸੇਵਾ ਦੇ ਖੇਤਰ ਵਿੱਚ ਲੰਮੀਆਂ ਪੁਲਾਂਘਾਂ ਪੁੱਟਦੇ ਰਹਿਣ।

❐



Scanned with OKEN Scanner

# ਪਿੰਡ ਦੇ ਪੁਰਾਣੇ ਖੂਹ, ਖਰਾਸ ਤੇ ਪਿੱਪਲ-ਬੋਹੜ

ਖੂਹ ਖੇਤਾਂ ਦੀ ਸਿੰਜਾਈ ਕਰਨ ਦਾ ਪੁਰਾਤਨ ਸਾਧਨ ਹੈ। 60-65 ਸਾਲ ਪਹਿਲਾਂ ਤੱਕ, ਇੰਜਣਾਂ ਤੇ ਬਿਜਲੀ ਵਾਲੇ ਟਿਊਬਵੈੱਲ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ, ਪਿੰਡਾਂ ਵਿੱਚ ਖੂਹ ਆਮ ਵਗਦੇ ਸਨ। ਇਸ ਕਾਰਨ ਏਨੀ ਕੁ ਉਮਰ ਦੇ ਬੰਦੇ ਤਾਂ ਖੂਹ ਦੀ ਬਣਤਰ ਬਾਰੇ ਜਾਣਦੇ ਹਨ ਪਰ ਨਵੀਂ ਪੀੜ੍ਹੀ ਨੂੰ ਸਮਝਾਉਣਾ ਪਵੇਗਾ ਕਿ ਖੂਹ ਪੁਰਾਤਨ ਵਿਗਿਆਨੀਆਂ ਵੱਲੋਂ ਧਰਤੀ ਵਿੱਚ ਪਾਣੀ ਦੇ ਲੈਵਲ ਤੱਕ ਡੂੰਘਾ ਪੁੱਟਿਆ ਟੋਆ ਸੀ ਜਿਸ ਨੂੰ ਪੱਕੀਆਂ ਇੱਟਾਂ ਨਾਲ ਗੋਲਾਈ ਵਿੱਚ ਗਿਲਾਸ ਵਾਂਗ ਉਸਾਰਿਆ ਜਾਂਦਾ ਸੀ। ਇਸ ਖੂਹ ਤੇ ਇੱਕ ਲੱਕੜ ਦੀ ਕਾਂਜਣ ਪਾ ਕੇ ਲੋਹੇ ਦੀ ਲੱਠ ਦੇ ਇਕ ਸਿਰੇ ਤੇ ਲੋਹੇ ਦਾ ਚਕਰੀਦਾਰ ਬੈੜ ਫਿਟ ਕੀਤਾ ਜਾਂਦਾ ਸੀ ਜਿਸ ਦੇ ਦੁਆਲ਼ੇ ਟਿੰਡਾਂ ਦੀ ਮਾਹਲ ਪਾਈ ਜਾਂਦੀ ਸੀ। ਬੈੜ ਦੇ ਕੇਂਦਰ ਚੋਂ ਲੰਘਦੀ ਲੱਠ ਦੇ ਦੂਜੇ ਸਿਰੇ ਨੂੰ ਖੂਹ ਤੋਂ ਪਾਸੇ ਬਣੇ ਪੜਾਣੇ ਵਿੱਚ ਫਿੱਟ ਕੀਤੀ, ਲੋਹੇ ਦੀ ਝਵੱਕਲੀ ਨਾਲ ਜੋੜਿਆ ਹੁੰਦਾ ਸੀ। ਗਾਹੜੀ ਅੱਗੇ ਜੋਤੇ ਤੇ ਪੜਾਣੇ ਵਿੱਚ ਘੁੰਮਦੇ ਬਲਦ, ਊਠ ਜਾਂ ਝੋਟੇ ਝਵੱਕਲੀ ਤੇ ਫਿੱਟ ਕੀਤੇ ਢੋਲ ਨੂੰ ਘੁੰਮਾਉਂਦੇ ਸਨ, ਢੋਲ ਝਵੱਕਲੀ ਨੂੰ ਤੇ ਝਵੱਕਲੀ ਨਾਲ ਜੁੜੀ ਲੱਠ ਅਗਾਂਹ ਬੈੜ ਉਤਲੀਆਂ ਟਿੰਡਾਂ ਨੂੰ ਘੁੰਮਾਉਂਦੀ ਸੀ। ਝਵੱਕਲੀ ਨੂੰ ਪਿਛਾਂਹ ਗਿੜਨ ਤੋਂ ਰੋਕਣ ਲਈ ਲੋਹੇ ਦਾ ਕੁੱਤਾ ਹੁੰਦਾ ਸੀ ਜੋ ਖੂਹ ਦੇ ਚੱਲਦਿਆਂ ਟਿਕ ਟਿਕ ਕਰਦਾ ਰਹਿੰਦਾ ਸੀ। ਬੈੜ ਘੁੰਮਦਾ ਤਾਂ ਟਿੰਡਾਂ ਦੀ ਮਾਹਲ ਬੈੜ ਉੱਤੇ ਚੱਕਰ ਕੱਟਦੀ ਸੀ। ਮਾਹਲ ਦੀਆਂ ਖਾਲੀ ਟਿੰਡਾਂ ਹੇਠਾਂ ਪਾਣੀ ਵੱਲ ਜਾਂਦੀਆਂ ਤੇ ਪਾਣੀ ਨਾਲ ਭਰੀਆਂ ਬੈੜ ਉੱਪਰੋਂ ਦੀ ਪਾਣੀ ਪਾਰਸੇ ਵਿੱਚ ਸੁੱਟ ਕੇ ਫਿਰ ਹੇਠਾਂ ਤੁਰ ਜਾਂਦੀਆਂ। ਪਾਰਸੇ ਰਾਹੀਂ ਪਾਣੀ ਆਉਲੂ ਵਿਚ ਤੇ ਆਉਲੂ ਤੋਂ ਆਡ ਰਾਹੀਂ ਖੇਤ 'ਚ ਪਹੁੰਚ ਜਾਂਦਾ ਸੀ। ਸਾਰਾ ਦਿਨ ਅੱਖਾਂ ਤੇ ਬੰਨ੍ਹੇ ਖੋਪਿਆਂ ਨਾਲ ਡੰਗਰ ਖੂਹ ਤੇ ਜੋਤੇ ਪੜਾਣੇ 'ਚ ਘੁੰਮਦੇ ਰਹਿੰਦੇ, ਖੂਹ ਚੱਲਦਾ ਰਹਿੰਦਾ, ਪਾਣੀ ਪਾਰਸੇ 'ਚ ਡਿੱਗਦਾ ਤੇ ਖੇਤ ਤੱਕ ਜਾਂਦਾ ਰਹਿੰਦਾ ਪਰ ਸਿੰਜਾਈ ਦਾ ਕੰਮ ਬਹੁਤ ਘੱਟ ਨਿੱਬੜਦਾ ਸੀ। ਇਸ ਕੰਮ 'ਚ ਤੇਜ਼ੀ ਲਿਆਉਣ ਲਈ ਕਿਸੇ ਹੋਰ ਸਿਆਣੇ ਵਿਗਿਆਨੀ ਨੇ ਜ਼ਮੀਨ ਵਿੱਚ ਡੂੰਘਾ ਬੋਰ ਕਰਕੇ ਇੰਜਣ ਜਾਂ ਬਿਜਲੀ ਦੀ ਮੋਟਰ ਨਾਲ ਪਾਣੀ ਬਾਹਰ ਕੱਢਣ ਦਾ ਤਰੀਕਾ ਲੱਭਿਆ। ਪਰ ਉਸ ਸਮੇਂ ਖੂਹ ਲਾਉਣਾ ਵੀ ਹਾਰੀ-ਸਾਰੀ ਬੰਦੇ ਦਾ ਕੰਮ ਨਹੀਂ



Scanned with OKEN Scanner

ਸੀ। ਇਸ ਕੰਮ ਤੇ ਵੀ ਕਾਫੀ ਖ਼ਰਚ ਆਉਂਦਾ ਸੀ ਤੇ ਗੁੰਜਾਇਸ਼ ਵਾਲੇ ਲੋਕ ਹੀ ਖੂਹ ਲਾਉਂਦੇ ਸਨ।

ਆਮ ਪਿੰਡਾਂ ਵਾਂਗ ਸਾਡੇ ਪਿੰਡ ਵਿੱਚ ਵੀ ਅਸੀਂ ਕੁਝ ਖੂਹ ਵਗਦੇ ਵੇਖੇ ਹਨ ਜਿਹਨਾਂ ਰਾਹੀਂ ਖੇਤਾਂ ਦੀ ਸਿੰਜਾਈ ਕੀਤੀ ਜਾਂਦੀ ਸੀ। ਖੂਹਾਂ ਰਾਹੀਂ ਸਿੰਜਾਈ ਦਾ ਕੰਮ ਬੜੀ ਧੀਮੀ ਗਤੀ ਨਾਲ ਚੱਲਦਾ ਸੀ ਇਸ ਕਾਰਨ ਇਹ ਖੂਹ ਆਮ ਤੌਰ ਤੇ ਰਾਤ-ਦਿਨ ਚੱਲਦੇ ਰਹਿੰਦੇ ਸਨ। ਲੋਕ ਵਾਰੀ ਨਾਲ ਵਾਹੁੰਦੇ ਸਨ। ਗਰਮੀ ਦੀ ਮਾਰ ਤੋਂ ਬਚਣ ਲਈ ਸਿਆਣੇ ਲੋਕਾਂ ਨੇ ਇਹਨਾਂ ਖੂਹਾਂ ਦੇ ਨੇੜੇ ਪਿੱਪਲ-ਬੋਹੜ ਵਰਗੇ ਵੱਡੇ ਤੇ ਸੰਘਣੇ ਦਰਖਤ ਲਾਏ ਹੁੰਦੇ ਸਨ। ਰੁੱਖ ਸਾਡੇ ਵਾਤਾਵਰਨ ਨੂੰ ਸਾਫ਼ ਕਰਦੇ ਹਨ ਤੇ ਹਵਾ ਵਿੱਚ ਆਕਸੀਜਨ ਦੀ ਮਾਤਰਾ ਵਿੱਚ ਵਾਧਾ ਕਰਦੇ ਹਨ। ਸਿੱਟੇ ਵਜੋਂ ਲੋਕਾਂ ਨੂੰ ਤੰਦ ਤਰੁਸਤੀ ਦੀ ਦਾਤ ਵੰਡਦੇ ਹਨ। ਇਹ ਮਨੁੱਖਾਂ ਤੇ ਪਸ਼ੂਆਂ ਨੂੰ ਛਾਂ ਦੇਂਦੇ ਹਨ ਤੇ ਪੰਛੀਆਂ ਨੂੰ ਰੈਣ-ਬਸੇਰਾ ਪ੍ਰਦਾਨ ਕਰਦੇ ਹਨ। ਇਸ ਕਾਰਨ ਪੁਰਾਣੇ ਲੋਕ ਆਪਣੇ ਵਿਹੜਿਆਂ ਵਿੱਚ, ਖੇਤਾਂ ਦੇ ਖਾਲ਼-ਬੰਨਿਆਂ ਤੇ ਰਾਹ-ਰਸਤਿਆਂ ਤੇ ਦਰਖਤ ਲਾਉਂਦੇ ਸਨ। ਪੁਰਾਣੇ ਵੇਲ਼ਿਆਂ 'ਚ ਜਦੋਂ ਖੇਤਾਂ ਦੀ ਸਿੰਜਾਈ ਦਾ ਇਕ ਮਾਤਰ ਸਾਧਨ ਖੂਹ ਹੁੰਦੇ ਸਨ, ਪਿੰਡ ਵਿੱਚ ਚੱਲਦੇ/ਵਗਦੇ ਰਹੇ ਕੁਝ ਖੂਹਾਂ ਤੇ ਪਿੱਪਲਾਂ-ਬੋਹੜਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1. **ਰੋਹੀ ਵਾਲ਼ਾ ਖੂਹ** :- ਗੁਰਦੁਆਰਾ ਬਾਬਾ ਜੋਗੀ ਪੀਰ ਦੇ ਨੇੜੇ ਸੌਂਢਿਆਂ ਦੀ ਜ਼ਮੀਨ ਵਿੱਚ ਸੀ। ਇਹਦੇ ਕਿਨਾਰੇ ਤੇ ਇਕ ਬੋਹੜ ਹੁੰਦਾ ਸੀ।
2. **ਬੁੱਢੇ ਵਾਲਾ ਖੂਹ** :- ਖੋਰੀ ਫੂਕਾਂ ਦੇ ਘਰ ਕੋਲ ਪਿੰਡ ਦੀ ਫਿਰਨੀ ਤੇ ਬਾਹਰਵਾਰ ਸੀ। ਇਹ ਖੂਹ ਪਿੰਡ ਦੇ ਨੇੜੇ ਹੋਣ ਕਰਕੇ ਰਾਤ ਦਿਨ ਚਲਦਾ ਸੀ। ਇਹਦੇ ਕੰਢੇ ਤੇ ਵੀ ਇਕ ਬਹੁਤ ਵੱਡਾ ਬੋਹੜ ਹੁੰਦਾ ਸੀ ਜਿਸ ਦੀ ਛਾਂ ਹੇਠ ਲੋਕ ਗਰਮੀਆਂ ਵਿੱਚ ਆਪਣੇ ਪਸ਼ੂ ਬੰਨ੍ਹਦੇ ਤੇ ਆਪ ਮੰਜੇ ਡਾਹ ਕੇ ਦੁਪਹਿਰਾ ਕੱਟਦੇ ਸਨ। ਇਹ ਬੋਹੜ ਹੁਣ ਵੀ ਮੌਜੂਦ ਹੈ।
3. **ਵਿਚਲਾ ਖੂਹ** :-ਸੌਂਢਿਆਂ ਦੇ ਅਗਲੇ ਖੇਤ ਵਿਚ ਸੀ। ਇਸ ਖੂਹ ਤੇ ਵੀ ਬੋਹੜ ਦਾ ਦਰਖਤ ਸੀ।
4. **ਮੀਨੇ ਵਾਲ਼ਾ ਖੂਹ** :-ਅੱਡੀ ਚੁੱਕਾਂ ਤੇ ਕਨੂਰੀਆਂ ਦੇ ਕੁਰ੍ਹੇ 'ਚ ਹੁੰਦਾ ਸੀ। ਇਸ ਖੂਹ ਤੇ ਕਿੱਕਰਾਂ ਦੇ ਦਰਖਤ ਸਨ।
5. ਅਕਾਲੀਆਂ ਦੇ ਖੇਤਾਂ ਵਿਚ ਗਾਹੂ ਵਾਲਾ ਖੂਹ ਹੁੰਦਾ ਸੀ। ਇਸ ਖੂਹ ਤੇ ਬੋਹੜ ਦੀ ਸੰਘਣੀ ਛਾਂ ਸੀ।
6. ਜਲੌਆਂ ਵਾਲ਼ੇ ਖੂਹ ਤੇ ਪਿੱਪਲਾਂ ਦੀ ਛਾਂ ਹੁੰਦੀ ਸੀ।
7. ਸੂਦਾਂ ਵਾਲ਼ਾ ਖੂਹ ਪਿੰਡ ਤੋਂ ਚਾਰ ਕੁ ਕਿੱਲੇ ਹਟਵਾਂ ਨੂਰ ਪੁਰ ਨੂੰ ਜਾਣ ਵਾਲ਼ੀ ਸੜਕ



Scanned with OKEN Scanner

ਤੇ ਸੀ। ਇਸ ਖੂਹ ਤੇ ਬਹੁਤ ਵੱਡਾ ਸੰਘਣਾ ਬੋਹੜ ਹੁੰਦਾ ਸੀ।

8. ਅਰਾਈਆਂ ਵਾਲਾ ਖੂਹ ਦੇਸ਼-ਵੰਡ ਤੋਂ ਪਹਿਲਾਂ ਮੁਸਲਮਾਨਾਂ ਦੇ ਕਬਜ਼ੇ ਹੇਠ ਸੀ ਜੋ ਬਾਅਦ ਵਿੱਚ ਸੂਬੇਦਾਰਾਂ ਨੂੰ ਅਲਾਟ ਹੋ ਗਿਆ।
9. ਤੇਲੀਆਂ ਵਾਲਾ ਖੂਹ ਵੀ ਪਹਿਲਾਂ ਤੇਲੀ ਮੁਸਲਮਾਨਾਂ ਨੇ ਲਾਇਆ ਸੀ ਬਾਅਦ ਵਿੱਚ ਖੋਜੀਆਂ ਤੇ ਪਾਲ ਸਿੰਘ ਰਾਜੇ ਦੇ ਕਬਜ਼ੇ ਹੇਠ ਰਿਹਾ।
10. ਲੰਮਿਆਂ ਵਾਲਾ ਖੂਹ, ਲੰਮਿਆਂ ਤੇ ਸਰਕਾਰੀਆਂ ਦਾ ਸਾਂਝਾ ਸੀ। ਇਸ ਖੂਹ ਤੇ ਪਿੱਪਲ ਦੇ ਬਰੂਟੇ ਸਨ।
11. ਅਤਰੀ ਵਾਲਾ ਖੂਹ ਸੂਰਤਾ ਸਿੰਘ ਸ਼ਾਹ ਦੇ ਖੇਤਾਂ ਵਿੱਚ ਸੀ। ਇਸ ਦੇ ਕੰਢੇ ਕੋਈ ਵੱਡਾ ਦਰਖਤ ਨਹੀਂ ਸੀ, ਦੂਰ ਪਰ੍ਹੇ ਇੱਕ ਕਿੱਕਰ ਹੁੰਦੀ ਸੀ।
12. ਰਿਖੀ ਵਾਲਾ ਖੂਹ ਮੌਜੂਦਾ ਅੱਡੇ ਤੇ ਚੜ੍ਹਦੇ ਪਾਸੇ ਪਿੱਪਲਾਂ ਦੀ ਛਾਂ ਹੇਠ ਵਗਦਾ ਸੀ।
13. ਝੁਲਾਰ - ਬਾਪੂ ਬੰਤਾ ਸਿੰਘ ਘੈਂਅ ਨੇ ਰੋਹੀ ਕੰਢੇ ਇਕ ਝੁਲਾਰ ਚਾਲੂ ਕੀਤੀ ਸੀ ਜੋ ਰੋਹੀ ਦੇ ਪਾਣੀ ਨੂੰ ਖੇਤਾਂ ਤੱਕ ਪਹੁੰਚਾਉਂਦੀ ਸੀ।
14. ਦਰਗਾਹ ਵਾਲੇ ਖੂਹ ਦਾ ਜ਼ਿਕਰ ਪਿਛਲੇ ਅਧਿਆਇ ਵਿੱਚ ਕੀਤਾ ਜਾ ਚੁੱਕਾ ਹੈ।
15. ਸੱਚੀਆਂ ਮਾਈਆਂ ਵਾਲ਼ੀ ਖੂਹੀ ਤੇ ਬੋਹੜ - ਪਿੰਡ ਵਿਚਕਾਰ ਗੋਲੇ ਵਾਲੀਆਂ ਦੇ ਘਰਾਂ ਕੋਲ ਸਾਂਝੇ ਥਾਂ ਤੇ ਪਾਣੀ ਪੀਣ ਲਈ ਇਕ ਖੂਹੀ ਨੇੜੇ ਅਜੇ ਵੀ ਇਕ ਵੱਡਾ ਬੋਹੜ ਖੜਾ ਹੈ।
16. ਰੋਹੀਉਂ ਪਾਰ ਵਾਲ਼ੇ ਹੋਰ ਖੂਹ ਜੋ ਕਦੇ ਵਗਦੇ ਸਨ ਤੇ ਸਿੰਜਾਈ ਲਈ ਵਰਤੇ ਜਾਂਦੇ ਸਨ, ਉਹਨਾਂ 'ਚ ਖਡੱਲ, ਗੋਂਦ ਵਾਲ਼ਾ ਖੂਹ, ਮਾਨੇ ਵਾਲ਼ਾ, ਸ਼ਾਹਵਾਂ ਦੇ ਕੁਰ੍ਹਿਆਂ 'ਚ ਦੇਵਾ ਸਿੰਘ ਵਾਲ਼ਾ ਤੇ ਮੇਵਾ ਸਿੰਘ ਵਾਲ਼ਾ ਖੂਹ ਤੇ ਅਮਰ ਸਿੰਘ (ਅਮਰੂ ਵਾਲ਼ਾ) ਖੂਹ ਕਿਸੇ ਵੇਲ਼ੇ ਖੇਤਾਂ ਦੀ ਜਿੰਦ-ਜਾਨ ਅਤੇ ਜੱਟਾਂ ਲਈ ਕਿਰਤ-ਪੂਜਾ ਦੇ ਕੇਂਦਰ ਹੁੰਦੇ ਸਨ।
17. ਸੜਕੋਂ ਚੜ੍ਹਦੇ ਪਾਸੇ ਵੱਲ ਦੇ ਖੂਹਾਂ 'ਚ ਸ਼ਾਮਲ ਮੱਲ੍ਹੇ ਕਿਆਂ ਵਾਲ਼ਾ ਖੂਹ/ਗੋਹਲੀ ਵਾਲਾ ਖੂਹ 18. ਮਾਹਰਾਜਿਆਂ ਦਾ ਖੂਹ (ਕੱਲ੍ਹੇ ਵਾਲ਼ਾ) 19. ਦਸੀਹਾਂ ਵਾਲ਼ਾ ਖੂਹ 20. ਨਰਵਾਲ਼ਾ ਖੂਹ (ਜੌੜੇ ਵਾਲ਼ੇ ਰਾਹ ਤੇ) 21. ਧੁਆਏ ਵਾਲ਼ਾ ਖੂਹ (ਭਜਨ ਸਿੰਘ ਮੱਟ ਦੇ ਖੇਤਾਂ ਨੇੜੇ) 22. ਡੱਲਿਆਂ ਵਾਲ਼ਾ ਖੂਹ 23. ਕੂਕਿਆਂ ਦਾ ਖੂਹ 24. ਗੋਲੇ ਵਾਲੀਆਂ ਦਾ ਖੂਹ 25. ਅੱਛਰ ਕਿਆਂ ਦਾ ਖੂਹ 26. ਭੱਲੂਆਂ ਦਾ ਖੂਹ 27. ਜੰਡਾਂ ਵਾਲ਼ਾ ਦੁਹਾਟਾ ਖੂਹ (ਇਹਨਾਂ ਸਾਰੇ ਖੂਹਾਂ ਤੇ ਛਾਂ ਵਾਸਤੇ ਪਿੱਪਲ ਜਾਂ ਬੋਹੜ ਵਰਗੇ ਦਰਖਤ ਲਾਏ ਹੁੰਦੇ ਸਨ)



Scanned with OKEN Scanner

## 28. ਬਾਬੇ ਜੋਗੀ ਪੀਰ ਦੇ ਗੁਰਦੁਆਰੇ ਵਾਲ਼ਾ ਖੂਹ

ਇੱਕ ਵੱਡੇ ਬੋਹੜ ਦੀ ਸੰਘਣੀ ਛਾਂ ਹੇਠ ਖੂਹ ਬਾਬਾ ਜੋਗੀ ਪੀਰ ਦੇ ਗੁਰਦੁਆਰੇ ਦੇ ਬਾਹਰ ਚੜ੍ਹਦੇ ਪਾਸੇ ਵੱਲ ਹੁੰਦਾ ਸੀ। ਇਹ ਖੇਤਾਂ ਦੀ ਸਿੰਜਾਈ ਤੇ ਸੰਗਤਾਂ ਦੇ ਨਾਹੁਣ-ਧੋਣ ਲਈ ਤਕਰੀਬਨ ਚੱਲਦਾ ਰਹਿੰਦਾ ਸੀ। ਮੇਲੇ ਵਾਲ਼ੇ ਦੋ ਦਿਨ ਤਾਂ ਲੋਕ ਆਪਣੀ ਆਪਣੀ ਜੋਗ ਲੈ ਕੇ ਕਤਾਰ 'ਚ ਲੱਗੇ ਹੁੰਦੇ ਸਨ। ਉਹਨਾਂ ਨੇ ਆਪਣੇ ਬਲਦਾਂ ਨਾਲ ਖੂਹ ਜੋਤ ਕੇ ਬਾਬਾ ਜੀ ਦੇ ਖੇਤਾਂ ਨੂੰ ਸਿੰਜਣ ਦੀ ਸੁੱਖ ਸੁੱਖੀ ਹੁੰਦੀ ਸੀ। ਸੇਵਾ ਕਰਨ ਵਾਲ਼ੇ ਏਨੇ ਲੋਕ ਹੁੰਦੇ ਸਨ ਕਿ ਅੱਧਾ ਘੰਟਾ ਵੀ ਸੇਵਾ ਕਰਨ ਦਾ ਮੌਕਾ ਨਹੀਂ ਸੀ ਮਿਲਦਾ ਹੁੰਦਾ। ਸਮੇਂ ਦੀ ਤੋਰ ਨਾਲ ਹੁਣ ਸਭ ਖ਼ਤਮ ਹੋ ਗਿਆ ਹੈ। ਪਿਛਲੇ ਕੁਝ ਸਾਲਾਂ ਤੋਂ ਪਾਣੀ ਡੂੰਘੇ ਹੋਣ ਕਾਰਨ ਖੂਹ ਚਾਲੂ ਹਾਲਤ ਵਿੱਚ ਨਹੀਂ ਰਹੇ ਹਨ ਤੇ ਟਰੈਕਟਰਾਂ ਦੀ ਆਮਦ ਨਾਲ ਬਲਦਾਂ ਦੀਆਂ ਜੋਗਾਂ ਅਲੋਪ ਹੋ ਗਈਆਂ ਹਨ। ਗੁਰਦੁਆਰੇ ਵਿੱਚ ਵੀ ਹੁਣ ਨਾਹੁਣ-ਧੋਣ ਤੇ ਖੇਤਾਂ ਦੀ ਸਿੰਜਾਈ ਲਈ ਅੱਡ ਅੱਡ ਮੋਟਰਾਂ ਲੱਗ ਗਈਆਂ ਹਨ।

ਇਹਨਾਂ ਖੂਹਾਂ ਤੋਂ ਬਿਨਾਂ ਵੀ ਕੁਝ ਪਿੱਪਲ ਬੋਹੜ ਅਜੇ ਪਿੰਡ 'ਚ ਮੌਜੂਦ ਹਨ ਜੋ ਪਸ਼ੂਆਂ ਤੇ ਪੰਛੀਆਂ ਲਈ ਅਰਾਮ-ਗਾਹ ਤੇ ਛਾਂ ਮੁਹੱਈਆ ਕਰਦੇ ਹਨ। ਇੱਕ ਵੱਡਾ ਬੋਹੜ ਪਿੰਡ ਦੇ ਲਹਿੰਦੇ ਪਾਸੇ ਫਿਰਨੀ ਤੇ ਘਣੀਏ ਕੀ ਪੱਤੀ ਤੋਂ ਬਾਹਰ ਵਾਰ ਲਹਿਲਹਾਉਂਦਾ ਹੈ। ਗਰਮੀਆਂ ਵਿੱਚ ਲੋਕ ਆਪਣੇ ਪਸ਼ੂ ਇਹਦੇ ਹੇਠਾਂ ਬੰਨ੍ਹਦੇ ਹਨ। ਦੂਜਾ ਬੋਹੜ ਘਣੀਏ ਕਿਆਂ ਦੀ ਖੂਹੀ ਕੰਢੇ ਅਜੇ ਮੌਜੂਦ ਹੈ ਤੇ ਤੀਜਾ ਬਿਜਲੀ-ਘਰ ਦੇ ਬਾਹਰ ਗੁਰਦੁਆਰਾ ਜੋਗੀ ਪੀਰ ਨੂੰ ਜਾਂਦੇ ਰਾਹ ਤੇ ਅਜੇ ਵੀ ਖੜਾ ਹੈ। ਦਰਗਾਹ ਵਾਲੇ ਖੂਹ ਤੇ ਵੀ ਪਿੱਪਲ ਮੌਜੂਦ ਹਨ। ਇਕ ਬੋਹੜ ਤੇ ਹੋਰ ਦਰਖਤ ਗੁਰਦੁਆਰਾ ਬਾਬਾ ਜੋਗੀ ਪੀਰ ਨੇੜੇ ਵੀ ਹਨ ਜੋ ਛਾਂ ਦੇਂਦੇ ਹਨ ਤੇ ਹਵਾ ਸਾਫ਼ ਵੀ ਕਰਦੇ ਹਨ। ਇੱਕ ਬੋਹੜ ਨਾਹਰਾਂ ਦੇ ਵਿਹੜੇ ਵਾਲ਼ੀ ਹਲਟੀ ਦੇ ਕੰਢੇ ਅਤੇ ਦੂਜਾ ਬਾਹਰ ਫਿਰਨੀ ਤੇ ਮੌਜੂਦ ਹੈ। ਬੁੱਢੇ ਵਾਲ਼ੇ ਖੂਹ ਤੇ ਅਤੇ ਸਖੀਰਿਆਂ ਵਾਲ਼ੇ ਰਾਹ ਤੇ ਬਣੇ ਸ਼ਮਸ਼ਾਨ-ਘਾਟ ਵਿੱਚ ਵੀ ਇਕ ਵੱਡਾ ਬੋਹੜ ਮੌਜੂਦ ਹੈ ਅਤੇ ਸ਼ਮਸ਼ਾਨ-ਘਾਟ ਵਿੱਚ ਕੁਝ ਹੋਰ ਦਰਖਤ ਲਾਏ ਹੋਏ ਹਨ। ਬਾਬਾ ਬੀਰ ਸਿੰਘ ਦੇ ਗੁਰਦੁਆਰੇ ਕੋਲ ਸਿਵਲ ਪਸੂ ਡਿਸਪੈਂਸਰੀ ਦੇ ਬਾਹਰਵਾਰ ਵੀ ਇੱਕ ਵੱਡਾ ਬੋਹੜ ਮੌਜੂਦ ਹੈ। ਬੋਹੜ ਵਰਗੇ ਵਿਸ਼ਾਲ ਦਰਖਤ ਜਿੱਥੇ ਸਾਨੂੰ ਛਾਂ ਦੇਂਦੇ ਹਨ ਤੇ ਪੰਛੀਆਂ ਨੂੰ ਰੈਣ-ਬਸੇਰਾ ਮੁਹੱਈਆ ਕਰਦੇ ਹਨ ਉੱਥੇ ਹਵਾ ਵਿੱਚ ਆਕਸੀਜ਼ਨ ਦੀ ਮਾਤਰਾ ਵੀ ਵਧਾਉਂਦੇ ਹਨ, ਨਮੀ ਛੱਡਦੇ ਹਨ ਤੇ ਗਰਮੀਆਂ ਵਿੱਚ ਤਾਪਮਾਨ ਨੂੰ 5 ਦਰਜੇ ਤੱਕ ਘਟਾ ਦੇਂਦੇ ਹਨ।

### ਪਾਣੀ ਪੀਣ ਵਾਲੀਆਂ ਖੂਹੀਆਂ

ਪੁਰਾਣੇ ਵੇਲ਼ਿਆਂ 'ਚ ਜਦੋਂ ਅਜੇ ਨਲਕਿਆਂ ਦਾ ਚਲ਼ਣ ਨਹੀਂ ਸੀ ਹੋਇਆ ਤਾਂ ਲੋਕ



Scanned with OKEN Scanner

ਖੂਹੀਆਂ ਦਾ ਪਾਣੀ ਪੀਂਦੇ ਸਨ ਤੇ ਖੂਹੀ ਹਰ ਇਕ ਦੇ ਘਰ ਨਹੀਂ ਸੀ ਹੁੰਦੀ। ਖੂਹੀ ਜਾਂ ਤਾਂ ਤਕੜੇ ਅਮੀਰਾਂ ਦੇ ਘਰ ਹੁੰਦੀ ਸੀ ਜਾਂ ਲੋਕਾਂ ਨੇ ਪੱਤੀ 'ਚ ਸਾਂਝੀ ਥਾਂ ਤੇ ਲਾਈ ਹੁੰਦੀ ਸੀ। ਹਿੰਦੂਆਂ-ਸਿੱਖਾਂ ਨੂੰ ਪਿੰਡ ਦੇ ਪੈਂਚ ਤੇ ਮੁਸਲਮਾਨਾਂ ਨੂੰ ਸੱਕੇ/ਭਰਾਈ ਮਸ਼ਕ ਜਾਂ ਘੜੇ ਭਰ ਕੇ ਪਾਣੀ ਘਰੋ ਘਰ ਪਹੁੰਚਾਉਂਦੇ ਸਨ। ਪਿੰਡ ਵਿੱਚ ਜੋ ਖੂਹੀਆਂ ਮੌਜੂਦ ਸਨ ਉਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ :-

1. ਗੋਂਦ ਕੀ ਪੱਤੀ ਜ਼ੈਲਦਾਰਾਂ ਦੇ ਘਰ ਵਾਲ਼ੀ ਖੂਹੀ ਤੇ ਉਹਨਾਂ ਦੇ ਸਾਹਮਣੇ ਗੁਰਦੁਆਰੇ ਦੇ ਗੇਟ ਨੇੜੇ ਬਣੀ ਖੂਹੀ 2. ਡੇਹਰੀ ਵਾਲਿਆਂ ਦੇ ਘਰ ਅੰਦਰ ਬਣੀ ਖੂਹੀ 3. ਨਾਹਰਾਂ ਦੇ ਵਿਹੜੇ ਬੋਹੜ ਹੇਠਾਂ ਬਣੀ ਖੂਹੀ, 4. ਘਨਈਆ (ਘਣੀਏ) ਕੀ ਪੱਤੀ ਵਾਲ਼ੀ ਖੂਹੀ, 5. ਗੋਦੂ ਕੀ ਪੱਤੀ ਸ੍ਰ. ਸੁਜਾਨ ਸਿੰਘ ਘੜੀ ਵਾਲ਼ੇ ਦੇ ਘਰ ਦੇ ਸਾਹਮਣੇ ਵਾਲੀ ਖੂਹੀ, 6. ਸੱਚੀਆਂ ਮਾਈਆਂ ਵਾਲ਼ੀ ਖੂਹੀ, 7. ਸਵਾਮੀ ਵਾਲੇ ਗੁਰਦੁਆਰੇ ਵਾਲੀ ਖੂਹੀ, 8. ਚੂਹੇ ਕਿਆਂ ਦੇ ਘਰਾਂ ਕੋਲ਼ ਸੱਥ ਵਾਲ਼ੀ ਖੂਹੀ, 9. ਤਖ਼ੀਏ ਵਾਲ਼ੀ ਖੂਹੀ (ਦਰਗਾਹ ਮਾਹੀ ਸ਼ਾਹ ਨੇੜੇ) 10. ਮਾਸਟਰ ਦਰਸ਼ਨ ਸਿੰਘ ਰਾਮਗੜ੍ਹੀਆਂ ਦੇ ਘਰ ਕੋਲ ਨਿੱਕੀ ਖੂਹੀ ਹੁੰਦੀ ਸੀ ਜੋ ਹੁਣ ਪੂਰ ਦਿੱਤੀ ਗਈ ਹੈ। ਕੁਝ ਹੋਰ ਵੀ ਹੋ ਸਕਦੀਆਂ ਹਨ ਜਿਹਨਾਂ ਬਾਰੇ ਜਾਣਕਾਰੀ ਨਾ ਮਿਲੀ ਹੋਵੇ। ਜਿਹੜੀਆਂ ਮੌਜੂਦ ਹਨ ਪਾਣੀ ਦਾ ਪੱਧਰ ਬਹੁਤ ਹੇਠਾਂ ਚਲੇ ਜਾਣ ਕਾਰਨ ਉਹ ਵੀ ਸੁੱਕ ਗਈਆਂ ਹਨ ਅਤੇ ਕੁਝ ਲੋਕਾਂ ਪੂਰ ਦਿੱਤੀਆਂ ਹਨ।

## ਖਰਾਸ

ਜਿਵੇਂ ਬੰਬੀਆਂ/ਟਿਊਬਵੈਲਾਂ ਦੀ ਥਾਂ ਪਹਿਲਾਂ ਸਿੰਜਾਈ ਲਈ ਲੋਕ ਖੂਹਾਂ ਦੀ ਵਰਤੋਂ ਕਰਦੇ ਸਨ ਇਸੇ ਤਰ੍ਹਾਂ ਆਟਾ ਪੀਹਣ ਲਈ ਬਹੁਤ ਪਹਿਲਾਂ ਹੱਥ-ਚੱਕੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਹੱਥ ਚੱਕੀ ਆਮ ਤੌਰ ਤੇ ਹਰ ਘਰ ਹੁੰਦੀ ਸੀ ਪਰ ਜਿਸ ਘਰ ਨਾ ਹੁੰਦੀ ਉਹ ਗਵਾਂਢੀਆਂ ਦੀ ਚੱਕੀ ਵਰਤ ਲੈਂਦਾ ਸੀ। ਸਵਾਣੀਆਂ ਸਵੇਰੇ ਮੂੰਹ-ਹਨੇਰੇ ਉੱਠਦੀਆਂ ਸਨ ਤੇ ਰੋਜ਼ ਟੱਬਰ ਦੇ ਖਾਣ ਜੋਗਾ ਤਾਜ਼ਾ ਆਟਾ ਪੀਹ ਲੈਂਦੀਆਂ ਸਨ। ਬਾਅਦ 'ਚ ਚੱਕੀਆਂ ਦੀ ਥਾਂ ਖਰਾਸ ਨੇ ਲੈ ਲਈ। ਖਰਾਸ ਤੇ ਮਣਾਂ ਦੇ ਹਿਸਾਬ ਨਾਲ ਆਟਾ ਪੀਸਿਆ ਜਾ ਸਕਦਾ ਸੀ। ਇਸ ਲਈ ਪਿੰਡ ਵਿੱਚ ਕੁਝ ਸਿਆਣੇ ਮਿਸਤਰੀ ਖਰਾਸ ਲਾ ਲੈਂਦੇ ਸਨ ਜੋ ਖੂਹ ਵਾਂਗ ਡੰਗਰਾਂ ਦੀ ਮਦਦ ਨਾਲ ਚੱਲਦਾ ਸੀ। ਖਰਾਸ ਦੀ ਗਾਹੜੀ ਅੱਗੇ ਜੋਤੇ ਪਸ਼ੂ ਖੂਹ ਦੇ ਬੈੜ ਵਾਂਗ ਖਰਾਸ ਦੇ ਪੁੜਾਂ ਨੂੰ ਘੁੰਮਾਉਂਦੇ ਸਨ। ਘੁੰਮਦੇ ਪੁੜਾਂ ਦੇ ਉੱਤੇ ਫਿਟ ਕੀਤੇ ਪਾਰਸੇ ਵਿੱਚੋਂ ਕਣਕ, ਮੱਕੀ, ਬਾਜਰੇ ਆਦਿ ਦੇ ਦਾਣੇ ਹੇਠਾਂ ਪੁੜਾਂ ਵਿੱਚ ਕਿਰਦੇ ਰਹਿੰਦੇ ਸਨ। ਪੀਸਿਆ ਹੋਇਆ ਆਟਾ ਇਕ ਪਾਸੇ ਪੀਪੇ ਵਿੱਚ ਡਿਗਦਾ ਰਹਿੰਦਾ ਸੀ। ਜਿਵੇਂ ਬਿਜਲੀ ਦੀਆਂ ਮੋਟਰਾਂ ਨੇ ਖੂਹਾਂ ਦੀ ਛੁੱਟੀ ਕੀਤੀ ਇਸੇ ਤਰ੍ਹਾਂ ਇੰਜਣਾਂ ਤੇ ਬਿਜਲੀ ਵਾਲ਼ੀਆਂ ਚੱਕੀਆਂ ਖਰਾਸਾਂ ਨੂੰ ਖਾ ਗਈਆਂ। ਸਾਡੇ ਪਿੰਡ ਵਿੱਚ 70-75 ਸਾਲ ਪਹਿਲਾਂ



Scanned with OKEN Scanner

ਹੇਠ ਲਿਖੇ ਖਰਾਸ ਚੱਲਦੇ ਸਨ :-

1. ਬੰਤਾ ਸਿੰਘ ਦਾ ਖਰਾਸ ਪੱਤੀ ਗੋਂਦ ਕੀ, 2. ਮੁਸਲਮਾਨ ਲੁਹਾਰਾਂ ਦਾ ਖਰਾਸ ਜ਼ੈਲਦਾਰਾਂ ਦੇ ਘਰ ਸਾਹਮਣੇ 3. ਨਿੱਕੇ ਲੁਹਾਰ ਦਾ ਖਰਾਸ ਅਮਰ ਸਿੰਘ ਖੋਜੀ ਦੇ ਘਰ ਕੋਲ 4. ਸੰਤ ਸੁੰਦਰ ਦਾਸ ਦੀ ਧਰਮਸ਼ਾਲਾ ਵਾਲਾ ਖਰਾਸ, 5. ਮਿਸਤਰੀ ਉਜਾਗਰ ਸਿੰਘ ਹੋਰਾਂ ਦਾ ਖਰਾਸ ਪਿੰਡ ਦੇ ਵਿਚਕਾਰ ਗੁਰਦੀਪ ਸਿੰਘ ਦੀ ਹੱਟੀ ਦੇ ਪਿਛਲੇ ਪਾਸੇ ਹੁੰਦਾ ਸੀ। 6. ਮਿਸਤਰੀ ਰਾਮ ਸਿੰਘ ਰਾਮਗੜ੍ਹੀਏ ਵਾਲ਼ਾ ਖਰਾਸ ਅਰਜਨ ਸਿੰਘ (ਰਾਜਾ) ਦੀ ਹੱਟੀ ਵਾਲੀ ਥਾਂ ਤੇ ਹੁੰਦਾ ਸੀ। ਸ਼ਾਇਦ ਮੇਰੀ ਜਾਣਕਾਰੀ ਤੋਂ ਬਾਹਰ ਕੋਈ ਹੋਰ ਵੀ ਹੋਵੇ।

❐



Scanned with OKEN Scanner

# ਭਾਰਤੀ ਫ਼ੌਜ, ਸੀ. ਆਰ. ਪੀ. ਜਾਂ ਪੰਜਾਬ ਪੁਲਿਸ ਵਿੱਚ ਪਿੰਡ ਦਾ ਯੋਗਦਾਨ

ਮੇਰੇ ਪਿੰਡ ਦੇ ਬਹੁਤ ਸਾਰੇ ਜਵਾਨਾਂ ਨੇ ਆਪਣੀ ਜਵਾਨੀ ਦੇ ਦਿਨ ਦੇਸ਼ ਦੀ ਰਾਖੀ ਕਰਦਿਆਂ ਭਾਰਤ ਦੀਆਂ ਸਰਹੱਦਾਂ ਤੇ ਬਿਤਾਏ ਹਨ।ਉਹਨਾਂ ਨੇ ਰਾਜਸਥਾਨ ਦੇ ਮਾਰੂਥਲਾਂ ਵਿੱਚ ਪਿੰਡਾ-ਸਾੜਦੀ ਗਰਮੀ ਦਾ ਤੇ ਲੇਹ-ਲਦਾਖ ਵਿੱਚ ਜੰਮਦੀ ਬਰਫ ਦੇ ਮਾਈਨਸ 50 ਡਿਗਰੀ ਤਾਪਮਾਨ ਦਾ ਮੁਕਾਬਲਾ ਕੀਤਾ ਹੈ।ਉਹਨਾਂ ਨੇ ਆਪਣੇ ਬੱਚਿਆਂ ਦਾ ਪਿਆਰ ਦੇਸ਼ ਤੋਂ ਕਰਬਾਨ ਕਰਕੇ ਤੇ ਭਰ-ਜਵਾਨੀ ਵਿੱਚ ਆਪਣੀਆਂ ਪਤਨੀਆਂ ਨੂੰ ਉਡੀਕ ਦਾ ਤੋਹਫ਼ਾ ਦੇ ਕੇ ਸਾਡੇ ਦੇਸ਼ ਨੂੰ ਮਹਿਫ਼ੂਜ਼ ਰੱਖਿਆ ਹੈ।ਇਸ ਕਾਰਨ ਉਹਨਾਂ ਦੀ ਕਰਬਾਨੀ ਅੱਗੇ ਮੇਰਾ ਸਿਰ ਝੁਕਦਾ ਹੈ।ਮੇਰਾ ਫਰਜ਼ ਹੈ ਕਿ ਮੈਂ ਉਹਨਾਂ ਸਾਰਿਆਂ ਦਾ ਜਿਹਨਾਂ ਨੇ ਇਸ ਕੁਰਬਾਨੀ ਦਾ ਸੇਕ ਝੱਲਿਆ ਹੈ, ਵੱਖਰੇ ਅਧਿਆਇ ਵਿੱਚ ਵਰਨਣ ਕਰਾਂ।ਸਾਨੂੰ ਚੈਨ ਦੀ ਨੀਂਦ ਬਖ਼ਸ਼ਣ ਲਈ ਤੇ ਦੇਸ਼ ਦੀ ਰਾਖੀ ਲਈ ਸਰਹੱਦਾਂ ਤੇ ਜਾਗਣ ਵਾਲੇ ਮੇਰੇ ਪਿੰਡ ਦੇ ਜਵਾਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

**ਆਰਮੀ**

1. ਸ਼ਹੀਦ ਸ੍ਰ. ਬਚਨ ਸਿੰਘ ਪੁੱਤਰ ਸ੍ਰ. ਕੇਹਰ ਸਿੰਘ ਪ੍ਰਜਾਪਤ ਨੇ 1965 ਦੀ ਲੜਾਈ ਵਿੱਚ ਮਿਤੀ 04.09.1965 ਨੂੰ ਸ਼ਹੀਦੀ ਪ੍ਰਾਪਤ ਕੀਤੀ।ਇਸ ਦੇ ਬਦਲੇ ਉਸ ਦੇ ਪਰਿਵਾਰ ਨੂੰ ਰਾਜਸਥਾਨ ਵਿੱਚ ਇਕ ਮੁਰੱਬਾ ਜ਼ਮੀਨ ਦਿੱਤੀ ਗਈ।
2. ਸ਼ਹੀਦ ਕੈਪਟਨ ਮਨਜੀਤ ਸਿੰਘ ਚਾਹਲ ਪੁੱਤਰ ਸ੍ਰ. ਜਗੀਰ ਸਿੰਘ ਨੇ ਭਾਰਤੀ ਫੌਜ ਵੱਲੋਂ ਪਾਕਿਸਤਾਨ ਨਾਲ ਲੜੀ ਗਈ 1971 ਦੀ ਲੜਾਈ ਵਿੱਚ ਖੇਮਕਰਨ ਸੈਕਟਰ ਵਿੱਚ ਸ਼ਹੀਦੀ ਪ੍ਰਾਪਤ ਕੀਤੀ।
3. ਸ਼ਹੀਦ ਸ੍ਰ. ਸਵਰਨ ਸਿੰਘ ਪੁੱਤਰ ਸ੍ਰ. ਨਰੈਣ ਸਿੰਘ ਨੇ 1962 ਦੀ ਹਿੰਦ-ਚੀਨ ਜੰਗ ਵਿੱਚ ਮਿਤੀ 19.11.1962 ਨੂੰ ਸ਼ਹੀਦੀ ਪ੍ਰਾਪਤ ਕੀਤੀ।ਉਹ ਸਿੱਖ ਰੈਜੀਮੈਂਟ ਦਾ ਬਹਾਦਰ ਸਿਪਾਹੀ ਸੀ
4. ਸ੍ਰ. ਅੰਗਰੇਜ਼ ਸਿੰਘ ਸਪੁੱਤਰ ਸ੍ਰ. ਸ਼ਿੰਗਾਰਾ ਸਿੰਘ ਸਰਕਾਰੀਆ 2005 ਵਿੱਚ ਸੀ.ਆਰ.ਪੀ. ਵਿੱਚ ਨੌਂਕਰੀ ਦੌਰਾਨ 27.05.2005 ਨੂੰ ਸਦੀਵੀ ਵਿਛੋੜਾ ਦੇ ਗਏ।



Scanned with OKEN Scanner

5. ਸੂਬੇਦਾਰ ਜਗੀਰ ਸਿੰਘ ਸਾਡੇ ਪਿੰਡ ਦਾ ਮੋਹਰਲੀ ਕਤਾਰ ਦਾ ਸਾਬਕਾ ਫੌਜੀ ਅਫਸਰ ਸੀ ਜੋ ਬਾਅਦ ਵਿੱਚ ਸ੍ਰੀ ਗੁਰੂ ਅਰਜਨ ਦੇਵ ਕਾਲਜ ਤਰਨਤਾਰਨ ਵਿੱਚ ਐਨ ਸੀ ਸੀ ਅਫਸਰ ਵੀ ਲੱਗਾ ਰਿਹਾ ਸੀ।ਪਿੰਡ ਦੇ ਹਰ ਨੌਜਵਾਨ ਨੂੰ ਉਸਾਰੂ ਸਲਾਹ ਤੇ ਸਹਾਇਤਾ ਦੇਣ ਵਾਲਾ ਸ਼ਖ਼ਸ਼ ਹੁਣ ਇਸ ਦੁਨੀਆਂ ਵਿੱਚ ਨਹੀਂ ਹੈ।
6. ਸ੍. ਹਰਦੀਪ ਸਿੰਘ ਪੁੱਤਰ ਸ੍. ਚਰਨ ਸਿੰਘ ਓ ਸੀ ਐਮ ਮਿੱਲ ਵਿੱਚ ਸਕਿਓਰਿਟੀ ਅਫਸਰ ਲੱਗਾ ਰਿਹਾ ਸੀ।ਉਹਨਾਂ ਦੇ ਬੇਟੇ ਦਾ ਝਬਾਲ ਅੱਡੇ ਤੇ ਪੈਟਰੋਲ ਪੰਪ ਹੁੰਦਾ ਸੀ। ਹੁਣ ਉਹ ਵਿਦੇਸ਼ ਚਲੇ ਗਏ ਹਨ।
7. ਸ੍. ਗੁਰਦੀਪ ਸਿੰਘ ਪੁੱਤਰ ਸ੍. ਠਾਕਰ ਸਿੰਘ (ਦਸੀਂਹ) ਬਤੌਰ ਆਨਰੇਰੀ ਕੈਪਟਨ ਫੌਜ ਚੋਂ ਰਿਟਾਇਰ ਹੋਏ ਹਨ। ਉਹ ਬੜੇ ਸੁਲਝੇ ਹੋਏ ਇਨਸਾਨ ਹਨ।
8. ਸ੍ ਮਾਹਨ ਸਿੰਘ ਪੁੱਤਰ ਸ੍ ਕਰਮ ਸਿੰਘ ਸੂਬੇਦਾਰ ਸਾਡੇ ਪਿੰਡ ਵਿਚ ਭਾਰਤੀ ਫੌਜ ਦੇ ਉੱਚੇ ਅਹੁਦੇ ਤੋਂ ਰਿਟਾਇਰ ਹੋਣ ਵਾਲ਼ੇ ਪਹਿਲੇ ਸ਼ਖ਼ਸ ਹਨ।ਉਹਨਾਂ ਨੇ ਮੁਢਲੀ ਪੜ੍ਹਾਈ ਤੋਂ ਬਾਅਦ ਉੱਚ ਸਿੱਖਿਆ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਹਾਸਲ ਕੀਤੀ ਅਤੇ ਕੋਆਪ੍ਰੇਟਿਵ ਇੰਸਪੈਕਟਰ ਦੇ ਤੌਰ ਤੇ ਨਿਯੁਕਤੀ ਨਾਲ਼ ਆਪਣਾ ਕੈਰੀਅਰ ਸ਼ੁਰੂ ਕੀਤਾ।1962 ਵਿਚ ਜਦੋਂ ਭਾਰਤ ਚੀਨ ਸਰਹੱਦੀ ਟਕਰਾਅ ਚੱਲ ਰਿਹਾ ਸੀ ਤਾਂ ਉਹਨਾਂ ਨੇ ਸੈਕੰਡ ਲੈਫਟੀਨੈਂਟ ਵਜੋਂ ਭਾਰਤੀ ਫੌਜ ਵਿਚ ਐਂਟਰੀ ਮਾਰੀ।ਫੌਜੀ ਸੇਵਾ ਦੌਰਾਨ ਤਰੱਕੀ ਹਾਸਲ ਕਰਕੇ ਮੇਜਰ ਵਜੋਂ ਰਿਟਾਇਰ ਹੋਏ।ਉਹਨਾਂ ਇਕ ਲੜਕਾ ਅਤੇ ਦੋ ਲੜਕੀਆਂ ਹਨ ਜਿਹਨਾਂ ਨੂੰ ਉਹਨਾਂ ਨੇ ਉੱਚੇਰੀ ਸਿੱਖਿਆ ਦਿਵਾਈ। ਬੇਟਾ ਬਿਕ੍ਰਮਜੀਤ ਸਿੰਘ ਯੂ. ਐਸ. ਏ. ਵਿਚ ਸੈਟਲ ਹੈ ਅਤੇ ਅਮਰੀਕਾ ਦਾ ਨਾਗਰਿਕ ਹੈ। ਉਹਨਾਂ ਦੇ ਦੋਵੇਂ ਮਹਿਮਾਨ (ਜਵਾਈ) ਭਾਰਤੀ ਫੌਜ ਦੇ ਉੱਚੇ ਅਹੁਦਿਆਂ ਤੇ ਕੰਮ ਕਰ ਰਹੇ ਹਨ।ਸ੍ ਇੰਦਰਜੀਤ ਸਿੰਘ ਗਾਖ਼ਲ ਫੌਜ ਦੇ ਬ੍ਰਗੇਡੀਅਰ ਵਜੋਂ ਤਾਇਨਾਤ ਹਨ।ਉਹਨਾਂ ਨੇ ਰਾਮਗੜ੍ਹ ਕੈਂਟ ਵਿਚ ਹੁੰਦਿਆਂ ਸਾਡੇ ਪਿੰਡ ਦੇ ਹੀ ਨਹੀਂ ਗਵਾਂਢੀ ਪਿੰਡਾ ਦੇ ਵੀ ਕਈ ਮੁੰਡਿਆਂ ਨੂੰ ਫੌਜ ਵਿਚ ਭਰਤੀ ਕਰਾਉਣ ਵਿਚ ਅਹਿਮ ਭੂਮਿਕਾ ਨਿਭਾਈ।ਲੋਕ ਉਹਨਾਂ ਦੀਆਂ ਸੇਵਾਵਾਂ ਨੂੰ ਯਾਦ ਕਰਦੇ ਹਨ।ਦੂਸਰੇ ਮਹਿਮਾਨ ਸ੍ ਕੁਲਦੀਪ ਸਿੰਘ ਸੰਧੂ ਕਰਨਲ ਦੇ ਅਹੁਦੇ ਤੋਂ ਰਿਟਾਇਰ ਹੋ ਕੇ ਅੰਮ੍ਰਿਤਸਰ ਦੇ ਮਿਲਟਰੀ ਹੌਸਪੀਟਲ ਵਿਚ ਸੇਵਾ ਕਰ ਰਹੇ ਹਨ।ਉਹਨਾਂ ਕੋਲ ਜਦੋਂ ਵੀ ਕੋਈ ਪਿੰਡ ਦਾ ਫੌਜੀ ਹੌਸਪੀਟਲ ਜਾਵੇ, ਉਹਦੀ ਹਰ ਸੰਭਵ ਮਦਦ ਕਰਦੇ ਹਨ।ਮੈਨੂੰ ਖ਼ੁਸ਼ੀ ਹੈ ਕਿ ਮੇਰੇ ਪਿੰਡ ਦੇ ਵਾਸੀ ਸ੍ ਮਾਹਨ ਸਿੰਘ ਜੀ ਦੇ ਮਹਿਮਾਨ ਸਰਕਾਰੀ ਡਿਊਟੀ ਕਰਦਿਆਂ ਪਿੰਡ ਦੇ ਲੋੜਵੰਦ ਲੋਕਾਂ ਦੀ ਮਦਦ ਕਰਕੇ ਸ਼ੋਭਾ ਖੱਟ ਰਹੇ ਹਨ।ਮੇਜਰ ਸਾਹਿਬ ਇਸ ਵੇਲ਼ੇ ਪਰਿਵਾਰ ਸਮੇਤ ਰਣਜੀਤ ਐਵੇਨਿਊ ਸੀ ਬਲਾਕ ਵਿਚ ਰਹਿੰਦੇ ਹਨ।ਵਾਹਿਗੁਰੂ ਉਹਨਾਂ ਨੂੰ ਚੜ੍ਹਦੀ ਕਲਾ ਬਖ਼ਸ਼ੇ।



Scanned with OKEN Scanner

9. ਸ੍ਰ ਬਲਬੀਰ ਸਿੰਘ ਪੁੱਤਰ ਸ੍ਰ. ਤਾਰਾ ਸਿੰਘ ਨੰਬਰਦਾਰ ਬਤੌਰ ਮੇਜਰ ਸਾਹਿਬ ਸੇਵਾ-ਮੁਕਤ ਹੋਇਆ। ਇਸ ਸਮੇਂ ਪਰਿਵਾਰ ਸਮੇਤ ਚੰਡੀਗੜ੍ਹ ਰਹਿੰਦਾ ਹੈ।

10. ਸ੍ਰ. ਆਤਮਾ ਸਿੰਘ ਬਤੌਰ ਹੌਲਦਾਰ ਪੈਨਸ਼ਨ ਆਏ, ਪਿਛਲੇ ਸਾਲ ਸਵਰਗਵਾਸ ਹੋ ਗਏ ਹਨ।

11. ਸ੍ਰ. ਦਲਬੀਰ ਸਿੰਘ ਪੁੱਤਰ ਸ੍ਰ. ਅੱਛਰ ਸਿੰਘ ਸਰਕਾਰੀਆ ਪੈਨਸ਼ਨਰ ਹੁਣ ਇਸ ਦੁਨੀਆਂ ਵਿੱਚ ਨਹੀਂ ਹੈ।

12. ਸ੍ਰ. ਕਸ਼ਮੀਰ ਸਿੰਘ ਪੁੱਤਰ ਸ੍ਰ. ਅੱਛਰ ਸਿੰਘ ਸਰਕਾਰੀਆ ਪੈਨਸ਼ਨਰ, ਹੁਣ ਯੂ. ਪੀ. ਵਿੱਚ ਰਹਿੰਦੇ ਹਨ।

13. ਸ੍ਰ. ਅਜੀਤ ਸਿੰਘ ਖੋਰੀ ਫੂਕ ਵੀ ਬਤੌਰ ਸੂਬੇਦਾਰ ਸੇਵਾ-ਮੁਕਤ ਹੋਇਆ ਸੀ।

14. ਸਵਃ ਸਰਦੂਲ ਸਿੰਘ (ਰਾਜੇ), 15. ਸ੍ਰ. ਮੇਵਾ ਸਿੰਘ, 16. ਸ੍ਰ. ਮਲੂਕ ਸਿੰਘ, 17. ਸ੍ਰ. ਕਸ਼ਮੀਰ ਸਿੰਘ ਡੇਹਰੀ ਵਾਲਾ, 18. ਸ੍ਰ. ਵਿਰਸਾ ਸਿੰਘ, 19. ਸ੍ਰ. ਜੈਮਲ ਸਿੰਘ, 20. ਸ੍ਰ. ਪ੍ਰੀਤਮ ਸਿੰਘ ਘੁੱਗੂ, 21. ਸ੍ਰ. ਸੱਜਣ ਸਿੰਘ (ਡੋਈਆਂ 'ਚੋਂ), 22. ਸ੍ਰ. ਖਜ਼ਾਨ ਸਿੰਘ, 23. ਸ੍ਰ. ਅਵਤਾਰ ਸਿੰਘ ਦੂਨ ਵਾਲੇ, 24. ਸ੍ਰ. ਜਸਵੰਤ ਸਿੰਘ ਹਵੇਲੀ ਵਾਲੇ, 25. ਸ੍ਰ. ਬਖਸੀਸ਼ ਸਿੰਘ ਬੋਘੀਵਾਲਾ, 26. ਸ੍ਰ. ਪਰਮਜੀਤ ਸਿੰਘ, 27. ਸ੍ਰ. ਜਗਦੀਸ਼ ਸਿੰਘ ਹਵੇਲੀ ਵਾਲੇ, 28. ਸ੍ਰ. ਤਰਸੇਮ ਸਿੰਘ ਸਰਕਾਰੀਆ, 29. ਸ੍ਰ. ਸੁਖਦੇਵ ਸਿੰਘ ਸਰਕਾਰੀਆ, 30. ਸ੍ਰ, ਬਲਦੇਵ ਸਿੰਘ ਸਰਕਾਰੀਆ, 31. ਸ੍ਰ. ਸੁਲੱਖਣ ਸਿੰਘ ਪੱਤੀ ਨਾਹਰਾਂ ਦੀ, 32. ਸ੍ਰ. ਬਲਵੰਤ ਸਿੰਘ ਪੱਤੀ ਨਾਹਰਾਂ ਦੀ, ਇਕ ਵਾਰ ਪਿੰਡ ਦਾ ਸਰਪੰਚ ਵੀ ਰਿਹਾ ਹੈ। 33. ਸ੍ਰ. ਜਸਵਿੰਦਰ ਸਿੰਘ ਬਾਹਮਣਾਂ 'ਚੋਂ, 34. ਸ੍ਰ. ਸੁਖਦੇਵ ਸਿੰਘ ਪੁੱਤਰ ਸ੍ਰ. ਬੰਤਾ ਸਿੰਘ 35. ਸ੍ਰ. ਮੱਸਾ ਸਿੰਘ ਖੋਜੀ, 36. ਸ੍ਰ. ਮੇਜਰ ਸਿੰਘ ਹਵੇਲੀ ਵਾਲੇ, 37. ਸ੍ਰ. ਸੁਰਿੰਦਰ ਸਿੰਘ ਮਹਿਲਾਂ ਵਾਲੇ, 38. ਨਿਰੰਜਣ ਸਿੰਘ (ਏਅਰ ਫੋਰਸ), 39. ਸ੍ਰ. ਹਰਬੰਸ ਸਿੰਘ, 40. ਸ੍ਰ. ਅਵਤਾਰ ਸਿੰਘ, 41. ਸ੍ਰ. ਜੋਗਾ ਸਿੰਘ, 42. ਗੁਰਨਾਮ ਸਿੰਘ (37-42 ਤੱਕ ਸਾਰੇ ਮਹਿਲਾਂ ਵਾਲੇ), 43. ਸ੍ਰ. ਜਰਨੈਲ ਸਿੰਘ ਪੁੱਤਰ ਸ੍ਰ. ਗੁਲਜ਼ਾਰ ਸਿੰਘ (ਰਾਜੇ), 44. ਸ੍ਰ. ਸਰਮੈਲ ਸਿੰਘ ਪੁੱਤਰ ਸ੍ਰ. ਗੁਲਜ਼ਾਰ ਸਿੰਘ (ਰਾਜੇ) ਥੋੜ੍ਹਾ ਸਮਾਂ ਫੌਜ ਵਿੱਚ, ਬਾਕੀ ਸਮਾਂ ਫੂਡ ਸਪਲਾਈ ਵਿਭਾਗ, 45. ਸ੍ਰ. ਅਰਜਨ ਸਿੰਘ ਪੁੱਤਰ ਸ੍ਰ. ਵੀਰ ਸਿੰਘ (ਰਾਜੇ), 46. ਸ੍ਰ. ਜਸਪਾਲ ਸਿੰਘ ਮੱਢੂ ਸੇਵਾਮੁਕਤੀ ਉਪ੍ਰੰਤ ਬਿਜਲੀ ਬੋਰਡ ਵਿੱਚ ਵੀ ਨੌਂਕਰੀ ਕੀਤੀ। 47. ਸ੍ਰ. ਸੁਰਜੀਤ ਸਿੰਘ ਮੱਢੂ ਸੇਵਾਮੁਕਤੀ ਉਪ੍ਰੰਤ ਬਿਜਲੀ ਬੋਰਡ ਵਿੱਚ ਵੀ ਨੌਂਕਰੀ ਕੀਤੀ। ਸਵਰਗਵਾਸ ਹੋ ਚੁੱਕੇ ਹਨ। 48. ਸ੍ਰ. ਕਰਨੈਲ ਸਿੰਘ (ਅੱਡੀ ਚੁੱਕਾਂ 'ਚੋਂ), 49. ਸ੍ਰ. ਸਕੱਤਰ ਸਿੰਘ ਪੁੱਤਰ ਸ੍ਰ. ਜਰਨੈਲ ਸਿੰਘ (ਰਾਜੇ), 50. ਸ੍ਰ. ਹਰਪਾਲ ਸਿੰਘ ਗੈਸ ਏਜੰਸੀ ਵਾਲੇ, 51. ਸ੍ਰ. ਹਰਦੀਪ ਸਿੰਘ ਦੂਨ ਵਾਲੇ, 52. ਸ੍ਰ. ਕੈਪਟਨ ਮੰਗਾ ਸਿੰਘ ਪੁੱਤਰ ਸ੍ਰ, ਬਹਾਲ ਸਿੰਘ ਪ੍ਰਜਾਪਤ, 53. ਸ੍ਰ. ਕੈਪਟਨ ਗੁਰਨਾਮ ਸਿੰਘ, 54. ਸ੍ਰ. ਬਹਾਲ ਸਿੰਘ ਅਕਾਲੀ, 55. ਸ੍ਰ.



Scanned with OKEN Scanner

ਦਿਲਬਾਗ ਸਿੰਘ ਅਕਾਲੀ, 56. ਸ੍ਰ. ਕੁਲਦੀਪ ਸਿੰਘ ਹੌਲਦਾਰ (ਰਾਜੇ), 57. ਸ੍ਰ. ਸਤਨਾਮ ਸਿੰਘ ਸ਼ਾਹ, 56. ਸ੍ਰ. ਰਾਮ ਸਿੰਘ ਤੇਸੀ ਵਾਲੇ, 59. ਸ੍ਰ. ਨਿਸ਼ਾਨ ਸਿੰਘ ਪੱਤੀ ਸੁਰਸਿੰਘੀਆਂ ਦੀ, 60. ਸ੍ਰ. ਗੁਰਦੀਪ ਸਿੰਘ (ਸਾਧ) ਸਵਰਗਵਾਸ, 61. ਸ੍ਰ. ਚਰਨ ਸਿੰਘ ਹੌਲਦਾਰ ਪੈਂਚ, 62. ਸ੍ਰ. ਸਰਬਜੀਤ ਸਿੰਘ ਹਕੀਮਾਂ 'ਚੋਂ, 63. ਸ੍ਰ. ਅਜਾਇਬ ਸਿੰਘ ਮਹਿਲਾਂ ਵਾਲੇ, 64. ਸ੍ਰ. ਦਾਰਾ ਸਿੰਘ ਵਿਹੜਾ, 65. ਸ੍ਰ. ਖ਼ੁਸ਼ਬਰਿੰਦਰ ਸਿੰਘ ਸੌਢੇ, 66. ਸ਼ਾਹਬ ਸਿੰਘ ਪੁੱਤਰ ਸ੍ਰ. ਇੰਦਰ ਸਿੰਘ ਹਕੀਮ, 67. ਸਤਨਾਮ ਸਿੰਘ ਪੁੱਤਰ ਸ੍ਰ. ਅਮਰੀਕ ਸਿੰਘ ਤੂਤਾਂ ਵਾਲੇ, 68. ਮੇਜਰ ਸਿੰਘ ਹਵੇਲੀ ਵਾਲੇ, 69. ਤਰਸੇਮ ਸਿੰਘ ਪੁੱਤਰ ਸ੍ਰ. ਦਿਆਲ ਸਿੰਘ ਤੂਤਾਂ ਵਾਲੇ, 70. ਗੁਲਾਬਜੀਤ ਸਿੰਘ ਪੁੱਤਰ ਸ੍ਰ. ਸਰਮੈਲ ਸਿੰਘ ਤੂਤਾਂ ਵਾਲੇ, 71. ਸੂਬੇਦਾਰ ਅਮਰੀਕ ਸਿੰਘ ਦੂਨ ਵਾਲੇ, 72. ਕੁਲਦੀਪ ਸਿੰਘ ਪੁੱਤਰ ਸ੍ਰ. ਠਾਕਰ ਸਿੰਘ ਨਾਇਬ ਸੂਬੇਦਾਰ, 73. ਹੌਲਦਾਰ ਮਹਿੰਦਰ ਸਿੰਘ ਪੁੱਤਰ ਸ੍ਰ. ਚੈਂਚਲ ਸਿੰਘ, 74. ਭਗਵਾਨ ਸਿੰਘ, 75. ਦੀਦਾਰ ਸਿੰਘ ਪਾਰਵਾਲੇ (ਸੁਰਗਵਾਸ), 76. ਸਕੱਤਰ ਸਿੰਘ ਪੁੱਤਰ ਸ੍ਰ. ਅਜੀਤ ਸਿੰਘ ਖੋਰੀਫੂਕ, 77. ਜਸਵੰਤ ਸਿੰਘ ਪੁੱਤਰ ਸ੍ਰ. ਅਰਜਨ ਸਿੰਘ (ਰਾਜੇ) ਆਨਰੇਰੀ ਕੈਪਟਨ, 78. ਮੋਹਨ ਸਿੰਘ ਪੁਤਰ ਸ੍ਰ. ਗੁਰਮੁਖ ਸਿੰਘ ਮਹਿਲਾਂ ਵਾਲੇ, 79. ਸੋਹਣ ਸਿੰਘ ਪੁੱਤਰ ਸ੍ਰ. ਗੁਰਮੁਖ ਸਿੰਘ ਉਕਤ, 80. ਕੁੰਨਣ ਸਿੰਘ ਪੁੱਤਰ ਸ੍ਰ. ਗੁਰਮੇਜ ਸਿੰਘ ਅਕਾਲੀ, 81. ਜਸਵਿੰਦਰ ਸਿੰਘ ਪੁੱਤਰ ਸਵ: ਸਰਦੂਲ ਸਿੰਘ, 82. ਬਲਵਿੰਦਰ ਸਿੰਘ ਮਹਿਲਾਂ ਵਾਲ਼ੇ (ਏਅਰ ਫੋਰਸ) ਹੋ ਸਕਦਾ ਹੈ ਕਿ ਕੋਈ ਨਾਂ ਪਤਾ ਨਾ ਲੱਗਣ ਕਰਕੇ ਰਹਿ ਗਿਆ ਹੋਵੇ।

**ਨਿਵੇਕਲੀ ਕੁਰਬਾਨੀ** :-ਭਾਰਤ ਸਰਕਾਰ ਵੱਲੋਂ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਕੀਤੇ ਫੌਜੀ ਹਮਲੇ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਸਿੱਖ ਫੌਜੀ ਵੀਰ ਬੈਰਕਾਂ ਛੱਡ ਕੇ ਹਥਿਆਰਾਂ ਸਮੇਤ ਭਗੌੜੇ ਹੋ ਕੇ ਅੰਮ੍ਰਿਤਸਰ ਵੱਲ ਤੁਰ ਪਏ ਸਨ।ਇਹਨਾਂ ਵਿੱਚ ਰਾਮਗੜ੍ਹ ਕੈਂਟ ਤੋਂ ਭਗੌੜਾ ਹੋਇਆ ਸ੍ਰ. ਸੁਖਦੇਵ ਸਿੰਘ ਪੁੱਤਰ ਸ੍ਰ. ਰਾਮ ਸਿੰਘ ਰਾਮਗੜ੍ਹੀਆ (ਮਾਸਟਰ ਦਰਸ਼ਨ ਸਿੰਘ ਦਾ ਛੋਟਾ ਭਰਾ) ਵੀ ਸ਼ਾਮਲ ਸੀ।ਉਸ ਨੂੰ ਹੋਰ ਫੌਜੀਆਂ ਸਮੇਤ ਕਾਨ੍ਹਪੁਰ ਨੇੜੇ ਫੌਜ ਵੱਲੋਂ ਘੇਰਾ ਪਾ ਕੇ ਫੜ੍ਹ ਲਿਆ ਗਿਆ ਸੀ।ਬਾਅਦ ਵਿੱਚ ਫੌਜ ਵੱਲੋਂ ਇਹਨਾਂ ਤੇ ਅਨੁਸ਼ਾਸਨੀ ਕਾਰਵਾਈ ਕਰਦੇ ਹੋਏ ਮੁਕੱਦਮਾ ਚਲਾਇਆ ਗਿਆ ਤੇ ਨੌਂਕਰੀ ਤੋਂ ਡਿਸਮਿਸ ਕਰ ਕੇ ਘਰ ਭੇਜ ਦਿੱਤਾ ਗਿਆ।ਕੁਝ ਸਾਲ ਬਾਅਦ ਬੇ-ਰੋਜ਼ਗਾਰੀ ਦੇ ਥਪੇੜੇ ਸਹਿੰਦਿਆਂ ਇਸ ਨੌਜਵਾਨ ਦੀ ਮੌਤ ਹੋ ਗਈ ਸੀ।ਭਾਵਨਾਤਮਿਕ ਤੌਰ ਤੇ ਕੀਤੀ ਗਈ ਇਹ ਉਹਦੀ ਨਿਵੇਕਲੀ ਕਿਸਮ ਦੀ ਕੁਰਬਾਨੀ ਸੀ।ਕਾਂਗਰਸ ਪਾਰਟੀ ਨੇ ਤਾਂ ਇਹਨਾਂ ਬਾਰੇ ਕੀ ਸੋਚਣਾ ਸੀ, ਮਗਰੋਂ ਪੰਦਰਾਂ ਸਾਲ ਪੰਜਾਬ ਵਿੱਚ ਅਕਾਲੀਆਂ ਦੀ ਸਰਕਾਰ ਵੀ ਰਹੀ ਪਰ ਇਹਨਾਂ ਧਰਮੀ ਫੌਜੀਆਂ ਦੇ ਪਰਿਵਾਰਾਂ ਦੀ ਉਹਨਾਂ ਨੇ ਵੀ ਸਾਰ ਨਹੀਂ ਲਈ।

**ਮੌਜੂਦਾ ਫੌਜੀ** :-1. ਲਵਦੀਪ ਸਿੰਘ ਪੁੱਤਰ ਸ੍ਰ. ਬਲਦੇਵ ਸਿੰਘ (ਸਰਕਾਰੀਏ) 2.



Scanned with OKEN Scanner

ਗਗਨਦੀਪ ਸਿੰਘ ਪੁੱਤਰ ਸ. ਸੁਖਦੇਵ ਸਿੰਘ (ਸਰਕਾਰੀਏ) 3. ਪਰਮਿੰਦਰ ਸਿੰਘ ਪੁੱਤਰ ਸ. ਇੰਦਰਜੀਤ ਸਿੰਘ (ਰਾਜੇ) 4. ਜਤਿੰਦਰ ਸਿੰਘ ਪੁੱਤਰ ਸ. ਇੰਦਰਜੀਤ ਸਿੰਘ ਉਕਤ 5. ਗੁਰਜੰਟ ਸਿੰਘ ਪੁੱਤਰ ਸ. ਪ੍ਰਕਾਸ਼ ਸਿੰਘ (ਬਲੀਏ ਕੇ) 6. ਅੰਮ੍ਰਿਤਪਾਲ ਸਿੰਘ ਪੁੱਤਰ ਸ. ਬਲਵੰਤ ਸਿੰਘ (ਰਾਜੇ) 7. ਗੁਰਸਿਮਰਨ ਸਿੰਘ ਪੁੱਤਰ ਸ. ਨਿਰਮਲ ਸਿੰਘ 8. ਠਾਕਰ ਸਿੰਘ ਪੁੱਤਰ ਸ. ਮੇਵਾ ਸਿੰਘ ਹੱਟੀ ਵਾਲਾ 9. ਗੁਰਪ੍ਰੀਤ ਸਿੰਘ ਪੁੱਤਰ ਜਸਵੰਤ ਸਿੰਘ ਹਵੇਲੀ ਵਾਲ਼ੇ

### ਪੰਜਾਬ ਪੁਲਿਸ

ਸ. ਜਰਨੈਲ ਸਿੰਘ ਸੇਵਾ-ਮੁਕਤ ਠਾਣੇਦਾਰ, ਸ. ਗੁਰਨਾਮ ਸਿੰਘ ਪੁੱਤਰ ਸ. ਬੰਤਾ ਸਿੰਘ ਰਿਟਾਇਰੀ, ਸ. ਮੁਖਤਾਰ ਸਿੰਘ ਜ਼ੈਲਦਾਰ ਰਿਟਾਇਰਡ, ਸਵ: ਜਗਦੀਪ ਸਿੰਘ ਰਿਟਾਇਰਡ ਠਾਣੇਦਾਰ (ਰਿਹਾਇਸ਼ ਤਰਨਤਾਰਨ), ਸ. ਸੁੱਖਾ ਸਿੰਘ ਪੁੱਤਰ ਸ. ਨਾਜ਼ਰ ਸਿੰਘ, ਅਵਤਾਰ ਸਿੰਘ ਪੁੱਤਰ ਸ. ਫੌਜਾ ਸਿੰਘ ਤੁਰਲੇਵਾਲਾ, ਸ. ਅਜੀਤ ਸਿੰਘ ਪੁੱਤਰ ਸ. ਫੌਜਾ ਸਿੰਘ ਤੁਰਲੇਵਾਲਾ, ਸ. ਬਲਦੇਵ ਸਿੰਘ ਸਬ-ਇੰਸਪੈਕਟਰ ਪੁੱਤਰ ਸ. ਆਤਮਾ ਸਿੰਘ ਬਾਰਵਾਲੇ, ਸ. ਚਰਨਜੀਤ ਸਿੰਘ ਤੇ ਸ. ਮਲਕੀਤ ਸਿੰਘ ਪੁਤਰਾਨ ਸ. ਪ੍ਰਕਾਸ਼ ਸਿੰਘ ਸੂਬੇਦਾਰ (ਦੋਵੇਂ ਸਵਰਗਵਾਸੀ), ਸ. ਨਰਿੰਦਰ ਸਿੰਘ ਠਾਣੇਦਾਰ ਪੁੱਤਰ ਸ. ਗਿਆਨ ਸਿੰਘ ਪੱਤੀ ਨਾਹਰਾਂ ਦੀ, ਸ. ਅਵਤਾਰ ਸਿੰਘ, ਸ. ਬਲਕਾਰ ਸਿੰਘ ਤੇ ਸ. ਜਗਜੀਤ ਸਿੰਘ (ਤਿੰਨੇਂ) ਪੁਤਰਾਨ ਸ. ਮੋਹਨ ਸਿੰਘ ਸੂਬੇਦਾਰ, ਸ. ਸੁਖਦੇਵ ਸਿੰਘ ਪੁੱਤਰ ਸ. ਦਲਬੀਰ ਸਿੰਘ ਸੂਬੇਦਾਰ, ਸਵ: ਪਰਮਜੀਤ ਸਿੰਘ ਪੁੱਤਰ ਸ. ਪਿਆਰਾ ਸਿੰਘ (ਸਰਕਾਰੀਆ), ਨਰਿੰਦਰ ਸਿੰਘ ਪੁੱਤਰ ਸ. ਗੁਰਨਾਮ ਸਿੰਘ (ਗੌਰੇ ਕੇ), ਹਰਪ੍ਰੀਤ ਸਿੰਘ ਪੁੱਤਰ ਸਵ: ਪਰਮਜੀਤ ਸਿੰਘ ਸਰਕਾਰੀਆ, ਸਰਵਣ ਸਿੰਘ, ਰਜਿੰਦਰ ਸਿੰਘ ਮਹਿਲਾਂ ਵਾਲ਼ੇ, ਮੁਖਤਾਰ ਸਿੰਘ ਮਹਿਲਾਂ ਵਾਲ਼ੇ।

ਬੀ.ਐੱਸ.ਐੱਫ. :- ਹਰਜਿੰਦਰ ਸਿੰਘ ਇੰਸਪੈਕਟਰ ਰਿਟਾਇਰਡ

ਸੀ.ਆਰ.ਪੀ. :- ਜਗਰੂਪ ਸਿੰਘ ਪੁੱਤਰ ਸਵ: ਅੰਗਰੇਜ਼ ਸਿੰਘ ਸਰਕਾਰੀਆ
ਸੋਨਾ ਸਿੰਘ ਪੁੱਤਰ ਸ. ਕੁਲਵੰਤ ਸਿੰਘ (ਹੱਟੀ ਵਾਲਾ)
ਜਗਜੀਤ ਸਿੰਘ ਪੁੱਤਰ ਸ. ਸਰਮੈਲ ਸਿੰਘ।

ਰੇਲ-ਕੋਚ ਫ਼ੈਕਟਰੀ - ਕੁਲਦੀਪ ਸਿੰਘ ਪੁੱਤਰ ਸ. ਅਜਾਇਬ ਸਿੰਘ ਬੌਰੀਆ ਰੇਲ-ਕੋਚ ਫ਼ੈਕਟਰੀ ਕਪੂਰਥਲਾ ਵਿੱਚ ਸੇਵਾ ਕਰ ਰਿਹਾ ਹੈ ਉਸ ਦਾ ਭਰਾ ਜਸਬੀਰ ਸਿੰਘ ਪੀ.ਐਸ.ਪੀ.ਸੀ.ਐਲ. ਦਾ ਮੁਲਾਜ਼ਮ ਹੈ।

ਨੋਟ :- ਹੋ ਸਕਦਾ ਹੈ ਕਿ ਸਰਕਾਰੀ ਜਾਂ ਗੈਰ-ਸਰਕਾਰੀ ਨੌਂਕਰੀ ਕਰਕੇ ਆਪਣੇ ਪਰਿਵਾਰ, ਪਿੰਡ ਅਤੇ ਸਮਾਜ ਦੀ ਤਰੱਕੀ ਵਿੱਚ ਯੋਗਦਾਨ ਪਾ ਰਹੇ ਕੁਝ ਵਿਅਕਤੀਆਂ ਦੇ ਨਾਂ



Scanned with OKEN Scanner

ਮੇਰੇ ਤੱਕ ਨਾ ਪਹੁੰਚੇ ਹੋਣ।

**ਵਿਦੇਸ਼ਾਂ 'ਚ ਰਹਿੰਦੇ ਪਿੰਡ ਦੇ ਗੱਭਰੂ** :- ਦੇਸ਼ ਵਿੱਚ ਦਿਨੋ ਦਿਨ ਤੇਜ਼ੀ ਨਾਲ ਵਧ ਰਹੀ ਬੇ-ਰੋਜ਼ਗਾਰੀ ਕਾਰਨ ਚੰਗੇਰੇ ਭਵਿੱਖ ਦੀ ਆਸ ਵਿੱਚ, ਆਪਣੇ ਪ੍ਰਵਾਰ ਦੀ ਡੁੱਬ ਰਹੀ ਆਰਥਿਕਤਾ ਨੂੰ ਸਹਾਰਾ ਦੇਣ ਅਤੇ ਵਿਦੇਸ਼ਾਂ ਦੀ ਚਕਾਚੌਂਧ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਨੌਜਵਾਨ ਵਿਦੇਸ਼ਾਂ ਨੂੰ ਕੂਚ ਕਰ ਰਹੇ ਹਨ।ਪੰਜਾਬ ਵਿੱਚ ਨਸ਼ਿਆਂ ਦੀ ਭਰਮਾਰ, ਸੂਬੇ ਵਿੱਚ ਦਿਨੋ ਦਿਨ ਵਧ ਰਹੀ ਬਦ-ਅਮਨੀ ਤੇ ਖੇਤੀ ਅਧਾਰਿਤ ਸਨਅਤਾਂ ਦੀ ਅਣਹੋਂਦ ਪੰਜਾਬੀ ਨੌਜਵਾਨਾਂ ਦੇ ਵਿਦੇਸ਼ਾਂ ਵੱਲ ਦੌੜਨ ਦਾ ਇੱਕ ਹੋਰ ਵੱਡਾ ਕਾਰਨ ਹੈ।ਸਮਰੱਥਾ-ਵਾਨ ਮਾਪੇ ਮਜਬੂਰੀ-ਵੱਸ ਆਪਣੇ ਜਿਗਰ ਦੇ ਟੁਕੜਿਆਂ ਨੂੰ ਲੱਖਾਂ ਰੁਪਏ ਖ਼ਰਚ ਕੇ ਜਾਇਜ ਨਜਾਇਜ ਢੰਗਾਂ ਨਾਲ ਆਪਣੀਆਂ ਜ਼ਮੀਨਾਂ-ਜਾਇਦਾਦਾਂ ਵੇਚ-ਵੱਟ ਕੇ ਸੱਤ ਸਮੁੰਦਰਾਂ ਤੋਂ ਪਾਰ ਭੇਜ ਰਹੇ ਹਨ।ਮੇਰੇ ਪਿੰਡ ਚੋਂ ਵੀ ਸੈਂਕੜੇ ਨੌਜਵਾਨ ਵਿਦੇਸ਼ਾਂ ਵਿੱਚ (ਆਪਣੇ ਲਹੂ-ਮਾਸ ਦੇ ਰਿਸ਼ਤਿਆਂ ਤੋਂ ਹਜ਼ਾਰਾਂ ਕਿਲੋਮੀਟਰਾਂ ਦੀ ਦੂਰੀ ਤੇ ਬੈਠੇ) ਰਾਤ-ਦਿਨ ਮਸ਼ੀਨ ਵਾਂਗ ਕੰਮ ਕਰਕੇ ਆਪਣੇ ਪਰਿਵਾਰ ਅਤੇ ਪਿੰਡ ਦੇ ਮਾਣ-ਸਤਿਕਾਰ ਵਿੱਚ ਵਾਧਾ ਕਰ ਰਹੇ ਹਨ।ਇਹਨਾਂ ਚੋਂ ਜਿੰਨੇ ਕੁ ਨਾਂ-ਪਤੇ ਪ੍ਰਾਪਤ ਹੋਏ ਹਨ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :-

1. ਮਾਸਟਰ ਚਰਨਜੀਤ ਸਿੰਘ ਕੈਨੇਡਾ, 2. ਤਲਵਿੰਦਰ ਸਿੰਘ ਪੁੱਤਰ ਸ੍ਰ. ਸਕੱਤਰ ਸਿੰਘ ਕੈਨੇਡਾ, 3. ਰੁਪਿੰਦਰ ਸਿੰਘ ਪੁੱਤਰ ਸ੍ਰ. ਮੇਜਰ ਸਿੰਘ ਬਾਰ ਵਾਲੇ ਆਸਟ੍ਰੇਲੀਆ, 4. ਰਵਿੰਦਰ ਸਿੰਘ, ਮਨਜਿੰਦਰ ਸਿੰਘ ਪੁੱਤਰਾਨ ਸ੍ਰ. ਬਲਦੇਵ ਸਿੰਘ ਨਿਊਜੀਲੈਂਡ, 6. ਹੇਮਦੀਪ ਸਿੰਘ ਪੁੱਤਰ ਸ੍ਰ. ਦਲਬੀਰ ਸਿੰਘ ਥੇਹ  ਵਾਲੇ ਕੈਨੇਡਾ, 7. ਗੁਰਲਾਲ ਸਿੰਘ, ਧਰਮਿੰਦਰ ਸਿੰਘ ਪੁਤਰਾਨ ਸ੍ਰ. ਬਲਵਿੰਦਰ ਸਿੰਘ ਜ਼ੈਲਦਾਰ ਡੁਬਈ, 9. ਹਰਭਜਨ ਸਿੰਘ ਪੁੱਤਰ ਜਗਤਾਰ ਸਿੰਘ ਜ਼ੈਲਦਾਰ ਹਾਂਗਕਾਂਗ, 10. ਪਾਲ ਸਿੰਘ ਪੁੱਤਰ ਹਜ਼ਾਰਾ ਸਿੰਘ ਜ਼ੈਲਦਾਰ, 11. ਮੰਗਤਪਾਲ ਸਿੰਘ ਪੁੱਤਰ ਕੁਲਵੰਤ ਸਿੰਘ ਥੇਹ ਵਾਲੇ ਕੈਨੇਡਾ, 12. ਜਗਦੀਪ ਸਿੰਘ ਪੁੱਤਰ ਸੁਖਵੰਤ ਸਿੰਘ ਥੇਹ ਵਾਲੇ ਨਿਊਜੀਲੈਂਡ, 13. ਜਸਬੀਰ ਸਿੰਘ ਪੁੱਤਰ ਹਰਦੀਪ ਸਿੰਘ ਥੇਹ ਵਾਲੇ ਫਰਾਂਸ, 14. ਰਾਜਦੀਪ ਸਿੰਘ ਲਾਡੀ ਪੁੱਤਰ ਸ਼ਰਨਜੀਤ ਸਿੰਘ ਸੂਬੇਦਾਰਾਂ 'ਚੋਂ ਯੂ.ਕੇ., 15. ਸਤਬੀਰ ਸਿੰਘ ਪੁੱਤਰ ਅਵਤਾਰ ਸਿੰਘ (ਲਾਲੀ), 16. ਰਜਿੰਦਰ ਸਿੰਘ ਪੁੱਤਰ ਚੈਂਚਲ ਸਿੰਘ ਥੇਹ ਵਾਲੇ ਜਰਮਨੀ (ਡਾਕਟਰ ਦੀ ਡਿਗਰੀ ਕਰ ਰਿਹਾ), 17. ਜਗਦੀਪ ਸਿੰਘ ਪੁੱਤਰ ਡਾ ਦਿਲਬਾਗ ਸਿੰਘ ਤੇ ਅਮਨਦੀਪ ਕੌਰ ਪਤਨੀ ਜਗਦੀਪ ਸਿੰਘ ਯੂ.ਕੇ.,  19. ਗੁਰਜੀਤ ਸਿੰਘ ਪੁੱਤਰ ਡਾ ਦਿਲਬਾਗ ਸਿੰਘ ਤੇ ਬਲਜਿੰਦਰ ਕੌਰ ਪਤਨੀ ਗੁਰਜੀਤ ਸਿੰਘ ਫਿਲਪਾਈਨਜ਼, 21. ਸੁਖਦੇਵ ਸਿੰਘ ਤੇ ਗੁਰਦੇਵ ਸਿੰਘ ਪੁਤਰਾਨ ਭਜਨ ਸਿੰਘ (ਮੱਟ) ਕੈਨੇਡਾ, 23. ਜਸਕਰਨ ਸਿੰਘ ਪੁੱਤਰ ਹਰਬੀਰ ਸਿੰਘ ਥੇਹ ਤੋਂ ਕੈਨੇਡਾ, 24. ਗੁਰਜਿੰਦਰ ਸਿੰਘ ਪੁੱਤਰ ਗੁਰਨਾਮ ਸਿੰਘ ਆਸਟ੍ਰੇਲੀਆ, 25. ਹਰਪ੍ਰੀਤ

ਸਿੰਘ ਪੁੱਤਰ ਰਸ਼ਪਾਲ ਸਿੰਘ ਪੁਰਤਗਾਲ਼, 26. ਪ੍ਰਭਦੀਪ ਸਿੰਘ ਪੁੱਤਰ ਸ੍ਰ. ਬਲਦੇਵ ਸਿੰਘ ਸਰਕਾਰੀਆ ਇਟਲੀ, 27. ਸੁਖਵਿੰਦਰ ਸਿੰਘ ਪੁੱਤਰ ਸ੍ਰ. ਸੁੱਚਾ ਸਿੰਘ ਦਸੀਂਹ ਕੈਨੇਡਾ (ਪਰਿਵਾਰ ਸਮੇਤ), 28. ਰਣਜੀਤ ਸਿੰਘ (ਸੋਨੂੰ) ਪੁੱਤਰ ਪ੍ਰਮਜੀਤ ਸਿੰਘ ਸੂਬੇਦਾਰ ਆਸਟ੍ਰੇਲੀਆ, 29. ਰਣਬੀਰ ਸਿੰਘ ਪੁੱਤਰ ਹਰਦੀਪ ਸਿੰਘ ਸੂਬੇਦਾਰ ਆਸਟ੍ਰੇਲੀਆ, 30. ਜਗਦੀਪ ਸਿੰਘ ਪੁੱਤਰ ਸ੍ਰ. ਸਰਦੂਲ ਸਿੰਘ ਮੱਲ੍ਹੇ ਕੇ ਅਤੇ ਹਰਸਿਮਰਤ ਸਿੰਘ ਪੁੱਤਰ ਜਗਦੀਪ ਸਿੰਘ ਦੋਵ੍ਹੇਂ ਜਰਮਨੀ ਵਿੱਚ, 31. ਅਮਨਦੀਪ ਸਿੰਘ ਪੁੱਤਰ ਸ੍ਰ ਕੁਲਦੀਪ ਸਿੰਘ (ਪ੍ਰਜਾਪਤ) ਪੁਰਤਗਾਲ, 32. ਨਵਾਬ ਸਿੰਘ ਪੁੱਤਰ ਸ੍ਰ ਜੋਗਿੰਦਰ ਸਿੰਘ ਸਪੇਨ, 33. ਬੀਡੀਓ ਪਰਮਜੀਤ ਸਿੰਘ ਪੁੱਤਰ ਸ੍ਰ ਲਖਵਿੰਦਰ ਸਿੰਘ ਬੈਲਜੀਅਮ, 34. ਗੁਰਸਾਹਿਬ ਸਿੰਘ ਪੁੱਤਰ ਬਲਵਿੰਦਰ ਸਿੰਘ ਸਪੇਨ, 35. ਗੁਰਜੰਟ ਸਿੰਘ ਪੁੱਤਰ ਸ੍ਰ ਜਗਤਾਰ ਸਿੰਘ ਇਟਲੀ, 36. ਜਸਪਿੰਦਰ ਸਿੰਘ ਪੁੱਤਰ ਸ੍ਰ ਜਗਤਾਰ ਸਿੰਘ ਸਪੇਨ, 37/38. ਗੁਰਮਨਜੀਤ ਸਿੰਘ ਤੇ ਸਰਵਨਪ੍ਰੀਤ ਸਿੰਘ ਪੁਤਰਾਨ ਬਲਕਾਰ ਸਿੰਘ ਸਪੇਨ, (ਲੜੀ ਨੰ: 32 ਤੋਂ 38 ਤੱਕ ਸਾਰੇ ਸਵ: ਸ੍ਰ. ਚਰਨ ਸਿੰਘ ਬੋਦੀਵਾਲ਼ੇ ਦੇ ਪਰਿਵਾਰ ਚੋਂ ਹਨ), 39. ਲਵਪ੍ਰੀਤ ਸਿੰਘ ਪੁੱਤਰ ਜਗਦੀਸ਼ ਸਿੰਘ ਕੈਨੇਡਾ, 40. ਭੁਪਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਕੈਨੇਡਾ, 41. ਸ਼ਮਸ਼ੇਰ ਸਿੰਘ ਪੁੱਤਰ ਕੁਲਵੰਤ ਸਿੰਘ ਸਪੇਨ, (ਲੜੀ ਨੰ: 39-41 ਸਾਰੇ ਹਵੇਲੀ ਵਾਲਿਆਂ ਦੇ ਪਰਿਵਾਰ ਚੋਂ)

**ਨੋਟ** :- ਪਿੰਡ ਦੇ ਸੈਂਕੜੇ ਹੋਰ ਨੌਜਵਾਨ ਵਿਦੇਸ਼ਾਂ 'ਚ ਕਮਾਈਆਂ ਕਰਕੇ ਆਪਣੇ ਪਿੰਡ ਅਤੇ ਪਰਿਵਾਰ ਦੀ ਤਰੱਕੀ ਵਿੱਚ ਵਾਧਾ ਕਰ ਰਹੇ ਹਨ ਜਿਹਨਾਂ ਦੇ ਨਾਂ ਪ੍ਰਾਪਤ ਨਹੀਂ ਹੋ ਸਕੇ। ਕੁਝ ਪੜ੍ਹੀਆਂ-ਲਿਖੀਆਂ ਕੁੜੀਆਂ ਵੀ ਆਪਣੀ ਹਿੰਮਤ ਦੇ ਬਲ-ਬੋਤੇ ਵਿਦੇਸ਼ ਚਲੇ ਗਈਆਂ ਹਨ ਪਰ ਉਹਨਾਂ ਦੇ ਨਾਮ ਨਹੀਂ ਮਿਲ ਸਕੇ।

## ਨੌਜਵਾਨ ਸਭਾ ਮਾਣੋਚਾਹਲ ਦੀ ਸਮਾਜ-ਭਲਾਈ ਦੇ ਕੰਮਾਂ ਵਿੱਚ ਮਦਦ ਕਰਨ ਵਾਲੇ ਸਹਿਯੋਗੀ :-

1. ਰਣਜੀਤ ਸਿੰਘ ਲਾਲੀ ਪੁੱਤਰ ਸ੍ਰ. ਮੰਗਲ ਸਿੰਘ ਸੇਠ, 2. ਸੁਖਦੇਵ ਸਿੰਘ ਪੁੱਤਰ ਸ੍ਰ. ਭਜਨ ਸਿੰਘ ਮੱਟ, 3. ਪ੍ਰਭਜੋਤ ਸਿੰਘ ਪੁੱਤਰ ਸ੍ਰ. ਜਰਨੈਲ ਸਿੰਘ ਠਾਣੇਦਾਰ, 4. ਹਰਦੀਪ ਸਿੰਘ ਪੁੱਤਰ ਸ੍ਰ. ਹਰਭਜਨ ਸਿੰਘ ਬਲਡੋਜ਼ਰ ਵਾਲੇ, 5.ਗੁਰਵਿੰਦਰ ਸਿੰਘ ਪੁੱਤਰ ਸ੍ਰ. ਸੁਖਦੇਵ ਸਿੰਘ ਬਲਡੋਜ਼ਰ ਵਾਲੇ, 6. ਗੁਰਸਿਮਰਨਜੀਤ ਸਿੰਘ ਪੁੱਤਰ ਸ੍ਰ. ਸੁਰਿੰਦਰ ਸਿੰਘ ਮਹਿਲਾਂਵਾਲੇ, 7. ਜਗਜੀਤ ਸਿੰਘ ਪੁੱਤਰ ਸ੍ਰ. ਸਰਦੂਲ ਸਿੰਘ ਬਿਜਲੀ ਵਾਲੇ, 8. ਬਲਜੀਤ ਸਿੰਘ ਪੁੱਤਰ ਸ੍ਰ. ਹਰਦੀਪ ਸਿੰਘ ਸੂਬੇਦਾਰ, 9. ਸਤਬੀਰ ਸਿੰਘ ਪੁੱਤਰ ਸ੍ਰ. ਅਵਤਾਰ ਸਿੰਘ ਸੂਬੇਦਾਰ, 10. ਗੁਰਵਿੰਦਰ ਸਿੰਘ ਪੁੱਤਰ ਸ੍ਰ. ਅਰੂੜ ਸਿੰਘ, 11. ਗੁਰਮਿਲਾਪ ਸਿੰਘ ਪੁੱਤਰ ਸੂਬੇਦਾਰ ਕੁਲਦੀਪ ਸਿੰਘ ਦਸੀਂਹ, 12. ਅਮਰਜੀਤ ਸਿੰਘ ਪੁੱਤਰ ਸ੍ਰ. ਬਾਜ਼ ਸਿੰਘ ਦਸੀਂਹ,



Scanned with OKEN Scanner

13. ਸੁਰਜੀਤ ਸਿੰਘ ਪੁੱਤਰ ਸ੍ਰ. ਮੰਨਾ ਸਿੰਘ, 14. ਅਮਿਤੋਜ ਸਿੰਘ ਪੁੱਤਰ ਸ੍ਰ. ਲਖਬੀਰ ਸਿੰਘ ਅਕਾਲੀ, 15. ਰਾਜਦੀਪ ਸਿੰਘ ਲਾਡੀ ਪੁੱਤਰ ਸ੍ਰ. ਸ਼ਰਨਜੀਤ ਸਿੰਘ ਸੂਬੇਦਾਰ, 16. ਤਲਵਿੰਦਰ ਸਿੰਘ ਪੁੱਤਰ ਸ੍ਰ. ਸਕੱਤਰ ਸਿੰਘ ਲੰਮੇ, 17. ਬਿਕਰਮਜੀਤ ਸਿੰਘ ਪੁੱਤਰ ਸ੍ਰ. ਅਵਤਾਰ ਸਿੰਘ ਲੰਮੇ

*ਇਹਨਾਂ ਵਿੱਚੋਂ ਸ੍ਰ. ਬਾਜ਼ ਸਿੰਘ ਦਸੀਂਹ ਦਾ ਲੜਕਾ ਅਮਰਜੀਤ ਸਿੰਘ ਸਿੰਘਾ ਪੁਰ ਰਹਿੰਦਾ ਹੈ, ਉਹਨੇ ਨੌਜਵਾਨ ਸਭਾ ਮਾਣੋਚਾਹਲ ਦੇ ਸਹਿਯੋਗ ਨਾਲ ਪਿੰਡ ਦੇ ਮੇਲੇ ਤੇ ਪੱਗਾਂ ਦਾ ਫ਼੍ਰੀ ਸਿਖਲਾਈ ਕੈਂਪ ਲਾ ਕੇ ਆਪਣੇ ਕੋਲੋਂ ਪੈਸੇ ਖ਼ਰਚ ਕੇ ਬੱਚਿਆਂ ਨੂੰ ਮੁਫ਼ਤ ਪੱਗਾਂ ਸਪਲਾਈ ਕੀਤੀਆਂ ਹਨ।

**ਨੌਜਵਾਨ ਸਭਾ ਦੇ ਸਹਿਯੋਗੀ ਪੰਜਾਬ ਪੁਲੀਸ ਦੇ ਜਵਾਨ, ਫੌਜੀ ਵੀਰ ਤੇ ਹੋਰ :-**

1. ਨਵਤੇਜ ਸਿੰਘ ਪੁੱਤਰ ਸ੍ਰ. ਲਖਬੀਰ ਸਿੰਘ ਅਕਾਲੀ 2. ਦਲਜੀਤ ਸਿੰਘ ਪੁੱਤਰ ਸ੍ਰ. ਦਰਸ਼ਨ ਸਿੰਘ ਸੈਕਟਰੀ 3. ਬਲਵਿੰਦਰ ਸਿੰਘ ਸੋਨੂੰ ਪੁੱਤਰ ਸ੍ਰ. ਸੁਖਦੇਵ ਸਿੰਘ ਗੋਲੇਵਾਲੀਏ 4. ਬਲਜਿੰਦਰ ਸਿੰਘ 5. ਨਛੱਤਰ ਸਿੰਘ 6. ਹਰਪਾਲ ਸਿੰਘ ਏਜੰਸੀ ਵਾਲੇ 7. ਪ੍ਰਦੀਪ ਸਿੰਘ ਤੇ ਸੁਖਦੀਪ ਸਿੰਘ ਦੋਵ੍ਹੇਂ ਭਰਾ 8. ਗੁਰਦੇਵ ਸਿੰਘ ਅਥਲੀਟ 9. ਅੰਗਰੇਜ਼ ਸਿੰਘ 10. ਪ੍ਰਗਟ ਸਿੰਘ ਤੇ ਗੁਰਜੰਟ ਸਿੰਘ ਦੋਵ੍ਹੇਂ ਭਰਾ 11. ਦਲਜੀਤ ਸਿੰਘ ਤੇ ਦਲੇਰ ਸਿੰਘ ਦੋਵ੍ਹੇਂ ਭਰਾ 12. ਤਰਸੇਮ ਸਿੰਘ 13. ਸਤਨਾਮ ਸਿੰਘ 14. ਵੀਰਪਾਲ ਸਿੰਘ 15. ਜਸਵਿੰਦਰ ਸਿੰਘ ਤੇ ਹਰਜਿੰਦਰ ਸਿੰਘ ਦੋਵ੍ਹੇਂ ਭਰਾ 16. ਅੰਗਰੇਜ਼ ਸਿੰਘ 17. ਅੰਮ੍ਰਿਤਪਾਲ ਸਿੰਘ 18. ਗੁਰਵਿੰਦਰ ਸਿੰਘ 19. ਲਖਵਿੰਦਰ ਸਿੰਘ 20. ਗੁਰਜੀਤ ਸਿੰਘ 21. ਬਲਵਿੰਦਰ ਸਿੰਘ 22. ਦਿਲਸ਼ੇਰ ਸਿੰਘ 23. ਜਸਵਿੰਦਰ ਸਿੰਘ 24. ਵਰਿਆਮ ਸਿੰਘ 25. ਗੁਰਮੀਤ ਸਿੰਘ 26. ਜਗਰੂਪ ਸਿੰਘ 26. ਜਸਪਾਲ ਸਿੰਘ 27. ਰੇਸ਼ਮ ਸਿੰਘ 28. ਗੁਲਾਬਜੀਤ ਸਿੰਘ 29. ਗੁਰਪ੍ਰੀਤ ਸਿੰਘ ਤੇ ਗੁਰਜੰਟ ਸਿੰਘ ਦੋਵ੍ਹੇਂ ਭਰਾ 30. ਗੁਰਵੇਲ ਸਿੰਘ

**ਡਰਾਈਵਰ**

ਸਰਦਾਰਾ ਸਿੰਘ ਪੁੱਤਰ ਚੈਂਚਲ ਸਿੰਘ, ਬਾਜ਼ ਸਿੰਘ ਡੱਲੇ, ਸਤਨਾਮ ਸਿੰਘ, ਨਿਰਮਲ ਸਿੰਘ, ਗੁਰਨਾਮ ਸਿੰਘ ਤੇ ਸੁਖਦੇਵ ਸਿੰਘ ਵਰਗੇ ਡਰਾਈਵਰ ਵੀਰ ਜਿੱਥੇ ਘਰਾਂ-ਪਰਿਵਾਰਾਂ ਤੋਂ ਸੈਂਕੜੇ ਮੀਲ ਦੂਰ ਰੋਟੀ-ਰੋਜ਼ੀ ਕਮਾ ਰਹੇ ਹਨ ਉੱਥੇ ਸਮਾਜ-ਸੇਵਾ ਦੇ ਕੰਮਾਂ ਵਿੱਚ ਵਧ ਚੜ੍ਹ ਨੌਜਵਾਨ ਸਭਾ ਨੂੰ ਸਾਥ ਦੇ ਰਹੇ ਹਨ।

❐



Scanned with OKEN Scanner

# ਲੇਖਕ ਦਾ ਕੁਰਸੀਨਾਮਾ


ਸ੍ਰ, ਮਹਿਤਾਬ ਸਿੰਘ ਸਰਕਾਰੀਆ
ਸ੍ਰ ਖੜਕ ਸਿੰਘ ਸਰਕਾਰੀਆ
ਹਰਨਾਮ ਸਿੰਘ
ਰਾਮ ਸਿੰਘ
ਬੰਤਾ ਸਿੰਘ
ਅੱਛਰ ਸਿੰਘ
ਪ੍ਰੀਤਮ ਸਿੰਘ
ਨਰੰਜਣ ਸਿੰਘ
ਚੰਨਣ ਸਿੰਘ
ਸ਼ੰਗਾਰਾ ਸਿੰਘ
ਪਿਆਰਾ ਸਿੰਘ
ਤਾਰਾ ਸਿੰਘ
ਪੂਰਨ ਸਿੰਘ
ਜਸਵਿੰਦਰ ਸਿੰਘ
ਸੁਖਦੇਵ ਸਿੰਘ
ਬਲਦੇਵ ਸਿੰਘ
ਅਮਨਪ੍ਰੀਤ ਸਿੰਘ
ਕੰਵਲਪ੍ਰੀਤ ਕੌਰ
ਗੁਰਨਾਜ ਸਿੰਘ
ਗੁਰਅਜੀਜ ਸਿੰਘ
ਅਗਮਜੋਤ ਸਿੰਘ
ਰੋਜਲਪ੍ਰੀਤ ਕੌਰ

# ਪਿੰਡ ਦੀ ਮਿੱਟੀ ਨਾਲ ਜੁੜੀਆਂ ਮੇਰੀਆਂ ਯਾਦਾਂ

ਆਪਣੇ ਘਰ-ਪਰਿਵਾਰ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਦੱਸ ਦੇਵਾਂ ਕਿ ਮੇਰੇ ਵੱਡੇ-ਵਡੇਰੇ 'ਚਾਹਲ' ਗੋਤ ਨਾਲ ਸਬੰਧ ਨਹੀਂ ਰੱਖਦੇ। ਸਾਡੀ ਗੋਤ 'ਚੱਠੇ' ਹੈ ਤੇ ਸਾਡੇ ਟੱਬਰ ਨੂੰ ਸਰਕਾਰੀਏ ਕਹਿ ਕੇ ਵੀ ਬੁਲਾਇਆ ਜਾਂਦਾ ਹੈ। ਸਾਡਾ ਪਿਛਲਾ ਪਿੰਡ ਫਤਹਿਗੜ੍ਹ ਚੂੜੀਆਂ ਕੋਲ ਵੱਸਿਆ ਪਿੰਡ ਚੱਠਾ ਹੈ। ਸਾਡੀ ਚੌਥੀ/ਪੰਜਵੀਂ ਪੀੜ੍ਹੀ ਪਹਿਲਾਂ ਦਾ ਕੋਈ ਬਜ਼ੁਰਗ ਇੱਥੇ ਮਾਣੋਚਾਹਲ ਆ ਵੱਸਿਆ ਸੀ। ਉਂਜ ਚੱਠੇ ਗੋਤ ਦਾ ਪਿਛੋਕੜ ਵੀ ਚਾਹਲਾਂ ਵਾਂਗ ਚੌਹਾਨਾਂ ਨਾਲ ਹੀ ਜੁੜਦਾ ਹੈ। ਪ੍ਰਿਥਵੀ ਰਾਜ ਚੌਹਾਨ ਦਾ ਪੋਤਾ ਚੱਠਾ ਇਸ ਗੋਤ ਦਾ ਮੋਢੀ ਹੈ ਤੇ ਉਹ ਚੀਮੇ ਦਾ ਸਕਾ ਭਰਾ ਸੀ। ਚੱਠਿਆਂ ਦੀ ਦਸਵੀਂ ਪੀੜ੍ਹੀ 'ਚੋਂ ਧਾਰੋ ਦੇ 11 ਪੁੱਤਰਾਂ 'ਚੋਂ 2 ਪੋਠੋਹਾਰ ਜਾ ਵੱਸੇ ਤੇ 9 ਨੇ ਨੌਂਡਾਲਾ ਆਬਾਦ ਕੀਤਾ। ਇਹਨਾਂ ਦੀ ਔਲਾਦ 'ਚੋਂ ਕੁਝ ਮੁਸਲਮਾਨ ਬਣ ਗਏ ਜੋ ਗੁੱਜਰਾਂਵਾਲੇ ਦੇ ਇਲਾਕੇ (ਪਾਕਿਸਤਾਨ) ਦੇ 82 ਪਿੰਡਾਂ 'ਚ ਵੱਸਦੇ ਹਨ। ਸਿੱਖ ਚੱਠੇ ਵੀ ਬਹੁਤ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਚੱਠਿਆਂ ਨੇ ਬੜੀ ਉਨਤੀ ਕੀਤੀ। ਚੱਠੇ ਵੀ ਪ੍ਰਾਚੀਨ ਜੱਟ ਕਬੀਲਿਆਂ ਨਾਲ ਸਬੰਧ ਰੱਖਦੇ ਹਨ। ਸਰ ਲੈਪਲ ਗਰੀਫਨ ਨੇ ਆਪਣੀ ਕਿਤਾਬ 'ਪੰਜਾਬ ਚੀਫਸ' ਵਿੱਚ ਚੱਠਾ ਪਰਿਵਾਰ ਦੀ ਵਿਥਿਆ ਲਿਖੀ ਹੈ। ਬਜ਼ੁਰਗ ਦੱਸਦੇ ਸਨ ਕਿ ਸਾਡਾ ਕੋਈ ਵੱਡਾ-ਵਡੇਰਾ ਸਰਕਾਰ ਦੀ ਕੋਈ ਮਾੜੀ-ਮੋਟੀ ਨੌਂਕਰੀ ਕਰਦਾ ਸੀ ਇਸ ਕਰਕੇ ਪਿੰਡ 'ਚ ਸਾਡੀ ਅੱਲ ਸਰਕਾਰੀਏ ਪੈ ਗਈ।

ਹੁਣ ਬਚਪਨ ਦੀ ਗੱਲ ਸ਼ੁਰੂ ਕਰਦਾ ਹਾਂ। ਮੇਰੇ ਜਨਮ ਵੇਲੇ ਪਿੰਡ ਦੇ ਬਹੁਤੇ ਘਰ ਕੱਚੇ ਸਨ ਪਰ ਪੱਤੀ ਵਿੱਚ ਕੁਝ ਤਕੜੇ ਜੱਟਾਂ ਦੇ ਘਰ ਪੱਕੇ ਵੀ ਸਨ। ਸਾਡੀ ਪੱਤੀ ਗੋਂਦ ਕੀ, ਚੜ੍ਹਦੇ ਵੰਨੀ ਡੋਈਆਂ ਦੇ ਘਰਾਂ ਤੋਂ ਸ਼ੁਰੂ ਹੁੰਦੀ ਹੈ। ਗਲ਼ੀ ਦੇ ਸ਼ੁਰੂ ਵਿੱਚ ਇੱਕ ਪਾਸੇ ਚਰਨ ਸਿੰਘ, ਜੋਗਿੰਦਰ ਸਿੰਘ ਤੇ ਅਵਤਾਰ ਸਿੰਘ (ਸੁਨਿਆਰਿਆਂ) ਦੇ ਘਰ ਸਨ ਤੇ ਅੱਗੇ ਦੋਹੀਂ ਪਾਸੀਂ ਡੋਈਆਂ ਦੇ ਘਰ ਹਨ। ਉਹਨਾਂ ਘਰਾਂ ਵਿੱਚ ਡੇਹਰੀ ਵਾਲਿਆਂ ਦੀ ਪੱਕੀ ਡਿਓਢੀ ਹੁੰਦੀ ਸੀ ਤੇ ਅੰਦਰ-ਵਾਰ ਪਾਣੀ ਪੀਣ ਲਈ ਪੱਕੀ ਖੂਹੀ ਵੀ ਹੁੰਦੀ ਸੀ। ਨੇੜੇ ਹੀ ਪੱਤੀ ਦਾ ਗੁਰਦੁਆਰਾ ਹੈ ਜਿੱਥੇ ਕਈ ਸਾਲ ਬਾਬਾ ਗੁਰਦਿਆਲ ਸਿੰਘ ਗ੍ਰੰਥੀ ਵਜੋਂ ਸੇਵਾ ਨਿਭਾ ਕੇ ਇਸ ਸੰਸਾਰ ਤੋਂ ਰੁਖ਼ਸਤ ਹੋ ਗਿਆ ਸੀ। ਬਾਅਦ 'ਚ ਗੁਰਦਿਆਲ ਸਿੰਘ ਦੇ ਮੁੰਡਿਆਂ ਨੇ ਗੁਰਦੁਆਰੇ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਲਈ ਪਰ ਛੇਤੀ ਹੀ ਉਹਨਾਂ ਨੇ ਬੱਚਿਆਂ



Scanned with OKEN Scanner

ਨੂੰ ਵਿਦੇਸ਼ ਭੇਜਣ ਦੇ ਨਾਂ ਤੇ ਪਿੰਡ ਵਾਸੀਆਂ ਨਾਲ ਠੱਗੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਹਨਾਂ ਦੇ ਮਾੜੇ ਕੰਮਾਂ ਤੋਂ ਉਕਤਾਏ ਪੱਤੀ ਵਾਲਿਆਂ ਨੇ ਉਹਨਾਂ ਨੂੰ ਗੁਰਦੁਆਰੇ ਤੋਂ ਫ਼ਾਰਗ ਕਰ ਦਿੱਤਾ। ਇਸ ਵੇਲ਼ੇ ਪੱਤੀ ਦੇ ਨੌਜਵਾਨਾਂ ਨੇ ਗੁਰਦੁਆਰਾ ਪ੍ਰਬੰਧ ਲਈ ਕਮੇਟੀ ਬਣਾ ਕੇ ਗੁਰਦੁਆਰੇ ਦੀ ਸ਼ਾਨਦਾਰ ਨਵੀਂ ਇਮਾਰਤ ਬਣਵਾ ਦਿੱਤੀ ਹੈ। ਬਾਬਾ ਹੀਰਾ ਸਿੰਘ ਹੁਣ ਇਸ ਗੁਰਦੁਆਰੇ ਦੇ ਮੁੱਖ ਗ੍ਰੰਥੀ ਵਜੋਂ ਸੇਵਾ ਨਿਭਾ ਰਹੇ ਹਨ।

ਗੁਰਦੁਆਰੇ ਤੋਂ ਅੱਗੇ ਇੱਕ ਪਾਸੇ ਜ਼ੈਲਦਾਰਾਂ ਦੇ ਪੱਕੇ ਘਰ ਹਨ ਕਿਉਂਕਿ ਜ਼ੈਲਦਾਰ ਸਰਕਾਰੇ ਦਰਬਾਰੇ ਅਸਰ-ਰਸੂਖ ਰੱਖਦਾ ਸੀ ਤੇ ਅਮੀਰ ਬੰਦਾ ਸੀ। ਜ਼ੈਲਦਾਰਾਂ ਦੇ ਘਰ ਦੇ ਸਾਹਮਣੇ ਖੁੱਲ੍ਹੀ ਥਾਂ ਹੈ। ਇਕ ਪਾਸੇ ਬਜ਼ੁਰਗਾਂ ਦੇ ਬੈਠਣ ਲਈ ਇੱਕ ਥੜ੍ਹਾ ਬਣਿਆ ਹੁੰਦਾ ਸੀ। ਨੌਜਵਾਨ ਸਭਾ ਵਾਲੇ ਮੁੰਡੇ ਇਸ ਥੜ੍ਹੇ ਤੇ ਅਗਾਂਹ-ਵਧੂ ਡਰਾਮੇ ਕਰਾਉਂਦੇ ਹੁੰਦੇ ਸਨ। ਅਗਲੇ ਪਾਸੇ ਮੱਖਣ ਸਿੰਘ ਪ੍ਰਜਾਪਤ ਦਾ ਘਰ ਹੈ। ਉਸ ਦੀ ਮੌਤ ਤੋਂ ਬਾਅਦ ਉਹਦੇ ਪੁੱਤ-ਪੋਤਰੇ ਉਸ ਘਰ ਵਿੱਚ ਤੇ ਕੁਝ ਲਾਗਲਾ ਜ਼ੈਲਦਾਰਾਂ ਦਾ ਥਾਂ ਮੁੱਲ ਲੈ ਕੇ ਨਵੇਂ ਘਰ ਬਣਾ ਕੇ ਰਹਿ ਰਹੇ ਹਨ। ਦੂਜੇ ਪਾਸੇ ਦਰਗਾਹ ਵਾਲਾ ਖੂਹ ਹੈ। ਹੁਣ ਤਾਂ ਇਸ ਖੂਹ ਦੇ ਖੰਡਰ ਹੀ ਬਾਕੀ ਹਨ ਪਰ ਮੈਂ ਆਪਣੇ ਬਚਪਨ ਵਿੱਚ ਇਹ ਖੂਹ ਵਗਦਾ ਵੇਖਿਆ ਹੈ ਤੇ ਖੂਹ ਤੇ ਸਾਰਾ ਦਿਨ ਲੱਗਦੀਆਂ ਰਹੀਆਂ ਰੌਣਕਾਂ ਵੀ ਵੇਖੀਆਂ ਹਨ। ਇਸ ਖੂਹ ਤੇ ਛਾਂ ਲਈ ਦੋ ਪਿੱਪਲ ਸਨ। ਲੋਕ ਇਸ ਖੂਹ ਤੇ ਇਸ਼ਨਾਨ ਕਰਦੇ, ਪਸ਼ੂਆਂ ਨੂੰ ਨਵਾਹੁੰਦੇ ਤੇ ਪਾਣੀ ਪਿਆਉਂਦੇ ਹੁੰਦੇ ਸਨ। ਖੂਹ ਦੇ ਪਾਣੀ ਨਾਲ ਲੋਕ ਪਿੰਡ ਨੇੜਲੇ ਅਹਾਤਿਆਂ ਵਿੱਚ ਬੀਜੀ ਫ਼ਸਲ ਦੀ ਸਿੰਜਾਈ ਵੀ ਕਰਦੇ ਸਨ। ਇਸ ਕਾਰਨ ਹਰ ਰੋਜ਼ ਕੋਈ ਨਾ ਕੋਈ ਖੂਹ ਜੋਤੀ ਰੱਖਦਾ ਸੀ। ਖੂਹ ਦੇ ਨਿਸਾਰ ਅੱਗੇ ਨਾਹੁਣ ਲਈ ਸੀਮਿੰਟ ਨਾਲ ਦੋ ਪੱਕੇ ਵੱਡ-ਅਕਾਰੀ ਚੁਬੱਚੇ ਤੇ ਪਸ਼ੂਆਂ ਦੇ ਪਾਣੀ ਪੀਣ ਲਈ ਲੰਮੀ ਖੁਰਲੀ ਬਣੀ ਹੋਈ ਸੀ। ਸਵਾਣੀਆਂ ਖੂਹ ਦੀ ਮੌਣ ਤੇ ਕੱਪੜੇ ਧੋਂਦੀਆਂ ਤੇ ਪਾਣੀ ਦੇ ਘੜੇ ਭਰ ਕੇ ਘਰੀਂ ਖੜਿਆ ਕਰਦੀਆਂ ਸਨ ਕਿਉਂਕਿ ਉਹਨਾਂ ਦਿਨਾਂ 'ਚ ਘਰਾਂ 'ਚ ਅਜੇ ਨਲਕੇ ਨਹੀਂ ਸਨ ਲੱਗੇ।

ਪੱਤੀ ਵਾਲੇ ਗੁਰਦੁਆਰੇ ਵੱਲੋਂ ਜੋ ਗਲ਼ੀ ਸੂਦਾਂ ਦੇ ਘਰ ਵੱਲ ਜਾਂਦੀ ਸੀ, ਉਹਦੇ ਖੱਬੇ ਹੱਥ ਚਾਚਾ ਇੰਦਰ ਸਿੰਘ ਪ੍ਰਜਾਪਤ ਦਾ ਘਰ ਹੁੰਦਾ ਸੀ, ਹੁਣ ਉਹਦੇ ਵੱਡੇ ਲੜਕੇ ਕਸ਼ਮੀਰ ਸਿੰਘ ਨੇ ਬਾਨੀ ਕਿਆਂ ਦੇ ਘਰ ਨੇੜੇ ਤੇ ਛੋਟੇ ਜਗੀਰ, ਦਲਬੀਰ ਤੇ ਅੰਗਰੇਜ਼ ਸਿੰਘ ਨੇ ਗੁਰਦਿਆਲ ਸਿੰਘ ਦੀ ਹਵੇਲੀ ਵਾਲੀ ਥਾਂ ਮੁੱਲ ਲੈ ਕੇ ਸ਼ਾਨਦਾਰ ਕੋਠੀਆਂ ਬਣਾ ਲਈਆਂ ਹਨ। ਸੂਦਾਂ ਵਾਲੀ ਗਲ਼ੀ ਦੇ ਸੱਜੇ ਹੱਥ ਸ੍ਰ. ਚੰਨਣ ਸਿੰਘ ਡੋਈ ਕੇ, ਦਰਸ਼ਨ ਸਿੰਘ ਪੁੱਤਰ ਗੁੱਜਰ ਸਿੰਘ ਤੇ ਸੁਨਿਆਰਿਆਂ ਦੇ ਘਰ ਸਨ। ਜੱਟਾਂ ਦੇ ਇਹ ਦੋਵ੍ਹੇਂ ਘਰ ਹੁਣ ਆਪੋ ਆਪਣੇ ਖੇਤਾਂ ਵਿੱਚ ਰਹਿੰਦੇ ਹਨ। ਬਾਪੂ ਸੇਵਾ ਸਿੰਘ ਦੇ ਮੁੰਡੇ ਸ੍ਰ. ਸਵਰਨ ਸਿੰਘ, ਸਵਿੰਦਰ ਸਿੰਘ, ਸਤਨਾਮ ਸਿੰਘ ਤੇ ਸਾਹਬ ਸਿੰਘ ਚਾਰ ਭਰਾ ਸਨ। ਸ਼ਰਾਫ਼ੇ ਦਾ ਕੰਮ ਕਰਦੇ ਸਨ ਤੇ ਗਹਿਣਾ ਰੱਖ ਕੇ ਉੜੇ-ਥੁੜੇ ਲੋਕਾਂ ਨੂੰ ਵਿਆਜ਼ੀ ਪੈਸੇ ਦੇ ਕੇ ਉਹਨਾਂ ਦੀ ਲੋੜ ਪੂਰੀ ਵੀ



Scanned with OKEN Scanner

ਕਰਦੇ ਸਨ। ਪਿੰਡ ਦੇ ਲੋਕ ਸ਼ਹਿਰ ਜਾਣ ਦੀ ਥਾਂ ਵਿਆਹ-ਸ਼ਾਦੀਆਂ ਲਈ ਉਹਨਾਂ ਤੋਂ ਗਹਿਣੇ ਵੀ ਬਣਵਾਉਂਦੇ ਸਨ। ਹੁਣ ਕੇਵਲ ਸਾਹਬ ਸਿੰਘ ਹੀ ਪਿੰਡ ਰਹਿੰਦਾ ਹੈ, ਸਵਰਨ ਸਿੰਘ ਕਾਫੀ ਚਿਰ ਪਹਿਲਾਂ ਗੁਜ਼ਰ ਗਿਆ ਸੀ, ਬਾਕੀ ਦੋ ਭਰਾ ਸਵਿੰਦਰ ਸਿੰਘ ਤੇ ਸਤਨਾਮ ਸਿੰਘ ਤਰਨਤਾਰਨ ਰਹਿੰਦੇ ਹਨ। ਉਹਨਾਂ ਨੇ ਸ਼ਹਿਰ ਨੇੜੇ ਪਿੰਡ ਵਲੀ ਪੁਰ ਵਿੱਚ ਇੱਟ-ਭੱਠਾ ਲਾ ਕੇ ਇੱਟਾਂ ਦਾ ਵਪਾਰ ਸ਼ੁਰੂ ਕੀਤਾ ਸੀ ਪਰ ਬਾਅਦ ਵਿੱਚ ਕਿਸੇ ਕਾਰਨ ਇਹ ਭੱਠਾ ਬੰਦ ਕਰ ਦਿੱਤਾ ਤੇ ਪ੍ਰਾਪਰਟੀ ਡੀਲਰ ਦਾ ਕੰਮ ਸ਼ੁਰੂ ਕਰ ਲਿਆ ਹੈ। ਪਿਛਲੇ ਦਿਨੀਂ ਸਤਨਾਮ ਸਿੰਘ ਦੀ ਵੀ ਅਚਨਚੇਤ ਮੌਤ ਹੋ ਗਈ ਹੈ। ਇਹਨਾਂ ਦੇ ਬੱਚੇ ਚੰਗੀਆਂ ਨੌਂਕਰੀਆਂ ਤੇ ਲੱਗੇ ਹੋਏ ਹਨ।

ਦਰਗਾਹ ਵਾਲੇ ਖੂਹ ਦੇ ਸਾਹਮਣੇ ਬਾਨੀ ਕਿਆਂ ਦੇ ਘਰ ਸਨ, ਹੁਣ ਉਹਨਾਂ 'ਚੋਂ ਕੋਈ ਵੀ ਇੱਥੇ ਮੌਜੂਦ ਨਹੀਂ ਹੈ। ਇਸ ਤੋਂ ਥੋੜ੍ਹਾ ਅੱਗੇ ਸ੍ਰ. ਚੰਨਣ ਸਿੰਘ ਤੇ ਸੂਰਤਾ ਸਿੰਘ ਸ਼ਾਹ ਦੇ ਪੱਕੇ ਘਰ ਹਨ ਜੋ ਅੱਜ ਵੀ ਚੰਗੀ ਹਾਲਤ ਵਿੱਚ ਹਨ। ਸ੍ਰ. ਚੰਨਣ ਸਿੰਘ ਦਾ ਲੜਕਾ ਗੁਰਦਿਆਲ ਸਿੰਘ ਪੰਚਾਇਤ ਮੈਂਬਰ ਹੁੰਦਾ ਸੀ ਤੇ ਇਕ ਵਾਰ ਉਹਨੂੰ ਕਾਰਜਕਾਰੀ ਸਰਪੰਚ ਬਣਨ ਦਾ ਵੀ ਮੌਕਾ ਮਿਲਿਆ ਸੀ। ਸ੍ਰ. ਸੂਰਤਾ ਸਿੰਘ ਪੜ੍ਹਿਆ-ਲਿਖਿਆ ਹੋਣ ਕਰਕੇ ਖੇਤੀ ਦੇ ਕੰਮ ਨਾਲ ਸ਼ਾਹੂਕਾਰਾ ਵੀ ਕਰਦਾ ਸੀ। ਉਹਦਾ ਇੱਕੋ ਇਕ ਲੜਕਾ ਗੁਰਬਚਨ ਸਿੰਘ ਮੰਦੇ ਭਾਗਾਂ ਨੂੰ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਫਸ ਜਾਣ ਕਾਰਨ ਜਵਾਨੀ ਪਹਿਰੇ ਹੀ ਚੱਲ ਵੱਸਿਆ ਸੀ। ਇਹਨਾਂ ਦੋਹਾਂ ਘਰਾਂ ਕੋਲ ਕਾਫੀ ਜ਼ਮੀਨ ਸੀ। ਸ੍ਰ. ਗੁਰਦਿਆਲ ਸਿੰਘ ਤਾਂ ਆਪਣੇ ਸ਼ਾਹੀ ਖ਼ਰਚਿਆਂ ਕਾਰਨ ਬਹੁਤੀ ਜ਼ਮੀਨ ਵੇਚ ਬੈਠਾ ਸੀ ਪਰ ਗੁਰਬਚਨ ਸਿੰਘ ਵਾਲੀ ਸਾਰੀ ਬਚੀ ਹੋਈ ਹੈ। ਉਹਦੀਆਂ ਦੋ ਪਤਨੀਆਂ ਜ਼ਮੀਨ ਠੇਕੇ ਤੇ ਦੇ ਕੇ ਆਪਣੇ ਬੱਚਿਆਂ ਸਮੇਤ ਹੁਣ ਤਰਨਤਾਰਨ ਸ਼ਹਿਰ 'ਚ ਰਹਿੰਦੀਆਂ ਹਨ। ਸ੍ਰ. ਗੁਰਦਿਆਲ ਸਿੰਘ ਦਾ ਇੱਕ ਬੇਟਾ ਵਿਦੇਸ਼ ਰਹਿੰਦਾ ਹੈ ਤੇ ਦੂਸਰੇ ਦੀ ਇੱਥੇ ਮੌਤ ਹੋ ਗਈ ਹੈ। ਉਹਦਾ ਬੇਟਾ ਵੀ ਵਿਦੇਸ਼ ਉਡਾਰੀ ਮਾਰ ਗਿਆ ਹੈ।

ਜੀਓਬਾਲ਼ੇ ਵਾਲ਼ੇ ਪਾਸਿਉਂ ਜੋ ਸੜਕ ਰੋਹੀ ਦਾ ਪੁਲ਼ ਪਾਰ ਕਰਕੇ ਪਿੰਡ 'ਚ ਦਾਖ਼ਲ ਹੁੰਦੀ ਹੈ ਉਹ ਸਾਡੀ ਗੋਂਦ ਕੀ ਪੱਤੀ ਦੇ ਵਿੱ'ਚੋਂ ਦੀ ਲੰਘ ਕੇ ਅਗਾਂਹ ਘਣੀਏ ਕੀ ਪੱਤੀ ਨੂੰ ਨਿਕਲ ਜਾਂਦੀ ਹੈ। ਸਾਡੇ ਘਰ ਇਸ ਗਲ਼ੀ ਨਾਲ ਲਗਦੇ ਲਹਿੰਦੇ ਪਾਸੇ ਸਨ। ਸਾਡੀ ਸੰਭਾਲ ਤੋਂ ਪਹਿਲਾਂ ਸੂਰਤਾ ਸਿੰਘ ਸ਼ਾਹ ਦੇ ਘਰ ਵੱਲ ਸਾਡੇ ਵਡੇਰਿਆਂ ਦੀ ਵੱਡੀ ਡੇਹੜੀ ਹੁੰਦੀ ਸੀ ਜੋ ਬਾਅਦ ਵਿੱਚ ਢਾਹ ਦਿੱਤੀ ਗਈ। ਤਾਇਆ ਅੱਛਰ ਸਿੰਘ, ਤਾਇਆ ਬੰਤਾ ਸਿੰਘ ਤੇ ਚਾਚਾ ਪ੍ਰੀਤਮ ਸਿੰਘ ਮੇਰੇ ਬਾਪੂ ਦੇ ਤਾਏ ਦੇ ਪੁੱਤ ਭਰਾ ਸਨ। ਬਾਅਦ ਵਿੱਚ ਇਹਨਾਂ ਤਿੰਨਾਂ ਨੇ ਆਪਣੀ ਜ਼ਮੀਨ ਇਥੋਂ ਵੇਚ ਕੇ ਯੂ.ਪੀ. ਵਿੱਚ ਜਾ ਖ਼ਰੀਦੀ। ਇਹਨਾਂ ਦੇ ਘਰਾਂ ਦੇ ਪਿਛਵਾੜੇ ਲਹਿੰਦੇ ਵੱਲ ਪਿੱਠ-ਜੋੜਵੇਂ ਸਾਡੇ ਪੰਜ ਘਰ ਸਨ। ਇੱਕ ਸਾਡਾ ਤੇ ਚਾਰ ਮੇਰੇ ਚਾਚਿਆਂ ਦੇ ਸਨ। ਹੁਣ ਪੰਜਾਂ ਵਿੱ'ਚੋਂ ਦੋ ਧਿਰਾਂ ਆਪੋ-ਆਪਣੇ ਘਰ ਵੇਚ



Scanned with OKEN Scanner

ਗਈਆਂ ਹਨ। ਇਹਨਾਂ ਮਕਾਨਾਂ ਦੀਆਂ ਕੰਧਾਂ ਕੱਚੀਆਂ ਤੇ ਬੜੀਆਂ ਚੌੜੀਆਂ ਸਨ। ਮੈਨੂੰ ਯਾਦ ਹੈ ਕਿ ਇਹ ਘਰ ਗਰਮੀਆਂ'ਚ ਠੰਢੇ ਤੇ ਸਰਦੀਆਂ 'ਚ ਨਿੱਘੇ ਹੁੰਦੇ ਸਨ। ਘਰਾਂ ਲਈ ਥਾਂ ਦੀ ਵੰਡ ਅਜੀਬ ਢੰਗ ਨਾਲ ਕੀਤੀ ਗਈ ਸੀ ਕਿ ਜਿਸ ਭਰਾ ਦਾ ਘਰ ਗਲ਼ੀ ਵੱਲੋਂ ਪਹਿਲਾਂ ਆਉਂਦਾ ਸੀ ਉਸ ਨੂੰ ਦੋ-ਚਾਰ ਮਰਲੇ ਥਾਂ ਵੱਧ ਦਿੱਤਾ ਗਿਆ ਸੀ। ਉਸ ਤੋਂ ਬਾਅਦ ਅਗਲੇ ਨੂੰ ਦੋ ਮਰਲੇ ਘੱਟ, ਤੀਜੇ ਨੂੰ ਹੋਰ ਘੱਟ ਤੇ ਚੌਥੇ-ਪੰਜਵੇਂ ਨੂੰ ਹੋਰ ਘੱਟ। ਅੱਜ ਕੱਲ੍ਹ ਰਸਤੇ ਨਾਲ ਪਹਿਲਾਂ ਲੱਗਣ ਵਾਲੇ ਨੂੰ ਸਾਂਝੀ ਵੰਡ 'ਚ ਘੱਟ ਰਕਬਾ ਦਿੱਤਾ ਜਾਂਦਾ ਹੈ। ਮੇਰੇ ਬਾਬੇ ਤੋਂ ਵੱਖਰੀ ਪੀੜ੍ਹੀ 'ਚੋਂ ਬਾਪੂ ਆਲਾ ਸਿੰਘ ਦੀ ਸੰਤਾਨ ਦੇ (ਚਾਚਾ ਪ੍ਰਤਾਪ ਸਿੰਘ, ਚਾਚਾ ਮੱਸੂ ਤੇ ਚਾਚਾ ਸੁੱਖਾ) ਘਰ ਵੀ ਤਾਏ ਹੋਰਾਂ ਨਾਲ ਜੁੜਵੇਂ ਤੇ ਸਾਂਝੀ ਸੱਥ ਨਾਲ ਜਾ ਜੁੜਦੇ ਹਨ।

ਜਦੋਂ ਅਸੀਂ ਛੋਟੇ ਸਾਂ ਤਾਂ ਘਰਾਂ ਦੇ ਵਿਹੜਿਆਂ ਵਿੱਚ ਕੋਈ ਕੰਧ ਨਹੀਂ ਸੀ ਹੁੰਦੀ ਤੇ ਅਸੀਂ ਸਾਰੇ ਬੱਚੇ (ਦੋ ਦਰਜਨ ਤੋਂ ਵੱਧ) ਬਿਨਾਂ ਕਿਸੇ ਰੋਕ-ਰੁਕਾਈ ਦੇ ਖੁੱਲ੍ਹੇ ਵੱਡੇ ਵਿਹੜੇ ਵਿੱਚ ਖੇਡ ਸਕਦੇ ਸਾਂ। ਬੱਚਿਆਂ ਦੀ ਲੜਾਈ ਤੋਂ ਸਾਡੀਆਂ ਮਾਂਵਾਂ ਕਦੇ ਆਪਸ ਵਿੱਚ ਨਹੀਂ ਸਨ ਲੜੀਆਂ। ਚਾਨਣੀਆਂ ਰਾਤਾਂ ਵਿੱਚ ਅਸੀਂ ਲੁਕਣ-ਮੀਟੀ ਤੇ ਪੂਣ-ਸਲਾਈ ਖੇਡਦੇ ਹਨੇਰੇ ਹੋਏ ਘਰ ਵੜਦੇ ਸਾਂ। ਮਾਵਾਂ ਵਾਜ਼ਾਂ ਮਾਰ ਮਾਰ ਥੱਕ ਜਾਂਦੀਆਂ ਸਨ ਪਰ ਅਸੀਂ 'ਆਉਨੇ ਆਂ' ਕਹਿ ਕੇ ਫਿਰ ਖੇਡ 'ਚ ਰੁੱਝ ਜਾਂਦੇ ਸਾਂ। ਰਾਤ ਨੂੰ ਗਰਮੀਆਂ ਵਿੱਚ ਘਰਾਂ ਦੇ ਖੁੱਲ੍ਹੇ ਵਿਹੜਿਆਂ 'ਚ ਇਕ ਲਾਈਨ 'ਚ ਮੰਜੇ ਡਾਹ ਕੇ ਸੌਂਦੇ, ਅਸਮਾਨ ਵਿੱਚ ਤਾਰਿਆਂ ਨੂੰ ਨਿਹਾਰਦੇ, ਤਾਰਿਆਂ ਦਾ ਮੰਜਾ, ਚੋਰ, ਸਿਪਾਹੀ ਤੇ ਕੁੱਤੇ ਦੀ ਭਾਲ਼ ਕਰਦੇ, ਖਿੱਤੀਆਂ ਤੇ ਧਰੂ ਤਾਰੇ ਨੂੰ ਲੱਭਦੇ ਲੱਭਦੇ ਨੀਂਦ ਦੀ ਆਗੋਸ਼ ਵਿੱਚ ਪਹੁੰਚ ਜਾਂਦੇ ਸਾਂ। ਸਿਆਲ਼ ਦੀਆਂ ਲੰਮੀਆਂ ਰਾਤਾਂ ਕੱਚੇ ਕੋਠਿਆਂ ਦਾ ਬੂਹਾ ਢੋ ਕੇ ਭਾਰੀਆਂ ਰਜ਼ਾਈਆਂ ਹੇਠ ਗੁਜ਼ਾਰਦੇ। ਬੀਬੀ ਰੂਪ-ਬਸੰਤ, ਪੂਰਨ ਭਗਤ, ਸ਼ੇਖ਼ ਚਿੱਲੀ ਜਾਂ ਬਾਂਦਰ-ਗਿੱਦੜ ਦੀ ਬਾਤ ਛੋਹ ਲੈਂਦੀ। ਬਾਤ ਅੱਧ ਤੱਕ ਪਹੁੰਚਦੀ ਤਾਂ ਸਾਨੂੰ ਨੀਂਦ ਆ ਜਾਂਦੀ। ਦਿਨ ਚੜ੍ਹਨ ਤੋਂ ਪਹਿਲਾਂ ਮਾਂ ਦੁੱਧ ਰਿੜਕਣਾ ਪਾ ਕੇ ਨਾਲ਼ ਨਾਲ਼ ਪਾਠ ਕਰਦੀ। ਅਸੀਂ ਜਾਗੋ-ਮੀਟੇ 'ਚ ਹੁੰਦੇ। ਸੂਰਜ ਚੜ੍ਹਦੇ ਈ ਸਬਾਤ ਵਿੱਚ ਚਾਹ ਬਣਾ ਕੇ ਬੀਬੀ ਉੱਠਣ ਲਈ 'ਵਾਜ਼ਾਂ ਮਾਰਦੀ। ਅਸੀਂ ਅੱਖਾਂ ਮਲ਼ਦੇ ਉੱਠਦੇ ਤੇ ਮੂੰਹ ਧੋ ਕੇ ਚਾਹ ਨਾਲ ਰਾਤ ਦੀ ਬੇਹੀ ਰੋਟੀ ਜਾਂ ਵਧੇ ਚੌਲ ਖਾਣ ਦੀ ਜ਼ਿਦ ਕਰਦੇ। ਮੂੰਹ-ਹਨੇਰੇ ਹੀ ਪਸ਼ੂਆਂ ਨੂੰ ਪੱਠਾ-ਦੱਥਾ ਪਾ ਕੇ ਗੁਰਦੁਆਰੇ ਤੋਂ ਬਾਬੇ ਦੇ ਪਾਠ ਕਰਨ ਦੀ 'ਵਾਜ਼ ਸੁਣ ਕੇ ਚਾਚਾ (ਆਪਣੇ ਬਾਪ ਨੂੰ ਅਸੀਂ ਤਾਏ ਦੇ ਮੁੰਡਿਆਂ ਦੀ ਰੀਸ ਨਾਲ ਚਾਚਾ ਕਹਿੰਦੇ ਸਾਂ) ਬਲਦਾਂ ਦੀ ਹਰਨਾਲੀ ਕਰਕੇ ਖੇਤਾਂ 'ਚ ਹਲ਼ ਜਾ ਜੋਤਦਾ ਸੀ। ਵੱਡਾ ਭਾਊ ਚਾਚੇ ਦੀ ਚਾਹ ਵਾਲੀ ਗੜਵੀ ਬਾਲਟੀ 'ਚ ਰੱਖੀ ਅੱਗ ਦੀ ਅੰਗਿਆਰੀ ਉੱਤੇ ਧਰ ਕੇ ਖੇਤ ਲੈ ਜਾਂਦਾ। ਵਾਪਸ ਆ ਕੇ ਉਹ ਖੋਤੀ ਤੇ ਸੂੰਡਕਾ ਕੱਸਦਾ ਤੇ ਖੇਤੋਂ ਪਸ਼ੂਆਂ ਲਈ ਪੱਠੇ ਵੱਢ ਕੇ ਖੋਤੀ ਦੇ ਵਹਿੰਗੇ ਤੇ ਲੱਦ ਲਿਆਉਂਦਾ ਸੀ।



Scanned with OKEN Scanner

ਮਾਲ-ਡੰਗਰ ਨੂੰ ਸਾਂਭਣਾ ਉਹਦੇ ਪੱਲੇ ਪੈ ਗਿਆ ਤੇ ਅਸੀਂ ਸਕੂਲ ਜਾਣ ਲੱਗ ਪਏ। ਆਪਣੀ ਚਾਰ ਜਮਾਤਾਂ ਪੜ੍ਹੀ ਮਾਂ ਦੀ ਮਿਹਰਬਾਨੀ ਤੇ ਪ੍ਰੇਰਨਾ ਨਾਲ ਅਸੀਂ ਅਸਾਨੀ ਨਾਲ ਦਸਵੀਂ ਪਾਸ ਕਰ ਗਏ।

ਮੇਰਾ ਬਾਪੂ ਤੇ ਚਾਚਾ ਸ਼ਿੰਗਾਰਾ ਸਿੰਹੁ ਦੀ ਵਾਹੀ ਸਾਂਝੀ ਸੀ। ਚਾਚਾ ਚੰਨਣ ਸਿੰਘ ਭਲਵਾਨੀ ਕਰਦਾ ਸੀ। ਛੋਟੇ ਦੋਵ੍ਹੇਂ ਚਾਚੇ ਪਿਆਰਾ ਸਿੰਘ ਤੇ ਤਾਰਾ ਸਿੰਘ ਅੱਡੋ-ਅੱਡ ਘੋੜੀ-ਟਾਂਗਾ ਵਾਹੁੰਦੇ ਸਨ। ਸਾਡੇ ਦਾਦੇ ਦੀ ਮਾਲਕੀ ਜ਼ਮੀਨ ਬਹੁਤ ਘੱਟ ਸੀ, ਸਿਰਫ਼ ਤਿੰਨ ਕਿੱਲੇ ਭੋਂ ਸੀ। ਮੁਰੱਬੇਬੰਦੀ ਹੋਈ ਤਾਂ ਦਾਦਾ ਕਹਿੰਦਾ ਸੀ ਕਿ ਰੁਪਈਆ ਮੁੱਲ ਵਾਲੀ ਜ਼ਮੀਨ ਲੈਣੀ ਆ। ਜਿਹਨਾਂ ਚਵਾਨੀ ਮੁੱਲ ਦੀ ਲੈ ਲਈ ਉਹਨਾਂ ਦੀ ਚਾਰ ਗੁਣਾ ਵਧ ਗਈ ਸੀ। ਬਾਪੂ ਹੋਰੀਂ ਹਿੱਸੇ-ਠੇਕੇ ਤੇ ਜਾਂ ਗਹਿਣੇ ਜ਼ਮੀਨ ਲੈ ਕੇ ਦੋ ਜੋਗਾਂ ਦੀ ਵਾਹੀ ਕਰਦੇ ਸਨ। ਇੱਕ ਊਠ ਤੇ ਘੋੜੀ ਵੀ ਰੱਖੇ ਹੋਏ ਸਨ। ਸਾਰੀ ਸਾਰੀ ਰਾਤ ਖੂਹ ਵਾਹੁੰਦੇ ਰਹਿੰਦੇ। ਕਦੀ ਸੂਦਾਂ ਵਾਲ਼ਾ, ਕਦੀ ਦਸੀਂਹਾਂ ਵਾਲ਼ਾ ਤੇ ਕਦੀ ਤੇਲੀਆਂ ਵਾਲ਼ਾ। ਆਪਣੀ ਜ਼ਮੀਨ ਵਾਲ਼ਾ ਖੂਹ ਲੰਮਿਆਂ ਨਾਲ ਸਾਂਝਾ ਸੀ, ਵਾਰੀ ਨਾਲ਼ ਉਹ ਵੀ ਵਾਹੁੰਦੇ ਸਨ। ਅਸੀਂ ਨਿੱਕੇ ਹੁੰਦਿਆਂ ਬੜੇ ਚਾਅ ਨਾਲ ਖੂਹ ਦੀ ਗਾਹੜੀ ਤੇ ਬਹਿ ਕੇ ਝੂਟੇ ਲਿਆ ਕਰਦੇ ਸਾਂ। ਤਾਏ ਹੋਰਾਂ ਦੀ ਵਾਹੀ ਵੱਖਰੀ ਸੀ। ਚਾਚਾ ਪ੍ਰਤਾਪ ਸਰਸੇ ਤੋਂ ਵਧੀਆਂ ਅਫ਼ੀਮ ਲਿਆਉਂਦਾ ਸੀ ਤੇ ਚਿੱਟਾ ਕੁੜਤਾ, ਚਾਦਰਾ ਤੇ ਚਿੱਟੀ ਪੱਗ ਬੰਨ੍ਹ ਕੇ ਰੋਜ਼ ਤਰਨ-ਤਾਰਨ ਜਾ ਕੇ ਪ੍ਰਚੂਨ ਗਾਹਕਾਂ ਨੂੰ ਵੇਚ ਆਉਂਦਾ ਸੀ। ਉਹਦੇ ਗਾਹਕ ਜ਼ਿਆਦਾ ਤਰ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਹੀ ਉਹਨੂੰ ਮਿਲ ਪੈਂਦੇ ਸਨ ਤੇ ਰਹਿੰਦੇ-ਖੂੰਹਦੇ ਬਜ਼ਾਰ 'ਚ ਟੱਕਰ ਜਾਂਦੇ ਸਨ। ਅਸੀਂ ਵੇਖਦੇ ਸਾਂ ਕਿ ਉਹ ਤੀਜੇ ਚੌਥੇ ਦਿਨ ਰੋਟੀ ਮੀਟ ਬਣਾ ਕੇ ਹੀ ਖਾਂਦਾ ਸੀ। ਚਾਚੇ ਮੱਸੂ ਦਾ ਸਰੀਰ ਛਮਕ ਵਰਗਾ ਪਤਲਾ ਪਰ ਸਖ਼ਤ-ਜਾਨ ਸੀ। ਉਹ ਇਕ ਚੰਗਾ ਅਥਲੀਟ ਸੀ। ਤੇਜ਼ ਦੌੜਾਂ, ਉੱਚੀ/ਲੰਮੀ ਛਾਲ਼ ਤੇ ਪੋਲ ਵਾਲ਼ਟ ਉਹਦੀਆਂ ਮਨ-ਭਾਉਂਦੀਆਂ ਖੇਡਾਂ ਸਨ। ਜਵਾਨੀ ਦੀ ਉਮਰ ਵਿੱਚ ਉਹ ਫੌਜ 'ਚ ਭਰਤੀ ਹੋ ਗਿਆ ਸੀ। ਫੌਜ ਦੀਆਂ ਖੇਡਾਂ ਵਿੱਚ ਉਹਨੇ ਕਈ ਇਨਾਮ ਜਿੱਤੇ ਤੇ ਚੰਗਾ ਨਾਮਣਾ ਖੱਟਿਆ। ਜਲਦੀ ਹੀ ਉਹਨੂੰ ਤਰੱਕੀ ਦੇ ਕੇ ਲਾਂਸ ਨਾਇਕ ਤੇ ਫਿਰ ਹੌਲ਼ਦਾਰ ਬਣਾ ਦਿੱਤਾ ਗਿਆ ਪਰ ਮੰਦੇ ਭਾਗਾਂ ਨੂੰ ਉਹ ਮਾੜੀ ਸੁਹਬਤ ਵਿੱਚ ਪੈ ਕੇ ਫੌਜ ਦੀ ਨੌਕਰੀ ਛੱਡ ਆਇਆ। ਘਰ ਆ ਕੇ ਉਹਨੇ ਓਹੀ ਵੱਡੇ ਭਰਾ ਵਾਲ਼ਾ ਧੰਦਾ ਸ਼ੁਰੂ ਕਰ ਲਿਆ ਤੇ ਕੁਝ ਸਾਲਾਂ ਬਾਅਦ ਹੀ ਉਹ ਚੜ੍ਹਾਈ ਕਰ ਗਿਆ। ਚਾਚੇ ਸੁੱਖੇ ਨੇ ਰੋਜ਼ੀ-ਰੋਟੀ ਲਈ ਟਰੱਕ-ਡਰਾਇਵਰੀ ਕੀਤੀ।

ਚਾਚੇ ਚੰਨਣ ਸਿੰਘ ਦਾ ਕਤਲ ਹੋ ਜਾਣ ਪਿੱਛੋਂ ਬਾਪੂ ਹੋਰਾਂ ਤੋਂ ਹਿੱਸੇ-ਠੇਕੇ ਤੇ ਗਹਿਣੇ ਵਾਲ਼ੀ ਜ਼ਮੀਨ ਛੁੱਟ ਗਈ। ਵਾਹੀ ਵੱਖ ਵੱਖ ਹੋ ਗਈ। ਅੱਡ ਹੋਣ ਤੋਂ ਬਾਅਦ ਸਾਡੇ ਨਾਨਕਿਆਂ ਦੀ ਮਦਦ ਨਾਲ ਬਾਪੂ ਨੇ ਸਵਾ ਤਿੰਨ ਕਿੱਲੇ ਜ਼ਮੀਨ ਜਿੰਦਰ ਸਿੰਘ ਤੋਂ ਬੈਅ ਖਰੀਦੀ ਪਰ ਇਹ 1973 ਤੱਕ ਬਰਾਨੀ ਹੀ ਰਹੀ। ਉਸ ਵੇਲ਼ੇ ਇਹ ਰੇਤਲਾ ਟਿੱਬਾ ਸੀ। ਮੇਰੀ



Scanned with OKEN Scanner

ਸੰਭਾਲ ਵਿੱਚ ਹੀ ਖੂਹਾਂ ਦੀ ਥਾਂ ਟਿਊਬ-ਵੈੱਲ ਲੱਗੇ ਹਨ। ਬਿਜਲੀ ਬੋਰਡ ਨੇ ਸਿੰਗਲ ਪੋਲ ਕੁਨੈਕਸ਼ਨ ਦੇਣ ਦੀ ਸਕੀਮ ਪਾਸ ਕੀਤੀ ਤਾਂ ਇੱਥੇ ਟਿਊਬਵੈੱਲ ਲੱਗ ਜਾਣ ਕਾਰਨ ਜਿੰਦਰ ਸਿੰਹੁ ਵਾਲੇ ਸਾਡੇ ਇਸ ਟਿੱਬੇ ਵਿਚ ਵੀ ਲਹਿਰਾਂ-ਬਹਿਰਾਂ ਹੋ ਗਈਆਂ। ਪਿੰਡ ਵਾਲੇ ਘਰ ਜੁੜਵੇਂ ਹੋਣ ਕਾਰਨ ਤੇ ਚਾਚਾ ਪਿਆਰਾ ਸਿੰਘ ਦੀ ਸ਼ਰਾਬ ਪੀ ਕੇ ਖ਼ਰੂਦ ਕਰਨ ਦੀ ਆਦਤ ਤੋਂ ਤੰਗ ਆ ਕੇ ਬਾਪੂ ਨੇ ਰਹਿਣ ਲਈ ਖੇਤਾਂ ਵਿੱਚ ਮਕਾਨ ਬਣਾ ਲਿਆ। ਵੱਡਾ ਭਰਾ ਪੂਰਨ ਸਿੰਘ ਤਾਂ ਖੇਤੀ ਦੇ ਕੰਮ 'ਚ ਬਾਪੂ ਦਾ ਸਹਾਰਾ ਬਣਿਆ ਰਿਹਾ ਪਰ ਅਸੀਂ ਤਿੰਨ ਭਰਾ ਪੜ੍ਹਾਈ ਕਰਕੇ ਨੌਕਰੀ ਤੇ ਲੱਗ ਗਏ। ਛੋਟੇ ਦੋਵ੍ਹੇਂ ਭਾਰਤੀ ਫੌਜ ਵਿੱ'ਚੋਂ ਪੈਨਸ਼ਨ ਆਏ ਹਨ ਤੇ ਖੇਤਾਂ 'ਚ ਪਾਈਆਂ ਕੋਠੀਆਂ 'ਚ ਰਹਿੰਦੇ ਹਨ ਪਰ ਵੱਡੇ ਭਾਊ ਦੇ ਬੱਚੇ ਪੜ੍ਹਾਈ ਤੇ ਰੋਜ਼ਗਾਰ ਪੱਖੋਂ ਪਛੜ ਗਏ ਹਨ।

ਸਾਡੇ ਘਰਾਂ ਤੋਂ ਅੱਗੇ ਵੱਡੀ ਚੌੜੀ ਗਲ਼ੀ 'ਚੋਂ ਇਕ ਛੋਟੀ ਤੰਗ ਜਿਹੀ ਗਲ਼ੀ ਵਿੱਚ ਮਿਸਤਰੀਆਂ, ਪ੍ਰਜਾਪਤਾਂ ਤੇ ਰਾਜਿਆਂ ਦੇ ਘਰ ਸਨ ਜੋ ਅਜੇ ਵੀ ਮੌਜੂਦ ਹਨ। ਇਹਨਾਂ ਵਿੱ'ਚੋਂ ਕੁਝ ਆਪਣਾ ਥਾਂ ਵੇਚ ਕੇ ਬਾਹਰ ਸੜਕਾਂ ਕੰਢੇ ਜਾਂ ਖੁੱਲ੍ਹੀਆਂ ਥਾਂਵਾਂ ਤੇ ਚਲੇ ਗਏ ਹਨ। ਛੋਟੀ ਗਲ਼ੀ ਵਿੱਚ ਦਾਖ਼ਲ ਹੁੰਦਿਆਂ ਖੱਬੇ ਹੱਥ ਪਹਿਲਾ ਘਰ ਬਾਪੂ ਬੰਤਾ ਸਿੰਘ ਦਾ ਹੁੰਦਾ ਸੀ। ਉਹ ਤਰਖਾਣ ਬਰਾਦਰੀ ਨਾਲ ਸਬੰਧਿਤ ਸੀ ਤੇ ਉਹਨੇ ਆਪਣੇ ਘਰ ਦੇ ਮੂਹਰਲੇ ਹਿੱਸੇ ਵਿੱਚ ਖਰਾਸ ਲਾ ਰੱਖਿਆ ਸੀ। ਇਸ ਖਰਾਸ ਤੋਂ ਲੱਗ ਭੱਗ ਅੱਧਾ ਪਿੰਡ ਆਪਣੇ ਖਾਣ ਲਈ ਬਲਦ, ਊਠ ਜਾਂ ਝੋਟੇ ਜੋੜ ਕੇ ਆਟਾ ਪੀਂਹਦਾ ਹੁੰਦਾ ਸੀ। ਅਗੇ ਮਿ: ਕਰਨੈਲ ਸਿੰਘ ਤੇ ਉਸ ਦੇ ਭਤੀਜੇ ਕਰਤਾਰ ਸਿੰਘ ਦੇ ਘਰ ਵੀ ਇਸੇ ਗਲ਼ੀ ਵਿੱਚ ਸਨ। ਦੋਵ੍ਹੇਂ ਲੁਹਾਰਾ-ਕੰਮ ਦੇ ਬੜੇ ਮਾਹਰ ਕਾਰੀਗਰ ਸਨ। ਸਾਡੀ ਪੱਤੀ ਦੇ ਬਹੁਤੇ ਘਰਾਂ ਦੀ ਸੇਪੀ ਉਹਨਾਂ ਦੋਹਾਂ ਕੋਲ ਸੀ। ਉਹ ਦਾਤਰੀਆਂ ਦੇ ਦੰਦੇ ਕੱਢਦੇ, ਰੰਬੇ ਕਹੀਆਂ, ਟੋਕੇ ਚੰਡਦੇ, ਭੱਠੀ ਤਪਾਉਂਦੇ ਤੇ ਨਵੇਂ ਸੰਦ ਬਣਾ ਕੇ ਦੇਂਦੇ ਸਨ। ਤਰਖਾਣ ਮੰਜੀਆਂ, ਪੀੜ੍ਹੀਆਂ ਠੋਕਦੇ, ਹੀਆਂ-ਸੇਰੂ ਬਦਲਦੇ, ਦੁੱਧ ਰਿੜਕਣ ਲਈ ਮਧਾਣੀਆਂ, ਨੀਂਹਾਂ ਤੇ ਘੜਵੰਜੀਆਂ ਬਣਾਉਂਦੇ, ਕਿੱਲੇ ਘੜਦੇ, ਰੰਬਿਆਂ, ਕਹੀਆਂ, ਦਾਤੀਆਂ ਨੂੰ ਦਸਤੇ ਘੜ ਕੇ ਪਾਉਂਦੇ, ਬੱਚਿਆਂ ਨੂੰ ਲੱਕੜ ਦੇ ਖਿਡੌਣੇ ਬਣਾ ਕੇ ਤੇ ਗੁੱਲੀਆਂ ਘੜ ਕੇ ਦੇਂਦੇ ਸਨ। ਜ਼ਮਾਨੇ ਚੰਗੇ ਸਨ ਤੇ ਉਹ ਲੋਕਾਂ ਦੇ ਘਰ ਜਾ ਕੇ ਵੀ ਕੰਮ ਕਰ ਆਉਂਦੇ ਸਨ। ਤਰੱਕੀ ਤੇ ਤਕਨੀਕ ਨੇ ਹੁਣ ਸਭ ਕੁਝ ਬਦਲ ਕੇ ਰੱਖ ਦਿੱਤਾ ਹੈ। ਆਪਸੀ ਪਿਆਰ ਤੇ ਭਾਈਚਾਰਾ ਦਿਨੋ ਦਿਨ ਘਟਦਾ ਜਾ ਰਿਹਾ ਹੈ।

ਪਿੰਡਾਂ ਵਿੱਚ ਬਿਜਲੀ ਦਾ ਪ੍ਰਵੇਸ਼ ਹੋਣ ਤੇ ਖੇਤੀ ਦਾ ਮਸ਼ੀਨੀਕਰਨ ਹੋਣ ਪਿੱਛੋਂ ਮਿ: ਕਰਨੈਲ ਸਿੰਘ ਨੇ ਆਪਣਾ ਕਾਰੋਬਾਰ ਅੱਪਡੇਟ ਕਰਕੇ ਬਿਜਲੀ ਦੀਆਂ ਮੋਟਰਾਂ ਤੇ ਫਿਰ ਤੂੜੀ ਵਾਲੀਆਂ ਮਸ਼ੀਨਾਂ ਬਣਾਉਣ ਦਾ ਕੰਮ ਸ਼ੁਰੂ ਕੀਤਾ। ਕਈ ਸਾਲ ਪਹਿਲਾਂ ਕਿਸੇ ਕਾਰਨ ਮਿ: ਕਰਨੈਲ ਸਿੰਘ ਸਮੇਤ ਪਰਿਵਾਰ ਫ਼ਿਰੋਜ਼ਪੁਰ ਚਲਾ ਗਿਆ ਸੀ। ਉਹਦੇ ਪੁੱਤ-ਪੋਤਰੇ ਅੱਜ ਵੀ ਉੱਥੇ ਲੱਕੜ, ਲੋਹੇ ਤੇ ਇਮਾਰਤਸਾਜ਼ੀ ਦੇ ਕੰਮ ਵਿੱਚ ਰੋਟੀ-ਰੋਜ਼ੀ ਕਮਾ ਕੇ



Scanned with OKEN Scanner

ਵਧੀਆ ਜੀਵਨ ਬਸਰ ਕਰ ਰਹੇ ਹਨ। ਉਸ ਦਾ ਇੱਕ ਪੋਤਰਾ ਸ਼ਹਿਰ ਵਿੱਚ ਉੱਚ ਦਰਜੇ ਦਾ ਵਕੀਲ ਹੈ ਤੇ ਦੂਜਾ ਸਵਰਾਜ ਮਾਜ਼ਦਾ ਟਰੈਕਟਰ ਫ਼ੈਕਟਰੀ ਮੋਹਾਲੀ ਵਿਖੇ ਮਕੈਨੀਕਲ ਇੰਜੀਨੀਅਰ ਹੈ। ਮਿਸਤਰੀ ਕਰਤਾਰ ਸਿੰਘ ਹੱਦ ਦਰਜੇ ਦਾ ਸਿਆਣਾ ਕਾਰੀਗਰ ਸੀ। ਜਦੋਂ ਕਣਕ ਦੀ ਵਾਢੀ ਹੱਥਾਂ ਨਾਲ ਕੀਤੀ ਜਾਂਦੀ ਸੀ ਤਾਂ ਉਹਦੇ ਹੱਥ ਦੀਆਂ ਬਣੀਆਂ ਦਾਤਰੀਆਂ ਮਸ਼ਹੂਰ ਸਨ। ਉਹਨੇ ਪਿੰਡ ਵਾਲ਼ੀ ਰੋਹੀ ਤੇ ਲੋਹੇ ਦੇ ਗਾਡਰਾਂ ਨਾਲ ਇੱਕ ਪੁਲ਼ ਬਣਾਇਆ ਸੀ ਜੋ ਕਈ ਸਾਲ ਸਹੀ-ਸਲਾਮਤ ਚੱਲਦਾ ਰਿਹਾ। ਹੜ੍ਹ ਦੇ ਪਾਣੀ ਨਾਲ ਇੱਕ ਬੁਰਜੀ ਢਹਿ ਜਾਣ ਤੇ ਉਹਨਾਂ ਦੇ ਲੜਕੇ ਬਲਦੇਵ ਸਿੰਘ ਨੇ ਦੁਬਾਰਾ ਜੋੜ ਲਾ ਕੇ ਉਹ ਪੁਲ਼ ਚੱਲਦਾ ਕੀਤਾ ਤੇ ਬੇਹ ਨੂੰ ਜਾਣ ਵਾਲੇ ਪੁਲ਼ ਦੀ ਵੀ ਮੁਰੰਮਤ ਕਰਕੇ ਦੁਬਾਰਾ ਚਾਲੂ ਕੀਤਾ ਸੀ।

ਇਸੇ ਗਲ਼ੀ ਵਿੱਚ ਤਾਇਆ ਭਾਨ ਸਿੰਘ ਤੇ ਮੱਖਣ ਸਿੰਘ ਤਰਖਾਣ ਦੇ ਘਰ ਵੀ ਸਨ। ਦੋਵੇਂ ਸਿਆਣੇ ਕਾਰੀਗਰ ਤਰਖਾਣਾ ਕੰਮ ਕਰਦੇ ਸਨ ਤੇ ਕਿਸਾਨ ਘਰਾਂ ਦੀ ਸੇਪ ਵੀ ਕਰਦੇ ਸਨ। ਤਾਏ ਭਾਨ ਸਿੰਘ ਦੇ ਵੱਡੇ ਲੜਕੇ ਗੱਜਣ ਸਿੰਘ ਨੇ ਪਹਿਲਾਂ ਫ਼ੌਜ ਦੀ ਨੌਂਕਰੀ ਕੀਤੀ ਤੇ ਫਿਰ ਮਕਾਨ-ਉਸਾਰੀ ਦੇ ਕੰਮ 'ਚ ਪੈ ਗਿਆ। ਅੱਗੋਂ ਉਹਦੇ ਮੁੰਡੇ ਵੀ ਲੱਕੜ ਤੇ ਮਕਾਨ-ਉਸਾਰੀ ਦੇ ਕੰਮ ਵਿੱਚ ਪ੍ਰਬੀਨ ਹਨ। ਵਿਚਲਾ ਅਮਰੀਕ ਮੇਰਾ ਜਮਾਤੀ ਸੀ। ਦਸਵੀਂ ਕਰਕੇ ਉਹ ਆਪਣੇ ਕੰਮ ਵਿੱਚ ਪੈ ਗਿਆ ਤੇ ਵਿਆਹ ਪਿੱਛੋਂ ਉਹ ਵੀ ਫ਼ਿਰੋਜ਼ਪੁਰ ਚਲੇ ਗਿਆ ਸੀ। ਸਭ ਤੋਂ ਛੋਟਾ ਅਜੀਤ ਸਿੰਘ ਸਵਰਗਵਾਸ ਹੋ ਗਿਆ ਹੈ ਤੇ ਅਗਾਂਹ ਉਹਦੇ ਮੁੰਡੇ ਹੁਣ ਉਸਾਰੀ-ਮਿਸਤਰੀ ਵਜੋਂ ਕੋਠੀਆਂ ਬਣਾਉਣ ਦੇ ਠੇਕੇ ਲੈਂਦੇ ਹਨ।

ਮਸ਼ੀਨੀ ਯੁੱਗ ਸ਼ੁਰੂ ਹੋਣ ਨਾਲ ਬਾਬੇ ਬੰਤਾ ਸਿੰਘ ਦਾ ਖਰਾਸ ਜਾਂਦਾ ਰਿਹਾ ਤੇ ਭੀੜੀ ਗਲ਼ੀ ਦੇ ਬਾਹਰ ਸੱਜੇ ਹੱਥ ਕਸ਼ਮੀਰ ਸਿੰਘ ਪ੍ਰਜਾਪਤ ਨੇ ਚੱਕੀ ਲਾ ਲਈ। ਪੱਤੀ ਦੇ ਲੋਕ ਇਸ ਚੱਕੀ ਤੋਂ ਆਟਾ ਪਿਸਾਉਂਦੇ, ਰੂੰ ਪਿੰਜਾਉਂਦੇ ਤੇ ਚੌਲ਼ ਛੜਾਉਂਦੇ ਆ ਰਹੇ ਹਨ। ਇੱਥੇ 'ਚੌਂਕ ਵਿੱਚ ਪੱਤੀ ਦੀ ਸਾਂਝੀ ਸੱਥ ਵਿੱਚ ਬਾਰਾਂਦਰੀ ਭਾਵ ਵੱਡਾ ਖੁੱਲ੍ਹਾ ਬਰਾਂਡਾ ਬਣਿਆ ਹੋਇਆ ਹੈ। ਇਸ ਦੇ ਬਾਹਰ ਲੱਕੜ ਦਾ ਵੱਡਾ ਖੁੰਢ ਤੇ ਅੰਦਰ ਇਕ ਵੱਡ-ਅਕਾਰੀ ਲੱਕੜ ਦਾ ਤਖ਼ਤਪੋਸ਼ ਰੱਖਿਆ ਹੁੰਦਾ ਸੀ। ਇਸ ਤਖ਼ਤਪੋਸ਼ ਤੇ ਬਹਿ ਕੇ ਪਿੰਡ ਦੇ ਸਿਆਣੇ ਲੋਕ ਆਪਣੇ ਕੰਮਾਂ-ਕਾਰਾਂ ਤੋਂ ਵਿਹਲੇ ਹੋ ਕੇ ਗੱਪ-ਸ਼ੱਪ ਮਾਰਦੇ, ਦੁਪਹਿਰਾ ਕੱਟਦੇ ਤੇ ਤਾਸ਼ ਖੇਡਦੇ ਸਨ। ਮੈਂ ਛੋਟੇ ਹੁੰਦਿਆਂ ਚਾਚਾ ਸ਼ਿੰਗਾਰਾ ਸਿੰਹੁ, ਚਾਚਾ ਪ੍ਰੀਤਮ ਸਿੰਘ, ਜੀਤ ਸਿੰਘ, ਬਹਾਲ ਸਿੰਘ, ਕਸ਼ਮੀਰ ਸਿੰਘ (ਸ਼ਮੀਰਾ) ਸਾਰੇ ਪ੍ਰਜਾਪਤਾਂ ਨੂੰ ਤਾਸ਼ ਖੇਡਦੇ ਤੇ ਹਾਸਾ-ਠੱਠਾ ਕਰਦੇ ਵੇਖਦਾ ਰਿਹਾ ਹਾਂ। ਸ੍ਰ ਸੂਰਤਾ ਸਿੰਘ ਸ਼ਾਹ ਹੋਰਾਂ ਦਾ ਰਿਸ਼ਤੇਦਾਰ ਪ੍ਰੀਤਮ ਸਿੰਘ ਵੀ ਇਸ ਤਾਸ਼ ਖੇਡਣ ਵਾਲ਼ੀ ਢਾਣੀ 'ਚ ਸ਼ਾਮਲ ਹੁੰਦਾ ਸੀ। ਖੱਬੇ ਹੱਥ ਨੂੰ ਮੁੜਦੀ ਗਲ਼ੀ ਵਿੱਚ ਗੁਰਚਰਨ ਸਿੰਘ ਸ਼ਾਹ ਹੋਰਾਂ ਦੇ ਪੱਕੇ ਘਰ ਸਨ। ਨਾਲ ਬਲ਼ੀਏ ਕਿਆਂ ਦੇ ਵੀ ਸਨ। ਦੋ ਘਰ ਪ੍ਰਜਾਪਤਾਂ ਦੇ ਇਸ ਗਲ਼ੀ ਵਿੱਚ ਵੀ ਸਨ। ਸੱਜੇ ਹੱਥ ਨੂੰ ਮੁੜ ਕੇ ਇਕ ਚੌੜੀ ਗਲ਼ੀ



Scanned with OKEN Scanner

ਨਾਹਰਾਂ ਦੀ ਪੱਤੀ ਵਿੱਚ ਦੀ ਹੁੰਦੀ ਹੋਈ ਲਹਿੰਦੇ ਬੰਨੇ ਬਾਹਰਲੀ ਫਿਰਨੀ ਤੇ ਜਾ ਚੜ੍ਹਦੀ ਹੈ।

ਬੰਤਾ ਸਿੰਘ ਦੇ ਖਰਾਸ ਲਾਗੋਂ ਲੰਘ ਕੇ ਇਕ ਗਲ਼ੀ ਅੱਗੇ ਘਣੀਏ ਕੀ ਪੱਤੀ ਵੱਲ ਜਾ ਨਿੱਕਲਦੀ ਹੈ। ਇਸ ਗਲ਼ੀ ਦੇ ਅਗਲੇ ਹਿੱਸੇ ਵਿੱਚ ਚੜ੍ਹਦੇ ਪਾਸੇ ਗੰਡਾ ਸਿੰਘ ਪਰਜਾਪਤ ਦਾ ਘਰ ਤੇ ਦੁਕਾਨ ਹੁੰਦੀ ਸੀ। ਉਹ ਦੁਕਾਨ ਦੇ ਨਾਲ ਵਪਾਰ ਵੀ ਕਰਦਾ ਸੀ। ਉਹਦੇ ਨਾਲ ਜੁੜਵਾਂ ਵੀਰ ਸਿੰਘ ਚੂੰਢੀ ਤੇ ਚੀਨੀਏ ਦਾ ਘਰ ਸੀ। ਪਿਛਲੇ ਪਾਸੇ ਸਾਡੀ ਪੱਤੀ ਦੇ ਪੈਂਚਾਂ ਦੇ ਘਰ ਸਨ। ਗੰਡਾ ਸਿੰਘ ਦੇ ਘਰ ਦੇ ਸਾਹਮਣੇ ਖੁੱਲ੍ਹੇ ਅਹਾਤੇ ਦੇ ਪਿੱਛੇ ਸੂਬੇਦਾਰਾਂ ਦੇ ਪੱਕੀਆਂ ਡਿਓਢੀਆਂ ਵਾਲੇ ਘਰ ਸਨ। ਉਹਨਾਂ ਤੋਂ ਅੱਗੇ ਚੌਲ ਖਾਨਿਆਂ ਦੇ ਘਰ ਸ਼ੁਰੂ ਹੋ ਜਾਂਦੇ ਸਨ। ਇਧਰ ਕਸ਼ਮੀਰ ਸਿੰਘ ਪ੍ਰਜਾਪਤ ਦੇ ਮੁੰਡਿਆਂ 'ਚੋਂ ਇਕ ਨੇ ਖੱਚਰ-ਰਿਹੜਾ ਬਣਾ ਲਿਆ ਤੇ ਦੂਜੇ ਨੇ ਦੁਕਾਨ ਪਾ ਲਈ ਸੀ। ਉਹਨਾਂ ਦੀ ਅਗਲੀ ਪੀੜ੍ਹੀ ਹੁਣ ਲੱਕੜ ਤੇ ਉਸਾਰੀ-ਮਿਸਤਰੀ ਦੇ ਕੰਮਾਂ ਵਿੱਚ ਨਿਪੁੰਨ ਹੋ ਗਈ ਹੈ। ਉਹ ਵਧੀਆ ਫ਼ਰਨੀਚਰ ਬਣਾਉਂਦੇ ਤੇ ਕੋਠੀਆਂ ਉਸਾਰਦੇ ਹਨ।

ਸੱਥ ਵਾਲ਼ੀ ਖੁੱਲ੍ਹੀ ਗਲ਼ੀ ਦੇ ਖੱਬੇ ਪਾਸੇ ਪ੍ਰਜਾਪਤਾਂ ਦੇ ਘਰ ਹਨ। ਸੱਥ ਦੇ ਸਾਹਮਣੇ ਰਹਿੰਦਾ ਬਾਪੂ ਸੋਹਣ ਸਿੰਘ (ਚਾਚੇ ਪ੍ਰੀਤਮ ਸਿੰਘ ਹੋਰਾਂ ਦਾ ਬਾਪ) ਕਿਸੇ ਵੇਲ਼ੇ ਮਿੱਟੀ ਦੇ ਬੜੇ ਸੋਹਣੇ ਭਾਂਡੇ ਬਣਾਉਂਦਾ ਹੁੰਦਾ ਸੀ। ਉਸ ਸਮੇਂ ਲੋਕ ਬਹੁਤੇ ਮਿੱਟੀ ਦੇ ਭਾਂਡੇ ਚਾਟੀਆਂ, ਕਾੜ੍ਹਨੇ, ਸ਼ਿਕਾਲੇ, ਕੁੱਜੇ, ਕੂੰਡੇ, ਪਿਆਲੇ, ਤੌੜੀਆਂ, ਚੱਪਣੀਆਂ ਆਦਿ ਵਰਤਦੇ ਸਨ। ਬਾਪੂ ਸੋਹਣ ਸਿੰਘ ਦੇ ਸੰਸਾਰ ਤੋਂ ਤੁਰ ਜਾਣ ਪਿੱਛੋਂ ਮਿੱਟੀ ਦੇ ਭਾਂਡਿਆਂ ਦਾ ਯੁੱਗ ਵੀ ਬੀਤ ਗਿਆ। ਉਹਦੇ ਮੁੰਡਿਆਂ 'ਚੋਂ ਛੋਟਾ ਗੁਰਦੀਪ (ਦੀਪਾ) ਗੁਜ਼ਰ ਗਿਆ ਸੀ, ਉਹਦੇ ਮੁੰਡੇ ਕੰਮ ਸਿੱਖ ਕੇ ਹੁਣ ਕਾਰੀਗਰ ਬਣ ਗਏ ਹਨ। ਚਾਚਾ ਪ੍ਰੀਤਮ ਸਿੰਘ ਤੇ ਜੀਤ ਸਿੰਘ ਨੇ ਵਪਾਰ ਸ਼ੁਰੂ ਕਰ ਲਿਆ ਸੀ। ਜੱਟਾਂ ਦੀ ਜਿਣਸ ਵਾਧੂ ਹੋਣ ਲੱਗ ਪਈ ਸੀ ਤੇ ਛੋਟੇ ਕਿਸਾਨ ਜਿਣਸ ਸ਼ਹਿਰ ਵੇਚਣ ਦੀ ਥਾਂ ਇੱਥੇ ਹੀ ਵੇਚ ਦੇਂਦੇ ਸਨ। ਕਣਕ, ਛੋਲੇ, ਸਰ੍ਹੋਂ, ਤੋਰੀਆ, ਕਪਾਹ, ਮੱਕੀ ਆਦਿ ਪ੍ਰੀਤਮ ਸਿੰਘ ਹੋਰੀਂ ਘਰੋਂ ਹੀ ਤੋਲ ਕੇ ਲੈ ਜਾਂਦੇ ਤੇ ਘਰ ਹੀ ਪੈਸੇ ਦੇ ਜਾਂਦੇ ਸਨ। ਸ਼ਹਿਰ ਦੀ ਮੰਡੀ ਚਾਲੂ ਹੋਣ ਬਾਅਦ ਜਦੋਂ ਵਪਾਰ ਦਾ ਕੰਮ ਘਟਿਆ ਤਾਂ ਉਹਨਾਂ ਖੱਚਰ-ਰਿਹੜੇ ਬਣਾ ਲਏ। ਚਾਚੇ ਧਰਮ ਸਿੰਘ ਤੇ ਹਰਨਾਮ ਸਿੰਘ ਰਾਜੇ ਦਾ ਘਰ ਵੀ ਇਸੇ ਗਲ਼ੀ ਵਿੱਚ ਸੀ। ਚਾਚਾ ਧਰਮ ਸਿੰਘ ਹਰ ਗਮੀ-ਖ਼ੁਸ਼ੀ ਦੇ ਮੌਕੇ ਲੋੜ ਵਾਲੇ ਘਰ ਪਹੁੰਚ ਜਾਂਦਾ ਤੇ ਖਾਣੇ ਦਾ ਪ੍ਰਬੰਧ ਕਰਨ 'ਚ ਰੁੱਝ ਜਾਂਦਾ ਸੀ। ਇਹ ਸਭ ਬੀਤੇ ਦੀਆਂ ਗੱਲਾਂ ਹਨ। ਹੁਣ ਇਹਨਾਂ ਘਰਾਂ 'ਚੋਂ ਪ੍ਰੀਤਮ ਸਿੰਘ ਦਾ ਲੜਕਾ ਜਗੀਰ ਸਿੰਘ ਡੀਪੂ ਹੋਲਡਰ ਹੈ, ਵੱਡਾ ਪੱਟੀ ਜਾ ਵੱਸਿਆ ਸੀ ਤੇ ਛੋਟਾ ਗੁਜ਼ਰ ਗਿਆ ਹੈ। ਅਜੀਤ ਸਿੰਘ ਦਾ ਇਕ ਮੁੰਡਾ ਮੰਗਤ ਸਿੰਘ ਗ੍ਰੰਥੀ ਸਿੰਘ ਵਜੋਂ ਸੇਵਾ ਨਿਭਾ ਰਿਹਾ ਹੈ।

ਇਸੇ ਗਲ਼ੀ ਵਿੱਚ, ਅੱਗੇ ਜਾ ਕੇ, ਇੱਕ ਗੱਜਣ ਸਿੰਘ ਦੀ ਦੁਕਾਨ ਹੁੰਦੀ ਸੀ। ਉਹ



Scanned with OKEN Scanner

ਪ੍ਰਜਾਪਤ ਬਰਾਦਰੀ ਨਾਲ ਸਬੰਧ ਰੱਖਦਾ ਸੀ। ਪੁਰਾਣੇ ਵੇਲ਼ਿਆਂ 'ਚ ਲੋਕ ਹੱਟੀ ਭੱਠੀ ਤੋਂ ਸੌਦਾ ਨਕਦ ਘੱਟ ਤੇ ਜਿਣਸ ਦੇ ਕੇ ਬਹੁਤਾ ਖ਼ਰੀਦਦੇ ਸਨ। ਕਣਕ-ਛੋਲੇ, ਜਵਾਰ, ਬਾਜਰਾ, ਮੱਕੀ ਜਾਂ ਕਪਾਹ ਝੋਲ਼ੀ ਵਿੱਚ ਪਾ ਕੇ ਲੈ ਜਾਂਦੇ ਸਨ ਤੇ ਲੋੜੀਂਦਾ ਸੌਦਾ ਲੈ ਆਉਂਦੇ ਸਨ। ਉਹਦੀ ਹੱਟੀ ਦੇ ਮੂਹਰਲੇ ਪਾਸੇ ਗਲ਼ੀ ਦੇ ਨਾਲ ਹੀ ਚਾਚੀ ਸਵਰਨੋਂ ਭੱਠੀ ਤਾਇਆ ਕਰਦੀ ਸੀ। ਨਿੱਕੇ ਹੁੰਦੇ ਅਸੀਂ ਉਹਦੀ ਭੱਠੀ ਤੋਂ ਦਾਣੇ ਭੁੰਨਾਇਆ ਕਰਦੇ ਸਾਂ। ਗੱਭਰੂ ਮੁੰਡੇ ਤੇ ਮੁਟਿਆਰਾਂ ਰੋਜ਼ ਸ਼ਾਮ ਵੇਲੇ ਦਾਣੇ ਭੁੰਨਾਉਣ ਲਈ ਚਾਚੀ ਸਵਰਨੋ ਨੂੰ ਘੇਰਾ ਪਾਈ ਰੱਖਦੇ ਸਨ। ਰਾਤ ਪੈਂਦੀ ਤਾਂ ਚਾਚੀ ਸਵਰਨੋ ਕੜਾਹੀ ਠੰਢੀ ਕਰਕੇ ਘਰ ਨੂੰ ਟਿਭ ਜਾਂਦੀ ਪਰ ਮੁੰਡੀਹਰ ਅੱਧੀ ਅੱਧੀ ਰਾਤ ਤੱਕ ਭੱਠੀ ਤੇ ਬੈਠੀ ਗੱਪਾਂ ਮਾਰਦੀ ਤੇ ਬਾਤਾਂ ਪਾਉਂਦੀ, ਸਾਰੇ ਪਿੰਡ ਦਾ ਤਬਸਰਾ ਕਰਦੀ ਰਹਿੰਦੀ ਸੀ। ਕਈ ਸਾਲ਼ ਪਹਿਲਾਂ ਇਹ ਹੱਟੀ ਛੱਡ ਕੇ ਗੱਜਣ ਸਿੰਘ ਪਤਾ ਨਹੀਂ ਕਿਧਰ ਚਲਾ ਗਿਆ ਸੀ ਤੇ ਚਾਚੀ ਸਵਰਨੋ ਦੀ ਮੌਤ ਹੋ ਜਾਣ ਨਾਲ਼ ਹੀ ਉਹਦੀ ਭੱਠੀ ਦਾ ਵੀ ਭੋਗ ਪੈ ਗਿਆ ਸੀ।

ਇਸ ਗਲ਼ੀ 'ਚ ਅੱਗੇ ਜਾ ਕੇ ਦਿਆਲ ਸਿੰਘ ਸ਼ਾਹ ਤੇ ਗੁਰਬਖ਼ਸ ਸਿੰਘ ਸ਼ਾਹ ਦੇ ਪੱਕੇ ਮਕਾਨਾਂ ਅੱਗੇ ਡਿਓਢੀਆਂ ਬਣੀਆਂ ਹੋਈਆਂ ਸਨ। ਥੋੜ੍ਹਾ ਅੱਗੇ ਇੱਕ ਪਾਸੇ ਲੰਮਿਆਂ ਦੇ ਪੱਕੀ ਇੱਟ ਦੇ ਚੁਬਾਰੇ ਤੇ ਦੂਜੇ ਪਾਸੇ ਹਵੇਲੀ ਵਾਲਿਆਂ ਦੇ ਚਾਰ-ਪੰਜ ਘਰ ਸਨ। ਮਹਿੰਦਰ ਸਿੰਘ ਤੇ ਜੋਗਿੰਦਰ ਸਿੰਘ ਪੁੱਤਰਾਨ ਹਜ਼ਾਰਾ ਸਿੰਘ ਲੰਮਾ ਨੇ ਵਾਹੀ-ਖੇਤੀ ਵਿਚ ਖ਼ੂਬ ਕਮਾਈ ਕੀਤੀ ਅਤੇ ਆਪਣੀ ਜ਼ਮੀਨ-ਜਾਇਦਾਦ ਵਿਚ ਚੋਖਾ ਵਾਧਾ ਕੀਤਾ। ਉਨ੍ਹਾਂ ਦੀ ਅਗਲੀ ਪੀੜ੍ਹੀ ਵੀ ਉਹਨਾਂ ਦੇ ਪਦ ਚਿੰਨ੍ਹਾਂ 'ਤੇ ਚੱਲ ਰਹੀ ਹੈ। ਇੱਕ ਦੋ ਬੱਚੇ ਵਿਦੇਸ਼ ਚਲੇ ਗਏ ਹਨ ਤੇ ਦੂਸਰੇ ਇੱਥੇ ਮਿਹਨਤ ਕਰਕੇ ਤਰੱਕੀ ਕਰ ਰਹੇ ਹਨ। ਇਸ ਪਰਿਵਾਰ 'ਚੋਂ ਸਕੱਤਰ ਸਿੰਘ ਪੁੱਤਰ ਸ੍ਰ. ਅਜੀਤ ਸਿੰਘ ਲੰਮੇ ਦਾ ਜ਼ਿਕਰ ਪਹਿਲਾਂ ਹੋ ਚੁਕਾ ਹੈ। ਇਹ ਸਾਰੇ ਹੁਣ ਆਪੋ-ਆਪਣੇ ਖੇਤਾਂ ਦੀਆਂ ਬਹਿਕਾਂ ਤੇ ਆਧੁਨਿਕ ਡਿਜ਼ਾਈਨ ਦੀਆਂ ਸੁੰਦਰ ਕੋਠੀਆਂ ਜਾਂ ਸੋਹਣੇ ਪੱਕੇ ਮਕਾਨ ਪਾਈ ਬੈਠੇ ਹਨ। ਸੱਜੇ ਪਾਸੇ ਨਾਹਰਾਂ ਦੀ ਪੱਤੀ ਸ਼ੁਰੂ ਹੋ ਜਾਂਦੀ ਹੈ। ਦਹਾਕੇ ਪਹਿਲਾਂ ਸਾਡੀ ਪੱਤੀ ਵਾਲੇ ਸ਼ਮਸ਼ਾਨ-ਘਾਟ ਦੇ ਸਾਹਮਣੇ ਨਾਹਰਾਂ ਦੀ ਪੱਤੀ ਵੱਲ ਖੁੱਲ੍ਹੀ ਥਾਂ ਤੇ ਇਕ ਵੱਡਾ ਸਾਰਾ ਬੋਹੜ ਹੁੰਦਾ ਸੀ। ਪੱਤੀ ਦੇ ਕਈ ਘਰਾਂ ਦੇ ਪਸ਼ੂ ਇਸ ਬੋਹੜ ਦੀ ਛਾਂ ਹੇਠ ਬੱਝਦੇ ਸਨ ਤੇ ਅਸੀਂ ਛੋਟੇ ਹੁੰਦਿਆਂ ਇਸ ਬੋਹੜ ਹੇਠ ਬਾਰਾਂ ਟਾਂਕੂ ਤੇ ਬਾਂਦਰ ਕਿੱਲਾ ਖੇਡਦੇ ਹੁੰਦੇ ਸਾਂ। ਬੋਹੜ ਦੇ ਸਾਹਮਣੇ ਕਾਮਰੇਡ ਜੋਗਿੰਦਰ ਸਿੰਘ ਤੇ ਮਹਿੰਦਰ ਸਿੰਘ ਪ੍ਰਜਾਪਤ ਦੋਵ੍ਹਾਂ ਦੇ ਘਰ ਹਨ। ਬਾਅਦ ਵਿੱਚ ਇਹ ਬੋਹੜ ਪਤਾ ਨਹੀਂ ਕਿਸ ਕੁਲਹਿਣੇ ਨੇ ਵੱਢ ਦਿੱਤਾ।

ਸੱਥ ਦੇ ਸਾਹਮਣੇ ਥੜ੍ਹੇ ਤੇ ਖੁੱਲ੍ਹੀ ਥਾਂ ਤੇ ਅਸੀਂ ਛੋਟੇ ਹੁੰਦੇ ਬੰਟੇ ਖੇਡਦੇ ਹੁੰਦੇ ਸਾਂ ਜਾਂ ਚੰਨ-ਚਾਨਣੀਆਂ ਰਾਤਾਂ ਵਿੱਚ ਲੁਕਣ-ਮੀਟੀ, ਪਿੱਠੂ ਗਰਮ, ਪੂਣ-ਸਲਾਈ ਤੇ ਕੱਟੇ-ਕੱਟੀਆਂ ਦੀ ਖੇਡ ਖੇਡਿਆ ਕਰਦੇ ਸਾਂ ਜਾਂ ਸ਼ਾਮ ਨੂੰ ਪਿੰਡ ਦੀਆਂ ਨਿਆਈਂਆਂ ਵਿੱਚ



Scanned with OKEN Scanner

ਖਿੱਦੋ-ਖੂੰਡੀ ਖੇਡ ਲੈਂਦੇ ਸਾਂ। 1960-61 ਦੇ ਨੇੜੇ ਪਿੰਡ 'ਚ ਕੇਵਲ ਪ੍ਰਾਇਮਰੀ ਸਕੂਲ ਹੀ ਹੁੰਦਾ ਸੀ ਜੋ ਹੁਣ ਵਾਲੇ ਸੈਕੰਡਰੀ ਸਕੂਲ ਵਾਲੀ ਥਾਂ ਤੇ ਸੀ। ਪਿਛਲੇ ਪਾਸੇ ਇਕ ਲਾਈਨ ਵਿੱਚ ਚਾਰ ਕੁ ਕਮਰੇ ਹੁੰਦੇ ਸਨ ਤੇ ਸਾਹਮਣੇ ਖੁੱਲ੍ਹਾ ਵਿਹੜਾ। ਵਿਹੜੇ ਵਿੱਚ ਹਰ ਸਿਆਲ ਕਿਆਰੀਆਂ ਵਿੱਚ ਤਿੰਨ-ਚਾਰ ਫੁੱਟ ਉੱਚੇ ਸੰਘਣੇ ਫੁੱਲ ਖਿੜੇ ਰਹਿੰਦੇ ਸਨ ਪਰ ਗਰਮੀਆਂ 'ਚ ਉੱਥੇ ਕੋਈ ਫੁੱਲ ਨਾ ਹੁੰਦਾ। ਕਈ ਵਾਰ ਅਸੀਂ ਇਹਨਾਂ ਫੁੱਲਾਂ ਦੇ ਓਹਲੇ ਆਪਣੇ ਉਸਤਾਦਾਂ ਦੀਆਂ ਨਜ਼ਰਾਂ ਤੋਂ ਛਿਪ ਕੇ ਬਹਿੰਦੇ, ਪੜ੍ਹਦੇ ਤੇ ਸ਼ਰਾਰਤਾਂ ਕਰਦੇ ਸਾਂ। ਮਾਸਟਰ ਠਾਕਰ ਸਿੰਘ ਤੇ ਮਾਸਟਰ ਤਾਰਾ ਸਿੰਘ ਸਾਡੇ ਪਿੰਡ ਦੇ ਅਧਿਆਪਕ ਸਨ ਜੋ ਆਪਣੇ ਪਿੰਡ ਦੀ ਨਵੀਂ ਪਨੀਰੀ ਨੂੰ ਗਿਆਨ ਦਾ ਚਾਨਣ ਵੰਡਦੇ ਸਨ। ਮਾਸਟਰ ਰਾਮ ਸਿੰਘ ਚੱਕ ਵਾਲੇ ਤੇ ਮਾਸਟਰ ਕਰਮ ਸਿੰਘ ਪਲਾਸੌਰ ਵਾਲੇ ਵੀ ਕੁਝ ਸਮਾਂ ਇਸ ਸਕੂਲ ਵਿੱਚ ਪੜ੍ਹਾਉਂਦੇ ਰਹੇ ਸਨ। ਇਹ ਚਾਰੇ ਅਧਿਆਪਕ ਚਿੱਟਾ ਕੁੜਤਾ, ਚੂੜੀਦਾਰ ਚਿੱਟਾ ਪਜਾਮਾ ਤੇ ਚਿੱਟੀ ਪੱਗ ਬੰਨ੍ਹਦੇ ਸਨ। ਮਾਸਟਰ ਕਰਮ ਸਿੰਘ ਤੇ ਰਾਮ ਸਿੰਘ ਦੋਵ੍ਹੇਂ ਸਾਈਕਲ ਤੇ ਸਕੂਲ ਆਉਂਦੇ ਸਨ ਇਸ ਕਾਰਨ ਉਹਨਾਂ ਨੇ ਆਪਣੇ ਪਜਾਮੇ ਦੇ ਸੱਜੇ ਪਹੁੰਚੇ ਨੂੰ ਸਟੀਲ ਦੀ ਪਤਲੀ ਜਿਹੀ ਪੱਤਰੀ ਦਾ ਰਿੰਗ ਪਾਇਆ ਹੁੰਦਾ ਸੀ ਤਾਂ ਕਿ ਪਜਾਮਾ ਸਾਈਕਲ ਦੀ ਚੇਨ 'ਚ ਫਸ ਕੇ ਪਾਟ ਨਾ ਜਾਵੇ। ਮਾਸਟਰ ਮਨੋਹਰ ਲਾਲ ਜੀ ਸ਼ਹਿਰੋਂ ਆਉਂਦੇ ਸਨ। ਉਹਨਾਂ ਨੇ ਖੁੱਲ੍ਹੀ ਜਿਹੀ ਪੈਂਟ ਤੇ ਸ਼ਰਟ ਪਾਈ ਹੁੰਦੀ ਸੀ। ਉਹਨੂੰ ਸਾਰੇ 'ਤੁਰਲੇ ਵਾਲਾ ਮਾਸਟਰ' ਕਹਿੰਦੇ ਸਨ ਕਿਉਂਕਿ ਉਹ ਆਪਣੇ ਸਿਰ ਤੇ ਬੱਧੀ ਪੱਗ ਵਿੱਚ ਦੋ ਤੁਰਲੇ, ਇਕ ਹੇਠਾਂ ਲਮਕਾਉਂਦੇ ਤੇ ਦੂਜਾ ਉੱਪਰ ਵੱਲ ਖੜਾ ਕਰਦੇ ਸਨ। ਇਸ ਸਕੂਲ ਵਿੱਚ ਅਸੀਂ ਸਲੇਟਾਂ, ਫੱਟੀਆਂ, ਪੈਨਸਿਲਾਂ ਤੇ ਕਲਮ-ਦਵਾਤਾਂ ਨਾਲ ਤੱਪੜਾਂ ਤੇ ਬਹਿ ਕੇ ਪੜ੍ਹਾਈ ਕੀਤੀ ਤੇ ਅਗੋਂ ਹੋਰ ਪੜ੍ਹਾਈ ਕਰਕੇ ਸਾਡੇ 'ਚੋਂ ਬਹੁਤ ਸਾਰੇ ਸਰਕਾਰੀ ਜਾਂ ਪ੍ਰਾਈਵੇਟ ਨੌਂਕਰੀਆਂ ਪ੍ਰਾਪਤ ਕਰਨ 'ਚ ਕਾਮਯਾਬ ਹੋਏ।

ਜਦੋਂ ਅਸੀਂ ਪੰਜਵੀਂ 'ਚ ਹੋਏ ਤਾਂ ਸ੍ਰ. ਰਾਮ ਸਿੰਘ ਦੇ ਰਿਟਾਇਰ ਹੋ ਜਾਣ ਪਿੱਛੋਂ ਮਾਸਟਰ ਤੇਜਾ ਸਿੰਘ ਸਕੂਲ ਦੇ ਹੈਡ-ਮਾਸਟਰ ਬਣ ਗਏ ਸਨ। ਸਾਰੇ ਮਾਸਟਰ ਬੱਚਿਆਂ ਨੂੰ ਬੜੀ ਸਖ਼ਤੀ ਨਾਲ ਪੜ੍ਹਾਉਂਦੇ ਸਨ ਤੇ ਉਹਨਾਂ ਦਾ ਬੱਚਿਆਂ ਦੇ ਮਨ 'ਚ ਬੜਾ ਭੈਅ ਹੁੰਦਾ ਸੀ। ਮਾਸਟਰ ਜੀ ਕੁਰਸੀ ਲਿਆਉਣ ਲਈ ਇਸ਼ਾਰਾ ਕਰਦੇ ਤਾਂ ਜਮਾਤ 'ਚੋਂ ਕਈ ਜਣੇ ਭੱਜ ਤੁਰਦੇ ਸਨ। ਮਾਸਟਰ ਤੇਜਾ ਸਿੰਘ ਪਿੰਡ ਵਿੱਚ ਲੰਮਿਆਂ ਦੇ ਖ਼ਾਲੀ ਪਏ ਚੁਬਾਰਿਆਂ 'ਚ ਰਹਿੰਦੇ ਸਨ। ਰੋਜ਼ ਕੋਈ ਨਾ ਕੋਈ ਮੁੰਡਾ ਮਾਸਟਰਾਂ ਲਈ ਦੁੱਧ, ਦਹੀਂ, ਲੱਸੀ ਲਿਆ ਦੇਂਦਾ ਸੀ। ਸਿਆਲ 'ਚ ਗੰਨੇ, ਰਹੁ ਤੇ ਗੁੜ, ਮੱਕੀ ਦੀਆਂ ਛੱਲੀਆਂ, ਛੋਲੀਆ, ਮੂਲੀਆਂ, ਗਾਜਰਾਂ, ਸ਼ਲਗਮ, ਕੱਦੂ, ਕਰੇਲੇ ਜਾਂ ਸਰੋਂ ਦਾ ਸਾਗ ਵਾਧੂ ਕਰ ਛੱਡਦੇ ਸਨ। ਕੋਈ ਬਾਲਣ ਲਈ ਕਿੱਕਰਾਂ-ਟਾਹਲੀਆਂ ਛਾਂਗ ਕੇ ਛਾਪੇ ਧੂਹ ਲਿਆਉਂਦਾ ਤੇ ਕੋਈ ਮਾਸਟਰਾਂ ਦੀ ਮੱਝ-ਗਾਂ ਲਈ ਪੱਠਿਆਂ ਦੀ ਪੰਡ ਵੱਢ ਲਿਆਉਂਦਾ ਸੀ। ਫਿਰ ਵੀ ਮਾਸਟਰ



Scanned with OKEN Scanner

ਕਿਸੇ ਗ਼ਲਤੀ, ਸ਼ਰਾਰਤ ਜਾਂ ਸਕੂਲ ਦਾ ਕੰਮ ਨਾ ਕਰਨ ਕਰਕੇ ਕਿਸੇ ਦਾ ਕੋਈ ਲਿਹਾਜ਼ ਨਹੀਂ ਕਰਦੇ ਸਨ ਤੇ ਅਕਲਦਾਨ ਦੀ ਪੂਰੀ ਵਰਤੋਂ ਕਰਦੇ ਸਨ ਪਰ ਕਿਸ ਦੀ ਕੀ ਮਜਾਲ ਸੀ ਕਿ ਕੋਈ ਘਰ ਜਾ ਕੇ ਦੱਸੇ। ਜੇ ਕੋਈ ਦੱਸਦਾ ਵੀ ਸੀ ਤਾਂ ਘਰੋਂ ਹੋਰ ਜੁੱਤੀਆਂ ਪੈਂਦੀਆਂ ਸਨ। ਅੱਜ ਹਾਲਾਤ ਬਦਲ ਗਏ ਹਨ। ਕੋਈ ਮਾਸਟਰ ਕਿਸੇ ਬੱਚੇ ਦੇ ਚਪੇੜ ਮਾਰ ਦੇਵੇ ਜਾਂ ਬੱਚੇ ਨੂੰ ਫੁੱਲ-ਬੂਟੇ ਗੋਡਣ ਲਈ ਕਹਿ ਦੇਵੇ ਤਾਂ ਵੀਡੀਓ ਬਣ ਜਾਂਦੀਆਂ ਹਨ ਤੇ ਖ਼ਬਰਾਂ ਮੀਡੀਏ ਦਾ ਸ਼ਿੰਗਾਰ ਬਣ ਜਾਂਦੀਆਂ ਹਨ। ਪੜ੍ਹਾਈ ਦਾ ਪੱਧਰ ਵੀ ਹੁਣ ਓਹੋ ਜਿਹਾ ਨਹੀਂ ਰਿਹਾ।

ਪਹਿਲੀ ਤੋਂ ਦਸਵੀਂ ਤੱਕ ਜਗੀਰ ਸਿੰਘ ਪ੍ਰਜਾਪਤ, ਅਮਰੀਕ ਸਿੰਘ ਮਿਸਤਰੀ, ਦਰਸ਼ਨ ਸਿੰਘ ਰਾਮਗੜ੍ਹੀਆ, ਮੇਵਾ ਸਿੰਘ ਫੌਜੀ, ਮਲੂਕ ਸਿੰਘ ਫੌਜੀ, ਸਕੱਤਰ ਸਿੰਘ ਨੰਬਰਦਾਰਾਂ ਦਾ, ਪਾਲਾ ਜ਼ੈਲਦਾਰਾਂ ਦਾ, ਸੁਖਵੰਤ ਸਿੰਘ (ਸੁੱਖਾ) ਗੁਰਨਾਮ ਸਿੰਘ ਦਾ, ਜਗੀਰ ਸਿੰਘ ਦੋਧੀ, ਜਗੀਰ ਸਿੰਘ ਅਕਾਲੀ, ਅਜਾਇਬ ਸਿੰਘ, ਬੇਅੰਤ ਸਿੰਘ ਤੇ ਜੋਗਾ ਸਿੰਘ ਮਹਿਲਾਂ ਵਾਲ਼ਾ ਮੇਰੇ ਜਮਾਤੀ ਸਨ। ਪਰ ਦਰਸ਼ਨ ਸਿੰਘ ਨਾਲ ਮੇਰੀ ਦੋਸਤੀ 1962 ਤੋਂ ਲੈ ਕੇ ਉਹਦੇ ਸਵਰਗਵਾਸ ਹੋਣ ਤੱਕ ਜਾਰੀ ਰਹੀ। ਪੰਜਵੀਂ ਪਾਸ ਕਰਨ ਬਾਅਦ ਸਾਨੂੰ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ, ਅਗਾੜਾ-ਪਿਛਾੜਾ ਵਿਖੇ ਦਾਖ਼ਲ ਹੋਣਾ ਪਿਆ ਜਿੱਥੋਂ ਅਸੀਂ ਦਸਵੀਂ ਪਾਸ ਕੀਤੀ। ਭਾਰੇ ਬਸਤੇ ਚੁੱਕੀ ਘਰੋਂ ਤੁਰ ਕੇ ਹੀ ਅਸੀਂ ਸਕੂਲ ਜਾਇਆ ਕਰਦੇ ਸਾਂ। ਸਕੂਲ ਦਾ ਸੇਵਾਦਾਰ ਬਾਪੂ ਸਾਧਾ ਸਿੰਘ ਜਦੋਂ ਪਹਿਲੀ ਘੰਟੀ ਲਗਾਤਾਰ ਦੋ-ਚਾਰ ਮਿੰਟ ਵਜਾਉਂਦਾ ਤਾਂ ਅਵਾਜ਼ ਸੁਣ ਕੇ ਅਸੀਂ ਫ਼ੁਰਤੀ ਫੜ ਲੈਂਦੇ ਤੇ ਪੰਜਾਂ ਮਿੰਟਾਂ ਬਾਅਦ ਦੂਜੀ ਘੰਟੀ ਵੱਜ ਕੇ ਬੰਦ ਹੋਣ ਤੱਕ ਸਕੂਲ ਪਹੁੰਚ ਜਾਂਦੇ ਸਾਂ। ਸਕੂਲ ਦੇ ਚਾਰੇ ਪਾਸੇ ਗੁਲਾਬਾਸੀ (ਅੱਕ) ਦੀ ਵਾੜ ਹੁੰਦੀ ਸੀ ਜਿਸ ਦੇ ਬੂਟੇ (ਡੰਡੇ) ਸਿੱਧੇ ਪੰਜ ਛੇ ਫੁੱਟ ਲੰਬੇ ਹੁੰਦੇ ਸਨ। ਇਹ ਡੰਡੇ ਲੇਟ-ਲਤੀਫ਼ਾਂ, ਸਕੂਲ ਦਾ ਕੰਮ ਨਾ ਕਰਨ ਵਾਲਿਆਂ ਤੇ ਸ਼ਰਾਰਤਾਂ ਕਰਨ ਵਾਲਿਆਂ ਨੂੰ ਸਜ਼ਾ ਦੇਣ ਲਈ ਵਰਤੇ ਜਾਂਦੇ ਸਨ। ਹੁਣ ਸਮਾਂ ਬਦਲ ਗਿਆ ਹੈ। ਸਰਕਾਰੀ ਸਕੂਲ ਅੱਪਗ੍ਰੇਡ ਕਰਕੇ ਸੀਨੀਅਰ ਸੈਕੰਡਰੀ ਬਣਾ ਦਿੱਤਾ ਗਿਆ ਹੈ ਪਰ ਸਰਕਾਰੀ ਸਕੂਲਾਂ ਵਿੱਚ ਕੇਵਲ ਗਰੀਬ ਕਿਸਾਨਾਂ ਤੇ ਮਜ਼ਦੂਰਾਂ ਦੇ ਬੱਚੇ ਹੀ ਪੜ੍ਹਦੇ ਹਨ। ਪਿੰਡ ਦੇ ਬਾਕੀ ਸਮਰੱਥ ਘਰਾਂ ਦੇ ਬਹੁਤੇ ਬੱਚੇ ਸਕੂਲ-ਵੈਨਾਂ ਤੇ ਆਪਣੇ ਪਬਲਿਕ ਸਕੂਲਾਂ ਵਿੱਚ ਜਾਂਦੇ ਹਨ। ਮਾਪੇ ਉਹਨਾਂ ਨੂੰ ਸੋਹਣੀਆਂ ਵਰਦੀਆਂ, ਮਾਡਰਨ ਸਕੂਲ-ਬੈਗ ਦੇ ਕੇ ਟਾਈਆਂ-ਸ਼ਾਈਆਂ ਲਾ ਕੇ ਮਹਿੰਗੇ ਕਾਨਵੈਂਟ ਸਕੂਲਾਂ ਵਿੱਚ ਭੇਜਦੇ ਹਨ। ਉਹਨਾਂ ਦੇ ਮਨਾਂ 'ਚ ਆਪਣੇ ਬੱਚਿਆਂ ਦੇ ਉੱਜਲ ਭਵਿੱਖ ਬਾਰੇ ਰੰਗੀਨ ਸੁਪਨੇ ਹਨ। ਵਾਹਿਗੁਰੂ ਉਹਨਾਂ ਦੀਆਂ ਉਮੀਦਾਂ ਪੂਰੀਆਂ ਕਰੇ।

ਇਸ ਵੇਲ਼ੇ ਸਾਡੀ ਪੱਤੀ ਵਿੱਚੋਂ ਵੀ ਬਹੁਤੇ ਜੱਟਾਂ ਨੇ ਆਪਣੀ ਰਿਹਾਇਸ਼ ਖੇਤਾਂ ਵਿੱਚ ਜਾ ਬਣਾਈ ਹੈ। ਪੱਤੀ 'ਚ ਜੱਟਾਂ ਦੇ ਬਹੁਤ ਥੋੜ੍ਹੇ ਘਰ ਹੀ ਰਹਿ ਗਏ ਹਨ, ਬਾਕੀ ਸਾਰੇ ਘਰ

ਗ਼ੈਰ-ਜੱਟਾਂ ਦੇ ਹਨ। ਅਸੀਂ ਵੀ 1973 ਵਿੱਚ ਆਪਣੀ ਰਿਹਾਇਸ਼ ਬਾਹਰ ਖੇਤਾਂ ਵਿੱਚ ਲੈ ਗਏ ਸਾਂ। ਉਦੋਂ ਤੱਕ ਮੈਂ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਕਾਲਜ ਤਰਨ-ਤਾਰਨ ਤੋਂ ਫ਼ਸਟ ਯੀਅਰ (ਬਾਰ੍ਹਵੀਂ) ਪਾਸ ਕਰ ਲਈ ਸੀ। ਆਪਣੇ ਪਿੰਡ ਦੇ ਸੂਬੇਦਾਰ ਜਗੀਰ ਸਿੰਘ ਉਦੋਂ ਰਿਟਾਇਰਮੈਂਟ ਪਿੱਛੋਂ ਇਸ ਕਾਲਜ ਵਿੱਚ ਐਨ ਸੀ ਸੀ ਅਫ਼ਸਰ ਲੱਗੇ ਹੋਏ ਸਨ। ਕਾਲਜ ਜਾਣ ਲਈ ਨਵਾਂ ਸਾਈਕਲ ਮੈਂ 1970 'ਚ ਪਹਿਲੀ ਵਾਰ ਚਲਾ ਕੇ ਵੇਖਿਆ ਸੀ ਜੋ ਮੈਨੂੰ ਮਾਮਾ ਜੀ ਨੇ ਫੌਜੀ ਕੰਟੀਨ ਤੋਂ ਲਿਆ ਕੇ ਦਿੱਤਾ ਸੀ। ਸੱਚ ਤਾਂ ਇਹ ਹੈ ਕਿ ਮਾਮਾ ਜੀ ਵੱਲੋਂ ਕੀਤੀ ਮਾਇਕ ਮਦਦ ਨਾਲ ਹੀ ਮੈਂ ਦਸਵੀਂ ਤੋਂ ਬਾਅਦ ਕਾਲਜ ਦੀ ਪੜ੍ਹਾਈ ਕਰ ਸਕਿਆ ਸਾਂ। ਉਹਨਾਂ ਵੇਲ਼ਿਆਂ 'ਚ ਬੱਚਿਆਂ ਦੀ ਉਚੇਰੀ ਪੜ੍ਹਾਈ ਤੇ ਖ਼ਰਚ ਕਰਨ ਜੋਗੀ ਹਿੰਮਤ ਖੇਤੀ-ਬਾੜੀ ਤੇ ਹੋਰ ਮਿਹਨਤ ਮਜ਼ਦੂਰੀ ਕਰਨ ਵਾਲੇ ਲੋਕਾਂ 'ਚ ਨਹੀਂ ਹੁੰਦੀ ਸੀ।

ਬੀ ਏ ਭਾਗ ਪਹਿਲਾ ਪਾਸ ਕਰਨ ਪਿੱਛੋਂ ਮਾਇਕ ਤੰਗੀ ਕਾਰਨ ਮੈਂ ਪੜ੍ਹਾਈ ਜਾਰੀ ਨਾ ਰੱਖ ਸਕਿਆ। ਇੱਕ ਸਾਲ ਪਿੰਡ ਦੀਆਂ ਗਲ਼ੀਆਂ ਕੱਛੀਆਂ, ਸ਼ਰਾਬ ਕੱਢਣ ਤੇ ਪੀਣ ਵਰਗੇ ਮਾੜੇ ਕੰਮ ਕੀਤੇ। ਡੰਗਰ ਚਾਰੇ, ਖੇਤਾਂ 'ਚੋਂ ਕੱਖ-ਕੰਡਾ ਵੱਢਿਆ ਤੇ 'ਮਰੀਕੇ ਤਰਖਾਣ ਨਾਲ ਜਾ ਕੇ ਨਰਮੇ-ਕਪਾਹ ਦੇ ਖੇਤਾਂ 'ਚੋਂ ਮਧਾਣੇ ਘਾਹ ਦੀਆਂ ਪੰਡਾਂ ਖੋਤ ਕੇ ਪਸ਼ੂਆਂ ਨੂੰ ਪਾਈਆਂ। ਅਗਲੇ ਸਾਲ ਚਾਚੇ ਪਿਆਰਾ ਸਿੰਘ ਨਾਲ ਸੱਤ-ਕਵੰਜਾ ਹੋ ਗਈ ਤਾਂ ਰਾਜ਼ੀਨਾਵਾਂ ਹੋਣ ਬਾਅਦ ਮਾਮਾ ਜੀ ਦੀ ਮਦਦ ਨਾਲ ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਤੋਂ 1976 ਵਿੱਚ ਬੀ ਏ ਪਾਸ ਕੀਤੀ। ਸ੍. ਕਰਨੈਲ ਸਿੰਘ ਸੂਬੇਦਾਰ ਦੀ ਬਹਿਕ ਸਾਡੀ ਬਹਿਕ ਤੋਂ ਕਿੱਲਾ ਕੁ ਹਟਵੀਂ ਹੈ। ਉਹਨਾਂ ਦੇ ਵੱਡੇ ਲੜਕੇ ਸ੍. ਜਗਤਾਰ ਸਿੰਘ ਨੇ ਅਜੀਤ ਅਖ਼ਬਾਰ 'ਚੋਂ ਜੇ.ਬੀ.ਟੀ. ਦੇ ਕੋਰਸ ਵਿੱਚ ਦਾਖ਼ਲੇ ਦਾ ਇਸ਼ਤਿਹਾਰ ਪਾੜ ਕੇ ਮੈਨੂੰ ਦਿੱਤਾ ਤਾਂ ਵੇਰਕੇ ਤੋਂ ਦੋ ਸਾਲ ਦਾ ਟੀਚਰ ਟਰੇਨਿੰਗ ਦਾ ਕੋਰਸ ਕਰ ਲਿਆ। ਤਿੰਨ ਸਾਲ ਪ੍ਰਾਈਵੇਟ ਸਕੂਲ ਵਿੱਚ ਤੇ 31 ਸਾਲ ਸਰਕਾਰੀ ਸਕੂਲਾਂ 'ਚ ਨੌਂਕਰੀ ਕਰਕੇ ਮੈਂ 2012 ਵਿੱਚ ਰਿਟਾਇਰ ਹੋਇਆ ਹਾਂ। ਪਿਛਲੇ 36 ਸਾਲਾਂ ਤੋਂ ਮੈਂ ਭਾਵੇਂ ਤਰਨਤਾਰਨ ਸ਼ਹਿਰ 'ਚ ਰਹਿ ਰਿਹਾ ਹਾਂ ਪਰ ਪਿੰਡ ਦੀਆਂ ਗਲ਼ੀਆਂ ਅਜੇ ਵੀ ਯਾਦ ਆਉਂਦੀਆਂ ਹਨ। ਇੱਥੇ ਸ਼ਹਿਰ ਵਿੱਚ ਪਿੰਡਾਂ ਵਰਗੇ ਭਾਈਚਾਰੇ ਤੇ ਖੁੱਲ੍ਹੇ-ਪਣ ਦੀ ਅਣਹੋਂਦ ਹੈ ਪਰ ਹੁਣ ਪਿੰਡਾਂ ਤੋਂ ਸ਼ਹਿਰ ਆਏ ਕੁਝ ਸੱਜਣ ਮਿਲ ਕੇ ਅਸੀਂ ਸ਼ਹਿਰ ਵਿੱਚ ਪੇਂਡੂ ਮਹੌਲ ਸਿਰਜਣ ਦਾ ਜਤਨ ਕਰ ਰਹੇ ਹਾਂ। ਫਿਰ ਵੀ ਇਹ ਗੱਲ ਪੱਕੀ ਹੈ ਕਿ ਬੰਦਾ ਆਪਣੀ ਜੰਮਣ-ਭੋਂ ਨੂੰ ਕਦੇ ਨਹੀਂ ਭੁੱਲ ਸਕਦਾ।

❐



Scanned with OKEN Scanner

# ਵਿਦੇਸ਼ੀਂ ਰਹਿੰਦੇ ਪਿੰਡ-ਵਾਸੀਆਂ ਨੂੰ ਅਪੀਲ

ਮੈਂ ਵਿਦੇਸ਼ੀਂ ਰਹਿੰਦੇ ਪਿੰਡ ਮਾਣੋਚਾਹਲ ਦੇ ਧੀਆਂ-ਪੁੱਤਰਾਂ ਨੂੰ ਅਪੀਲ ਕਰਦਾ ਹਾਂ ਕਿ ਬਾਬੇ ਨਾਨਕ ਦੀ ਅਪਾਰ ਕਿਰਪਾ ਨਾਲ ਉਹਨਾਂ ਨੂੰ ਵਿਦੇਸ਼ਾਂ ਵਿੱਚ ਕਮਾਈ ਕਰਨ ਦਾ ਮੌਕਾ ਮਿਲਿਆ ਹੈ। ਬੇਸ਼ੱਕ ਤੁਹਾਡੀ ਘਾਲ-ਕਮਾਈ ਬੜੀ ਕਠਿਨ ਤਪੱਸਿਆ ਵਾਂਗ ਹੈ ਪਰ ਤੁਹਾਡੇ ਖ਼ੂਨ ਵਿੱਚ ਆਪਣੇ ਪਿੰਡ ਦੀ ਮਿੱਟੀ ਦੀ ਖ਼ੁਸ਼ਬੋਅ ਠਾਠਾਂ ਮਾਰਦੀ ਹੋਵੇਗੀ। ਤੁਸੀਂ ਜਿੱਥੇ ਆਪਣੀ ਘਾਲ-ਕਮਾਈ ਨਾਲ ਆਪਣੀ ਜ਼ਿੰਦਗੀ ਦੀ ਗੱਡੀ ਲੀਹ ਤੇ ਲਿਆਉਣੀ ਹੈ ਉੱਥੇ ਆਪਣੇ ਪਿੰਡ ਦੇ ਪਰਿਵਾਰ ਨੂੰ ਵੀ ਮਾਇਕ-ਹੁਲਾਰਾ ਦੇਣਾ ਹੈ। ਤੁਸੀਂ ਬਾਬੇ ਨਾਨਕ ਦੇ ਕਿਰਤੀ ਪੁੱਤਰ ਹੋ ਜਿਸ ਨੇ "ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ' ਦਾ ਹੋਕਾ ਦਿੱਤਾ ਸੀ। ਗੁਰੂ ਸਾਹਿਬਾਨਾਂ ਨੇ ਸਾਨੂੰ ਆਪਣੀ ਕਮਾਈ ਦਾ ਦਸਵੰਧ ਕੱਢ ਕੇ ਸਮਾਜ-ਭਲਾਈ ਤੇ ਗਰੀਬ-ਗੁਰਬਿਆਂ ਦੀ ਸਹਾਇਤਾ ਕਰਨ ਦਾ ਉਪਦੇਸ਼ ਦਿੱਤਾ ਹੈ। ਤੁਹਾਡੇ ਚੋਂ ਬਹੁਤੇ ਪਹਿਲਾਂ ਹੀ ਕਰ ਰਹੇ ਹਨ। ਮੈਂ ਤਹਾਨੂੰ ਇਹ ਬੇਨਤੀ ਕਰਦਾ ਹਾਂ ਕਿ ਜਿੱਥੇ ਤੁਸੀਂ ਧਾਰਮਿਕ ਥਾਂਵਾਂ ਤੇ ਦਿਲ ਖੋਲ੍ਹ ਕੇ ਦਾਨ ਕਰ ਰਹੇ ਹੋ ਉੱਥੇ ਆਪਣੇ ਪਿੰਡ ਦਾ ਮੂੰਹ-ਮੱਥਾ ਸੰਵਾਰਨ ਤੇ ਲੋੜਵੰਦ ਗਰੀਬਾਂ ਦੀ ਬਾਂਹ ਫੜਨ ਦਾ ਉਪਰਾਲਾ ਕਰਕੇ ਬਾਬੇ ਨਾਨਕ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।

ਪੰਜਾਬ ਦੇ ਹੋਰ ਬਹੁਤ ਸਾਰੇ ਪ੍ਰਵਾਸੀ ਸੱਜਣਾਂ ਨੇ ਆਪਣੇ 2 ਪਿੰਡਾਂ ਦੇ ਸਕੂਲਾਂ, ਸਿਹਤ ਸੰਸਥਾਵਾਂ ਤੇ ਖੇਡ-ਮੈਦਾਨਾਂ ਦੀ ਤਸਵੀਰ ਬਦਲ ਦਿੱਤੀ ਹੈ। ਤੁਸੀਂ ਆਪਣੇ ਪਿੰਡ ਦੇ ਰਾਹ-ਰਸਤਿਆਂ ਤੇ ਦਰੱਖਤ ਲਵਾ ਕੇ, ਪਿੰਡ 'ਚ ਬਣੀਆਂ ਸੱਥਾਂ ਵਿੱਚ ਸੁੰਦਰ ਬੈਂਚ ਲਵਾ ਕੇ, ਸ਼ਾਮਲਾਟ ਜ਼ਮੀਨਾਂ ਵਿੱਚ ਸ਼ਾਨਦਾਰ ਪਾਰਕ ਬਣਵਾ ਕੇ ਤੇ ਪਿੰਡ ਦੀਆਂ ਗਲ਼ੀਆਂ/ਚੌਂਕਾਂ ਵਿੱਚ ਸੋਲਰ-ਲਾਈਟਾਂ ਲਵਾ ਕੇ ਪਿੰਡ ਦੀ ਤਕਦੀਰ ਬਦਲ ਸਕਦੇ ਹੋ। ਪਿੰਡ ਦੇ ਬਜ਼ੁਰਗ ਆਪਣੀ ਫ਼ੁਰਸਤ ਦੇ ਪਲ਼ ਗੁਜ਼ਾਰਨ ਲਈ ਜਦੋਂ ਇਹਨਾਂ ਥਾਂਵਾਂ ਤੇ ਬੈਠਣਗੇ ਤਾਂ ਤੁਹਾਨੂੰ ਤੰਦਰੁਸਤੀ-ਭਰੀ ਲੰਮੀ ਉਮਰ ਦੀਆਂ ਦੁਆਵਾਂ ਦੇਣਗੇ। ਸਰਕਾਰੀ ਸਕੂਲਾਂ 'ਚ ਪੜ੍ਹਦੇ ਗਰੀਬ ਜਾਂ ਅੰਗਹੀਣ ਬੱਚਿਆਂ ਦੀ ਮਦਦ ਕਰਕੇ ਜਾਂ ਅੱਖਾਂ ਦੀ ਨਜ਼ਰ ਗਵਾ ਚੁੱਕੇ ਪਿੰਡ ਦੇ ਗਰੀਬ ਤੇ ਅਸਮਰਥ ਲੋਕਾਂ ਲਈ ਅੱਖਾਂ ਦੇ ਉਪ੍ਰੇਸ਼ਨਾਂ ਲਈ ਮੈਡੀਕਲ ਕੈਂਪ ਲਵਾ ਕੇ ਤੁਸੀਂ ਮਨੁੱਖਤਾ ਦੀ ਸੇਵਾ ਦਾ ਲਾਹਾ ਲੈ ਸਕਦੇ ਹੋ। ਤੁਸੀਂ ਪਿੰਡ ਵਿੱਚ ਬੱਚਿਆਂ ਤੇ ਨੌਜਵਾਨਾਂ ਲਈ ਲਾਇਬ੍ਰੇਰੀ ਖੋਲ੍ਹ ਕੇ ਉਹਨਾਂ ਨੂੰ ਚੰਗੇ ਪਾਸੇ ਲਾ ਸਕਦੇ ਹੋ।



Scanned with OKEN Scanner

ਪਿੰਡ ਦੇ ਲੀਹੋਂ-ਲੱਥੇ ਤੇ ਕੁਰਾਹੇ ਪਏ ਨੌਜਵਾਨਾਂ, ਜੋ ਬਦਕਿਸਮਤੀ ਨਾਲ ਨਸ਼ਿਆਂ ਦੀ ਦਲਦਲ ਵਿੱਚ ਫਸ ਗਏ ਹਨ, ਨੂੰ ਨਸ਼ਾ-ਛਡਾਊ ਕੇਂਦਰਾਂ ਰਾਹੀਂ ਇਸ ਨਰਕ ਚੋਂ ਕੱਢਣ ਲਈ ਵੀ ਆਪਣਾ ਯੋਗਦਾਨ ਪਾ ਸਕਦੇ ਹੋ। ਇਹਨਾਂ ਕੰਮਾਂ ਵਿੱਚ ਤੁਹਾਡੀ ਸਹਾਇਤਾ ਕਰਨ ਲਈ 'ਨੌਜਵਾਨ ਸਭਾ ਮਾਣੋਚਾਹਲ' ਮੌਜੂਦ ਹੈ ਜਿਸ ਤੇ ਭਰੋਸਾ ਕੀਤਾ ਜਾ ਸਕਦਾ ਹੈ। ਸਭਾ ਨੂੰ ਤੁਹਾਡੇ ਥਾਪੜੇ ਦੀ ਲੋੜ ਹੈ, ਉਹ ਪਹਿਲਾਂ ਹੀ ਸਮਰੱਥਾ ਮੁਤਾਬਕ ਪਿੰਡ ਦੀ ਭਲਾਈ ਲਈ ਬਹੁਤ ਕੰਮ ਕਰ ਰਹੀ ਹੈ। ਪੰਚਾਇਤ ਦੀ ਮਦਦ ਵੀ ਲਈ ਜਾ ਸਕਦੀ ਹੈ। ਆਉ ਰਲ਼-ਮਿਲ ਕੇ ਆਪਣੇ ਪਿੰਡ ਨੂੰ ਨਮੂਨੇ ਦਾ ਪਿੰਡ ਬਣਾਉਣ ਵੱਲ ਵਧੀਏ।

❐



Scanned with OKEN Scanner

# ਸੰਪਰਕ ਵਿੱਚ ਆਏ ਪਿੰਡ ਦੇ ਸਿਆਣੇ ਤੇ ਸੂਝਵਾਨ ਵਿਅਕਤੀਆਂ ਦੀ ਸੂਚੀ

ਪੁਸਤਕ ਲਿਖਣ ਤੋਂ ਪਹਿਲਾਂ ਪਿੰਡ ਸਬੰਧੀ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਲਈ ਜਿਹੜੇ ਸਿਆਣੇ ਤੇ ਸੂਝਵਾਨ ਬਜ਼ੁਰਗਾਂ ਤੇ ਸੱਜਣਾਂ-ਮਿੱਤਰਾਂ ਨਾਲ ਮੈਂ ਸੰਪਰਕ ਕੀਤਾ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :-

1. ਸ੍ਰ. ਗੁਰਚਰਨ ਸਿੰਘ ਸ਼ਾਹ ਪੁੱਤਰ ਸ੍ਰ. ਦੇਵਾ ਸਿੰਘ (ਸਾਬਕਾ ਸਰਪੰਚ)
2. ਸ੍ਰ. ਆਤਮਾ ਸਿੰਘ ਪੁੱਤਰ ਸ੍ਰ. ਮੂਲਾ ਸਿੰਘ ਬਾਰਵਾਲੇ
3. ਸ੍ਰ. ਸਕੱਤਰ ਸਿੰਘ ਪੁੱਤਰ ਸ੍ਰ. ਅਜੀਤ ਸਿੰਘ ਲੰਮੇ
4. ਸ੍ਰ. ਜਰਨੈਲ ਸਿੰਘ ਪੁੱਤਰ ਸ੍ਰ ਬਹਾਲ ਸਿੰਘ
5. ਸ੍ਰ. ਸੁਖਦੇਵ ਸਿੰਘ ਪੁੱਤਰ ਸ੍ਰ. ਸੁਰਜਨ ਸਿੰਘ ਮੱਛੂ ਬ੍ਰਾਂਚ ਸਕੱਤਰ ਸੀ.ਪੀ.ਆਈ.
6. ਸ੍ਰ. ਕੁਲਦੀਪ ਸਿੰਘ ਪੁੱਤਰ ਸ੍ਰ. ਕਰਮ ਸਿੰਘ ਆਈ.ਐਨ.ਏ.
7. ਸ੍ਰ. ਸਤਨਾਮ ਸਿੰਘ ਪੁੱਤਰ ਸ੍ਰ. ਪ੍ਰਗਟ ਸਿੰਘ ਜਲੌਅ ਪ੍ਰਧਾਨ ਕਿਸਾਨ ਸੰਘਰਸ਼ ਕਮੇਟੀ
8. ਮਾਸਟਰ ਹਰਿੰਦਰ ਸਿੰਘ ਭੱਠੇ ਵਾਲੇ
9. ਸ੍ਰ. ਗੁਰਮੀਤ ਸਿੰਘ ਪੁੱਤਰ ਸ੍ਰ. ਚੈਨ ਸਿੰਘ
10. ਸ੍ਰ. ਮੁਖ਼ਤਾਰ ਸਿੰਘ ਪੁੱਤਰ ਸ੍ਰ. ਸ਼ਿਵ ਸਿੰਘ ਜ਼ੈਲਦਾਰ
11. ਮਾਸਟਰ ਚੰਚਲ ਸਿੰਘ ਪੁੱਤਰ ਸ੍ਰ. ਪ੍ਰਤਾਪ ਸਿੰਘ ਸੌਢਾ
12. ਸ੍ਰ. ਅਜਾਇਬ ਸਿੰਘ ਬੌਰੀਆ
13. ਸ੍ਰ. ਸੁਖਰਾਜ ਸਿੰਘ ਰਾਜਾ ਪ੍ਰਧਾਨ ਨੌਜਵਾਨ ਸਭਾ ਮਾਣੋਚਾਹਲ
14. ਸ੍ਰ. ਹਰਜੀਤ ਸਿੰਘ ਪੁੱਤਰ ਸ੍ਰ. ਅਜਾਇਬ ਸਿੰਘ
15. ਸ੍ਰ. ਬਲਦੇਵ ਸਿੰਘ ਫੌਜੀ ਪੁੱਤਰ ਸ੍ਰ. ਨਰੰਜਣ ਸਿੰਘ ਸਰਕਾਰੀਆ
16. ਮਾਸਟਰ ਗੁਰਵਰਿਆਮ ਸਿੰਘ ਪੰਜਾਬੀ ਮਾਸਟਰ ਸ.ਸ.ਸ.ਸ. ਮਾਣੋਚਾਹਲ ਕਲਾਂ
17. ਸ੍ਰ. ਪਰਮਿੰਦਰ ਸਿੰਘ ਸੂਦ ਰਿਟਾਰਿਡ ਮੈਥ ਮਾਸਟਰ ਸ.ਸ.ਸ.ਸ. ਮਾਣੋਚਾਹਲ ਕਲਾਂ
18. ਸ੍ਰ. ਚਰਨਜੀਤ ਸਿੰਘ ਪੁੱਤਰ ਸ੍ਰ. ਕਰਮ ਸਿੰਘ (ਰਿਟਾਇਰਡ ਕਾਨੂੰਗੋ)
19. ਸ੍ਰ. ਬਲਦੇਵ ਸਿੰਘ ਰਿਟਾਇਰਡ ਏ.ਐਸ.ਆਈ.



Scanned with OKEN Scanner

20. ਪ੍ਰੋ: ਦਲਬੀਰ ਸਿੰਘ ਪੁੱਤਰ ਸ੍ਰ. ਮਨਜੀਤ ਸਿੰਘ ਥੇਹ ਵਾਲੇ
21. ਕੈਪਟਨ ਗੁਰਦੀਪ ਸਿੰਘ ਦਸੀਂਹ
22. ਸ੍ਰ. ਕੁਲਦੀਪ ਸਿੰਘ ਸਰਪੰਚ ਗਰਾਮ ਪੰਚਾਇਤ ਮਾਣੋਚਾਹਲ
23. ਸ੍ਰ. ਜਰਨੈਲ ਸਿੰਘ ਫੌਜੀ
24. ਸ੍ਰ. ਹਰਜੀਤ ਸਿੰਘ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਦੇਵ ਅਕੈਡਮੀ
25. ਸ੍ਰ. ਬਚਿੱਤਰ ਸਿੰਘ ਨੰਬਰਦਾਰ
26. ਬੀਬੀ ਬਲਬੀਰ ਕੌਰ ਪਤਨੀ ਸ੍ਰ. ਜਰਨੈਲ ਸਿੰਘ
27. ਸ੍ਰ. ਧਰਵਿੰਦਰ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਤਰਨਤਾਰਨ
28. ਪ੍ਰੋ. ਤਰਵਿੰਦਰ ਸਿੰਘ ਸੇਵਾ-ਮੁਕਤ ਡੀਨ ਖਾਲਸਾ ਕਾਲਜ ਅੰਮ੍ਰਿਤਸਰ (ਫ਼ੋਨ ਤੇ ਸੰਪਰਕ)
29. ਐਡਵੋਕੇਟ ਬਲਬੀਰ ਸਿੰਘ ਚਾਹਲ ਪੁੱਤਰ ਸਵ: ਤਾਰਾ ਸਿੰਘ ਨੰਬਰਦਾਰ (ਫ਼ੋਨ ਤੇ ਸੰਪਰਕ)
30. ਠਾਣੇਦਾਰ ਨਰਿੰਦਰ ਸਿੰਘ ਪੁੱਤਰ ਸਵ: ਗਿਆਨ ਸਿੰਘ (ਫ਼ੋਨ ਤੇ ਸੰਪਰਕ)
31. ਸ੍ਰ. ਸੁੱਚਾ ਸਿੰਘ ਪੁੱਤਰ ਸ੍ਰ. ਫੌਜਾ ਸਿੰਘ ਦਸੀਂ
32. ਮਾਸਟਰ ਚਰਨਜੀਤ ਸਿੰਘ ਕੈਨੇਡਾ ਫੇਸ ਬੁੱਕ ਰਾਹੀਂ
33. ਸ੍ਰ ਇੰਦਰਜੀਤ ਸਿੰਘ ਸਰਪੰਚ ਪਿੰਡ ਸ਼ੇਰੋਂ ਬਾਘਾ ਤਹਿਸੀਲ ਬਾਬਾ ਬਕਾਲ਼ਾ
34. ਸ੍ਰ ਸ਼ੈਲਿੰਦਰਜੀਤ ਸਿੰਘ ਰਾਜਨ ਪੰਜਾਬੀ ਲੇਖਕ ਅਤੇ ਪੱਤਰਕਾਰ ਰੋਜ਼ਾਨਾ ਅਜੀਤ, ਬਾਬਾ ਬਕਾਲ਼ਾ
35. ਸੂਬੇਦਾਰ ਜੋਗਾ ਸਿੰਘ ਮਹਿਲਾਂ ਵਾਲ਼ਾ
36. ਬਲਵਿੰਦਰ ਸਿੰਘ ਪੁੱਤਰ ਸ੍ਰ ਜੋਗਿੰਦਰ ਸਿੰਘ ਹਕੀਮ
37. ਸ੍ਰ ਜਗਦੀਸ਼ ਸਿੰਘ ਚਾਹਲ ਪੁੱਤਰ ਸ੍ਰ ਗੁਰਪਾਲ ਸਿੰਘ ਸੂਬੇਦਾਰ
38. ਸ੍ਰ ਮੇਵਾ ਸਿੰਘ ਫੌਜੀ ਪੁੱਤਰ ਸ੍ਰ ਆਤਮਾ ਸਿੰਘ
39. ਸ੍ਰ ਹੀਰਾ ਸਿੰਘ ਗਿੱਲ ਪਿੰਡ ਚਾਹਲ ਥਾਣਾ ਸਰਾਂ ਅਮਾਨਤ ਖਾਂ

❐



Scanned with OKEN Scanner

# ਸਹਾਇਕ ਅਤੇ ਹਵਾਲਾ ਪੁਸਤਕਾਂ ਦੀ ਸੂਚੀ


1. ਪੰਜਾਬ ਦੇ ਪਿੰਡ, ਸ਼ਹਿਰ ਅਤੇ ਕਸਬੇ, ਸੰਪਾਦਕ ਸੁਖਮਿੰਦਰ ਸਿੰਘ, ਪਬਲਿਸ਼ਰ ਇੰਡੀਅਨ ਸਟੈਟਿਸਟੀਕਲ ਲਾਇਬ੍ਰੇਰੀ।
2. ਪੰਜਾਬ ਦੇ ਪਿੰਡਾਂ ਦਾ ਨਾਮਕਰਨ ਅਤੇ ਇਤਿਹਾਸ, ਲੇਖਕ ਡਾ: ਕਿਰਪਾਲ ਸਿੰਘ, ਡਾ: ਹਰਿੰਦਰ ਕੌਰ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ।
3. ਜੀਵਨ ਭਾਈ ਮੋਹਨ ਸਿੰਘ ਜੀ ਵੈਦ, ਲੇਖਕ ਮੁਣਸ਼ਾ ਸਿੰਘ ਦੁਖੀ, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ।
4. ਸਾਕਾ ਕਾਮਾਗਾਟਾ ਮਾਰੂ, ਲੇਖਕ ਪ੍ਰੋ ਮਲਵਿੰਦਰ ਸਿੰਘ ਵੜੈਚ (ਇੰਟਰਨੈਟ ਰਾਹੀਂ)
5. ਸੁਤੰਤਰਤਾ ਸੰਗ੍ਰਾਮੀਏ - ਜ਼ਿਲ੍ਹਾ ਅੰਮ੍ਰਿਤਸਰ, ਲੇਖਕ ਸ੍ਰੀ ਸੁਖਬੀਰ ਸਿੰਘ ਬੇਦੀ, ਆਈ.ਏ.ਐਸ. ਡਿਪਟੀ ਕਮਿਸ਼ਨਰ, ਪ੍ਰਕਾਸ਼ਕ ਪੰਜਾਬ ਸਰਕਾਰ।
6. ਕਾਮਾਗਾਟਾ ਮਾਰੂ ਦਾ ਅਸਲੀ ਸੱਚ, ਲੇਖਕ ਰਾਜਵਿੰਦਰ ਸਿੰਘ ਰਾਹੀ, ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਟਿਡ - 2020.
7. ਮਹਾਨ ਕੋਸ਼, ਲੇਖਕ ਭਾਈ ਕਾਹਨ ਸਿੰਘ ਨਾਭਾ (ਇੰਟਰਨੈਟ ਰਾਹੀਂ)
8. ਕੁੱਖ ਵਿਚਲਾ ਸੂਰਜ, ਲੇਖਕ ਅਵਤਾਰ ਸਿੰਘ ਅਨਭੋਲ, ਪ੍ਰਕਾਸ਼ਕ ਕ੍ਰਿਸ਼ਨ ਦਿਵੇਸ਼ਰ, ਮੁਕਤਾ ਪ੍ਰਕਾਸ਼ਨ, ਸਾਹਮਣੇ ਖ਼ਾਲਸਾ ਕਾਲਜ ਅੰਮ੍ਰਿਤਸਰ 1990.
9. ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ, ਲੇਖਕ ਜਸਵੰਤ ਸਿੰਘ ਜਸ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ ਜਲੰਧਰ।
10. ਮੇਰਾ ਪਿੰਡ, ਲੇਖਕ ਗਿ: ਗੁਰਦਿੱਤ ਸਿੰਘ, ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ, 12 ਵਾਂ ਐਡੀਸ਼ਨ - 2014
11. ਬਾਸਰਕੇ ਸਭਿਆਚਾਰਕ ਸਰਵੇਖਣ, ਸਰਵੇਖਕ ਮਨਮੋਹਣ ਸਿੰਘ ਬਾਸਰਕੇ, ਏਕਮ ਪ੍ਰਕਾਸ਼ਨ, ਅੰਮ੍ਰਤਸਰ
12. ਸੁਰ ਸਿੰਘ ਭਾਸ਼ਾਈ ਤੇ ਸਭਿਆਚਾਰਕ ਸਰਵੇਖਣ, ਸਰਵੇਖਕਾ ਡਾ. ਅਮਰਜੀਤ ਕੌਰ, ਪ੍ਰਕਾਸ਼ਕ ਭਾਸ਼ਾ ਵਿਭਾਗ, ਪੰਜਾਬ-2019.
13. ਜੱਟਾਂ ਦਾ ਇਤਿਹਾਸ, ਲੇਖਕ ਹੁਸ਼ਿਆਰ ਸਿੰਘ ਦੁਲੇਹ, ਲਹੌਰ ਬੁਕਸ ਲੁਧਿਆਣਾ - ਤੀਜੀ ਵਾਰ 2013.





Scanned with OKEN Scanner

14. ਪਿੰਡ ਕੈਰੋਂ ਦਾ ਇਤਿਹਾਸ, ਲੇਖਕ ਜੁਗਿੰਦਰ ਸਿੰਘ ਫੁੱਲ, ਪ੍ਰਕਾਸ਼ਕ -ਸ੍. ਹਰਦਿੱਤ ਸਿੰਘ ਜ਼ੈਲਦਾਰ ਕੈਰੋਂ (ਤਰਨ-ਤਾਰਨ) -2018
15. ਪਿਛਲਾ ਪਿੰਡ, ਲੇਖਕ ਹਰਭਜਨ ਸਿੰਘ ਹੁੰਦਲ, ਐਮ ਪੀ ਪ੍ਰਕਾਸ਼ਨ, ਦਿੱਲੀ, 2013
16. ਮਾਲਵਾ ਇਤਿਹਾਸ ਭਾਗ ਦੂਜਾ, ਲੇਖਕ ਵਿਸਾਖਾ ਸਿੰਘ ਸੰਤ ਸਿਪਾਹੀ, ਪ੍ਰਕਾਸ਼ਕ ਗੁਰਮਤ ਪ੍ਰਚਾਰਕ ਸਿੰਘ ਸਭਾ, ਇਲਾਕਾ ਤਿਹਾੜਾ, ਜ਼ਿਲ੍ਹਾ ਫ਼ਿਰੋਜ਼ਪੁਰ
17. ਜੀਵਨ ਗਾਥਾ ਸ੍ਰੀ ਗੁਰੁ ਅਰਜਨ ਦੇਵ ਜੀ, ਲੇਖਕ ਚਰਨ ਸਿੰਘ ਐਮ.ਏ. (ਭੋਰਛੀ), ਪ੍ਰਕਾਸ਼ਕ ਬਾਬਾ ਜਗਤਾਰ ਸਿੰਘ ਜੀ, ਸਾਲ 2006
18. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ, ਲੇਖਕ ਸਰੂਪ ਸਿੰਘ ਨਾਰੰਗ, ਪ੍ਰਕਾਸ਼ਕ ਸੇਵਾ ਸਿੰਘ (ਸੰਤ) ਹੁਸ਼ਿਆਰਪੁਰ
19. ਲੋਕ ਬੁਝਾਰਤਾਂ, ਲੇਖਕ ਸੁਖਦੇਵ ਮਾਦਪੁਰੀ, ਲਹੌਰ ਬੁੱਕ ਸ਼ਾਪ ਲੁਧਿਆਣਾ, ਦੂਜੀ ਵਾਰ - 2019
20. ਮੇਰੀ ਤਵਾਰੀਖ਼, ਪਿੰਡ ਵਾਂਦਰ ਜਟਾਣੇ ਦਾ ਇਤਿਹਾਸ, ਲੇਖਕ ਛਿੰਦਾ ਸਿੰਘ ਛਿੰਦਾ, ਪ੍ਰਵਾਜ਼ ਪ੍ਰਕਾਸ਼ਨ ਵਰ੍ਹਾ - 2022
21. ਮੇਰੇ ਪਿੰਡ ਦੀ ਨੁਹਾਰ, ਲੇਖਕ ਰਾਮ ਸਰੂਪ ਅਣਖੀ, ਤਰਕ ਭਾਰਤੀ ਪ੍ਰਕਾਸ਼ਨ, 2017
22. ਬਚਪਨ ਦੀਆਂ ਬਾਤਾਂ, ਲੇਖਕ ਹਰਨੇਕ ਸਿੰਘ ਕੋਮਲ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, ਪ੍ਰਕਾਸ਼ਨ ਵਰ੍ਹਾ - 2013
23. ਏ ਗਲੌਸਰੀ ਆਫ਼ ਟ੍ਰਾਈਬਜ਼ ਐਂਡ ਕਾਸਟਸ ਆਫ਼ ਦੀ ਪੰਜਾਬ, ਲਿਖਤ ਐੱਚ.ਏ. ਰੋਜ਼ (ਨੈੱਟ ਤੋਂ)
24. ਇੰਟਰਨੈੱਟ ਤੋਂ ਪੰਜਾਬ ਤੇ ਪਿੰਡਾਂ ਬਾਰੇ ਜਾਣਕਾਰੀ
25. ਚਹਿਲ ਭਾਈਚਾਰੇ ਦੇ ਮਹਾਂਪੁਰਖ ਬਾਬਾ ਜੋਗੀ ਪੀਰ ਜੀ, ਲੇਖ ਦੀ ਲੇਖਕਾ ਡਾ. ਅਮਨਦੀਪ ਕੌਰ ਚਹਿਲ, ਦੇਸ਼ ਸੇਵਕ - ਮਿਤੀ 1.10.2023
26. ਮਹਾਂ ਪੰਜਾਬ ਦੇ ਜੱਟ (ਗੋਤਾਂ ਸਮੇਤ), ਅਨੁਵਾਦਕ : ਸੁਰਿੰਦਰ ਸਿੰਘ ਰਾਜਪੂਤ, ਨਵਰੰਗ ਪਬਲੀਕੇਸ਼ਨਜ਼ ਸਮਾਣਾ।
27. ਕਾਮਾਗਾਟਾਮਾਰੂ ਦਾ ਦੁਖਾਂਤ, ਲੇਖਕ ਡਾ ਪੂਰਨ ਸਿੰਘ ਵੈਨਕੂਵਰ
28. ਗਜ਼ਟੀਅਰ ਅੰਮ੍ਰਿਤਸਰ 1893
29. ਪਿੰਡ ਮੇਰਾ ਢੰਗਰਾਲ਼ੀ, ਲੇਖਕ ਗਿਆਨੀ ਸਵਰਨ ਸਿੰਘ ਢੰਗਰਾਲੀ
30. ਜਰਮਸਤ ਪੁਰ - ਅਤੀਤ ਤੇ ਵਰਤਮਾਨ, ਲੇਖਕ ਸ੍ ਜਸਵਿੰਦਰ ਸਿੰਘ ਢਿੱਲੋਂ,


❐



Scanned with OKEN Scanner